**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969



*Jassi Gill*
CA DRE# 00966763

**Ad Space Available**
**Call: 847-359-0746**

**ਵਧੀਆ ਅਤੇ ਸਸਤੀ ਇੰਸ਼ੋਰੈਂਸ**
*Home, Auto, Liquor Store*



ਫੋਨ ਕਰੋ, ਪੈਸੇ ਬਚਾਓ
*Call Now Manjit Gill*
Ph: 209-524-4008
Ph: 510-888-1180
*ਕਾਰ, ਘਰ, ਲਿਕਰ ਸਟੋਰ ਅਤੇ ਬਿਜਨਸ ਇੰਸ਼ੋਰੈਂਸ*
**Gill Financial & Insurance Services**
27165 Mission Blvd, Hayward, CA 94544
Since 1993 www.gillfinancial.com CA. Lic#0B23990

Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 16, Issue 15, April 19, 2014 2451 N Plum Grove Rd., Palatine, IL 60074 Ph:847-359-0746, Fax:847-705-9388

# ਵੋਟਾਂ ਵੱਟੇ ਬਰੀ!

## ਡੇਰਾ ਸੱਚਾ ਸੌਦਾ ਨੇ ਕੀਤਾ ਬਾਦਲਾਂ ਨਾਲ 'ਸੌਦਾ'

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਕਾਲੀ-ਭਾਜਪਾ ਗਠਜੋੜ ਲੋਕ ਸਭਾ ਚੋਣਾਂ ਵਿਚ ਡੇਰਾ ਸਿਰਸਾ ਦੀ ਹਮਾਇਤ ਹਾਸਲ ਕਰਨ ਲਈ ਡੇਰਾ ਮੁਖੀ ਖ਼ਿਲਾਫ਼ ਦਰਜ ਕੇਸ ਰੱਦ ਕਰਵਾ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਡੇਰਾ ਸਿਰਸਾ ਅਤੇ ਅਕਾਲੀ ਦਲ ਵਿਚਾਲੇ ਇਸ ਬਾਰੇ ਸਮਝੌਤਾ ਹੋ ਚੁੱਕਿਆ ਹੈ ਤੇ ਵੋਟਾਂ ਬਦਲੇ ਅਕਾਲੀ-ਭਾਜਪਾ ਸਰਕਾਰ ਨੂੰ ਡੇਰਾ ਮੁਖੀ ਖਿਲਾਫ ਕੇਸ ਵਾਪਸ ਲੈਣਾ ਪਵੇਗਾ। ਪੰਜਾਬ ਸਰਕਾਰ ਵੱਲੋਂ 15 ਅਪਰੈਲ ਨੂੰ ਅਦਾਲਤ ਵਿਚ ਪੇਸ਼ ਹੋਏ ਡਿਪਟੀ ਜ਼ਿਲ੍ਹਾ ਅਟਾਰਨੀ ਨੇ ਡੇਰਾ ਮੁਖੀ ਖ਼ਿਲਾਫ਼ ਦਰਜ ਕੇਸ ਰੱਦ ਕਰਨ ਵਾਸਤੇ 'ਕੈਂਸਲੇਸ਼ਨ ਰਿਪੋਰਟ' ਦਾਖਲ ਕਰ ਦਿੱਤੀ ਹੈ।

ਅਕਾਲੀ-ਭਾਜਪਾ ਸਰਕਾਰ ਨੇ 2012 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਵੀ ਇਹ ਕੇਸ ਰੱਦ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਕਈ ਸਿੱਖ ਧਿਰਾਂ ਦੇ ਵਿਰੋਧ ਕਾਰਨ ਸਰਕਾਰ ਨੇ ਪੈਰ ਪਿਛਾਂਹ ਖਿੱਚ ਲਏ ਸਨ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬਠਿੰਡਾ ਪੁਲਿਸ ਨੇ ਇਸ ਕੇਸ ਨੂੰ ਖ਼ਤਮ ਕਰਨ ਵਾਸਤੇ ਕੈਂਸਲੇਸ਼ਨ ਰਿਪੋਰਟ ਭਰ ਦਿੱਤੀ ਸੀ ਜਿਸ ਨੂੰ ਮੁਦੱਈ ਨੇ ਚੋਣਾਂ ਮਗਰੋਂ ਚੁਣੌਤੀ ਦੇ ਦਿੱਤੀ ਸੀ। ਇਸੇ ਕਰ ਕੇ ਇਹ ਕੇਸ ਲਟਕ ਗਿਆ ਸੀ। ਉਸ ਵੇਲੇ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਹਰਜੀਤ ਸਿੰਘ ਨੇ ਡੇਰਾ ਮੁਖੀ ਨੂੰ 11 ਮਈ 2012 ਨੂੰ ਬਠਿੰਡਾ ਦੀ ਅਦਾਲਤ ਵਿਚ ਤਲਬ ਕਰ ਲਿਆ ਸੀ, ਪਰ ਬਾਅਦ ਵਿਚ ਐਡੀਸ਼ਨਲ ਸੈਸ਼ਨ ਜੱਜ ਬਠਿੰਡਾ ਨੇ 8 ਫਰਵਰੀ 2013 ਨੂੰ ਨਜ਼ਰਸਾਨੀ ਪਟੀਸ਼ਨ ਖਾਰਜ ਕਰ ਦਿੱਤੀ ਸੀ। ਇਸ ਮਗਰੋਂ ਮਾਮਲਾ ਹਾਈ ਕੋਰਟ ਵਿਚ ਚਲਾ ਗਿਆ। ਹਾਈ ਕੋਰਟ ਨੇ ਮਾਮਲਾ ਜ਼ਿਲ੍ਹਾ ਅਦਾਲਤ ਕੋਲ ਭੇਜ ਦਿੱਤਾ ਅਤੇ ਨਾਲ ਹੀ ਹੁਕਮ ਦਿੱਤੇ ਸਨ ਕਿ ਕੇਸ ਵਿਚ ਚਲਾਨ ਤੈਅ ਸਮੇਂ ਅੰਦਰ ਪੇਸ਼ ਨਹੀਂ ਕੀਤਾ ਗਿਆ ਜਿਸ ਕਰ ਕੇ ਮਾਮਲੇ ਨੂੰ ਵਿਚਾਰ ਲਿਆ ਜਾਵੇ। ਡੇਰਾ ਸਿਰਸਾ ਦਾ ਮਾਲਵੇ, ਖਾਸ ਕਰ ਬਠਿੰਡਾ ਲੋਕ ਸਭਾ ਹਲਕੇ ਵਿਚ ਚੰਗਾ ਪ੍ਰਭਾਵ ਹੈ।



ਇਸ ਵਾਰ ਬਠਿੰਡਾ ਹਲਕੇ ਤੋਂ ਅਕਾਲੀ-ਭਾਜਪਾ ਗੱਠਜੋੜ ਨੇ ਮੁੜ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਬਾਦਲ ਨੂੰ ਮੈਦਾਨ ਵਿਚ ਉਤਾਰਿਆ ਹੈ। ਕਾਂਗਰਸ ਨੇ ਪੀਪਲਜ਼ ਪਾਰਟੀ ਆਫ ਪੰਜਾਬ ਨਾਲ ਸਮਝੌਤਾ ਕਰ ਕੇ ਬਾਦਲ ਪਰਿਵਾਰ ਤੋਂ ਹੀ ਬਾਗੀ ਹੋਏ ਮਨਪ੍ਰੀਤ ਸਿੰਘ ਬਾਦਲ 'ਤੇ ਦਾਅ ਖੇਡਿਆ ਹੈ। ਇਸ ਕਰ ਕੇ ਬਠਿੰਡਾ ਹਲਕੇ ਵਿਚ ਦੋਵਾਂ ਧਿਰਾਂ ਵਿਚਾਲੇ ਜ਼ਬਰਦਸਤ


*(ਬਾਕੀ ਸਫਾ 6 'ਤੇ)*

# ਡਾ. ਮਨਮੋਹਨ ਸਿੰਘ ਨੂੰ ਫਿਰ ਪੈ ਗਿਆ ਘੇਰਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਦੇ ਭਖੇ ਮਾਹੌਲ ਵਿਚ ਹੋਏ ਅਹਿਮ ਖੁਲਾਸਿਆਂ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਕਾਰਗੁਜ਼ਾਰੀ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਹ ਖੁਲਾਸੇ ਪ੍ਰਧਾਨ ਮੰਤਰੀ ਦੇ ਨਾਲ ਰਹੇ ਸਾਬਕਾ ਮੀਡੀਆ ਸਲਾਹਕਾਰ ਸੰਜੇ ਬਾਰੂ ਅਤੇ ਸਾਬਕਾ ਕੋਇਲਾ ਸਕੱਤਰ ਪੀ.ਸੀ. ਪਾਰਿਖ ਨੇ ਆਪਣੀਆਂ ਕਿਤਾਬਾਂ ਵਿਚ ਕੀਤੇ ਹਨ। ਇਨ੍ਹਾਂ ਕਿਤਾਬਾਂ ਵਿਚ ਉਠਾਏ ਸਵਾਲ ਭਾਵੇਂ ਪਹਿਲਾਂ ਵੀ ਉਠਦੇ ਰਹੇ ਹਨ, ਪਰ ਕਾਂਗਰਸ ਇਨ੍ਹਾਂ ਨੂੰ ਵਾਰ-ਵਾਰ ਖਾਰਜ ਕਰਦੀ ਆਈ ਹੈ। ਸੰਜੇ ਬਾਰੂ ਨੇ ਆਪਣੀ ਕਿਤਾਬ ਵਿਚ ਦਾਅਵਾ ਕੀਤਾ ਹੈ ਕਿ ਕਿ ਡਾ. ਮਨਮੋਹਨ ਸਿੰਘ ਨਾਮ ਦੇ ਹੀ ਪ੍ਰਧਾਨ ਮੰਤਰੀ ਹਨ। ਅਸਲ ਵਿਚ ਸਰਕਾਰ ਤਾਂ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਹੀ ਚਲਾ ਰਹੇ ਹਨ।

2004 ਤੋਂ 2008 ਤੱਕ ਪ੍ਰਧਾਨ ਮੰਤਰੀ ਦੇ ਮੀਡੀਆ ਸਲਾਹਕਾਰ ਰਹੇ ਸੰਜੇ ਬਾਰੂ ਨੇ ਆਪਣੀ ਕਿਤਾਬ 'ਦਿ ਐਕਸੀਡੈਂਟਲ ਪ੍ਰਾਈਮ ਮਨਿਸਟਰ-ਮੇਕਿੰਗ ਐਂਡ ਅਨਮੇਕਿੰਗ ਆਫ ਮਨਮੋਹਨ ਸਿੰਘ' ਵਿਚ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨੇ ਦੂਜੇ ਕਾਰਜਕਾਲ ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅੱਗੇ ਗੋਡੇ ਟੇਕ ਦਿੱਤੇ ਸਨ। ਪ੍ਰਧਾਨ ਮੰਤਰੀ ਦਫ਼ਤਰ ਮਹੱਤਵਪੂਰਨ ਫਾਈਲਾਂ ਲਈ ਸੋਨੀਆ ਗਾਂਧੀ ਦੀ ਹਦਾਇਤ ਲੈਂਦਾ ਸੀ।

ਇਸ ਦੇ ਨਾਲ ਹੀ ਸਾਬਕਾ ਕੋਇਲਾ ਸਕੱਤਰ ਪੀ.ਸੀ. ਪਾਰਿਖ ਨੇ ਆਪਣੀ ਕਿਤਾਬ ਵਿਚ ਦਾਅਵਾ ਕੀਤਾ ਕਿ ਜੇ ਪ੍ਰਧਾਨ ਮੰਤਰੀ




ਕੋਇਲਾ ਬਲਾਕਾਂ ਦੀ ਖੁੱਲ੍ਹੀ ਬੋਲੀ ਸਮੇਤ ਆਰਥਿਕ ਸੁਧਾਰ ਲਾਗੂ ਕਰਨ 'ਤੇ ਜ਼ੋਰ ਦਿੰਦੇ ਤਾਂ ਕੋਇਲਾ ਬਲਾਕਾਂ ਦੀ ਵੰਡ ਵਿਚ ਹੋਏ ਅਰਬਾਂ ਦੇ ਘੁਟਾਲੇ ਤੋਂ ਬਚਿਆ ਜਾ ਸਕਦਾ ਸੀ। ਕੋਇਲਾ ਘੁਟਾਲਾ ਤੇ ਦੂਜੀਆਂ ਸਚਾਈਆਂ ਬਾਰੇ 300 ਸਫ਼ਿਆਂ ਦੀ ਕਿਤਾਬ ਵਿਚ ਪੀ.ਸੀ. ਪਾਰਿਖ ਨੇ ਕੋਇਲਾ ਸਕੱਤਰ ਵਜੋਂ ਆਂਧਰਾ ਪ੍ਰਦੇਸ਼ ਸਰਕਾਰ ਦੇ ਵੱਖ-ਵੱਖ ਸਰਕਾਰੀ ਸੀਨੀਅਰ ਅਧਿਕਾਰੀਆਂ ਨੂੰ ਲਿਖੇ ਪੱਤਰਾਂ ਦੇ ਵੇਰਵੇ ਤੇ ਕਾਪੀਆਂ ਦੀ ਸੂਚੀ ਦਰਜ ਕੀਤੀ ਹੈ।

*(ਬਾਕੀ ਸਫਾ 6 'ਤੇ)*

**REAL ESTATE & HOME LOANS**



Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ।
AMAN HUNDAL
Broker / Associate
Century 21
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

**Law Office of**
**Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ



Manpreet S. Gahra
*Attorny At Law*
Criminal Defense (DUI, simple battery, domestic violence, immigration post-conviction relief)
**Berkeley Office**
2161 Shattuck Ave., 304, Berkeley
Ph:510-841-4582 Fax:510-217-6847
**Sacramento Office**
Call For Appointment
Ph:916-924-1617
Email: manpreet@gahralaw.com

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ

6221-16th street Rio Linda (Sacramento) CA 95673, Phone 916-992-1710

## ਦੁਨੀਆਂ ਭਰ ਵਿਚ ਵਸਦੇ ਸਮੂਹ ਸਿੱਖ ਅਤੇ ਭਾਰਤੀ ਭਾਈਚਾਰੇ ਨੂੰ

# ਖਾਲਸਾ ਪੰਥ ਦੇ ਸਾਜਨਾ ਦਿਵਸ

## ਅਤੇ ਭਾਰਤੀ ਸੰਵਿਧਾਨ ਦੇ ਘਾੜੇ ਡਾ. ਬੀ ਆਰ ਅੰਬੇਦਕਰ ਜੀ ਦੇ ਜਨਮ ਦਿਹਾੜੇ ਦੀਆਂ

# ਲੱਖ ਲੱਖ ਵਧਾਈਆਂ



ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥
ਖਾਲਸਾ ਸਿਰਜਣਾ ਦਿਵਸ ਦੀ ਖੁਸ਼ੀ ਵਿਚ ਗੁਰੂ ਘਰ ਵਿਚ ਵਿਸਾਖੀ ਦਾ ਦਿਹਾੜਾ 18, 19 ਅਤੇ 20 ਅਪਰੈਲ 2014 ਨੂੰ ਅਤੇ ਡਾ. ਬੀ ਆਰ ਅੰਬੇਦਕਰ ਦਾ ਜਨਮ ਦਿਹਾੜਾ 27 ਅਪਰੈਲ 2014 ਨੂੰ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਗੁਰੂ ਘਰ ਪਹੁੰਚ ਕੇ ਆਪਣੇ ਵਿਚਾਰ ਸਾਂਝੇ ਕਰੋ ਅਤੇ ਜੀਵਨ ਸਫਲਾ ਕਰੋ ਜੀ।

## ਪ੍ਰੋਗਰਾਮ

**18 ਅਪਰੈਲ 2014**
ਅਰੰਭ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

**20 ਅਪਰੈਲ 2014**
ਭੋਗ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

**27 ਅਪਰੈਲ 2014**
ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਕੀਰਤਨ: ਸਵੇਰੇ 10 ਤੋਂ ਇਕ ਵਜੇ ਤੱਕ

*ਪ੍ਰੋਗਰਾਮਾਂ ਦੀ ਸੇਵਾ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਵਲੋਂ ਕੀਤੀ ਜਾ ਰਹੀ ਹੈ।*

**4 ਮਈ 2014**
ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਕੀਰਤਨ
ਸਵੇਰੇ 10 ਤੋਂ ਇਕ ਵਜੇ ਤੱਕ (ਸੇਵਾ ਓਪਨ)

**11 ਮਈ 2014**
ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਕੀਰਤਨ
ਸਵੇਰੇ 10 ਤੋਂ ਇਕ ਵਜੇ ਤੱਕ (ਸੇਵਾ ਓਪਨ)

**18 ਮਈ 2014**
ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਕੀਰਤਨ
ਸਵੇਰੇ 10 ਤੋਂ ਇਕ ਵਜੇ ਤੱਕ (ਸੇਵਾ ਓਪਨ)

**25 ਮਈ 2014**
ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਕੀਰਤਨ
ਸਵੇਰੇ 10 ਤੋਂ ਇਕ ਵਜੇ ਤੱਕ (ਸੇਵਾ ਓਪਨ)



ਡਾ. ਬੀ ਆਰ ਅੰਬੇਦਕਰ

## ਗੁਰੂ ਘਰ ਦੀ ਨਵੀਂ ਪ੍ਰਬੰਧਕ ਕਮੇਟੀ

ਸ੍ਰੀ ਜੱਸੀ ਬੰਗਾ-ਚੇਅਰਮੈਨ
ਸ੍ਰੀ ਦਰਸ਼ਨ ਵਿਰਕ-ਵਾਈਸ ਚੇਅਰਮੈਨ
ਸ੍ਰੀ ਜੋਗਿੰਦਰ ਚੁੰਬਰ-ਪ੍ਰਧਾਨ
ਸ੍ਰੀ ਸਤਨਾਮ ਮੰਡਾਲੀ ਤੇ ਸ੍ਰੀ ਬਲਵਿੰਦਰ ਰੱਲ੍ਹ-ਮੀਤ ਪ੍ਰਧਾਨ
ਸ੍ਰੀ ਜੀਵਨ ਰੱਤੂ ਤੇ ਸ੍ਰੀ ਰਾਜ ਸੂਦ-ਸਟੇਜ ਸਕੱਤਰ
ਸ੍ਰੀ ਰਾਜ ਬੱਧਣ-ਹੈਡ ਕੈਸ਼ੀਅਰ
ਸ੍ਰੀ ਇੰਦਰਜੀਤ ਪਡਵੰਗਾ ਤੇ ਸ੍ਰੀ ਮਨਜੀਤ ਭਾਰਦਵਾਜ-ਕੈਸ਼ੀਅਰ
ਸ੍ਰੀ ਸੁਰਿੰਦਰ ਮੱਲ-ਆਫਿਸ ਸੈਕਟਰੀ
ਸ੍ਰੀ ਕਰਨੈਲ ਵਿਰਕ ਤੇ ਸ੍ਰੀ ਮਨਜੀਤ ਪਾਲ-ਬਿਲਡਿੰਗ ਮੇਨਟੀਨੈਂਸ
ਸ੍ਰੀ ਜਸਵੰਤ ਸ਼ੀਮਾਰ-ਪੀ ਆਰ ਓ ਮੀਡੀਆ

*ਹੋਰ ਜਾਣਕਾਰੀ ਲਈ ਗੁਰੂ ਘਰ ਦੇ ਫੋਨ 916-992-1710 ਉਤੇ ਸੰਪਰਕ ਕੀਤਾ ਜਾ ਸਕਦਾ ਹੈ*

## ਜਾਰੀ ਕਰਤਾ : ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ

## ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਸਭਾ, ਰਿਓਲਿੰਡਾ, ਸੈਕਰਾਮੈਂਟੋ (ਕੈਲੀਫੋਰਨੀਆ)

# ਨਿਹੰਗ ਸਿੰਘਾਂ ਦੇ ਰਵਾਇਤੀ ਮਹੱਲੇ ਨਾਲ ਵਿਸਾਖੀ ਮੇਲਾ ਸਮਾਪਤ

**ਤਲਵੰਡੀ ਸਾਬੋ:** ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਚਾਰ ਰੋਜ਼ਾ ਵਿਸਾਖੀ ਮੇਲਾ ਨਿਹੰਗ ਸਿੰਘਾਂ ਵੱਲੋਂ ਰਵਾਇਤੀ ਮਹੱਲਾ ਕੱਢੇ ਜਾਣ ਤੋਂ ਬਾਅਦ ਸਮਾਪਤ ਹੋ ਗਿਆ। ਮੇਲੇ ਦੀ ਸ਼ੁਰੂਆਤ 12 ਅਪਰੈਲ ਨੂੰ ਤਖ਼ਤ ਸਾਹਿਬ ਅਤੇ ਇੱਥੋਂ ਦੇ ਹੋਰ ਗੁਰਦੁਆਰਿਆਂ ਵਿਚ ਅਖੰਡ ਪਾਠ ਦੇ ਪ੍ਰਕਾਸ਼ ਨਾਲ ਹੋਈ ਸੀ। ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੇ ਖ਼ਾਲਸਾ ਦੇ ਜਨਮ ਦਿਹਾੜੇ ਦੀ ਵਧਾਈ ਦਿੱਤੀ ਅਤੇ ਦੇਹਧਾਰੀ ਗੁਰੂਆਂ ਨੂੰ ਛੱਡ ਕੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਦਾ ਸੰਦੇਸ਼ ਦਿੱਤਾ। ਚਾਰ ਦਿਨ ਚੱਲੇ ਵਿਸਾਖੀ ਮੇਲੇ ਦੌਰਾਨ ਲੱਖਾਂ ਸ਼ਰਧਾਲੂਆਂ ਨੇ ਸਰੋਵਰਾਂ ਵਿਚ ਇਸ਼ਨਾਨ ਕਰ ਕੇ ਇੱਥੋਂ ਦੇ ਗੁਰਦੁਆਰਿਆਂ ਵਿਚ ਮੱਥਾ ਟੇਕਿਆ। ਇਸ ਵਾਰ ਚੋਣ ਜ਼ਾਬਤਾ ਲੱਗਣ ਕਰ ਕੇ ਸਿਆਸੀ ਕਾਨਫਰੰਸਾਂ ਨਾ ਹੋਣ ਕਾਰਨ ਸਿਆਸੀ ਰੰਗ ਤੋਂ ਵਿਸਾਖੀ ਬੇਰੰਗ ਰਹੀ।

ਵਿਸਾਖੀ ਮੌਕੇ ਬੁੱਢਾ ਦਲ ਦੇ ਮੁੱਖ ਜਥੇਦਾਰ ਬਾਬਾ ਬਲਬੀਰ ਸਿੰਘ ਦੀ ਅਗਵਾਈ ਵਿਚ ਮਾਲਵਾ ਗੱਤਕਾ ਕੱਪ ਕਰਵਾਇਆ ਗਿਆ। ਦਸਤਾਰ ਫੈਡਰੇਸ਼ਨ ਆਫ ਇੰਡੀਆ ਵੱਲੋਂ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਗਏ। ਮੇਲੇ ਦੇ ਅਖ਼ੀਰਲੇ ਦਿਨ ਸ਼੍ਰੋਮਣੀ ਕਮੇਟੀ ਵੱਲੋਂ ਪੰਜ ਪਿਆਰਿਆਂ ਦੀ ਅਗਵਾਈ ਵਿਚ ਮਹੱਲਾ ਕੱਢਿਆ। ਇਸ ਵਿਚ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ, ਮੈਨੇਜਰ ਜਗਪਾਲ ਸਿੰਘ, ਮੀਤ ਮੈਨੇਜਰ ਸ਼ਮਸ਼ੇਰ ਸਿੰਘ ਚੱਠਾ, ਧਰਮ ਪ੍ਰਚਾਰ ਦਫ਼ਤਰ ਦੇ ਇੰਚਾਰਜ ਜਗਤਾਰ ਸਿੰਘ ਜੰਗੀਆਣਾ, ਸ਼੍ਰੋਮਣੀ ਕਮੇਟੀ ਮੈਂਬਰ ਮੋਹਨ ਸਿੰਘ ਬੰਗੀ, ਮੁੱਖ ਗ੍ਰੰਥੀ ਭਾਈ ਬਲਵੰਤ ਸਿੰਘ ਅਤੇ ਵੱਡੀ ਗਿਣਤੀ ਵਿਚ ਸੰਗਤ ਸ਼ਾਮਲ ਹੋਈ।

ਪੰਜਾ ਸਾਹਿਬ ਵਿਖੇ ਵਿਸਾਖੀ ਪੁਰਬ: ਭਾਰਤ ਸਮੇਤ ਸੰਸਾਰ ਭਰ ਤੋਂ ਪਹੁੰਚੇ ਸਿੱਖ ਸ਼ਰਧਾਲੂਆਂ ਵੱਲੋਂ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ (ਪਾਕਿਸਤਾਨ) ਵਿਚ ਖਾਲਸੇ ਦਾ ਸਾਜਨਾ ਦਿਹਾੜਾ ਅਤੇ ਵਿਸਾਖੀ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਈ ਗਈ। ਇਸ ਮੌਕੇ ਸਿੰਧੀ ਜਥਿਆਂ ਨੇ ਕੀਰਤਨ ਕੀਤਾ ਅਤੇ ਗਤਕੇ ਦੇ ਜੌਹਰ ਦਿਖਾਏ। ਮੁੱਖ ਸਮਾਗਮ ਗੁਰਦੁਆਰੇ ਦੇ ਅੰਦਰ ਕਰਵਾਏ ਗਏ। ਪਾਕਿਸਤਾਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ਼ਾਮ ਸਿੰਘ, ਚੇਅਰਮੈਨ ਉਕਾਫ ਬੋਰਡ ਇਲਿਆਸ ਖਾਨ, ਸਾਬਕਾ ਪ੍ਰਧਾਨ ਡਾ. ਸਵਰਨ ਸਿੰਘ, ਬਿਸ਼ਨ ਸਿੰਘ, ਰਮੇਸ਼ ਸਿੰਘ ਅਰੋੜਾ (ਮੈਂਬਰ ਨੈਸ਼ਨਲ ਅਸੰਬਲੀ) ਅਤੇ ਸੱਤਾਧਾਰੀ ਆਗੂਆਂ ਨੇ ਆਪਣੇ ਸੰਬੋਧਨ 'ਚ ਸਿੱਖ ਭਾਈਚਾਰੇ ਨਾਲ ਆਪਣੇ ਸਬੰਧਾਂ ਦੀ ਗੱਲ ਕੀਤੀ। ਉਨ੍ਹਾਂ ਨੇ ਗੁਰਦੁਆਰਾ ਪੰਜਾ ਸਾਹਿਬ ਦੀ ਪਾਰਕਿੰਗ ਵਾਲੀ ਥਾਂ 'ਤੇ ਰਿਹਾਇਸ਼ੀ ਸਰਾਂ ਬਣਾਉਣ ਦਾ ਐਲਾਨ ਕੀਤਾ ਜਿਸ ਦਾ ਸਿੱਖ ਸ਼ਰਧਾਲੂਆਂ ਨੇ ਜੈਕਾਰੇ ਛੱਡ ਕੇ ਸਵਾਗਤ ਕੀਤਾ।



ਦਮਦਮਾ ਸਾਹਿਬ 'ਚ ਘੋੜਿਆਂ 'ਤੇ ਕਰਤਬ ਦਿਖਾਉਂਦੇ ਹੋਏ ਨਿਹੰਗ ਸਿੰਘ

# ਕਾਂਗਰਸ-ਭਾਜਪਾ ਵਿਚਾਲੇ ਸ਼ਬਦੀ ਬਾਣ

**ਨਵੀਂ ਦਿੱਲੀ:** ਕਾਂਗਰਸ ਅਤੇ ਭਾਜਪਾ ਵਿਚਾਲੇ ਸ਼ਬਦੀ ਜੰਗ ਤੇਜ਼ ਹੋ ਗਈ ਹੈ। ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਵੱਲੋਂ 'ਗੁਜਰਾਤ ਮਾਡਲ' ਦੀ ਆਲੋਚਨਾ ਕਰਨ 'ਤੇ ਭਾਜਪਾ ਨੇ ਰਾਬਰਟ ਵਾਡਰਾ ਨੂੰ ਜ਼ਮੀਨ ਬੇਹੱਦ ਸਸਤੇ ਭਾਅ ਦੇਣ ਅਤੇ 2ਜੀ ਸਪੈਕਟਰਮ ਤੇ ਕੋਲਾ ਬਲਾਕਾਂ ਦੇ ਲਾਇਸੈਂਸ, ਅਯੋਗ ਕੰਪਨੀਆਂ ਨੂੰ ਦਿੱਤੇ ਜਾਣ ਬਾਰੇ ਸੁਆਲ ਕੀਤੇ ਹਨ। ਇਸੇ ਦੌਰਾਨ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਟੀ.ਵੀ. ਉਤੇ ਕੀਤੀ ਅਪੀਲ ਦੇ ਮਾਮਲੇ 'ਤੇ ਵੀ ਭਾਜਪਾ ਨੇ ਕਾਂਗਰਸ ਨੂੰ ਘੇਰਨ ਦਾ ਯਤਨ ਕੀਤਾ ਹੈ ਜਦਕਿ ਕਾਂਗਰਸ ਨੇ ਮੋਦੀ ਦੀਆਂ 'ਕਾਂਬਾ ਛੇੜਨ' ਵਾਲੀਆਂ ਟਿੱਪਣੀਆਂ ਦੇ ਜੁਆਬ ਵਿਚ ਉਸ ਨੂੰ 'ਤਾਨਾਸ਼ਾਹ' ਕਰਾਰ ਦਿੱਤਾ ਹੈ।

ਭਾਜਪਾ ਦੇ ਤਰਜਮਾਨ ਪ੍ਰਕਾਸ਼ ਜਾਵੇਡਕਰ ਨੇ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ 'ਤੇ ਤਨਜ਼ ਕੱਸਦਿਆਂ ਕਿਹਾ ਕਿ ਉਨ੍ਹਾਂ ਨੂੰ ਇਹ ਦੋਸ਼ ਲਾਉਂਦਿਆਂ ਘਰੋਂ ਤਿਆਰੀ ਕਰ ਕੇ ਆਉਣੀ ਚਾਹੀਦੀ ਸੀ ਕਿ 45000 ਏਕੜ ਜ਼ਮੀਨ ਗੁਜਰਾਤ ਵਿਚ ਮੋਦੀ ਸਰਕਾਰ ਨੇ ਇਕ ਰੁਪਏ ਦੇ ਭਾਅ ਸਨਅਤਕਾਰਾਂ ਨੂੰ ਦੇ ਦਿੱਤੀ ਸੀ। ਉਨ੍ਹਾਂ ਕਿਹਾ ਕਿ ਇਹ ਜ਼ਮੀਨ ਸ਼ੰਕਰਸਿੰਹ ਵਘੇਲਾ ਸਰਕਾਰ ਨੇ (ਜੋ ਕਾਂਗਰਸ ਦੀ ਮੱਦਦ ਨਾਲ ਬਣੀ ਸੀ) ਦਿੱਤੀ ਸੀ। ਉਨ੍ਹਾਂ ਦੋਸ਼ ਲਾਏ ਕਿ ਰਾਸ਼ਟਰਪਤੀ ਭਵਨ ਨੇੜੇ ਜਿਸ ਪ੍ਰਾਈਵੇਟ ਕੰਪਨੀ ਨੂੰ ਸਸਤੇ ਭਾਅ ਜ਼ਮੀਨ ਦਿੱਤੀ ਗਈ ਹੈ, ਉਸ ਦੇ ਰਾਬਰਟ ਵਾਡਰਾ ਨਾਲ ਸਬੰਧ ਹਨ। ਭਾਜਪਾ ਆਗੂ ਨੇ ਇਹ ਵੀ ਸਵਾਲ ਕੀਤੇ ਹਨ ਕਿ 2ਜੀ ਸਪੈਕਟਰਮ ਅਤੇ ਕੋਲਾ ਬਲਾਕ ਅਯੋਗ ਕੰਪਨੀਆਂ ਨੂੰ ਕਿਉਂ ਦਿੱਤੇ ਗਏ?

ਧਨਬਾਦ ਤੇ ਹਜ਼ਾਰੀਬਾਗ ਵਿਚ ਰੈਲੀਆਂ ਨੂੰ ਸੰਬੋਧਨ ਕਰਦਿਆਂ ਨਰਿੰਦਰ ਮੋਦੀ ਨੇ ਵੀ ਰਾਹੁਲ ਦੀਆਂ 'ਗੁਬਾਰਾ' ਅਤੇ 'ਟਾਫੀ' ਟਿੱਪਣੀਆਂ ਨੂੰ 'ਬਚਕਾਨਾ' ਕਰਾਰ ਦਿੱਤਾ। ਭਾਗਲਪੁਰ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਬੀਬੀ ਸੋਨੀਆ ਦੀ ਟੀ.ਵੀ. ਅਪੀਲ ਲਈ ਵੀ ਕਾਂਗਰਸ ਦੀ ਰੱਜ ਕੇ ਆਲੋਚਨਾ ਕੀਤੀ ਅਤੇ ਕਿਹਾ ਹੈ ਕਿ ਅਚਾਨਕ ਸੋਨੀਆ ਨੂੰ ਚੋਣ ਮੁਹਿੰਮ ਦੀ ਕਮਾਨ ਸੰਭਾਲਣ ਲਈ ਅੱਗੇ ਆਉਣਾ ਪਿਆ ਹੈ। ਪਹਿਲਾਂ ਉਸ ਨੂੰ ਭਰੋਸਾ ਸੀ ਕਿ ਪੁੱਤਰ ਕੁੱਝ ਕਰੇਗਾ, ਪਰ ਅਜਿਹਾ ਨਾ ਹੋਣ 'ਤੇ ਮਾਂ ਅੱਗੇ ਆ ਗਈ। ਇਸੇ ਤਰ੍ਹਾਂ ਅਰੁਣ ਜੇਤਲੀ ਨੇ ਆਪਣੀ ਵੈੱਬਸਾਈਟ 'ਤੇ ਕਿਹਾ ਹੈ ਕਿ ਹੁਣ ਕਾਂਗਰਸ ਕੋਲ "ਮੈਂ ਨਹੀਂ ਮੌਮ" ਦਾ ਨਾਅਰਾ ਆ ਗਿਆ ਹੈ। ਰਾਹੁਲ ਗਾਂਧੀ ਦੇ ਭਾਸ਼ਨ ਪਾਰਟੀ ਨੂੰ 'ਕੰਮ ਕਰਦੇ' ਨਹੀਂ ਲੱਗੇ, ਇਸ ਕਰ ਕੇ ਸੋਨੀਆ ਨੂੰ ਅੱਗੇ ਆਉਣਾ ਪਿਆ ਹੈ। ਇਹੀ ਨਹੀਂ, ਪਾਰਟੀ ਨੇ ਆਪਣਾ ਮੁੱਖ ਬੁਲਾਰਾ ਵੀ ਬਦਲ ਲਿਆ ਹੈ।

ਇਸੇ ਦੌਰਾਨ ਕਾਂਗਰਸ ਦੇ ਤਰਜਮਾਨ ਅਭਿਸ਼ੇਕ ਸਿੰਘ ਨੇ ਕਿਹਾ ਹੈ ਕਿ ਭਾਜਪਾ ਦੇ ਨਾਅਰੇ 'ਹਰ ਹਰ ਮੋਦੀ' ਦੀ ਥਾਂ 'ਡਰ ਡਰ ਮੋਦੀ' ਹੋਣਾ ਚਾਹੀਦਾ ਹੈ। ਪਾਰਟੀ ਨੇ ਮੋਦੀ ਦੇ ਇਸ ਬਿਆਨ ਦਾ ਮੌਜੂ ਬਣਾਇਆ ਹੈ ਕਿ ਉਸ ਦੇ ਸੱਤਾ ਵਿਚ ਆਉਣ ਦੀ ਸੰਭਾਵਨਾ ਨਾਲ ਹੀ ਸੱਤਾਧਾਰੀ ਪਾਰਟੀ 'ਕੰਬਣ' ਲੱਗੀ ਹੈ। ਕਾਂਗਰਸ ਨੇ ਮੋਦੀ ਨੂੰ 'ਤਾਨਾਸ਼ਾਹ' ਕਰਾਰ ਦਿੱਤਾ ਹੈ।

# ਬੇਕਰਜ਼ਫੀਲਡ ਵਿਚ ਨਗਰ ਕੀਰਤਨ 20 ਨੂੰ

**ਬੇਕਰਜ਼ਫੀਲਡ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਅੰਗਦ ਦਰਬਾਰ, ਸਟਾਈਨ ਰੋਡ ਦੀਆਂ ਸੰਗਤਾਂ ਵਲੋਂ ਖਾਲਸਾ ਜੀ ਦੇ ਸਿਰਜਣਾ ਦਿਹਾੜੇ ਨੂੰ ਸਮਰਪਿਤ ਇਕ ਮਹਾਨ ਨਗਰ ਕੀਰਤਨ ਆਉਂਦੀ 20 ਅਪਰੈਲ, ਐਤਵਾਰ ਨੂੰ ਸਜਾਇਆ ਜਾਵੇਗਾ।

ਇਸ ਨਗਰ ਕੀਰਤਨ ਵਿਚ ਪੰਥ ਪ੍ਰਸਿਧ ਕੀਰਤਨੀਏ, ਕਥਾਵਾਚਕ, ਢਾਡੀ ਜਥੇ, ਪ੍ਰਚਾਰਕ ਅਤੇ ਸੂਝਵਾਨ ਪੰਥਕ ਬੁਲਾਰੇ ਹਿੱਸਾ ਲੈਣਗੇ। ਇਨ੍ਹਾਂ ਜਥਿਆਂ ਵਿਚ ਕਥਾਵਾਚਕ ਭਾਈ ਸਰਬਜੀਤ ਸਿੰਘ ਲੁਧਿਆਣੇ ਵਾਲੇ, ਭਾਈ ਅਜਮੇਰ ਸਿੰਘ (ਗੁਰ ਅੰਗਦ ਦਰਬਾਰ), ਢਾਡੀ ਜਥਾ ਭਾਈ ਬਲਕਾਰ ਸਿੰਘ, ਢਾਡੀ ਜਥਾ ਭਾਈ ਹੀਰਾ ਸਿੰਘ ਅਤੇ ਹੈਡ ਗ੍ਰੰਥੀ ਭਾਈ ਜਸਮੇਰ ਸਿੰਘ ਸ਼ਾਮਲ ਹਨ। ਨਗਰ ਕੀਰਤਨ ਤੋਂ ਪਹਿਲਾਂ 19 ਅਪਰੈਲ, ਸਨਿਚਰਵਾਰ ਨੂੰ ਸ਼ਾਮੀ 6 ਵਜੇ ਤੋਂ ਰਾਤ 10 ਵਜੇ ਤੱਕ ਵਿਸ਼ੇਸ਼ ਦੀਵਾਨ ਸਜਾਏ ਜਾਣਗੇ। 20 ਅਪਰੈਲ ਨੂੰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਵਿਚ ਕੀਰਤਨੀ ਜਥੇ ਸ਼ਬਦ ਕੀਰਤਨ ਅਤੇ ਕਥਾਵਾਚਕ ਗੁਰੂ ਸ਼ਬਦ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਅੰਮ੍ਰਿਤ ਸੰਚਾਰ ਹੋਵੇਗਾ। ਪ੍ਰਬੰਧਕਾਂ ਨੇ ਅੰਮ੍ਰਿਤ ਅਭਿਲਾਖੀਆਂ ਨੂੰ ਬੇਨਤੀ ਕੀਤੀ ਹੈ ਕਿ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੋ ਜੀ। ਪ੍ਰਬੰਧਕਾਂ ਨੇ ਸਮੂਹ ਮਾਈ-ਭਾਈ ਨੂੰ ਨਗਰ ਕੀਰਤਨ ਵਿਚ ਹਾਜ਼ਰੀਆਂ ਭਰਨ ਦੀ ਬੇਨਤੀ ਕੀਤੀ ਹੈ। ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਅਰੰਭ ਹੋ ਕੇ ਹਾਸਕਿੰਗ ਤੋਂ ਸੱਜੇ, ਐਂਕਰਜ਼ ਰੋਡ ਤੋਂ ਸੱਜੇ, ਮੈਕਈ ਤੋਂ ਫਿਰ ਸੱਜੇ ਹੋ ਕੇ ਵਾਪਸ ਗੁਰਦੁਆਰਾ ਸਾਹਿਬ ਪਹੁੰਚੇਗਾ।



# ਪੰਜਾਬ ਟਾਈਮਜ਼ ਨੇ ਮਨਾਈ ਪ੍ਰਕਾਸ਼ਨ ਦੀ 14ਵੀਂ ਵਰ੍ਹੇਗੰਢ

**ਸ਼ਿਕਾਗੋ (ਬਿਊਰੋ):** "14 ਵਰ੍ਹੇ ਪਹਿਲਾਂ ਲਾਇਆ ਗਿਆ ਇਹ ਬੂਟਾ ਤੁਹਾਡੇ ਪਿਆਰ-ਦੁਲਾਰ ਸਦਕਾ 15ਵੇਂ ਵਰ੍ਹੇ 'ਚ ਦਾਖਲ ਹੋ ਚੁਕਾ ਹੈ। ਸ਼ਿਕਾਗੋ ਤੋਂ ਇਕ ਛੋਟੇ ਜਿਹੇ ਮੈਗਜ਼ੀਨ ਸਾਈਜ਼ ਪਰਚੇ ਤੋਂ ਸ਼ੁਰੂ ਹੋ ਕੇ ਅੱਜ ਇਹ ਸ਼ਿਕਾਗੋ, ਨਿਊ ਯਾਰਕ ਅਤੇ ਕੈਲੀਫੋਰਨੀਆ ਤੋਂ ਤਿੰਨ ਐਡੀਸ਼ਨਾਂ ਵਿਚ ਨਾਲੋ ਨਾਲ ਛਪਦਾ ਹੈ। ਇਸ ਅਰਸੇ ਦੌਰਾਨ ਇਸ ਦੇ ਪਾਠਕਾਂ ਅਤੇ ਪ੍ਰਸ਼ੰਸਕਾਂ ਦੀ ਗਿਣਤੀ ਨਿਰੰਤਰ ਵਧੀ ਹੈ। ਇਸ ਸਮੇਂ ਨਾ ਸਿਰਫ ਇਹ ਅਮਰੀਕਾ ਵਿਚ ਹੀ ਪੰਜਾਬੀ ਪਰਚਿਆਂ ਵਿਚ ਸਭ ਤੋਂ ਅੱਗੇ ਹੈ ਸਗੋਂ ਇੰਟਰਨੈਟ ਉਤੇ ਪੜ੍ਹੇ ਜਾਂਦੇ ਹਫਤਾਵਾਰੀ ਪੰਜਾਬੀ ਅਖਬਾਰਾਂ ਵਿਚ ਵੀ ਇਹ ਮੋਹਰੀ ਹੈ। ਇਸ ਨਿਰੰਤਰ ਵਿਕਾਸ ਅਤੇ ਵਿਗਾਸ ਦਾ ਸਿਹਰਾ ਪੰਜਾਬ ਟਾਈਮਜ਼ ਦੇ ਸਲਾਹਕਾਰੀ ਬੋਰਡ, ਸਮਰਥਕਾਂ, ਪਾਠਕਾਂ, ਪ੍ਰਸ਼ੰਸਕਾਂ, ਕਾਲਮਨਵੀਸਾਂ, ਇਸ ਦੇ ਸਥਾਈ ਲੇਖਕਾਂ ਅਤੇ ਕਦਰਦਾਨ ਵਿਗਿਆਪਕਾਂ ਨੂੰ ਜਾਂਦਾ ਹੈ, ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਇਸ ਮੁਕਾਮ 'ਤੇ ਪਹੁੰਚਿਆ ਹੈ।"

ਇਹ ਵਿਚਾਰ ਪੰਜਾਬ ਟਾਈਮਜ਼ ਦੀ 14ਵੀਂ ਵਰ੍ਹੇਗੰਢ ਮੌਕੇ ਇੰਡੀਆ ਹਾਊਸ ਸ਼ਾਮਬਰਗ ਵਿਚ ਹੋਈ 'ਪੰਜਾਬ ਟਾਈਮਜ਼ ਨਾਈਟ' 'ਤੇ ਇਕੱਤਰ ਹੋਏ ਵਖ ਵਖ ਸੰਸਥਾਵਾਂ ਦੇ ਨੁਮਾਇੰਦਿਆਂ, ਪਤਵੰਤੇ ਸੱਜਣਾਂ ਅਤੇ ਸਮਰਥਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਇਕ ਲਿਖਤੀ ਤਕਰੀਰ ਵਿਚ (ਜੋ ਮੰਚ ਸੰਚਾਲਕ ਡਾ. ਹਰਜਿੰਦਰ ਸਿੰਘ ਖਹਿਰਾ ਨੇ ਪੜ੍ਹੀ) ਸੰਪਾਦਕ ਅਮੋਲਕ ਸਿੰਘ ਜੰਮੂ ਨੇ ਪ੍ਰਗਟਾਏ। ਉਨ੍ਹਾਂ ਕਿਹਾ ਕਿ ਪੰਜਾਬ ਟਾਈਮਜ਼ ਨੇ ਹਮੇਸ਼ਾ ਨਿਰਪੱਖ ਅਤੇ ਨਿਧੜਕ ਸੋਚ ਦੀ ਪੈਰਵੀ ਕਰਦਿਆਂ ਜ਼ਿੰਮੇਵਾਰ ਪੱਤਰਕਾਰੀ ਉਤੇ ਪਹਿਰਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਸੋਚ ਕਰਕੇ ਸਾਨੂੰ ਨਾ ਸਿਰਫ ਬਹੁਤ ਸਾਰੀਆਂ ਆਰਥਿਕ ਮੁਸ਼ਕਿਲਾਂ ਦਾ ਹੀ ਸਾਹਮਣਾ ਕਰਨਾ ਪਿਆ ਹੈ ਸਗੋਂ ਕੋਰਟ ਕੇਸਾਂ ਅਤੇ ਸਰੀਰਕ ਤੌਰ 'ਤੇ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ ਦਾ ਸਾਹਮਣਾ ਵੀ ਕਰਨਾ ਪਿਆ ਹੈ। ਇਹ ਸਿਲਸਿਲਾ ਅਜ ਵੀ ਜਾਰੀ ਹੈ। ਪਰਦੇਸਾਂ ਵਿਚ ਜਿਸ ਤਰ੍ਹਾਂ ਦੀ ਪੰਜਾਬੀ ਪੱਤਰਕਾਰੀ ਹੈ, ਉਸ ਵਿਚ ਨਿਰਪੱਖ ਰਹਿਣਾ ਤਣੀ ਹੋਈ ਰੱਸੀ ਉਤੇ ਤੁਰਨ ਬਰਾਬਰ ਹੈ। ਧੜੇਬੰਦਕ ਸਿਆਸਤ ਦੇ ਹੁੰਦਿਆਂ ਇਕ ਜਾਂ ਦੂਜੇ ਧੜੇ ਦੀ ਨਾਰਾਜਗੀ ਦੀ ਤਲਵਾਰ ਹਮੇਸ਼ਾਂ ਸਿਰ 'ਤੇ ਲਟਕੀ ਰਹਿੰਦੀ ਹੈ ਅਤੇ ਇਸ ਸਥਿਤੀ ਦਾ ਸਾਹਮਣਾ ਸਾਨੂੰ ਵਾਰ ਵਾਰ ਕਰਨਾ ਪਿਆ ਹੈ।




*ਅਮੋਲਕ ਸਿੰਘ ਜੰਮੂ (ਵ੍ਹੀਲ ਚੇਅਰ 'ਤੇ) ਪੰਜਾਬ ਟਾਈਮਜ਼ ਦੀ ਐਡਵਾਈਜ਼ਰੀ ਕਮੇਟੀ ਦੇ ਮੈਂਬਰਾਂ ਨਾਲ*



ਇਸ ਗੱਲ 'ਤੇ ਤਸੱਲੀ ਪ੍ਰਗਟਾਉਂਦਿਆਂ ਕਿ ਪਾਠਕਾਂ ਨੇ ਪੰਜਾਬ ਟਾਈਮਜ਼ ਦੀ ਸੋਚ ਅਤੇ ਪੱਤਰਕਾਰੀ ਦੇ ਮਿਆਰਾਂ ਦੀ ਕਦਰ ਕਰਦਿਆਂ ਇਸ ਦੀ ਹਮੇਸ਼ਾ ਹੌਸਲਾ ਅਫਜ਼ਾਈ ਕੀਤੀ ਹੈ, ਸ. ਜੰਮੂ ਨੇ ਕਿਹਾ ਕਿ ਉਨ੍ਹਾਂ ਦੇ ਸਨੇਹ ਕਰਕੇ ਹੀ ਮੈਨੂੰ ਆਪਣੀਆਂ ਸਰੀਰਕ ਮੁਸ਼ਕਲਾਂ ਦਾ ਵੀ ਕਦੇ ਅਹਿਸਾਸ ਨਹੀਂ ਹੋਇਆ। ਮੈਂ ਵਾਹਿਗੁਰੂ ਦਾ ਵੀ ਸ਼ੁਕਰਗੁਜ਼ਾਰ ਹਾਂ ਜਿਸ ਨੇ ਮੈਨੂੰ ਹਮੇਸ਼ਾ ਚੜ੍ਹਦੀ ਕਲਾ ਬਖਸ਼ੀ ਹੈ। ਮੈਨੂੰ ਆਪਣੇ ਸਟਾਫ ਮੈਂਬਰਾਂ ਉਤੇ ਵੀ ਮਾਣ ਹੈ ਜਿਨ੍ਹਾਂ ਮੈਨੂੰ ਹਮੇਸ਼ਾ ਪੂਰਾ ਪੂਰਾ ਸਹਿਯੋਗ ਦਿਤਾ ਹੈ।

ਉਨ੍ਹਾਂ ਆਖਿਆ, "ਮੈਨੂੰ ਉਮੀਦ ਵੀ ਹੈ ਅਤੇ ਭਰੋਸਾ ਵੀ ਕਿ ਪੰਜਾਬ ਟਾਈਮਜ਼ ਆਪਣੇ ਪਾਠਕਾਂ ਦੀ ਆਸ ਉਤੇ ਪੂਰਾ ਉਤਰਦਿਆਂ ਹਮੇਸ਼ਾ ਨਿਰਪੱਖ, ਨਿਧੜਕ ਅਤੇ ਜ਼ਿੰਮੇਵਾਰ ਪੱਤਰਕਾਰੀ ਦੇ ਅਸੂਲ ਉਤੇ ਪਹਿਰਾ ਦਿੰਦਾ ਰਹੇਗਾ।"

ਨਿਊ ਯਾਰਕ ਤੋਂ ਆਏ ਸ਼ਾਇਰ ਅਤੇ ਪੱਤਰਕਾਰ ਸੁਰਿੰਦਰ ਸੋਹਲ ਨੇ ਪੰਜਾਬੀ ਪੱਤਰਕਾਰੀ ਵਿਚ ਪੰਜਾਬ ਟਾਈਮਜ਼ ਦੀ ਭੂਮਿਕਾ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਇਸ ਨੇ ਤਾਜਾ ਅਤੇ ਨਰੋਈ ਪੜ੍ਹਨ ਸਾਮਗਰੀ ਪਾਠਕਾਂ ਦੀ ਨਜ਼ਰ ਕਰਨ ਦੇ ਨਾਲ ਨਾਲ ਅਮਰੀਕਾ ਵਿਚ ਪੱਤਰਕਾਰੀ ਦੇ ਉਚੇ ਮਿਆਰ ਕਾਇਮ ਕੀਤੇ ਹਨ। ਇਸ ਨੇ ਪੱਖਪਾਤੀ ਪਹੁੰਚ ਅਪਨਾਉਣ ਤੋਂ ਤਾਂ ਪਰਹੇਜ ਕੀਤਾ ਹੀ ਹੈ, ਨਾਲ ਹੀ ਆਪਣੀ ਸਮਾਜਕ ਜ਼ਿੰਮੇਵਾਰੀ ਸਮਝਦਿਆਂ ਹਲਕੇ ਪੱਧਰ ਦੇ ਇਸ਼ਤਿਹਾਰ ਛਾਪਣ ਤੋਂ ਵੀ ਗੁਰੇਜ਼ ਕੀਤਾ ਹੈ। ਉਨ੍ਹਾਂ ਇਸ ਗੱਲ 'ਤੇ ਚਿੰਤਾ ਪ੍ਰਗਟਾਈ ਕਿ ਅਜੋਕੇ ਮਸ਼ੀਨੀ ਤੇ ਪਦਾਰਥਵਾਦੀ ਯੁਗ ਵਿਚ ਵਿਸ਼ਵ ਦੀਆਂ ਹੋਰ ਬਹੁਤ ਸਾਰੀਆਂ ਭਾਸ਼ਾਵਾਂ ਵਾਂਗ ਪੰਜਾਬੀ ਨੂੰ ਵੀ ਵਿਗਾੜ ਪਾਏ ਜਾਣ ਦੇ ਖਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਨਾਲ ਹੀ ਇਸ ਗੱਲ 'ਤੇ ਤਸੱਲੀ ਪ੍ਰਗਟਾਈ ਕਿ ਪੰਜਾਬ ਟਾਈਮਜ਼ ਇਸ ਮਾਮਲੇ ਵਿਚ ਆਪਣੀ ਬਣਦੀ ਭੂਮਿਕਾ ਨਿਭਾ ਰਿਹਾ ਹੈ। ਉਨ੍ਹਾਂ ਇਸ ਦੇ ਕਾਲਮਨਵੀਸਾਂ ਦੀਆਂ ਲਿਖਤਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ 'ਸ਼ਬਦ ਝਰੋਖਾ' ਕਾਲਮ ਵਿਚ ਜਿਸ ਤਰ੍ਹਾਂ ਬਲਜੀਤ ਬਾਸੀ ਸ਼ਬਦਾਂ ਦੀਆਂ ਜੜ੍ਹਾਂ ਫੋਲਦੇ ਹਨ, ਉਹ ਆਪਣੇ ਆਪ ਵਿਚ ਨਿਵੇਕਲੀ ਗੱਲ ਹੈ।






ਨਿਊ ਯਾਰਕ ਤੋਂ ਖੇਡ ਲੇਖਕ ਅਤੇ ਪੰਜਾਬ ਟਾਈਮਜ਼ ਦੇ ਕਾਲਮਨਵੀਸ ਇਕਬਾਲ ਸਿੰਘ ਜੱਬੋਵਾਲ ਨੇ ਕਿਹਾ ਕਿ ਨਿਊ ਯਾਰਕ ਤੋਂ ਅਖਬਾਰ ਤਾਂ ਬਥੇਰੇ ਨਿਕਲਦੇ ਹਨ ਪਰ ਪੰਜਾਬ ਟਾਈਮਜ਼ ਦੀ ਝੰਡੀ ਹੈ। ਇਸ ਦੀ ਲੋਕਪ੍ਰਿਅਤਾ ਦਾ ਅੰਦਾਜ਼ਾ ਇਸ ਗੱਲੋਂ ਲਗ ਸਕਦਾ ਹੈ ਕਿ ਬੁਧਵਾਰ ਨੂੰ ਇਹ ਅਖਬਾਰ ਛਪ ਕੇ ਆਉਂਦਾ ਹੈ ਤੇ ਵੀਰਵਾਰ ਸ਼ਾਮ ਤਕ ਬਹੁਤੇ ਥਾਂਵਾਂ ਤੋਂ ਖਤਮ ਹੋ ਚੁਕਾ ਹੁੰਦਾ ਹੈ।

ਆਪਣੇ ਜ਼ਮਾਨੇ ਦੇ ਉਘੇ ਖਿਡਾਰੀ ਅਤੇ ਖੇਡ ਲੇਖਕ ਦਰਬਾਰਾ ਸਿੰਘ ਮਾਂਗਟ ਨੇ ਪੰਜਾਬ ਟਾਈਮਜ਼ ਦੀ 14ਵੀਂ ਵਰ੍ਹੇਗੰਢ ਦੀ ਵਧਾਈ ਦਿੰਦਿਆਂ ਕਿਹਾ ਕਿ ਪੰਜਾਬ ਟਾਈਮਜ਼ ਪਾਠਕਾਂ ਨੂੰ ਬਹੁਤ ਹੀ ਉਚ ਕੁਆਲਿਟੀ ਦੀ ਪੜ੍ਹਨ ਸਮੱਗਰੀ ਮੁਹੱਈਆ ਕਰਦਾ ਹੈ। ਉਨ੍ਹਾਂ ਕਿਹਾ ਕਿ ਇਸ ਸਭ ਪਿਛੇ ਅਖਬਾਰ ਦੇ ਸੰਸਥਾਪਕ ਅਤੇ ਸੰਪਾਦਕ ਅਮੋਲਕ ਸਿੰਘ ਜੰਮੂ ਦੀ ਲਿਆਕਤ ਅਤੇ ਮਿਹਨਤ ਕੰਮ ਕਰਦੀ ਹੈ। ਉਨ੍ਹਾਂ ਰੱਬ ਨੂੰ ਉਲ੍ਹਾਮਾ ਦਿੱਤਾ ਕਿ ਰੱਬ ਨੇ ਇਕ ਘਾਤਕ ਰੋਗ ਲਾ ਕੇ ਉਸ ਨੂੰ ਵੱਡੇ ਸਰੀਰਕ ਸੰਕਟ 'ਚ ਪਾਇਆ ਹੈ, ਪਰ ਇਹ ਸਭ ਰੱਬ ਦੀ ਰਜ਼ਾ ਵਿਚ ਹੀ ਹੈ। ਹਮੇਸ਼ਾ ਚੜ੍ਹਦੀ ਕਲਾ 'ਚ ਰਹਿਣ ਵਾਲੇ ਅਮੋਲਕ ਸਿੰਘ ਨੇ ਰੱਬ ਨੂੰ ਜਿਵੇਂ ਕਿਹਾ ਹੈ ਕਿ ਜੋ ਤੂੰ ਕਰਨਾ ਹੈ, ਕਰੀ ਚੱਲ, ਜੋ ਮੇਰੇ ਜ਼ਿੰਮੇ ਲੱਗਾ ਹੈ, ਮੈਂ ਕਰੀ ਜਾਵਾਂਗਾ। ਸ਼ਾਲਾ! ਉਹ ਹਮੇਸ਼ਾ ਚੜ੍ਹਦੀ ਕਲਾ 'ਚ ਰਹੇ।

ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਕੈਲੀਫੋਰਨੀਆ ਵਿਚ ਬੁਧਵਾਰ ਸਵੇਰ ਤੋਂ ਹੀ ਪਾਠਕ ਪੰਜਾਬ ਟਾਈਮਜ਼ ਦੇ ਅਗਲੇ ਅੰਕ ਦੀ ਇੰਟਰਨੈਟ 'ਤੇ ਭਾਲ ਸ਼ੁਰੂ ਕਰ ਦਿੰਦੇ ਹਨ ਅਤੇ ਮੈਨੂੰ ਇਸ ਗੱਲ 'ਤੇ ਮਾਣ ਹੈ ਕਿ ਮੈਂ ਇਸ ਨਾਲ ਪਿਛਲੇ ਲੰਬੇ ਅਰਸੇ ਤੋਂ ਜੁੜਿਆ ਹੋਇਆ ਹਾਂ।

ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚੇ ਇਲੀਨਾਏ ਅਸੈਂਬਲੀ ਲਈ ਉਮੀਦਵਾਰ ਲਾਡੀ ਕੇ ਸਿੰਘ ਨੇ ਹਾਜਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬੀ ਭਾਈਚਾਰੇ ਨੇ ਅਮਰੀਕਾ ਦੇ ਵਖ ਵਖ ਖੇਤਰਾਂ ਵਿਚ ਮੱਲਾਂ ਮਾਰੀਆਂ ਹਨ ਪਰ ਸਿਆਸੀ ਖੇਤਰ ਵਿਚ ਉਹ ਆਪਣੀ ਨੁਮਾਇੰਦਗੀ ਨਹੀਂ ਬਣਾ ਸਕੇ। ਲਾਡੀ ਸਿੰਘ ਨੇ ਪੰਜਾਬੀ ਭਾਈਚਾਰੇ ਨੂੰ ਆ ਰਹੀਆਂ ਚੋਣਾਂ ਵਿਚ ਸਰਗਰਮੀ ਨਾਲ ਹਿੱਸਾ ਲੈਣ ਅਤੇ ਆਪਣੀ ਹਮਾਇਤ ਕਰਨ ਦੀ ਅਪੀਲ ਕੀਤੀ।

ਪੈਲਾਟਾਈਨ ਟਾਊਨਸ਼ਿਪ ਡੈਮੋਕਰੈਟਿਕ ਕਮੇਟੀ ਮੈਂਬਰ ਮੈਟ ਫਲੇਮ ਨੇ ਕਿਹਾ ਕਿ ਭਾਰਤੀ ਭਾਈਚਾਰਾ ਬਹੁਤ ਮਿਹਨਤੀ ਹੈ ਅਤੇ ਇਸ ਨੇ ਅਮਰੀਕੀ ਅਰਥਚਾਰੇ ਦੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਈ ਹੈ ਪਰ ਇਸ ਭਾਈਚਾਰੇ ਨੂੰ ਅਮਰੀਕੀ ਮੁਖ ਧਾਰਾ ਦੀ ਸਿਆਸਤ ਵਿਚ ਵਧੇਰੇ ਸਰਗਰਮ ਹੋਣਾ ਚਾਹੀਦਾ ਹੈ।

ਇਸ ਸ਼ਾਮ ਦੇ ਗੀਤ ਸੰਗੀਤ ਦੇ ਦੌਰ ਦਾ ਆਗਾਜ਼ ਸਿਨਸਿਨੈਟੀ, ਓਹਾਇਓ ਤੋਂ ਪਹੁੰਚੇ ਗਾਇਕ ਲਖਵਿੰਦਰ ਮਾਵੀ ਨੇ ਆਪਣੀ ਬੁਲੰਦ ਆਵਾਜ ਵਿਚ ਇਕ ਗੀਤ ਪੇਸ਼ ਕਰਕੇ ਕੀਤਾ। ਉਪਰਤ ਮਿਲਵਾਕੀ ਤੋਂ ਬਹੁਤ ਹੀ ਸੁਰੀਲੀ ਆਵਾਜ ਦੀ ਮਾਲਕ ਪੂਜਾ ਧਾਲੀਵਾਲ ਨੇ ਦੋ ਗੀਤ ਸਰੋਤਿਆਂ ਦੀ ਨਜ਼ਰ ਕੀਤੇ। ਸਿਨਸਿਨੈਟੀ ਤੋਂ ਹੀ ਆਏ ਨਿੰਮਾ ਡਲੇਵਾਲ ਨੇ 'ਮੰਜ਼ਿਲਾਂ 'ਤੇ ਜਾਣ ਲਈ ਰਾਹ ਜ਼ਰੂਰੀ ਐ...' ਅਤੇ ਇਕ ਹੋਰ ਗੀਤ ਪੇਸ਼ ਕਰਕੇ ਹਾਜਰੀ ਲਵਾਈ। ਕੈਲੀਫੋਰਨੀਆ ਤੋਂ ਪਹੁੰਚਿਆ ਗਾਇਕ ਹਰਪ੍ਰੀਤ ਧਾਮੀ ਅਚਾਨਕ ਤਬੀਅਤ ਖਰਾਬ ਹੋ ਜਾਣ ਕਰਕੇ ਮੰਚ 'ਤੇ ਹਾਜਰੀ ਨਾ ਲਵਾ ਸਕਿਆ।

ਫਿਰ ਵਾਰੀ ਆਈ ਇਸ ਸ਼ਾਮ ਨੂੰ ਆਪਣੀ ਉਮਦਾ ਗਾਇਕੀ ਨਾਲ ਸ਼ਿੰਗਾਰਨ ਲਈ ਕੈਲੀਫੋਰਨੀਆ ਤੋਂ ਉਚੇਚਾ ਪਹੁੰਚੇ ਮੰਗਜੀਤ ਸਿੰਘ ਮੰਗਾ ਅਤੇ ਤਰਸੇਮ ਅਟਵਾਲ ਦੀ। ਮੰਗੇ ਨੇ ਸ਼ੁਰੂਆਤ ਪੱਗ ਦੀ ਗੱਲ ਕਰਦਿਆਂ "ਸਿਰ 'ਤੇ ਪੱਗ ਤੇ ਕੁੰਡੀ ਮੁੱਛ ਮਿੱਤਰੋ, ਜਿਹੜੇ ਅਣਖ ਲਈ ਮਰ ਸਕਦੇ ਨੇ, ਪੱਗ ਸ਼ਾਨ ਉਨ੍ਹਾਂ ਸਰਦਾਰਾਂ ਦੀ..." ਗੀਤ ਪੇਸ਼ ਕਰਕੇ ਕੀਤੀ। ਇਸ ਪਿਛੋਂ ਉਸ ਨੇ ਪੰਜਾਬੀਆਂ ਦੀ ਸ਼ਾਨ ਵਿਚ ਗੀਤ ਗਾਇਆ, 'ਹੁੰਦੀ ਪਈ ਐ ਪੰਜਾਬੀਆਂ ਦੇ ਬੱਲੇ ਬੱਲੇ...।' ਮੰਗੇ ਨੇ ਗੀਤ 'ਆਪਣੇ ਸਿਰ ਦੁਖ ਲੱਖਾਂ ਸਹਿ ਕੇ ਮਾਪਿਆਂ ਦੀ ਸੁੱਖ ਲੋੜਨ ਧੀਆਂ' ਪੇਸ਼ ਕਰਕੇ ਮਾਪਿਆਂ ਨੂੰ ਧੀਆਂ ਦੀ ਕਦਰ ਕਰਨ ਦਾ ਸੁਨੇਹਾ ਦਿਤਾ। ਫਿਰ ਤਾਂ ਮੰਗੇ ਦੀ ਬਸ ਚਲ ਸੋ ਚਲ। ਕਬੱਡੀ ਪ੍ਰਮੋਟਰ ਅਮੋਲਕ ਸਿੰਘ ਗਾਖਲ ਦੀ ਫਰਮਾਇਸ਼ 'ਤੇ ਮੰਗੇ ਨੇ ਗੀਤ 'ਪੁੱਤ ਸਰਦਾਰਾਂ ਦੇ, ਪਾਉਂਦੇ ਭੰਗੜੇ ਤੇ ਖੇਡਣ ਕਬੱਡੀਆਂ' ਭੰਗੜੇ ਦੀ ਤਾਲ 'ਤੇ ਗਾਉਂਦਿਆਂ ਦਰਸ਼ਕਾਂ ਨੂੰ ਜਿਵੇਂ ਭੰਗੜੇ ਦਾ ਸੱਦਾ ਦਿਤਾ। ਉਸ ਉਪਰੰਤ ਗੀਤ ਸੀ, 'ਪੈਣਗੇ ਪਟਾਕੇ ਬਾਰਾਂ ਬੋਰ ਦੇ...।' ਮਰਹੂਮ ਗਾਇਕ ਸੁਰਜੀਤ ਬਿੰਦਰਖੀਏ ਦੀ ਉਚੀ ਹੇਕ ਦੇ ਵਾਰਸ ਮੰਗੇ ਨੇ ਸਰੋਤਿਆਂ ਦੀ ਫਰਮਾਇਸ਼ 'ਤੇ 'ਦੁਪੱਟਾ ਤੇਰਾ ਸੱਤ ਰੰਗ ਦਾ...' ਪੇਸ਼ ਕਰਕੇ ਉਨ੍ਹਾਂ ਦੀ ਅਡੀ ਨੂੰ ਥਿਰਕਣ ਲਾਇਆ। ਇਸ ਸਾਰੇ ਸਮੇਂ ਦੌਰਾਨ ਮੰਗੇ ਦੇ ਸਾਥੀ ਤਰਸੇਮ ਅਟਵਾਲ ਨੇ ਨਾ ਸਿਰਫ ਉਸ ਦਾ ਸੁਪੋਰਟਿੰਗ ਕਲਾਕਾਰ ਵਜੋਂ ਹੀ ਸਾਥ ਦਿਤਾ ਸਗੋਂ ਅਡੀ-ਟੱਪੇ ਵਿਚ ਵੀ ਉਸ ਦਾ ਪੂਰਾ ਹੱਥ ਵਟਾਇਆ।

ਇਸ ਪ੍ਰੋਗਰਾਮ ਵਿਚ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ-ਸਵਰਨਜੀਤ ਸਿੰਘ ਢਿੱਲੋਂ, ਪ੍ਰੋ. ਜੋਗਿੰਦਰ ਸਿੰਘ ਰਮਦੇਵ, ਡਾ. ਨਵਦੀਪ ਕੌਰ ਸੰਧੂ, ਬਲਵਿੰਦਰ ਕੌਰ ਸੇਖੋਂ, ਡਾ. ਗੁਰਦਿਆਲ ਸਿੰਘ ਬਸਰਾਨ, ਡਾ. ਹਰਗੁਰਮੁਖਪਾਲ ਸਿੰਘ, ਹਰਦਿਆਲ ਸਿੰਘ ਦਿਉਲ, ਜੈਦੇਵ ਸਿੰਘ ਭੱਠਲ, ਹਰਜੀਤ ਸਿੰਘ ਸ਼ਾਹੀ, ਅਮੋਲਕ ਸਿੰਘ ਗਾਖਲ, ਬਲਵਿੰਦਰ ਸਿੰਘ ਸੰਧੂ, ਜਗਦੀਸ਼ਰ ਸਿੰਘ ਕਲੇਰ, ਸਰਵਣ ਸਿੰਘ ਟਿਵਾਣਾ, ਰਾਜਿੰਦਰ ਸਿੰਘ ਬੈਂਸ, ਮਨਦੀਪ ਸਿੰਘ ਭੂਰਾ ਹਾਜਰ ਸਨ ਜਦੋਂਕਿ ਦਰਸ਼ਨ ਸਿੰਘ ਗਰੇਵਾਲ (ਡਿਟਰਾਇਟ), ਅਯੁਧਿਆ ਸਲਵਾਨ, ਦਰਸ਼ਨ ਦਰੜ, ਗੁਰਿੰਦਰ ਸਿੰਘ ਗਿੱਲ, ਡਾ. ਤੇਜਿੰਦਰ ਸਿੰਘ ਮੰਡੇਰ, ਜਸਵਿੰਦਰ ਸਿੰਘ (ਜੱਸੀ) ਗਿੱਲ ਤੇ ਸਰਬਜੀਤ ਸਿੰਘ ਥਿਆੜਾ ਜ਼ਰੂਰੀ ਰੁਝੇਵਿਆਂ ਕਾਰਨ ਨਹੀਂ ਪਹੁੰਚ ਸਕੇ।

ਇਸ ਸ਼ਾਮ ਦੇ ਮੁਖ ਮਹਿਮਾਨ ਹਿਊਸਟਨ ਤੋਂ ਬਿਜਨਸਮੈਨ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀ ਆਗੂ ਰਹੇ ਰਘਬੀਰ ਸਿੰਘ ਘੁੰਨ ਸਨ ਪਰ ਅਚਾਨਕ ਤਬੀਅਤ ਖਰਾਬ ਹੋਣ ਕਰਕੇ ਉਹ ਪਹੁੰਚ ਨਹੀਂ ਸਕੇ। ਕੈਨੋਸ਼ਾ, ਵਿਸਕਾਨਸਿਨ ਤੋਂ ਬਿਜਨਸਮੈਨ ਅਮਰਜੀਤ ਸਿੰਘ ਢੀਂਡਸਾ ਇਸ ਸ਼ਾਮ ਦੇ 'ਗੈਸਟ ਆਫ ਆਨਰ' ਸਨ, ਜਿਨ੍ਹਾਂ ਦਾ ਪੰਜਾਬ ਟਾਈਮਜ਼ ਦੀ ਤਰਫੋਂ ਇਕ ਸਨਮਾਨ ਚਿੰਨ੍ਹ ਦੇ ਕੇ ਮਾਣ-ਸਤਿਕਾਰ ਕੀਤਾ ਗਿਆ। ਸ. ਢੀਂਡਸਾ ਦੇ ਨਾਲ ਲਖਵੀਰ ਸਿੰਘ

**(ਬਾਕੀ ਅਗਲੇ ਸਫੇ 'ਤੇ)**





*ਪੂਜਾ ਧਾਲੀਵਾਲ, ਲਖਵਿੰਦਰ ਮਾਵੀ ਤੇ ਨਿੰਮਾ ਡੱਲੇਵਾਲਾ*

**ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ**
**ਰਾਜ ਸਿਆਨ (ਸਿਆਨ ਵੀਡੀਓ)**
**ਫੋਨ: 734-261-0936**





*ਮੰਗਜੀਤ ਮੰਗਾ ਅਤੇ ਤਰਸੇਮ ਅਟਵਾਲ ਆਪਣੇ ਪੂਰੇ ਰੰਗਾਂ ਵਿਚ*



*ਗੈਸਟ ਆਫ ਆਨਰ ਅਮਰਜੀਤ ਸਿੰਘ ਢੀਂਡਸਾ (ਖੱਬਿਓਂ ਚੌਥੇ) ਸਨਮਾਨ ਹਾਸਲ ਕਰਦੇ ਹੋਏ*

## ਪੰਜਾਬ ਟਾਈਮਜ਼

ਢੀਂਡਸਾ ਅਤੇ ਬਲਬੀਰ ਸਿੰਘ ਡਰੈਨ ਵੀ ਪ੍ਰੋਗਰਾਮ ਦੀ ਰੌਣਕ ਵਧਾਉਣ ਲਈ ਪਹੁੰਚੇ ਹੋਏ ਸਨ।

ਮਿਡਵੈਸਟ ਤੋਂ ਇਲਾਵਾ ਅਮਰੀਕਾ ਦੀਆਂ ਹੋਰ ਸਟੇਟਾਂ ਤੋਂ ਵੱਖ ਵੱਖ ਸਮਾਜਕ ਤੇ ਸਭਿਆਚਾਰਕ ਸੰਸਥਾਵਾਂ ਦੇ ਨੁਮਾਇੰਦੇ ਪੰਜਾਬ ਟਾਈਮਜ਼ ਨਾਲ ਆਪਣੀ ਇਕਜੁਟਤਾ ਦਰਸਾਉਣ ਲਈ ਪਹੁੰਚੇ। ਇਨ੍ਹਾਂ ਵਿਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਸਿਨਸਿਨੈਟੀ ਤੋਂ ਸੁਰਜੀਤ ਸਿੰਘ ਮਾਵੀ ਅਤੇ ਸਾਥੀ; ਪੰਜਾਬੀ ਸਭਿਆਚਾਰਕ ਸੰਸਥਾ-ਬੈਟਲਕਰੀਕ (ਮਿਸ਼ੀਗਨ) ਤੋਂ ਦਲਬਾਰਾ ਸਿੰਘ ਮਾਂਗਟ, ਕੁਲਵਿੰਦਰ ਸਿੰਘ ਗਿੱਲ, ਲਾਲੀ ਧਾਲੀਵਾਲ, ਪਾਲੀ ਧਾਲੀਵਾਲ ਤੇ ਸਾਥੀ; ਸ਼ੇਰੇ ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਵਲੋਂ ਪ੍ਰਧਾਨ ਦੀਪਾ ਬੰਦੇਸ਼ਾ, ਅਮਰਦੇਵ ਸਿੰਘ ਬੰਦੇਸ਼ਾ, ਪਰਮਿੰਦਰ ਸਿੰਘ ਵਾਲੀਆ, ਜਸਵਿੰਦਰ ਸਿੰਘ ਜੱਸੀ, ਜਿੰਦਰ ਸਿੰਘ ਬੈਣੀਪਾਲ, ਬਲਵਿੰਦਰ ਚੱਠਾ, ਹਰਜਿੰਦਰ ਸਿੰਘ (ਜ਼ਿੰਦੀ) ਖੰਗੂੜਾ, ਅੰਮ੍ਰਿਤਪਾਲ ਗਿੱਲ ਅਤੇ ਸਾਥੀ; ਮਿਡਵੈਸਟ ਸਪੋਰਟਸ ਕਲੱਬ ਸ਼ਿਕਾਗੋ ਦੇ ਪ੍ਰਧਾਨ ਅਤੇ ਗੀਤਕਾਰ ਸਤਿੰਦਰ ਸਿੰਘ ਸੁਸਾਣਾ ਤੇ ਮਿੱਕੀ ਕਾਹਲੋਂ; ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਸ਼ਿਕਾਗੋ ਦੇ ਪ੍ਰਧਾਨ ਸੋਖੀ ਸਿੰਘ, ਮੈਂਬਰ ਸਰਵਣ ਸਿੰਘ ਰਾਜੂ, ਬੀਬੀ ਜਸਬੀਰ ਕੌਰ ਸਲੂਜਾ ਤੇ ਬੀਬੀ ਸੁਰਿੰਦਰ ਕੌਰ, ਹੈਡ ਗ੍ਰੰਥੀ ਭਾਈ ਗੁਰਜੰਟ ਸਿੰਘ, ਸਾਬਕਾ ਪ੍ਰਧਾਨ ਸਤਵੰਤ ਸਿੰਘ ਅਟੱਲ, ਸਾਬਕਾ ਸੀ.ਆਈ.ਸੀ. ਮੈਂਬਰ ਹਰਜਿੰਦਰ ਸਿੰਘ ਸੰਧੂ, ਸਰਗਰਮ ਮੈਂਬਰ ਡਾ. ਬਲਵੰਤ ਸਿੰਘ ਹੰਸਰਾ, ਕੁਲਦੀਪ ਸਿੰਘ ਮੱਕੜ, ਸੁਰਿੰਦਰਪਾਲ ਸਿੰਘ ਕਾਲੜਾ; ਮਿਡਵੈਸਟ ਅਕਾਲੀ ਦਲ ਦੇ ਆਗੂ ਅਮਰੀਕ ਸਿੰਘ (ਅਮਰ ਕਾਰਪੈਟ), ਜਸਕਰਨ ਸਿੰਘ ਧਾਲੀਵਾਲ, ਪ੍ਰਭਜੋਤ ਸਿੰਘ, ਲਖਵੰਤ ਸਿੰਘ ਕੋਮਲ, ਯਾਦਵਿੰਦਰ ਸਿੰਘ ਗਰੇਵਾਲ, ਮਨਮਿੰਦਰ ਸਿੰਘ; ਪੰਜਾਬੀ ਅਮੈਰੀਕਨ ਆਰਗੇਨਾਈਜੇਸ਼ਨ ਦੇ ਡਾਇਰੈਕਟਰ ਗੁਲਜ਼ਾਰ ਸਿੰਘ ਮੁਲਤਾਨੀ, ਇੰਦਰ ਹੁੰਜਣ ਤੇ ਸਾਥੀ; ਪੰਜਾਬੀ ਹੈਰੀਟੇਜ਼ ਆਰਗੇਨਾਈਜੇਸ਼ਨ-ਸ਼ਿਕਾਗੋ ਦੇ ਬੋਰਡ ਮੈਂਬਰ ਕਿਰਪਾਲ ਸਿੰਘ ਰੰਧਾਵਾ ਤੇ ਸਾਥੀ; ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਤੋਂ ਬਲਜੀਤ ਸਿੰਘ ਸਿੱਧੂ, ਬਲਵਿੰਦਰ ਸਿੰਘ ਗਿਰਨ; ਰਾਜਿੰਦਰ ਸਿੰਘ ਮਾਗੋ, ਠਾਕਰ ਸਿੰਘ ਬਸਾਤੀ ਅਤੇ ਭਿੰਦਰ ਸਿੰਘ ਪੰਮਾ ਅਖਬਾਰ ਪ੍ਰਤੀ ਆਪਣੀ ਹਮਾਇਤ ਪ੍ਰਗਟਾਉਣ ਪਹੁੰਚੇ।

ਹੋਰ ਮੁਅਜ਼ਜ਼ ਮਹਿਮਾਨਾਂ ਵਿਚ ਸਿਨਸਿਨੈਟੀ, ਓਹਾਇਓ ਤੋਂ ਰਛਪਾਲ ਸਿੰਘ ਸਹੋਤਾ, ਅਵਤਾਰ ਸਿੰਘ ਸਪਰਿੰਗਫੀਲਡ, ਮਿਲਵਾਕੀ ਤੋਂ ਅਮਰਜੀਤ ਸਿੰਘ ਸੰਧਰ, ਗੁਰਦੇਵ ਸਿੰਘ ਜੌੜਾ, ਦਰਸ਼ਨ ਸਿੰਘ ਗਰੇਵਾਲ, ਕੁਲਵਿੰਦਰ ਸਿੰਘ ਧਾਲੀਵਾਲ; ਰਿਚਮੰਡ ਵਰਜੀਨੀਆ ਤੋਂ ਗੁਰਮੇਲ ਸਿੰਘ ਕੰਗ, ਬਲਵਿੰਦਰ ਕੰਗ ਅਤੇ ਮੇਜਰ ਸਿੰਘ ਬਰਾੜ; ਡਿਟਰਾਇਟ-ਮਿਸ਼ੀਗਨ ਤੋਂ ਲੇਖਕ ਤੇ ਫਿਲਮ ਨਿਰਮਾਤਾ ਬਾਬ ਖਹਿਰਾ ਤੇ ਸਾਥੀ; ਇੰਡੀਅਨਐਪੋਲਿਸ ਤੋਂ ਗੁਰਬਖਸ਼ ਰਾਹੀ, ਰਛਪਾਲ ਸਿੰਘ ਢਿਲੋਂ, ਮਨਜਿੰਦਰ ਸਿੰਘ ਸੰਧੂ, ਸੁਖਜਿੰਦਰ ਸਿੰਘ ਭੁਲਰ, ਸੋਨੂੰ ਬਾਬਾ ਬਕਾਲਾ ਅਤੇ ਸਾਥੀ; ਕੈਲੀਫੋਰਨੀਆ ਤੋਂ ਟੋਨੀ ਬੱਲ; ਸ਼ਿਕਾਗੋ ਤੋਂ ਮੇਜਰ ਗੁਰਚਰਨ ਸਿੰਘ ਝੱਜ, ਕਰਨਲ ਨਿਰਮਲ ਸਿੰਘ ਸਿੰਘਾ, ਨਿੱਕ ਗਾਖਲ, ਵਿਕਰਮ ਸਿੱਧੂ ਤੇ ਸਾਥੀ, ਸਤਨਾਮ ਸਿੰਘ ਔਲਖ, ਪਰਮਿੰਦਰ ਸਿੰਘ ਮਾਂਗਟ, ਡਾ. ਸਰਬਜੀਤ ਸਿੰਘ ਭੰਡਾਲ, ਸਵਰਨ ਸਿੰਘ ਸੇਖੋਂ, ਜਗਵਿੰਦਰ ਸਿੰਘ ਭੱਠਲ (ਵਾਕੀਗਨ), ਰਘਬੀਰ ਸਿੰਘ ਹੁੰਦਲ, ਪਰਮਜੀਤ ਸਿੰਘ ਕਾਹਲੋਂ, ਇਕਬਾਲ ਸਿੰਘ ਜੱਜ, ਸੋਨੀ ਜੱਜ, ਸੀਮਾ ਤੇ ਰਾਜੂ ਰਮਦੇਵ, ਰਾਜਪ੍ਰੀਤ ਕੌਰ, ਗੁਰਬਚਨ ਸਿੰਘ ਪੈਲਾਟਾਈਨ, ਦਰਸ਼ਨ ਬਸਰਾਓਂ (ਰੇਡੀਓ ਚੰਨ ਪਰਦੇਸੀ), ਦਰਸ਼ਨ ਸਿੰਘ ਪੰਮਾ ਸ਼ਾਮਲ ਸਨ।

ਮੰਚ ਸੰਚਾਲਨ ਗੁਰਮੁਖ ਸਿੰਘ ਭੁਲਰ, ਡਾ. ਹਰਜਿੰਦਰ ਸਿੰਘ ਖਹਿਰਾ ਨੇ ਕੀਤਾ ਜਦੋਂਕਿ ਸਮਾਗਮ ਦਾ ਪ੍ਰਬੰਧ ਕਰਨ ਵਿਚ ਜੈ ਰਾਮ ਸਿੰਘ ਕਾਹਲੋਂ, ਸੁਰਿੰਦਰ ਸਿੰਘ ਭਾਟੀਆ ਅਤੇ ਇੰਦਰਮੋਹਨ ਸਿੰਘ ਛਾਬੜਾ ਨੇ ਵਿਸ਼ੇਸ਼ ਭੂਮਿਕਾ ਨਿਭਾਈ।

# ਜਾਇਦਾਦ ਵੰਡਣ ਬਾਰੇ ਬਜ਼ੁਰਗ ਸਿੱਖ ਦਾ ਦਾਅਵਾ ਰੱਦ

**ਲੰਡਨ:** ਵ੍ਹੀਲਚੇਅਰ ਦੇ ਸਹਾਰੇ ਰਹਿੰਦਾ 87 ਸਾਲਾ ਸਿੱਖ ਕਾਰੋਬਾਰੀ ਆਪਣੇ ਪੁੱਤਰ ਨਾਲ ਜਾਇਦਾਦ ਦੇ ਬਟਵਾਰੇ ਲਈ ਕਾਨੂੰਨੀ ਲੜਾਈ ਹਾਰ ਗਿਆ ਹੈ। ਬਲ ਮਹਿੰਦਰ ਸਿੰਘ 1970ਵਿਆਂ ਵਿਚ ਭਾਰਤ ਤੋਂ ਬਰਾਸਤਾ ਕੀਨੀਆ ਬਰਤਾਨੀਆ ਆਇਆ ਸੀ ਤੇ ਉਸ ਨੇ ਆਪਣੇ ਪੁੱਤਰ ਜਸਮਿੰਦਰ ਸਿੰਘ (63) ਨਾਲ ਮਿਲ ਕੇ ਰੈਡੀਸਨ ਬਲੂ ਐਡਵਰਡਨੀਅਨ ਦੀ ਲਗਜ਼ਰੀ ਹੋਟਲ ਚੇਨ ਖੜ੍ਹੀ ਕੀਤੀ ਸੀ। ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦਾ ਹੋਟਲ ਕਾਰੋਬਾਰ 8000 ਕਰੋੜ ਰੁਪਏ (80 ਕਰੋੜ ਪੌਂਡ) ਤੱਕ ਪੁੱਜ ਗਿਆ ਹੈ।

ਬਲ ਮਹਿੰਦਰ ਸਿੰਘ ਨੇ ਇਥੋਂ ਦੀ ਇਕ ਅਦਾਲਤ ਨੂੰ ਦੱਸਿਆ ਸੀ ਕਿ ਸਿੱਖ ਰਵਾਇਤਾਂ ਮੁਤਾਬਕ ਜਸਮਿੰਦਰ ਸਿੰਘ ਨੂੰ ਆਪਣੀ ਜਾਇਦਾਦ ਪਰਿਵਾਰ ਦੇ ਬਾਕੀ ਮੈਂਬਰਾਂ ਨਾਲ ਸਾਂਝੀ ਕਰਨੀ ਬਣਦੀ ਹੈ, ਕਿਉਂਕਿ ਜਸਮਿੰਦਰ ਦਾ ਪਾਲਣ-ਪੋਸ਼ਣ ਇਕ ਸਿੱਖ ਦੇ ਤੌਰ 'ਤੇ ਹੋਇਆ ਸੀ। ਬਰਤਾਨਵੀ ਜੱਜ ਨੇ 50 ਮਿਲੀਅਨ ਪੌਂਡ (ਤਕਰੀਬਨ 500 ਕਰੋੜ ਰੁਪਏ) ਦਾ ਦਾਅਵਾ ਰੱਦ ਕਰਦਿਆਂ ਕਿਹਾ ਕਿ ਪਿਓ-ਪੁੱਤਰ ਵਿਚਕਾਰ ਪਾਲਣ-ਪੋਸ਼ਣ ਦੇ ਮੁੱਦੇ 'ਤੇ ਮਤਭੇਦ ਹੀ ਮੁੱਖ ਸਮੱਸਿਆ ਹੈ। ਜੱਜ ਵਿਲੀਅਮ ਬਲੈਕਬਰਨ ਨੇ ਕਿਹਾ ਕਿ ਭਾਵੇਂ ਪਿਤਾ ਦਾ ਦਾਅਵਾ ਖ਼ਾਰਜ ਕੀਤਾ ਜਾਂਦਾ ਹੈ, ਪਰ ਇਸ ਦਾ ਇਹ ਮਤਲਬ ਨਹੀਂ ਹੈ ਕਿ ਮਾਤਾ-ਪਿਤਾ ਨੇ ਇਹ ਦਾਅਵਾ ਕਿਸੇ ਤਰ੍ਹਾਂ ਦੀ ਬਦਨੀਅਤੀ ਨਾਲ ਕੀਤਾ ਸੀ।

ਜੱਜ ਨੇ ਕਿਹਾ ਕਿ ਉਨ੍ਹਾਂ ਦਰਮਿਆਨ ਝਗੜੇ ਦੀ ਮੁੱਖ ਵਜ੍ਹਾ ਪਾਲਣ-ਪੋਸ਼ਣ ਦੀ ਹੈ। ਪਿਤਾ ਦਾ ਰਹਿਣ-ਸਹਿਣ ਭਾਰਤ ਵਿਚ ਅੰਗਰੇਜ਼ਾਂ ਦੇ ਰਾਜਕਾਲ ਵੇਲੇ ਦਾ ਸੀ ਤੇ ਉਸ ਦਾ ਵਿਆਹ ਕੀਨੀਆ ਵਿਚ ਹੋਇਆ, ਜਦਕਿ ਉਨ੍ਹਾਂ ਦੇ ਪੁੱਤਰ ਨੇ ਬਰਤਾਨੀਆ ਵਿਚ ਪੜ੍ਹਾਈ ਹਾਸਲ ਕੀਤੀ ਤੇ ਉਸ ਦੇ ਕਹਿਣ ਮੁਤਾਬਕ ਉਸ ਦੀ ਸਿੱਖ ਧਰਮ ਵਿਚ ਕੋਈ ਦਿਲਚਸਪੀ ਨਹੀਂ ਸੀ।


**SUPER TRAVEL**

**847-676-9090, 773-465-5566**

*E-mail: supertravel2003@yahoo.com*

***Lowest Fares With Excellent Service***



*AMERICAN AIR, CONTINENTAL AIR*

*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

*EARLY BIRD SALE!!!!*

India $545
London $250





**Security Cameras Special promotion for limited time only**

**1000 TVL camera for the price of 700 TVL camera**

**Limit 4 for each customer only**

***For more Details, Contact:***

**Balbir S Sidhu-209-495-3905 (Cell)**

**Toll Free (888) 233-4566**

**DVRunlimited Inc.**

Fax-(209) 982-9133


# ਗੁਰਦੁਆਰਾ ਸਾਹਿਬ ਫਰੀਮਾਂਟ ਦੇ ਵਹੀ ਖਾਤੇ ਦੀ ਆਮਦਨ-ਖਰਚ ਰਿਪੋਰਟ

Source: www.fremontgurdwara.org posted by Gurdwara Sahib Fremont current management as 0f 12/31/2013

| Month | 2008 | 2009 | 2010 | 2011 | 2012 | 2013 |
|---|---|---|---|---|---|---|
| January | Not Available | -6,548.77 | 10,255.00 | 71,438.68 | 49,729.60 | 11,184.72 |
| February | Not Available | 90,518.73 | -53,365.69 | 9,593.44 | 38,532.72 | 49,139.20 |
| March | Not Available | -22,181.31 | 38,599.78 | 30,052.85 | -17,230.96 | 12.83 |
| April | 71,397.41 | 84,719.59 | 9,288.64 | -37,415.46 | 60,427.13 | 45,656.38 |
| May | 44,671.28 | 866.41 | -30,420.41 | 49,212.40 | 43,892.41 | 54,071.06 |
| June | 66,699.08 | 83,264.74 | 7,880.72 | -59,820.25 | -10,102.83 | 40,958.01 |
| July | 131,236.02 | 51,840.76 | 53,163.77 | 15,723.94 | 90,539.82 | 43,378.24 |
| August | 40,298.44 | 39,883.78 | 16,940.10 | 35,735.71 | 23,578.79 | 31,983.58 |
| September | 85,374.16 | 9,498.02 | 13,279.53 | 50,003.71 | 76,250.00 | 81,780.76 |
| October | 30,485.94 | 31,834.40 | 55,201.87 | 47,771.87 | -1,638.06 | 18,290.41 |
| November | 56,596.67 | 61,340.98 | 65,553.04 | 18,584.82 | 21,978.07 | 45,311.10 |
| December | 39,167.13 | 30,752.24 | 15,065.51 | 65,559.10 | 30,039.43 | 27,561.04 |
| Total Net Income each Year | 565,926.13 | 455,789.57 | 201,441.86 | 296,440.81 | 405,996.13 | 449,327.33 |
| Accumalated Net Income | 565,926.13 | 1,021,715.70 | 1,223,157.56 | 1,519,598 | 1,925,594.50 | **$23,74,921.83** |

**Net accumulated income ending 12/31/2013 $23,74,921.83 (A) Cash on hand 12/31/2013 $6,54,314.41 (B)**
**Missing cash on hand(A)-(B) = $ 17,20,607.42**

As per Fremont Gurdwara Sahib By-Laws Article XI-2.2, it is the responsibility of the Treasurer/Asst. Treasurer to present financial statement along with Auditor's report every year. Sangat demands the Supreme Council to follow the By-Laws and present an Audited report for each year from 2008 to December 31, 2013.

**Supreme Council Members:** Bhai Tarsem Singh, Bhai Jasdev Singh, Bhai Lakhbir Singh, Bhai Gurinder Singh, Bhai Harjit Singh

**Sikh Panchayat Members:** Bhai Kashmir Singh Shahi, Prof. Pritam Singh, Bhai Ram Singh, Bhai Jaswinder Singh Jandi, Bhai Gurmit Singh Khalsa, Bibi Gurbax Kaur Kahlon, Bhai Jasjit Singh, Dr. Pritpal Singh, Bhai Jasdeep Singh

ਗੁਰਦੁਆਰਾ ਫਰੀਮਾਂਟ ਦੇ ਮੌਜੂਦਾ ਪ੍ਰਬੰਧਕਾਂ ਅਤੇ ਉਨ੍ਹਾਂ ਦੀ ਹਮਾਇਤ 'ਤੇ ਬੈਠੀ ਸਿੱਖ ਪੰਚਾਇਤ ਨੇ ਸੰਗਤਾਂ ਦੇ ਜ਼ੋਰ ਪਾਉਣ ਉਤੇ ਮਾਰਚ 2014 ਵਿਚ ਹੋਈਆਂ ਸੁਪਰੀਮ ਕੌਂਸਲ ਚੋਣਾਂ ਸਮੇਂ ਆਮਦਨ-ਖਰਚ ਰਿਪੋਰਟ ਪ੍ਰਕਾਸ਼ਿਤ ਕੀਤੀ ਸੀ। ਇਸ ਵਿਚ 17 ਲੱਖ ਡਾਲਰ ਤੋਂ ਵੱਧ ਦੀ ਆਮਦਨ (ਸਾਰੇ ਖਰਚੇ ਕੱਢਣ ਤੋਂ ਬਾਅਦ) ਦਿਖਾਈ ਗਈ ਹੈ। ਇਸ ਰਿਪੋਰਟ ਵਿਚ ਕੋਈ ਵੇਰਵਾ ਨਹੀਂ ਹੈ ਕਿ ਇਹ ਪੈਸਾ ਖਰਚਿਆ ਕਿਥੇ ਗਿਆ ਹੈ। ਜਾਪਦਾ ਹੈ ਕਿ ਮੌਜੂਦਾ ਸੁਪਰੀਮ ਕੌਂਸਲ ਅਤੇ ਇਸ ਦੀ ਹਮਾਇਤ 'ਤੇ ਖੜੀ ਸਿੱਖ ਪੰਚਾਇਤ ਅਕਾਊਂਟ ਆਡਿਟ ਕਰਵਾਉਣ ਦੇ ਰੌਂਅ ਵਿਚ ਨਹੀਂ ਹੈ। ਸੁਪਰੀਮ ਕੌਂਸਲ ਮੈਂਬਰ ਗੁਰੂ ਗ੍ਰੰਥ ਸਾਹਿਬ ਅਤੇ ਸੰਗਤਾਂ ਦੀ ਹਾਜ਼ਰੀ ਵਿਚ ਕਹਿ ਚੁਕੇ ਹਨ ਕਿ ਜੇ ਹਿਸਾਬ ਵਿਚ ਕੋਈ ਫਰਕ ਹੋਇਆ, ਸਾਰੇ ਸੁਪਰੀਮ ਕੌਂਸਲ ਮੈਂਬਰ ਅਸਤੀਫਾ ਦੇਣਗੇ ਅਤੇ ਸੰਗਤ ਤੋਂ ਮੁਆਫੀ ਮੰਗ ਕੇ ਘਰ ਬੈਠਣਗੇ।

ਸਾਡੀ ਬੇਨਤੀ ਹੈ ਕਿ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਕੀਤਾ ਵਾਅਦਾ ਪੂਰਾ ਕਰਦਿਆਂ ਅਕਾਊਂਟ ਆਡਿਟ ਕਰਵਾ ਕੇ ਸੰਗਤ ਦੀ ਸ਼ੰਕਾ ਦੂਰ ਕੀਤੀ ਜਾਵੇ, ਨਹੀਂ ਤਾਂ ਅਸਤੀਫਾ ਦਿਤਾ ਜਾਵੇ।

**ਜਾਰੀ ਕਰਤਾ: ਬੇਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ**

*Paid Advt.*

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮੁੱਖ ਮੰਤਰੀ ਬਾਦਲ ਦੇ ਜ਼ਿਲ੍ਹੇ ਨੂੰ ਸਭ ਤੋਂ ਵੱਧ ਖਤਰਾ!

### ਜ਼ਿਲ੍ਹੇ 'ਚ ਸਭ ਤੋਂ ਵੱਧ ਅਸਲਾ ਲਾਇਸੰਸ ਜਾਰੀ



**ਸ੍ਰੀ ਮੁਕਤਸਰ ਸਾਹਿਬ:** ਅਸਲਾ ਲਾਇਸੰਸ ਬਣਾਉਣ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਜ਼ਿਲ੍ਹੇ ਸ੍ਰੀ ਮੁਕਤਸਰ ਸਾਹਿਬ ਨੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਦੂਜੇ ਪਾਸੇ ਮੁਕਤਸਰ ਨਾਲੋਂ ਆਬਾਦੀ ਪੱਖੋਂ ਵੱਡੇ ਜ਼ਿਲ੍ਹਿਆਂ ਲੁਧਿਆਣਾ, ਅੰਮ੍ਰਿਤਸਰ ਤੇ ਜਲੰਧਰ ਆਦਿ ਵਿਚ ਜਾਰੀ ਅਸਲਾ ਲਾਇਸੰਸਾਂ ਦੀ ਗਿਣਤੀ ਬਹੁਤ ਘੱਟ ਹੈ।

ਸੂਚਨਾ ਦਾ ਅਧਿਕਾਰ ਤਹਿਤ ਹਾਸਲ ਜਾਣਕਾਰੀ ਮੁਤਾਬਕ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿਚ 2013 ਅੰਦਰ 2554 ਅਸਲਾ ਲਾਇਸੰਸ ਬਣਾਉਣ ਦੀਆਂ ਫਾਈਲਾਂ ਸੁਵਿਧਾ ਸੈਂਟਰ ਰਾਹੀਂ ਵੇਚੀਆਂ ਗਈਆਂ ਜਿਨ੍ਹਾਂ ਵਿਚੋਂ ਇਕ ਸਾਲ ਦੇ ਅੰਦਰ 1030 ਨਵੇਂ ਲਾਇਸੰਸ ਜਾਰੀ ਕੀਤੇ ਗਏ ਹਨ। ਸੁਵਿਧਾ ਸੈਂਟਰ ਵੱਲੋਂ ਵੇਚੀ ਜਾਂਦੀ ਅਸਲਾ ਲਾਇਸੰਸ ਫਾਈਲ ਦੀ ਕੀਮਤ ਜੋ ਪਹਿਲਾਂ 500 ਰੁਪਏ ਸੀ, ਹੁਣ 1250 ਰੁਪਏ ਕਰ ਦਿੱਤੀ ਗਈ ਹੈ। ਜ਼ਿਲ੍ਹੇ ਅੰਦਰ ਇਸ ਵੇਲੇ ਕੁੱਲ ਅਸਲਾ ਲਾਇਸੰਸ 19315 ਹਨ ਜਦੋਂ ਕਿ ਅਸਲੇ ਦੀ ਗਿਣਤੀ 21488 ਹੈ।

ਮਿਲੀ ਜਾਣਕਾਰੀ ਮੁਤਾਬਕ ਲੁਧਿਆਣਾ ਜ਼ਿਲ੍ਹੇ ਵਿਚ ਜਨਵਰੀ 2013 ਤੋਂ ਦਸੰਬਰ 2013 ਤੱਕ ਸੁਵਿਧਾ ਸੈਂਟਰ ਵੱਲੋਂ 594 ਫਾਈਲਾਂ ਜਮ੍ਹਾਂ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚੋਂ 361 ਲਾਇਸੰਸ ਜਾਰੀ ਕੀਤੇ ਗਏ ਹਨ। ਇਸੇ ਤਰ੍ਹਾਂ ਮੁਕਤਸਰ ਨਾਲੋਂ ਕਈ ਗੁਣਾ ਵੱਡੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਇਸ ਅਰਸੇ ਦੌਰਾਨ ਮਹਿਜ਼ 924 ਅਸਲਾ ਲਾਇਸੰਸ ਜਾਰੀ ਕੀਤੇ ਗਏ ਹਨ। ਐਸ.ਏ.ਐਸ ਨਗਰ (ਮੁਹਾਲੀ) ਵਿਖੇ ਸਾਲ ਭਰ ਵਿਚ 1514 ਫਾਈਲਾਂ ਅਸਲਾ ਲਾਇਸੰਸ ਬਣਾਉਣ ਲਈ ਜਮ੍ਹਾਂ ਹੋਈਆਂ ਸਨ ਜਿਸ ਵਿਚੋਂ ਸਿਰਫ਼ 231 ਅਸਲਾ ਲਾਇਸੰਸ ਜਾਰੀ ਕੀਤੇ ਗਏ ਹਨ।

ਜ਼ਿਲ੍ਹਾ ਜਲੰਧਰ ਦੇ ਕਮਿਸ਼ਨਰੇਟ ਦਫ਼ਤਰ ਵਿਚ 2013 ਦੇ ਪੂਰੇ ਵਰ੍ਹੇ ਵਿਚ ਮਹਿਜ 441 ਫਾਈਲਾਂ ਪਹੁੰਚੀਆਂ ਸਨ ਜਿਸ ਵਿਚੋਂ 232 ਨਵੇਂ ਅਸਲਾ ਲਾਇਸੰਸ ਜਾਰੀ ਹੋਏ ਹਨ।ਜਲੰਧਰ ਵਿਖੇ ਅਸਲਾ ਲਾਇਸੰਸ ਬਣਾਉਣ ਵਾਲੀ ਫਾਈਲ ਦੀ ਕੀਮਤ ਮਹਿਜ਼ 200 ਰੁਪਏ ਹੈ। ਮਿਲੀ ਜਾਣਕਾਰੀ ਮੁਤਾਬਕ ਅਸਲਾ ਲਾਇਸੰਸ ਆਰਮਜ਼ ਐਕਟ 1959, ਆਰਮ ਰੂਲਜ਼ 1962 ਤੇ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਕੀਤੇ ਗਏ ਪੱਤਰ ਦੀਆਂ ਸ਼ਰਤਾਂ ਮੁਤਾਬਕ ਪੁਲਿਸ ਰਿਪੋਰਟ ਉਪਰੰਤ ਜਾਰੀ ਕੀਤੇ ਜਾਂਦੇ ਹਨ ਜਿਸ ਵਿਚ ਬਿਨੈਕਾਰ ਦੀ ਜਾਨ ਨੂੰ ਸਪਸ਼ਟ ਖਤਰਾ ਵਿਖਾਈ ਦਿੰਦਾ ਹੋਣਾ ਜ਼ਰੂਰੀ ਹੈ।

### ਸਰਕਾਰੀ ਫੀਸਾਂ ਨਾਲੋਂ ਸੁਵਿਧਾ ਫੀਸਾਂ 16 ਗੁਣਾ

ਅਸਲਾ ਲਾਇਸੰਸ ਬਣਾਉਣ ਲਈ ਤੈਅ ਸਰਕਾਰੀ ਫੀਸਾਂ ਨਾਲੋਂ ਸੁਵਿਧਾ ਦੇ ਖਰਚੇ 16 ਗੁਣਾਂ ਤੋਂ ਵੀ ਵੱਧ ਹਨ। ਰਿਵਾਲਵਰ ਦਾ ਲਾਇਸੰਸ ਬਣਾਉਣ ਲਈ ਸਰਕਾਰੀ ਫੀਸ ਸਿਰਫ 200 ਰੁਪਏ ਹੈ ਜਦੋਂ ਕਿ ਸੁਵਿਧਾ ਚਾਰਜਿਜ਼ 700 ਰੁਪਏ ਹੈ। ਇਸੇ ਤਰ੍ਹਾਂ 12 ਬੋਰ ਬੰਦੂਕ ਦਾ ਲਾਇਸੰਸ ਬਣਾਉਣ ਦੀ ਸਰਕਾਰੀ ਫੀਸ 80 ਰੁਪਏ ਤੇ ਰਾਈਫਲ ਦੇ ਲਾਇਸੰਸ ਦੀ ਸਰਕਾਰੀ ਫੀਸ 120 ਹੈ ਪਰ ਇਨ੍ਹਾਂ ਨਾਲ 700-700 ਰੁਪਏ ਦੀ ਸੁਵਿਧਾ ਫੀਸ ਵੱਖਰੀ ਹੈ। ਇਨ੍ਹਾਂ ਸਾਰੇ ਲਾਇਸੰਸਾਂ ਵਾਸਤੇ ਲੱਗਣ ਵਾਲੀ ਫਾਈਲ ਦੀ ਕੀਮਤ 1250 ਰੁਪਏ ਹੈ ਜਿਹੜੀ ਸੁਵਿਧਾ ਸੈਂਟਰ ਵੱਲੋਂ ਹੀ ਵੇਚੀ ਜਾਂਦੀ ਹੈ। ਇਹ ਸਾਰੀਆਂ ਫੀਸਾਂ ਲਾਇਸੰਸ ਵਾਸਤੇ ਅਰਜ਼ੀ ਦੇਣ ਵੇਲੇ ਹੀ ਜਮ੍ਹਾਂ ਕਰਾਉਣੀਆਂ ਪੈਂਦੀਆਂ ਹਨ। ਬਾਅਦ ਵਿਚ ਲਾਇਸੰਸ ਜਾਰੀ ਹੋਵੇ ਜਾਂ ਨਾ। ਅਸਲਾ ਲਾਇਸੰਸ ਬਣਾਉਣ ਦੀ ਸਰਕਾਰੀ ਫੀਸ ਤੇ ਸੁਵਿਧਾ ਫੀਸ ਤੋਂ ਬਿਨਾਂ ਅਸਿੱਧੇ ਤੌਰ 'ਤੇ ਤਕਰੀਬਨ ਪੰਜ ਹਜ਼ਾਰ ਰੁਪਏ ਰੈੱਡ ਕਰਾਸ ਫੀਸ ਵੀ ਵਸੂਲ ਕੀਤੀ ਜਾਂਦੀ ਹੈ।

## ਕੈਨੇਡਾ ਦੇ ਦੂਤਘਰਾਂ ਵਿਚ ਕਿਰਪਾਨ ਪਾ ਕੇ ਜਾਣ ਦੀ ਖੁੱਲ੍ਹ

**ਟੋਰਾਂਟੋ:** ਕੈਨੇਡਾ ਦੇ ਵਿਦੇਸ਼ ਮੰਤਰਾਲੇ ਨੇ ਖਾਲਸਾ ਸਾਜਣਾ ਦਿਵਸ ਵਾਲੇ ਦਿਨ ਸਿੱਖਾਂ ਨੂੰ ਵਿਦੇਸ਼ਾਂ ਵਿਚ ਸਥਿਤ ਦੇਸ਼ ਦੇ ਦੂਤਾਵਾਸਾਂ ਤੇ ਕੌਂਸਲਖਾਨਿਆਂ ਵਿਚ ਸ੍ਰੀ ਸਾਹਿਬ ਸਮੇਤ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ। ਵਰਲਡ ਸਿੱਖ ਆਰਗੇਨਾਈਜੇਸ਼ਨ (ਡਬਲਿਊ.ਐਸ.ਓ.) ਦੇ ਆਗੂਆਂ ਦੀ ਹਾਜ਼ਰੀ ਵਿਚ ਬਹੁ-ਸੱਭਿਆਚਾਰਕ ਮਾਮਲਿਆਂ ਦੇ ਰਾਜ ਮੰਤਰੀ ਟਿਮ ਉਪਲ ਨੇ ਕਿਹਾ ਕਿ ਕੈਨੇਡਾ ਦੀ ਸਰਕਾਰ ਦੇਸ਼ ਤੇ ਵਿਦੇਸ਼ਾਂ ਵਿਚ ਘੱਟ ਗਿਣਤੀਆਂ ਦੇ ਮਨੁੱਖੀ ਅਧਿਕਾਰਾਂ ਤੇ ਧਾਰਮਿਕ ਆਜ਼ਾਦੀ ਬਰਕਰਾਰ ਰੱਖਣ ਲਈ ਵਚਨਬੱਧ ਹੈ।

ਉਨ੍ਹਾਂ ਆਖਿਆ ਕਿ ਹੁਣ ਵਿਦੇਸ਼ਾਂ ਵਿਚ ਸਥਿਤ ਕੈਨੇਡਾ ਦੇ ਦੂਤਾਵਾਸਾਂ ਵਿਚ ਦਾਖਲ ਹੋਣ ਸਮੇਂ ਸਿੱਖਾਂ ਨੂੰ ਗਾਤਰਾ ਉਤਾਰਨ ਦੀ ਲੋੜ ਨਹੀਂ। ਵਿਦੇਸ਼ ਮੰਤਰਾਲੇ ਦੀ ਨਵੀਂ ਨੀਤੀ ਅਨੁਸਾਰ ਕੈਨੇਡਾ ਦੇ ਦੂਤਾਵਾਸਾਂ ਵਿਚ ਸਿੱਖਾਂ ਨੂੰ ਇਹ ਆਜ਼ਾਦੀ ਪ੍ਰਦਾਨ ਕਰਨ ਦੇ ਨਾਲ-ਨਾਲ ਉਥੇ ਅਮਲੇ ਦੀ ਸੁਰੱਖਿਆ ਯਕੀਨੀ ਰੱਖਣ ਲਈ ਇਹ ਲਾਜ਼ਮੀ ਹੋਵੇਗਾ ਕਿ ਕਿਰਪਾਨ ਮਿਆਨ ਦੇ ਅੰਦਰ ਹੋਵੇ ਤੇ ਗਾਤਰੇ ਦੀ ਸ਼ਕਲ ਵਿਚ ਕੱਪੜਿਆਂ ਦੇ ਥੱਲੇ ਪਹਿਨੀ ਹੋਵੇ। ਇਹ ਵੀ ਜ਼ਰੂਰੀ ਹੈ ਕਿ ਉਹ ਸਿੱਖ ਗਾਤਰਾ ਪਹਿਨ ਕੇ ਦੂਤਾਵਾਸ/ਕੌਂਸਲਖਾਨੇ ਵਿਚ ਜਾ ਸਕਦੇ ਹਨ ਜਿਨ੍ਹਾਂ ਨੇ ਪੂਰੇ ਪੰਜ ਕੱਕਾਰ ਸਜਾਏ ਹੋਣਗੇ। ਉਪਲ ਨੇ ਕਿਹਾ ਕਿ ਵਿਭਿੰਨਤਾ ਦੇਸ਼ ਦੀਆਂ ਸਭ ਤੋਂ ਵੱਡੀਆਂ ਤਾਕਤਾਂ ਵਿਚੋਂ ਇਕ ਹੈ ਤੇ ਧਾਰਮਿਕ ਆਜ਼ਾਦੀ ਕੈਨੇਡਾ ਦੀ ਬੁਨਿਆਦੀ ਖੂਬੀ ਹੈ।

ਉਨ੍ਹਾਂ ਆਖਿਆ ਕਿ ਸਰਕਾਰ ਵੱਲੋਂ ਕਿਰਪਾਨ ਬਾਰੇ ਅਪਨਾਈ ਗਈ ਨਵੀਂ ਨੀਤੀ ਨਾਲ ਕੈਨੇਡਾ ਦੀਆ ਕਦਰਾਂ-ਕੀਮਤਾਂ ਨੂੰ ਦੁਨੀਆ ਭਰ ਵਿਚ ਪ੍ਰਚਾਰਨ ਵਿਚ ਮਦਦ ਮਿਲੇਗੀ। ਡਬਲਿਊ.ਐਸ.ਓ. ਵੱਲੋਂ ਸਿੱਖਾਂ ਨੂੰ ਕੈਨੇਡਾ ਦੇ ਦੂਤਾਵਾਸਾਂ ਵਿਚ ਕਿਰਪਾਨ ਪਹਿਨਣ ਦੀ ਖੁੱਲ੍ਹ ਦਿੱਤੇ ਜਾਣ ਦੇ ਮੁੱਦੇ 'ਤੇ 2012 ਕੈਨੇਡਾ ਦੀ ਸਰਕਾਰ ਨਾਲ ਮਿਲ ਕੇ ਕੰਮ ਕੀਤਾ ਜਾ ਰਿਹਾ ਸੀ। ਸਿੱਖਾਂ ਨੂੰ ਕੈਨੇਡਾ ਦੀ ਸੰਸਦ ਤੇ ਸਰਵ ਉੱਚ-ਅਦਾਲਤ ਵਿਚ ਕਿਰਪਾਨ ਸਮੇਤ ਜਾਣ ਦੀ ਖੁੱਲ੍ਹ ਪਹਿਲਾਂ ਹੀ ਮਿਲੀ ਹੋਈ ਹੈ।

## ਅਮਰੀਕਾ ਵਿਚ ਨਰੇਂਦਰ ਮੋਦੀ ਦਾ ਵਿਰੋਧ ਵਧਿਆ

**ਵਾਸ਼ਿੰਗਟਨ:** ਅਮਰੀਕੀ ਪ੍ਰਸ਼ਾਸਨ ਨੂੰ ਹੋਰ ਗੱਲਾਂ ਦੇ ਨਾਲ-ਨਾਲ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਨਰਿੰਦਰ ਮੋਦੀ ਨੂੰ ਵੀਜ਼ਾ ਨਾ ਦੇਣ ਦੀ ਆਪਣੀ ਨੀਤੀ ਉਤੇ ਕਾਇਮ ਰਹਿਣ ਲਈ ਆਖਦੇ ਕਾਂਗਰਸ ਦੀ ਵਿਵਾਦਗ੍ਰਸਤ ਮਤੇ ਦੇ ਸਹਿ-ਸਪਾਂਸਰਾਂ ਦੀ ਗਿਣਤੀ ਹੁਣ 50 ਤੋਂ ਵਧ ਗਈ ਹੈ। ਹੁਣ ਕਾਂਗਰਸ ਦੇ ਵਧੇਰੇ ਮੈਂਬਰ ਮੋਦੀ ਵਿਰੁੱਧ ਹੋ ਗਏ ਹਨ। ਨਿਊ ਜਰਸੀ ਦੇ ਰਸ਼ ਹੋਲਟ ਤੇ ਕੈਲੀਫੋਰਨੀਆ ਦੇ ਬਾਰਬਰਾ ਲੀ ਕਾਂਗਰਸ ਦੇ ਦੋ ਹੋਰ ਮੈਂਬਰ ਹਨ, ਜਿਨ੍ਹਾਂ ਨੇ ਹੁਣ ਇਸ ਮਤੇ (ਐਚਆਰ-417) 'ਤੇ ਸਹੀ ਪਾਈ ਹੈ। ਇਸ ਤਰ੍ਹਾਂ ਇਸ ਮਤੇ ਦੇ ਸਮਰਥਕਾਂ ਦੀ ਗਿਣਤੀ 51 ਹੋ ਗਈ ਹੈ। ਪਿਛਲੇ ਸਾਲ ਨਵੰਬਰ ਵਿਚ ਇਹ ਦੋ ਪਾਰਟੀ ਮਤਾ ਕਾਂਗਰਸ ਦੇ ਕੀਥ ਐਲੀਸਨ (ਡੈਮੋਕਰੈਟ ਪਾਰਟੀ) ਤੇ ਕੋਇ ਪਿੱਟਸ (ਰਿਪਬਲਿਕਨ ਪਾਰਟੀ) ਵੱਲੋਂ ਪੇਸ਼ ਕੀਤਾ ਗਿਆ ਸੀ। ਉਦੋਂ ਤੋਂ ਹੀ ਇਹ ਭਾਰਤੀ-ਅਮਰੀਕੀ ਗਰੁੱਪਾਂ ਵਿਚ ਹੀ ਝਗੜੇ ਦਾ ਮੁੱਦਾ ਨਹੀਂ ਬਣਿਆ ਬਲਕਿ ਕਈ ਕਾਂਗਰਸੀ ਮੈਂਬਰ ਅਜਿਹਾ ਮਤਾ ਪੇਸ਼ ਕਰਨ ਦੇ ਮਨਸ਼ਿਆਂ 'ਤੇ ਸਵਾਲ ਉਠਾ ਰਹੇ ਹਨ।

ਕਈ ਮੈਂਬਰ ਇਸ ਮਤੇ ਤੋਂ ਪਿੱਛੇ ਵੀ ਹਟੇ ਸਨ ਪਰ ਇਸ ਹਫਤੇ ਹਾਲਟ ਤੇ ਲੀ ਨੇ ਇਸ 'ਤੇ ਸਹੀ ਪਾਈ ਹੈ ਤੇ ਹੁਣ ਕੋਈ 30 ਰਾਜਾਂ ਦੇ 51 ਮੈਂਬਰ ਮੋਦੀ ਵਿਰੋਧੀ ਮਤੇ ਦੇ ਸਮਰਥਕ ਹਨ। ਇਨ੍ਹਾਂ ਵਿਚੋਂ 26 ਰਿਪਬਲਿਕਨ ਤੇ 25 ਡੈਮਕਰੈਟ ਪਾਰਟੀ ਦੇ ਹਨ। ਇਸ ਮਤੇ ਵਿਚ ਮੰਗ ਕੀਤੀ ਹੈ ਕਿ ਦੋ ਮੁਲਕਾਂ ਵਿਚ ਰਣਨੀਤਕ ਸੰਵਾਦ ਲਈ ਧਾਰਮਿਕ ਆਜ਼ਾਦੀ ਤੇ ਮਾਨਵੀ ਅਧਿਕਾਰਾਂ ਨੂੰ ਵੀ ਆਧਾਰ ਬਣਾਇਆ ਜਾਵੇ। ਮਤੇ ਵਿਚ ਭਾਰਤ ਦੇ ਭਰਪੂਰ ਧਾਰਮਿਕ ਬਹੁਲਵਾਦ ਤੇ ਸਹਿਣਸ਼ੀਲਤਾ ਤੇ ਬਰਾਬਰੀ ਪ੍ਰਤੀ ਵਚਨਬੱਧਤਾ ਦੀ ਸ਼ਲਾਘਾ ਕਰਦਿਆਂ ਧਾਰਮਿਕ ਆਜ਼ਾਦੀ ਨੂੰ ਲੱਗ ਰਹੇ ਖੋਰੇ 'ਤੇ ਫਿਕਰ ਵੀ ਜ਼ਾਹਰ ਕੀਤਾ ਗਿਆ ਹੈ। ਦੋ ਪਾਰਟੀ ਕਾਂਗਰੇਸ਼ਨਲ ਰਿਸਰਚ ਸਰਵਿਸ ਮਤੇ ਵਿਚ ਧਾਰਮਿਕ ਹਿੰਸਾ ਦੇ ਸ਼ਿਕਾਰ ਭਾਰਤੀ ਨਾਗਰਿਕਾਂ ਦੇ ਦੁੱਖਾਂ ਨੂੰ ਚਿਤਾਰਦਿਆਂ, ਗੁਜਰਾਤ ਵਿਚ 2002 ਵਿਚ ਹੋਈ ਫਿਰਕੂ ਹਿੰਸਾ ਵਿਚ ਮੋਦੀ ਦੀ ਭੂਮਿਕਾ ਦਾ ਜ਼ਿਕਰ ਕੀਤਾ ਗਿਆ ਹੈ।

## ਮਨਮੋਹਨ ਸਿੰਘ ਨੂੰ ਫਿਰ ਪੈ ਗਿਆ ਘੇਰਾ

*(ਸਫਾ ਇਕ ਦੀ ਬਾਕੀ)*

ਸ੍ਰੀ ਪਾਰਿਖ ਨੇ ਦਾਅਵਾ ਕੀਤਾ ਹੈ ਕਿ ਜੇ ਪ੍ਰਧਾਨ ਮੰਤਰੀ ਸੁਧਾਰਾਂ ਲਈ ਆਪਣੇ ਅਧਿਕਾਰ ਦੀ ਵਰਤੋਂ ਕਰਦੇ ਤਾਂ ਘੁਟਾਲਾ ਟਾਲਿਆ ਜਾ ਸਕਦਾ ਸੀ। ਉਨ੍ਹਾਂ ਦਾਅਵਾ ਕੀਤਾ ਹੈ ਕਿ ਜੇ ਕੋਇਲਾ ਬਲਾਕਾਂ ਦੀ ਨਿਲਾਮੀ ਖੁੱਲ੍ਹੇ ਬਾਜ਼ਾਰ ਵਿਚ ਹੁੰਦੀ ਤੇ ਕੋਲੇ ਦਾ ਈ-ਮੰਡੀਕਰਨ ਹੁੰਦਾ ਜਿਵੇਂ ਪ੍ਰਸਤਾਵ ਕੀਤਾ ਸੀ ਤਾਂ ਕੋਈ ਘੁਟਾਲਾ ਨਾ ਹੁੰਦਾ। ਉਨ੍ਹਾਂ ਨੇ ਕੁਝ ਖਾਸ ਕੰਪਨੀਆਂ ਦਾ ਖਾਸ ਖਿਆਲ ਰੱਖਣ ਦੇ ਇਲਜ਼ਾਮ ਵੀ ਲਾਏ ਹਨ।

ਵਿਰੋਧ ਧਿਰਾਂ ਨੇ ਇਸ ਮਾਮਲੇ ਨੂੰ ਚੋਣ ਮੁੱਦਾ ਬਣਾ ਕੇ ਕਾਂਗਰਸ 'ਤੇ ਨਿਸ਼ਾਨੇ ਸੇਧਣੇ ਸ਼ੁਰੂ ਕਰ ਦਿੱਤੇ ਹਨ। ਭਾਜਪਾ ਦਾ ਕਹਿਣਾ ਹੈ ਕਿ ਉਹ ਤਾਂ ਸ਼ੁਰੂ ਤੋਂ ਹੀ ਦਾਅਵਾ ਕਰਦੇ ਆ ਰਹੇ ਹਨ ਕਿ ਡਾ. ਮਨਮੋਹਨ ਸਿੰਘ ਨਾਂ ਦੇ ਪ੍ਰਧਾਨ ਮੰਤਰੀ ਹਨ, ਸਰਕਾਰ ਤਾਂ ਮੈਡਮ ਚਲਾ ਰਹੀ ਹੈ। ਦੂਜੇ ਪਾਸੇ ਕਾਂਗਰਸ ਇਸ ਨੂੰ ਸਾਜ਼ਿਸ਼ ਕਰਾਰ ਦੇ ਕੇ ਕਿਤਾਬ ਨੂੰ ਝੂਠ ਦਾ ਪੁਲੰਦਾ ਕਹਿ ਰਹੀ ਹੈ। ਕਾਂਗਰਸ ਦਾ ਕਹਿਣਾ ਹੈ ਕਿ ਸ੍ਰੀ ਬਾਰੂ ਚੋਣਾਂ ਮੌਕੇ ਭਾਜਪਾ ਦੇ ਸਿਆਸੀ ਏਜੰਡੇ ਨੂੰ ਲਿਆ ਰਹੇ ਹਨ ਤਾਂ ਜੋ ਸਰਕਾਰ ਤੇ ਕਾਂਗਰਸ ਨੂੰ ਬਦਨਾਮ ਕੀਤਾ ਜਾ ਸਕੇ। ਉਨ੍ਹਾਂ ਅਹੁਦੇ 'ਤੇ ਰਹਿੰਦਿਆਂ ਕਦੇ ਵੀ ਅਜਿਹੀ ਗੱਲ ਕਿਉਂ ਨਹੀਂ ਕੀਤੀ?

## ਵੋਟਾਂ ਵੱਟੇ ਬਰੀ!

*(ਸਫਾ ਇਕ ਦੀ ਬਾਕੀ)*

ਟੱਕਰ ਹੈ। ਬਾਦਲਾਂ ਲਈ ਇਹ ਸੀਟ ਵੱਕਾਰ ਦਾ ਸਵਾਲ ਬਣੀ ਹੋਈ ਹੈ। ਅਕਾਲੀ ਦਲ ਆਪਣੀ ਜਿੱਤ ਯਕੀਨੀ ਬਣਾਉਣ ਲਈ ਡੇਰਾ ਸਿਰਸਾ ਦੀ ਵੋਟ ਹਾਸਲ ਕਰਨ ਦੀ ਤਾਕ ਵਿਚ ਹੈ। ਇਸੇ ਲਈ ਪੰਜਾਬ ਸਰਕਾਰ ਡੇਰਾ ਮੁਖੀ ਖਿਲਾਫ਼ ਦਰਜ ਕੇਸ ਰੱਦ ਕਰਾਉਣ ਲਈ ਹੰਭਲਾ ਮਾਰ ਰਹੀ ਹੈ। ਚੀਫ ਜੁਡੀਸ਼ੀਅਲ ਮੈਜਿਸਟਰੇਟ ਬਠਿੰਡਾ ਦੀ ਅਦਾਲਤ ਵਿਚ ਇਸ ਮਾਮਲੇ 'ਤੇ 15 ਅਪਰੈਲ ਨੂੰ ਬਹਿਸ ਹੋਈ ਅਤੇ ਸਰਕਾਰ ਨੇ ਆਪਣਾ ਪੱਖ ਰੱਖਿਆ। ਹੁਣ ਅਦਾਲਤ ਵੱਲੋਂ 3 ਮਈ ਨੂੰ ਫੈਸਲਾ ਸੁਣਾਇਆ ਜਾਣਾ ਹੈ।

ਜ਼ਿਕਰਯੋਗ ਹੈ ਕਿ ਸਿੱਖ ਭਾਈਚਾਰੇ ਦੇ ਧਾਰਮਿਕ ਜਜ਼ਬੇ ਨੂੰ ਭਾਰੀ ਠੇਸ ਪਹੁੰਚਾਉਣ ਦੇ ਦੋਸ਼ ਹੇਠ ਬਠਿੰਡਾ ਕੋਤਵਾਲੀ ਪੁਲਿਸ ਵੱਲੋਂ ਸਥਾਨਕ ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਰਜਿੰਦਰ ਸਿੰਘ ਸਿੱਧੂ ਦੀ ਸ਼ਿਕਾਇਤ 'ਤੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਵਿਰੁਧ 20 ਮਈ 2007 ਨੂੰ ਧਾਰਾ 295-ਏ, 298 ਤੇ 153 ਏ ਤਹਿਤ ਕੇਸ ਦਰਜ ਕੀਤਾ ਸੀ। ਅਦਾਲਤ ਵਿਚ ਡੇਰਾ ਮੁਖੀ ਦੇ ਵਕੀਲ ਐਸ.ਕੇ. ਗਰਗ ਨੇ ਕਿਹਾ ਕਿ ਧਾਰਾ 295-ਏ ਤਹਿਤ ਅਦਾਲਤ ਵਿਚ ਚੱਲਣ ਵਾਲੇ ਕੇਸ ਦਾ ਚਲਾਨ ਪੁਲਿਸ ਵੱਲੋਂ ਤਿੰਨ ਸਾਲ ਦੇ ਅੰਦਰ ਅਦਾਲਤ ਅੱਗੇ ਪੇਸ਼ ਕਰਨਾ ਹੁੰਦਾ ਹੈ, ਪਰ ਉਸ ਵੱਲੋਂ ਅਜਿਹਾ ਨਹੀਂ ਕੀਤਾ ਗਿਆ ਜਿਸ ਕਰ ਕੇ ਇਹ ਕੇਸ ਤਕਨੀਕੀ ਤੌਰ 'ਤੇ ਚੱਲ ਨਹੀਂ ਸਕਦਾ।

ਉਨ੍ਹਾਂ ਇਹ ਵੀ ਕਿਹਾ ਕਿ ਪੁਲਿਸ ਇਸ ਕੇਸ ਨੂੰ ਰੱਦ ਕਰਨ ਸਬੰਧੀ ਪਹਿਲਾਂ ਹੀ ਅਦਾਲਤ ਵਿਚ ਆਪਣੀ ਰਿਪੋਰਟ ਪੇਸ਼ ਕਰ ਚੁੱਕੀ ਹੈ। ਇਸ ਕਰ ਕੇ ਇਸ ਕੇਸ ਨੂੰ ਰੱਦ ਕੀਤਾ ਜਾਵੇ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਵੀ ਇਹ ਕਿਹਾ ਗਿਆ ਕਿ ਪੁਲਿਸ ਕੇਸ ਦੀ ਤਫ਼ਤੀਸ਼ ਕਰ ਕੇ ਇਸ ਨੂੰ ਰੱਦ ਕਰਨ ਦੀ ਸਿਫ਼ਾਰਸ਼ ਕਰ ਚੁੱਕੀ ਹੈ। ਹੁਣ ਅਗਾਂਹ ਅਦਾਲਤ ਨੇ ਬਣਦੀ ਕਾਰਵਾਈ ਕਰਨੀ ਹੈ। ਪੰਜਾਬ ਸਰਕਾਰ ਨੂੰ ਇਸ 'ਤੇ ਕੋਈ ਇਤਰਾਜ਼ ਨਹੀਂ। ਸ਼ਿਕਾਇਤਕਰਤਾ ਸ. ਸਿੱਧੂ ਦੇ ਵਕੀਲ ਨੇ ਬਹਿਸ ਦੌਰਾਨ ਕਿਹਾ ਕਿ ਧਾਰਾ 153 ਅਧੀਨ ਅਦਾਲਤ ਵਿਚ ਚਲਾਨ ਪੇਸ਼ ਕਰਨ ਦੀ ਮਿਆਦ 5 ਸਾਲ ਤੱਕ ਹੈ। ਇਸ ਲਈ ਇਸ ਆਧਾਰ 'ਤੇ ਇਹ ਕੇਸ ਰੱਦ ਨਹੀਂ ਕੀਤਾ ਜਾ ਸਕਦਾ ਕਿ ਪੁਲਿਸ ਨੇ ਦੋਸ਼ੀ ਦਾ ਚਲਾਨ ਤਿੰਨ ਸਾਲ ਦੀ ਮਿਆਦ ਦੇ ਅੰਦਰ ਅਦਾਲਤ ਵਿਚ ਪੇਸ਼ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਪੁਲਿਸ ਨੇ ਜਾਣ-ਬੁੱਝ ਕੇ ਇਸ ਕੇਸ ਦਾ ਚਲਾਨ, ਦੋਸ਼ੀ ਨੂੰ ਲਾਭ ਪਹੁੰਚਾਉਣ ਲਈ ਨਹੀਂ ਕੀਤਾ। ਅਦਾਲਤ ਨੇ ਦੋਵਾਂ ਧਿਰਾਂ ਦੀ ਬਹਿਸ ਸੁਣਨ ਤੋਂ ਬਾਅਦ ਇਸ ਕੇਸ ਬਾਰੇ ਫੈਸਲਾ 3 ਮਈ 2014 ਤੱਕ ਰਾਖਵਾਂ ਰੱਖ ਲਿਆ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਪੰਜਾਬ ਵਿਚ 253 ਉਮੀਦਵਾਰ ਮੈਦਾਨ ਵਿਚ

**ਚੰਡੀਗੜ੍ਹ:** ਪੰਜਾਬ ਦੇ 13 ਲੋਕ ਸਭਾ ਹਲਕਿਆਂ ਲਈ ਮੈਦਾਨ ਵਿਚ 253 ਉਮੀਦਵਾਰ ਬਾਕੀ ਰਹਿ ਗਏ ਹਨ। ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਮੁਤਾਬਕ ਕਾਗਜ਼ਾਂ ਦੀ ਪ੍ਰਕਿਰਿਆ ਖ਼ਤਮ ਹੋਣ ਤੋਂ ਬਾਅਦ ਹੁਣ ਬਠਿੰਡਾ ਤੋਂ 29, ਫਰੀਦਕੋਟ ਤੋਂ 19, ਲੁਧਿਆਣਾ 22, ਹੁਸ਼ਿਆਰਪੁਰ 17, ਜਲੰਧਰ 24, ਅੰਮ੍ਰਿਤਸਰ 23, ਆਨੰਦਪੁਰ ਸਾਹਿਬ 18, ਖਡੂਰ ਸਾਹਿਬ 17, ਸੰਗਰੂਰ 21 ਤੇ ਪਟਿਆਲਾ ਤੋਂ 20 ਉਮੀਦਵਾਰ ਮੈਦਾਨ ਵਿਚ ਰਹਿ ਗਏ ਹਨ। ਇਸ ਸਮੇਂ ਈ.ਵੀ.ਐਮ. ਵਿਚ 15 ਉਮੀਦਵਾਰਾਂ ਦੇ ਨਾਮ ਹੀ ਦਿੱਤੇ ਜਾਂਦੇ ਹਨ। ਈ.ਵੀ.ਐਮ. 'ਤੇ 16ਵਾਂ ਬਟਨ ਉਮੀਦਵਾਰਾਂ ਨੂੰ ਰੱਦ ਕਰਨ (ਨੋਟਾ) ਵਾਲਾ ਹੁੰਦਾ ਹੈ। ਇਸ ਤਰ੍ਹਾਂ ਜਿਸ ਹਲਕੇ ਵਿਚ ਉਮੀਦਵਾਰਾਂ ਦੀ ਗਿਣਤੀ 15 ਤੋਂ ਵੱਧ ਗਈ ਹੈ, ਉਨ੍ਹਾਂ ਹਲਕਿਆਂ ਵਿਚਲੇ ਪੋਲਿੰਗ ਬੂਥਾਂ 'ਤੇ ਦੋਹਰੀਆਂ ਈ.ਵੀ.ਐਮ. ਲਾਉਣੀਆਂ ਪੈਣਗੀਆਂ। ਪੰਜਾਬ ਵਿਚ ਇਸ ਸਮੇਂ 35 ਹਜ਼ਾਰ ਈ.ਵੀ.ਐਮ. ਹਨ। ਪੋਲਿੰਗ ਬੂਥਾਂ 'ਤੇ ਜੇਕਰ ਇਕ ਮਸ਼ੀਨ ਲੱਗਦੀ ਤਾਂ ਇਨ੍ਹਾਂ ਨਾਲ ਹੀ ਵੋਟਾਂ ਪਵਾਈਆਂ ਜਾ ਸਕਦੀਆਂ ਸਨ। ਉਮੀਦਵਾਰ ਜ਼ਿਆਦਾ ਹੋਣ ਕਾਰਨ 35000 ਮਸ਼ੀਨਾਂ ਦੁਹਰੀਆਂ ਈ.ਵੀ.ਐਮ. ਵਾਲੇ ਹਲਕਿਆਂ ਵਿਚ ਹੀ ਲੱਗ ਸਕਣਗੀਆਂ। ਜਿਨ੍ਹਾਂ ਹਲਕਿਆਂ ਦੇ ਪੋਲਿੰਗ ਬੂਥਾਂ 'ਤੇ ਇਕ ਮਸ਼ੀਨ ਲੱਗਣੀ ਹੈ, ਉਨ੍ਹਾਂ ਹਲਕਿਆਂ ਲਈ 6 ਹਜ਼ਾਰ ਮਸ਼ੀਨਾਂ ਨਵੀਆਂ ਮੰਗਵਾਈਆਂ ਜਾਣਗੀਆਂ। ਚੋਣ ਅਧਿਕਾਰੀਆਂ ਦਾ ਇਹ ਵੀ ਮੰਨਣਾ ਹੈ ਕਿ ਰਾਜਸੀ ਪਾਰਟੀਆਂ ਤੇ ਪ੍ਰਮੁੱਖ ਪਾਰਟੀਆਂ ਦੇ ਉਮੀਦਵਾਰਾਂ ਨੇ ਕਈ ਹਲਕਿਆਂ ਵਿਚ 'ਫਰਜ਼ੀ' ਉਮੀਦਵਾਰ ਖੜ੍ਹੇ ਕੀਤੇ ਹਨ ਤਾਂ ਜੋ ਉਨ੍ਹਾਂ ਉਮੀਦਵਾਰਾਂ ਵੱਲੋਂ ਖਰਚ ਕੀਤੇ ਜਾਣ ਵਾਲੇ 70 ਲੱਖ ਰੁਪਏ ਨੂੰ ਆਪਣੇ ਖਰਚ ਵਿਚ ਦਿਖਾਇਆ ਜਾ ਸਕੇ। 'ਫਰਜ਼ੀ' ਜਾਂ ਡੰਮੀ ਉਮੀਦਵਾਰਾਂ ਦੇ ਥਾਂ ਵੋਟਾਂ ਵਾਲੇ ਦਿਨ ਤੇ ਗਿਣਤੀ ਵਾਲੇ ਦਿਨ ਜ਼ਿਆਦਾ ਗਿਣਤੀ ਵਿਚ ਏਜੰਟ ਭੇਜੇ ਜਾ ਸਕਣ। ਦੇਖਿਆ ਜਾਵੇ ਤਾਂ ਜਿਹੜੇ ਹਲਕੇ ਜ਼ਿਆਦਾ ਸੰਵੇਦਨਸ਼ੀਲ ਮੰਨੇ ਜਾਂਦੇ ਹਨ ਖਾਸ ਕਰਕੇ ਬਠਿੰਡਾ, ਅੰਮ੍ਰਿਤਸਰ, ਲੁਧਿਆਣਾ, ਜਲੰਧਰ, ਸੰਗਰੂਰ ਤੇ ਪਟਿਆਲਾ ਤੋਂ ਹੀ ਜ਼ਿਆਦਾ ਉਮੀਦਵਾਰ ਮੈਦਾਨ ਵਿਚ ਹਨ।

ਫਰੀਦਕੋਟ ਲੋਕ ਸਭਾ ਹਲਕੇ ਤੋਂ ਅਕਾਲੀ-ਭਾਜਪਾ ਦੀ ਉਮੀਦਵਾਰ ਬੀਬੀ ਪਰਮਜੀਤ ਕੌਰ ਗੁਲਸ਼ਨ ਦੇ ਵਿਰੋਧ ਵਿਚ ਨਾਮਜ਼ਦਗੀ ਪੱਤਰ ਦਾਖਲ ਕਰਨ ਵਾਲੇ ਸਾਬਕਾ ਸੰਸਦੀ ਸਕੱਤਰ ਸ਼ੀਤਲ ਸਿੰਘ ਨੇ ਆਪਣੀ ਨਾਮਜ਼ਦਗੀ ਵਾਪਸ ਲੈ ਲਈ ਹੈ। ਇਸੇ ਤਰ੍ਹਾਂ ਕਾਂਗਰਸੀ ਉਮੀਦਵਾਰ ਜੋਗਿੰਦਰ ਸਿੰਘ ਦੇ ਵਿਰੋਧ ਵਿਚ ਨਾਮਜ਼ਦਗੀ ਪੱਤਰ ਦਾਖਲ ਕਰਨ ਵਾਲੇ ਯੂਥ ਕਾਂਗਰਸ ਦੇ ਸੂਬਾ ਜਨਰਲ ਸਕੱਤਰ ਸੁਖਵਿੰਦਰ ਸਿੰਘ ਡੈਨੀ ਨੇ ਵੀ ਆਪਣੇ ਨਾਮਜ਼ਦਗੀ ਪੱਤਰ ਵਾਪਸ ਲੈ ਲਏ।

## 30 ਸਾਲ ਤੋਂ ਘੱਟ ਉਮਰ ਦੇ 14 ਉਮੀਦਵਾਰ

**ਚੰਡੀਗੜ੍ਹ:** ਪੰਜਾਬ ਦੇ ਕੁੱਲ ਵੋਟਰਾਂ ਵਿਚੋਂ ਇਕ ਚੌਥਾਈ ਵੋਟਰ 30 ਸਾਲ ਤੋਂ ਘੱਟ ਉਮਰ ਦੇ ਨੌਜਵਾਨ ਹਨ ਪਰ ਸੂਬੇ ਵਿਚ ਲੋਕ ਸਭਾ ਚੋਣਾਂ ਲਈ ਮੈਦਾਨ ਵਿਚ ਨਿੱਤਰੇ 253 ਉਮੀਦਵਾਰਾਂ ਵਿਚੋਂ ਸਿਰਫ 14 ਉਮੀਦਵਾਰ ਹੀ 30 ਸਾਲ ਤੋਂ ਘੱਟ ਉਮਰ ਦੇ ਹਨ। ਚੋਣ ਕਮਿਸ਼ਨ ਦੀ ਸੂਚਨਾ ਮੁਤਾਬਕ ਸਭ ਤੋਂ ਘੱਟ ਉਮਰ ਦੇ ਮਨਦੀਪ ਸਿੰਘ ਤੇ ਆਸ਼ੀਸ਼ ਚੋਣ ਪਿੜ ਵਿਚ ਹਨ ਤੇ ਦੋਵੇਂ ਹੀ 25-25 ਸਾਲ ਦੇ ਹਨ। ਮਨਦੀਪ ਸਿੰਘ ਆਨੰਦਪੁਰ ਸਾਹਿਬ ਤੇ ਆਸ਼ੀਸ਼ ਬਠਿੰਡਾ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ। ਆਮ ਆਦਮੀ ਪਾਰਟੀ ਦੀ ਜਲੰਧਰ ਹਲਕੇ ਤੋਂ ਉਮੀਦਵਾਰ ਜੋਤੀ ਮਾਨ ਸਿਰਫ 27 ਸਾਲ ਦੀ ਹੈ ਤੇ ਉਹ ਅਕਾਲੀ ਦਲ ਦੇ ਪਵਨ ਕੁਮਾਰ ਟੀਨੂੰ ਤੇ ਕਾਂਗਰਸ ਦੇ ਸੰਤੋਖ ਸਿੰਘ ਚੌਧਰੀ ਨੂੰ ਚੁਣੌਤੀ ਦੇ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸਭ ਤੋਂ ਛੋਟੀ ਉਮਰ ਦਾ ਉਮੀਦਵਾਰ ਮਨਪ੍ਰੀਤ ਸਿੰਘ ਇਯਾਲੀ (39) ਹੈ ਜੋ ਕਾਂਗਰਸ ਦੇ ਛੋਟੀ ਉਮਰ ਦੇ ਉਮੀਦਵਾਰ ਰਵਨੀਤ ਸਿੰਘ ਬਿੱਟੂ (38) ਨਾਲ ਆਢਾ ਲੈ ਰਹੇ ਹਨ। ਦੋਵੇਂ ਉਮੀਦਵਾਰ ਲੁਧਿਆਣਾ ਹਲਕੇ ਤੋਂ ਇਕ ਦੂਜੇ ਨੂੰ ਟੱਕਰ ਦੇ ਰਹੇ ਹਨ। ਪੰਜਾਬ ਵਿਚ ਵੋਟਰਾਂ ਦੀ ਕੁੱਲ ਗਿਣਤੀ ਇਕ ਕਰੋੜ 95 ਲੱਖ ਹੈ ਜਿਸ ਵਿਚੋਂ 18 ਤੋਂ 19 ਸਾਲ ਦੇ ਵੋਟਰਾਂ ਦੀ ਗਿਣਤੀ 5 ਲੱਖ 76 ਹਜ਼ਾਰ ਤੇ 20 ਤੋਂ 29 ਸਾਲ ਦੇ ਵੋਟਰਾਂ ਦੀ ਗਿਣਤੀ 48 ਲੱਖ ਦੋ ਹਜ਼ਾਰ ਹੈ। ਖਡੂਰ ਸਾਹਿਬ ਹਲਕੇ ਵਿਚ 30 ਸਾਲ ਤੋਂ ਘੱਟ ਉਮਰ ਦੇ ਵੋਟਰਾਂ ਦੀ ਸਭ ਤੋਂ ਵੱਧ ਗਿਣਤੀ ਚਾਰ ਲੱਖ 59 ਹਜ਼ਾਰ ਹੈ।

## ਪੰਜਾਬਣ ਦੇ ਕਾਤਲ ਪਤੀ ਨੂੰ ਉਮਰ ਕੈਦ

**ਲੰਡਨ:** ਵਾਲਸਾਲ ਵਿਚ ਪੰਜਾਬੀ ਮੂਲ ਦੀ 24 ਸਾਲਾ ਨਵ ਵਿਆਹੁਤਾ ਦੇ ਕਤਲ ਕੇਸ ਵਿਚ ਉਸ ਦੇ ਸਮਲਿੰਗੀ ਪਤੀ ਜਸਵੀਰ ਰਾਮ ਗਿੰਦੇ ਨੂੰ ਦੋਸ਼ੀ ਕਰਾਰ ਦਿੰਦਿਆਂ ਵੁਲਵਰਹੈਂਪਟਨ ਦੀ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ। ਬੈਂਕ ਮੁਲਾਜ਼ਮ ਗਿੰਦੇ ਨੇ ਆਪਣੀ ਪਤਨੀ ਵਰਖਾ ਰਾਣੀ ਨੂੰ ਉਸ ਵੇਲੇ ਕਤਲ ਕਰ ਦਿੱਤਾ ਸੀ ਜਦੋਂ ਉਹ ਆਪਣੇ ਪਤੀ ਦੇ ਸਮਲਿੰਗੀ ਹੋਣ ਦੇ ਭੇਤ ਨੂੰ ਜਾਣ ਗਈ ਤੇ ਇਸ ਦਾ ਭਾਂਡਾ ਉਸ ਨੇ ਸ਼ਰੇਆਮ ਭੰਨਣ ਬਾਰੇ ਕਹਿ ਦਿੱਤਾ।

ਜਸਵੀਰ ਰਾਮ ਗਿੰਦੇ ਨੇ ਵਰਖਾ ਰਾਣੀ ਦਾ ਕਤਲ ਕਰਕੇ ਉਸ ਦੀ ਲਾਸ਼ ਨੂੰ ਆਪਣੇ ਘਰ ਦੇ ਪਿਛਵਾੜੇ ਭੱਠੀ ਵਿਚ ਸਾੜ ਦਿੱਤੀ ਤੇ ਪੁਲਿਸ ਕੋਲ ਗੁੰਮਸ਼ੁਦਗੀ ਦੀ ਰਿਪੋਰਟ ਲਿਖਵਾ ਦਿੱਤੀ। ਵੁਲਵਰਹੈਂਪਟਨ ਦੀ ਅਦਾਲਤ ਨੇ ਹੁਣ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਗਿੰਦੇ ਨੂੰ ਘੱਟੋ ਘੱਟ 21 ਸਾਲ ਜੇਲ੍ਹ ਵਿੱਚ ਰਹਿਣਾ ਪਵੇਗਾ। ਫੈਸਲੇ ਮੌਕੇ ਵਰਖਾ ਰਾਣੀ ਦਾ ਪਰਿਵਾਰ ਭਾਰਤ ਤੋਂ ਬਰਤਾਨੀਆ ਪਹੁੰਚਿਆ ਹੋਇਆ ਸੀ। ਵਰਖਾ ਰਾਣੀ ਤੇ ਜਸਵੀਰ ਰਾਮ ਗਿੰਦੇ ਦਾ ਵਿਆਹ ਮਾਰਚ 2013 ਵਿਚ ਹੋਇਆ ਸੀ ਜਦਕਿ ਉਸ ਦਾ ਕਤਲ ਸਤੰਬਰ 2013 ਨੂੰ ਕਰ ਦਿੱਤਾ ਗਿਆ।

## ਅਕਾਲੀ ਦਲ ਨੇ ਸਿੱਖ ਕਤਲੇਆਮ 'ਤੇ ਸਿਰਫ ਸਿਆਸਤ ਕੀਤੀ: ਕੇਜਰੀਵਾਲ



**ਸੰਗਰੂਰ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ 1984 ਵਿਚ ਹੋਏ ਸਿੱਖ ਕਤਲੇਆਮ 'ਤੇ ਸ਼੍ਰੋਮਣੀ ਅਕਾਲੀ ਦਲ ਪਿਛਲੇ ਤੀਹ ਸਾਲਾਂ ਤੋਂ ਰਾਜਨੀਤੀ ਕਰ ਰਿਹਾ ਹੈ ਤੇ ਚੋਣਾਂ ਸਮੇਂ ਹੀ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਨੂੰ 1984 ਦੇ ਸਿੱਖ ਕਤਲੇਆਮ ਦੀ ਯਾਦ ਆਉਂਦੀ ਹੈ ਜਦੋਂਕਿ ਕੇਂਦਰ ਵਿਚ ਐਨ.ਡੀ.ਏ. ਦੀ ਸਰਕਾਰ ਸਮੇਂ ਵੀ ਭਾਜਪਾ ਤੇ ਅਕਾਲੀ ਦਲ ਵਾਲੇ ਸਿੱਖ ਪੀੜਤਾਂ ਨੂੰ ਇਨਸਾਫ ਨਹੀਂ ਦਿਵਾ ਸਕੇ। ਸ੍ਰੀ ਕੇਜਰੀਵਾਲ ਪਾਰਟੀ ਉਮੀਦਵਾਰ ਭਗਵੰਤ ਮਾਨ ਦੇ ਹੱਕ ਵਿਚ ਹੋਈ ਚੋਣ ਰੈਲੀ ਨੂੰ ਸੰਬੋਧਨ ਕਰਨ ਆਏ ਸਨ।

ਉਨ੍ਹਾਂ ਅਕਾਲੀ ਦਲ ਤੇ ਭਾਜਪਾ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਇਹ ਸਿਰਫ ਰਾਜਨੀਤੀ ਹੀ ਕਰਦੇ ਹਨ ਕਿਉਂਕਿ ਇਨ੍ਹਾਂ ਦੀ ਨੀਅਤ ਖਰਾਬ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨ ਨੂੰ ਨਸ਼ਿਆਂ ਵਿਚ ਧਕੇਲਿਆ ਜਾ ਰਿਹਾ ਹੈ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ 'ਤੇ ਗੁਜਰਾਤ ਤੇ ਦਿੱਲੀ ਵਿਚ ਹਮਲਾ ਹੋਇਆ, ਭਿਵਾਨੀ ਵਿਚ ਉਨ੍ਹਾਂ ਦੀ ਪਿਟਾਈ ਕੀਤੀ ਗਈ ਪਰ ਉਹ ਸਪਸ਼ਟ ਕਰਦੇ ਹਨ ਕਿ ਹਮਲੇ ਤੇ ਪਿਟਾਈ ਕਰਨ ਨਾਲ ਉਨ੍ਹਾਂ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕੇਗਾ ਤੇ ਮਰਦੇ ਦਮ ਤੱਕ ਕੇਜਰੀਵਾਲ ਬੇਈਮਾਨਾਂ ਤੇ ਭ੍ਰਿਸ਼ਟਾਚਾਰੀਆਂ ਖਿਲਾਫ਼ ਲੜਦਾ ਰਹੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਸੱਚਾਈ ਤੇ ਇਮਾਨਦਾਰੀ ਹੈ ਜਿਸ ਕਰਕੇ ਭਾਜਪਾ ਤੇ ਕਾਂਗਰਸ ਵਾਲੇ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੇ।

ਭਗਵੰਤ ਮਾਨ ਦੇ ਹੱਕ ਵਿਚ ਬੋਲਦਿਆਂ ਉਨ੍ਹਾਂ ਕਿਹਾ ਕਿ ਭਗਵੰਤ ਆਪਣੀਆਂ ਕੈਸਿਟਾਂ ਤੇ ਸੀਡੀ ਨਾਲ ਕ੍ਰਾਂਤਿਕਾਰੀ ਫੈਲਾ ਰਿਹਾ ਹੈ ਪਰ ਇਸ ਕ੍ਰਾਂਤਿਕਾਰੀ ਨੂੰ ਸੰਸਦ ਵਿਚ ਲਿਜਾਣ ਦਾ ਸਮਾਂ ਆ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸੰਗਰੂਰ ਵਿਚ ਅਕਾਲੀ ਤੇ ਕਾਂਗਰਸੀ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋਣਗੀਆਂ ਤੇ ਭਗਵੰਤ ਮਾਨ ਵੱਡੀ ਲੀਡ ਤੇ ਜਿੱਤ ਪ੍ਰਾਪਤ ਕਰੇਗਾ। ਕੇਜਰੀਵਾਲ ਨੇ ਆਪਣਾ ਭਾਸ਼ਣ ਵੰਦੇ ਮਾਤਰਮ ਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਤੋਂ ਸ਼ੁਰੂ ਕੀਤਾ ਤੇ ਸਮਾਪਤੀ ਬੋਲੇ ਸੋ ਨਿਹਾਲ ਤੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਬੁਲਾ ਕੇ ਕੀਤੀ। ਉਨ੍ਹਾਂ ਵਾਰ-ਵਾਰ ਸੱਦਾ ਦਿੱਤਾ ਕਿ ਲੋਕਾਂ ਨਾਲ ਅਨਿਆਂ ਕਰ ਰਹੀਆਂ ਪਾਰਟੀਆਂ ਨੂੰ ਹੁਣ ਹਰ ਹਰਾਉਣਾ ਚਾਹੀਦਾ ਹੈ ਅਤੇ ਲੋਕ ਇਹ ਕੰਮ ਆਸਾਨੀ ਨਾਲ ਕਰ ਸਕਦੇ ਹਨ; ਬੱਸ ਇਕ ਤਕੜਾ ਹੰਭਲਾ ਮਾਰਨ ਦੀ ਲੋੜ ਹੈ।

## ਰਲਦੇ ਮਿਲਦੇ ਚੋਣ ਨਿਸ਼ਾਨਾਂ 'ਤੇ ਭਖੀ ਸਿਆਸਤ

**ਚੰਡੀਗੜ੍ਹ:** ਬਠਿੰਡਾ ਲੋਕ ਸਭਾ ਹਲਕੇ ਵਿਚ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਪਿੰਡ ਬਾਦਲ ਦੇ ਮਨਪ੍ਰੀਤ ਸਿੰਘ ਨੂੰ ਚੋਣ ਨਿਸ਼ਾਨ 'ਪਤੰਗ' ਅਲਾਟ ਕਰਨ ਦੇ ਮਾਮਲੇ ਤੋਂ ਬਾਅਦ ਹੁਣ ਸੰਗਰੂਰ ਲੋਕ ਸਭਾ ਹਲਕੇ ਵਿਚ ਵੀ ਆਜ਼ਾਦ ਉਮੀਦਵਾਰ ਭਗਵੰਤ ਸਿੰਘ ਨੂੰ ਚੋਣ ਨਿਸ਼ਾਨ 'ਪਤੰਗ' ਅਲਾਟ ਹੋਣ ਕਾਰਨ ਸਿਆਸੀ ਹਲਕਿਆਂ ਵਿਚ ਨਵੀਂ ਚਰਚਾ ਛਿੜ ਗਈ ਹੈ।

ਬਠਿੰਡਾ ਲੋਕ ਸਭਾ ਹਲਕੇ ਵਿਚ ਪੀ.ਪੀ.ਪੀ. ਦੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਜੋ ਕਾਂਗਰਸ ਦੇ ਚੋਣ ਨਿਸ਼ਾਨ 'ਪੰਜੇ' ਉਤੇ ਚੋਣ ਲੜ ਰਹੇ ਹਨ, ਨੇ ਜਿਥੇ ਪਤੰਗ ਚੋਣ ਨਿਸ਼ਾਨ ਅਜ਼ਾਦ ਉਮੀਦਵਾਰ ਮਨਪ੍ਰੀਤ ਸਿੰਘ ਨੂੰ ਅਲਾਟ ਕਰਨ ਦਾ ਗੰਭੀਰ ਨੋਟਿਸ ਲਿਆ ਹੈ, ਉਥੇ ਸੰਗਰੂਰ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਭਗਵੰਤ ਮਾਨ ਚੋਣ ਨਿਸ਼ਾਨ 'ਝਾੜੂ' ਉਤੇ ਚੋਣ ਲੜ ਰਹੇ ਹਨ। ਉਹ ਵੀ ਪਹਿਲਾਂ ਪੀ.ਪੀ.ਪੀ. ਦੇ ਆਗੂ ਸਨ ਤੇ ਪੀ.ਪੀ.ਪੀ. ਦਾ ਚੋਣ ਨਿਸ਼ਾਨ ਪਤੰਗ ਸੀ।

ਭਗਵੰਤ ਮਾਨ ਨੇ ਹਲਕਾ ਲਹਿਰਾਗਾਗਾ ਤੋਂ ਬਤੌਰ ਪੀ.ਪੀ.ਪੀ. ਉਮੀਦਵਾਰ ਵਜੋਂ ਪਤੰਗ ਚੋਣ ਨਿਸ਼ਾਨ 'ਤੇ ਵਿਧਾਨ ਸਭਾ ਚੋਣ ਲੜੀ ਸੀ। ਵਿਧਾਨ ਸਭਾ ਹਲਕਾ ਲਹਿਰਾਗਾਗਾ, ਸੰਗਰੂਰ ਲੋਕ ਸਭਾ ਹਲਕੇ ਦਾ ਹੀ ਹਿੱਸਾ ਹੈ। ਪਹਿਲਾਂ ਭਗਵੰਤ ਮਾਨ ਦੇ ਨਾਮ ਨਾਲ ਮਿਲਦੇ-ਜੁਲਦੇ ਨਾਮ ਵਾਲੇ ਆਜ਼ਾਦ ਉਮੀਦਵਾਰ ਭਗਵੰਤ ਸਿੰਘ ਦਾ ਚੋਣ ਪਿੜ ਵਿਚ ਆਉਣਾ ਤੇ ਫਿਰ ਚੋਣ ਨਿਸ਼ਾਨ ਵੀ ਵਿਸ਼ੇਸ਼ ਤੌਰ 'ਤੇ ਪਤੰਗ ਹੀ ਲੈਣਾ ਸਿਆਸੀ ਹਲਕਿਆਂ ਵਿਚ ਕਈ ਸਵਾਲ ਖੜ੍ਹੇ ਕਰ ਰਿਹਾ ਹੈ। ਭਗਵੰਤ ਮਾਨ ਦਾ ਕਹਿਣਾ ਹੈ ਕਿ ਇਹ ਉਸ ਦੇ ਵਿਰੋਧੀ ਉਮੀਦਵਾਰਾਂ ਦੀ ਸਿਆਸੀ ਚਾਲ ਹੈ ਜੋ ਭੋਲੇ ਭਾਲੇ ਲੋਕਾਂ ਨੂੰ ਗੁੰਮਰਾਹ ਕਰਨਾ ਚਾਹੁੰਦੇ ਹਨ। ਉਸ ਨੇ ਕਿਹਾ ਕਿ ਵਿਰੋਧੀਆਂ ਨੂੰ ਆਪਣੀ ਹਾਰ ਨਜ਼ਰ ਆ ਰਹੀ ਹੈ। ਇਹੋ ਵਜ੍ਹਾ ਹੈ ਕਿ ਅਜਿਹੇ ਹਥਕੰਡੇ ਵਰਤ ਰਹੇ ਹਨ। ਅਜਿਹਾ ਕਰਕੇ ਕੁਝ ਵੋਟਾਂ ਤਾਂ ਖਰਾਬ ਕਰ ਸਕਦੇ ਹਨ ਪਰ ਇਨ੍ਹਾਂ ਦੇ ਮਨਸੂਬੇ ਕਦੇ ਵੀ ਸਫ਼ਲ ਨਹੀਂ ਹੋਣਗੇ। ਉਧਰ, ਆਜ਼ਾਦ ਉਮੀਦਵਾਰ ਭਗਵੰਤ ਸਿੰਘ ਦਾ ਕਹਿਣਾ ਹੈ ਕਿ ਉਹ ਮੌਜੂਦਾ ਆਗੂਆਂ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਤੰਗ ਆ ਕੇ ਲੋਕ ਸਭਾ ਚੋਣ ਲੜ ਰਹੇ ਹਨ ਤੇ ਪਤੰਗ ਚੋਣ ਨਿਸ਼ਾਨ ਵਧੀਆ ਨਿਸ਼ਾਨ ਹੈ ਜਿਸ ਕਰਕੇ ਉਨ੍ਹਾਂ ਨੇ ਇਹ ਲਿਆ ਹੈ। ਸੰਗਰੂਰ ਲੋਕ ਸਭਾ ਹਲਕੇ ਤੋਂ ਤਿੰਨ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਦੇ ਨਾਮ ਨਾਲ ਮਿਲਦੇ-ਜੁਲਦੇ ਨਾਵਾਂ ਵਾਲੇ ਆਜ਼ਾਦ ਉਮੀਦਵਾਰਾਂ ਸੁਖਦੇਵ ਸਿੰਘ, ਵਿਜੇਂਦਰ ਤੇ ਭਗਵੰਤ ਸਿੰਘ ਬਾਰੇ ਸਿਆਸੀ ਹਲਕਿਆਂ ਵਿਚ ਪਹਿਲਾਂ ਹੀ ਚਰਚਾ ਦਾ ਬਾਜ਼ਾਰ ਗਰਮ ਹੈ ਕਿ ਅੰਦਰਖਾਤੇ ਇਨ੍ਹਾਂ ਨੂੰ ਚੋਣ ਪਿੜ ਵਿਚ ਨਿੱਤਰੇ ਵੱਡੇ ਮਹਾਂਰਥੀਆਂ ਦਾ ਥਾਪੜਾ ਹੋ ਸਕਦਾ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਆਜ਼ਾਦ ਉਮੀਦਵਾਰ ਭਗਵੰਤ ਸਿੰਘ ਦੇ ਹੱਥ ਆਈ ਚੋਣ ਨਿਸ਼ਾਨ ਪਤੰਗ ਦੀ ਡੋਰ ਚੋਣਾਂ ਦੇ



ਅਸਮਾਨ ਵਿਚ ਕਿੰਨੀ ਕੁ ਉਡਾਰੀ ਭਰਦੀ ਹੈ। ਇਸ ਤੋਂ ਇਲਾਵਾ ਆਜ਼ਾਦ ਉਮੀਦਵਾਰ ਸੁਖਦੇਵ ਸਿੰਘ ਨੂੰ ਚੋਣ ਨਿਸ਼ਾਨ 'ਸਟੂਲ' ਅਲਾਟ ਹੋਇਆ ਹੈ ਜਦੋਂਕਿ ਆਜ਼ਾਦ ਉਮੀਦਵਾਰ ਵਿਜੇਂਦਰ ਨੂੰ ਚੋਣ ਨਿਸ਼ਾਨ 'ਬੈਟ' ਮਿਲਿਆ ਹੈ।

## ਤੀਜੀ ਧਿਰ ਦੇ ਸਿੱਖ ਉਮੀਦਵਾਰਾਂ ਨੂੰ ਜਿਤਾਉਣ ਦਾ ਸੱਦਾ

**ਜਲੰਧਰ:** ਯੂਨਾਈਟਿਡ ਸਿੱਖ ਮੂਵਮੈਂਟ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਨੇ ਸਿੱਖ ਕੌਮ ਤੇ ਸਮੂਹ ਪੰਜਾਬੀਆ ਦੇ ਨਾਂ ਅਪੀਲ ਜਾਰੀ ਕਰਦਿਆਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਉਪਰ ਹਮਲੇ ਦੇ ਮੁੱਖ ਦੋਸ਼ੀ ਕਾਂਗਰਸ, ਭਾਜਪਾ ਤੇ ਅਕਾਲੀ ਦਲ ਨੂੰ ਲੋਕ ਸਭਾ ਚੋਣਾਂ ਵਿਚ ਕਰਾਰੀ ਹਾਰ ਦੇ ਕੇ ਤੀਸਰੀ ਧਿਰ ਦੇ ਸਿੱਖ ਤੇ ਯੋਗ ਉਮੀਦਵਾਰਾਂ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਲੋਕ ਸਭਾ ਵਿਚ ਭੇਜਿਆ ਜਾਵੇ ਤਾਂ ਜੋ ਇਹ ਉਮੀਦਵਾਰ ਜਿੱਤ ਕੇ ਸਿੱਖਾਂ ਤੇ ਪੰਜਾਬ ਦੇ ਮਸਲਿਆਂ ਦੀ ਆਵਾਜ਼ ਪਾਰਲੀਮੈਂਟ ਵਿਚ ਬੁਲੰਦ ਕਰ ਸਕਣ।

ਉਨ੍ਹਾਂ ਕਿਹਾ ਕਿ ਕਾਂਗਰਸ ਜਮਾਤ, ਭਾਰਤੀ ਜਨਤਾ ਪਾਰਟੀ ਤੇ ਅਕਾਲੀ ਦਲ ਤਿੰਨੇ ਸ੍ਰੀ ਦਰਬਾਰ ਸਾਹਿਬ ਉਪਰ ਕੀਤੇ ਗਏ ਹਮਲੇ ਦੇ ਬਰਾਬਰ ਦੋਸ਼ੀ ਤੇ ਤਿੰਨੇ ਸੰਤ ਭਿੰਡਰਾਂਵਾਲਿਆਂ ਦੇ ਮੁੱਖ ਕਾਤਲ ਹਨ। ਉਨ੍ਹਾਂ ਸਪਸ਼ਟ ਕਰਦਿਆਂ ਕਿਹਾ ਕਿ ਇੰਦਰਾ ਗਾਂਧੀ ਨੇ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕਰਵਾਇਆ ਸੀ। ਭਾਰਤੀ ਜਨਤਾ ਪਾਰਟੀ ਦੇ ਆਗੂ ਅਟਲ ਬਿਹਾਰੀ ਵਾਜਪਾਈ, ਐਲ.ਕੇ. ਅਡਵਾਨੀ ਤੇ ਪ੍ਰਕਾਸ਼ ਸਿੰਘ ਬਾਦਲ ਨੇ ਇੰਦਰਾ




ਗਾਂਧੀ 'ਤੇ ਦਬਾਅ ਪਾ ਕੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਵਾਇਆ ਸੀ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ, ਭਾਈ ਅਮਰੀਕ ਸਿੰਘ ਸਮੇਤ ਹਜ਼ਾਰਾਂ ਸਿੰਘਾਂ-ਸਿੰਘਣੀਆਂ ਨੂੰ ਸ਼ਹੀਦ ਕਰਾਇਆ ਸੀ।

ਵਾਜਪਈ ਤੇ ਅਡਵਾਨੀ ਨੇ ਲੋਕ ਸਭਾ ਵਿਚ ਇੰਦਰਾ ਗਾਂਧੀ ਨੂੰ ਦੁਰਗਾ ਮਾਤਾ ਦਾ ਖਿਤਾਬ ਦਿੱਤਾ ਸੀ ਤੇ ਹਮਲੇ ਦੀ ਖੁਸ਼ੀ ਵਿਚ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਲੱਡੂ ਵੰਡੇ ਸਨ। ਪ੍ਰਕਾਸ਼ ਸਿੰਘ ਬਾਦਲ ਦੇ ਸਾਥੀਆਂ ਨੇ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਭਿੰਡਰਾਂਵਾਲਿਆਂ ਵੱਲੋਂ ਸਮੁੱਚੀ ਕੌਮ ਦੇ ਸਹਿਯੋਗ ਨਾਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ, ਭਾਈ ਅਮਰੀਕ ਸਿੰਘ ਤੇ ਹੋਰ ਹਜ਼ਾਰਾਂ ਸਿੰਘਾਂ ਸਿੰਘਣੀਆਂ ਦੀ ਯਾਦ ਵਿਚ ਬਣਾਈ ਗਈ ਸ਼ਹੀਦੀ ਯਾਦਗਰ 'ਤੇ ਆ ਕੇ ਸ਼ਹੀਦਾਂ ਨੂੰ ਨਮਸਕਾਰ ਅੱਜ ਤੱਕ ਨਹੀਂ ਕੀਤੀ, ਸਗੋਂ ਉਲਟਾ ਸ਼ਹੀਦੀ ਯਾਦਗਾਰ ਦੇ ਬਾਹਰ ਸ਼ਹੀਦਾਂ ਦੇ ਨਾਂ 'ਤੇ ਲਾਈਆਂ ਗਈਆਂ ਨੇਮ ਪਲੇਟਾਂ ਲਾਹੁਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਟਾਸਕ ਫੋਰਸ ਤੇ ਸਿਵਲ ਕੱਪੜਿਆਂ ਵਿਚ ਪੁਲਿਸ ਨੂੰ ਜ਼ਰੂਰ ਭੇਜਿਆ ਸੀ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਤੋਂ ਭਾਜਪਾ ਦੇ ਲੋਕ ਸਭਾ ਉਮੀਦਵਾਰ ਸ੍ਰੀ ਅਰੁਣ ਜੇਤਲੀ ਵੱਲੋਂ ਸ਼ਹੀਦੀ ਯਾਦਗਾਰ ਦਾ ਵਿਰੋਧ ਕਰਕੇ ਪ੍ਰਕਾਸ਼ ਸਿੰਘ ਬਾਦਲ ਤੇ ਐਲ. ਕੇ. ਅਡਵਾਨੀ ਵੱਲੋਂ ਇੰਦਰਾ ਗਾਂਧੀ 'ਤੇ ਦਬਾਅ ਪਾ ਕੇ ਸ੍ਰੀ ਦਰਬਾਰ ਸਾਹਿਬ 'ਤੇ ਕਰਵਾਏ ਗਏ ਹਮਲੇ 'ਤੇ ਇਕ ਵਾਰ ਫਿਰ ਸਹੀ ਪਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਾਂਗਰਸ ਜਮਾਤ ਇੰਦਰਾ ਗਾਂਧੀ ਦੀ ਯਾਦਗਾਰ ਬਣਾ ਸਕਦੀ ਹੈ ਤੇ ਭਾਜਪਾ ਬਾਬਰੀ ਮਸਜਿਦ ਢਾਹ ਕੇ ਰਾਮ ਮੰਦਰ ਬਣਾਉਣ ਦਾ ਐਲਾਨ ਕਰ ਸਕਦੀ ਹੈ ਤੇ ਸਿੱਖ ਕੌਮ ਸੰਤ ਭਿੰਡਰਾਂ ਵਾਲਿਆਂ, ਭਾਈ ਅਮਰੀਕ ਸਿੰਘ ਤੇ ਹੋਰ ਹਜ਼ਾਰਾਂ ਸ਼ਹੀਦ ਸਿੰਘਾਂ ਤੇ ਸਿੰਘਣੀਆਂ ਦੀ ਯਾਦ ਵਿਚ ਸ਼ਹੀਦੀ ਯਾਦਗਾਰ ਕਿਉਂ ਨਹੀਂ ਬਣਾ ਸਕਦੀ?

# ਮਨਪ੍ਰੀਤ ਵੱਲੋਂ ਸੁਰੱਖਿਆ ਗਾਰਡ ਲੈਣ ਤੋਂ ਇਨਕਾਰ

**ਬਠਿੰਡਾ:** ਬਠਿੰਡਾ ਸੰਸਦੀ ਸੀਟ ਤੋਂ ਕਾਂਗਰਸ ਦੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਦੀ ਸੁਰੱਖਿਆ ਬਾਰੇ ਰੱਫੜ ਖੜ੍ਹਾ ਹੋ ਗਿਆ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਨਪ੍ਰੀਤ ਨੂੰ ਸੁਰੱਖਿਆ ਲਈ ਗਾਰਡ ਦਿੱਤੇ ਹੋਏ ਹਨ ਪਰ ਮਨਪ੍ਰੀਤ ਬਾਦਲ ਅਨੁਸਾਰ ਉਨ੍ਹਾਂ ਨੇ ਸੁਰੱਖਿਆ ਗਾਰਡ ਵਾਪਸ ਕਰ ਦਿੱਤੇ ਗਏ ਹਨ। ਮਾਨਸਾ ਤੇ ਗੋਨਿਆਣਾ ਹਲਕੇ ਵਿਚ ਚੋਣ ਪ੍ਰਚਾਰ ਦੌਰਾਨ ਉਨ੍ਹਾਂ ਨਾਲ ਸੁਰੱਖਿਆ ਗਾਰਡ ਨਹੀਂ ਸਨ।




ਨਿਯਮਾਂ ਅਨੁਸਾਰ ਮਾਨਤਾ ਪ੍ਰਾਪਤ ਪਾਰਟੀ ਦੇ ਉਮੀਦਵਾਰ ਨੂੰ ਐਸਕਾਰਟ ਗੱਡੀ ਸਮੇਤ ਚਾਰ ਮੁਲਾਜ਼ਮ ਸੁਰੱਖਿਆ ਲਈ ਦਿੱਤੇ ਜਾਂਦੇ ਹਨ। ਰਿਹਾਇਸ਼ 'ਤੇ ਪੰਜ ਪੁਲਿਸ ਮੁਲਾਜ਼ਮ ਸੁਰੱਖਿਆ ਲਈ ਤਾਇਨਾਤ ਕੀਤੇ ਜਾਂਦੇ ਹਨ। ਮੁਕਤਸਰ ਜ਼ਿਲ੍ਹਾ ਪੁਲਿਸ ਦੇ ਰਿਕਾਰਡ ਵਿਚ ਮਨਪ੍ਰੀਤ ਬਾਦਲ ਨਾਲ ਸੁਰੱਖਿਆ ਗਾਰਡ ਤਾਇਨਾਤ ਹਨ ਜਦੋਂਕਿ ਚੋਣ ਪ੍ਰਚਾਰ ਦੌਰਾਨ ਉਨ੍ਹਾਂ ਨਾਲ ਗਾਰਡ ਨਹੀਂ ਹੁੰਦੇ। ਮਨਪ੍ਰੀਤ ਅਨੁਸਾਰ ਉਨ੍ਹਾਂ ਦੇ ਘਰ ਤਿੰਨ-ਚਾਰ ਦਿਨ ਪਹਿਲਾਂ ਪੁਲਿਸ ਮੁਲਾਜ਼ਮ ਆਏ ਸਨ ਪਰ ਉਨ੍ਹਾਂ ਨੇ ਸਾਰੇ ਗੰਨਮੈਨ ਮੋੜ ਦਿੱਤੇ ਸਨ। ਇਸ ਵੇਲੇ ਉਨ੍ਹਾਂ ਕੋਲ ਕੋਈ ਸੁਰੱਖਿਆ ਗਾਰਡ ਨਹੀਂ ਹੈ।

ਐਸ.ਐਸ.ਪੀ. ਸੁਰਜੀਤ ਸਿੰਘ ਨੇ ਕਿਹਾ ਕਿ ਨਿਯਮਾਂ ਅਨੁਸਾਰ ਮਨਪ੍ਰੀਤ ਬਾਦਲ ਨੂੰ ਸੁਰੱਖਿਆ ਦਿੱਤੀ ਗਈ ਹੈ। ਉਨ੍ਹਾਂ ਨਾਲ ਸੁਰੱਖਿਆ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਮਨਪ੍ਰੀਤ ਨੇ ਸੁਰੱਖਿਆ ਨਾ ਲੈਣ ਸਬੰਧੀ ਕੋਈ ਰਿਪੋਰਟ ਨਹੀਂ ਦਿੱਤੀ। ਪ੍ਰਾਪਤ ਜਾਣਕਾਰੀ ਅਨੁਸਾਰ ਮੁਕਤਸਰ ਪੁਲਿਸ ਵੱਲੋਂ ਏ.ਐਸ.ਆਈ. ਇਕਬਾਲ ਸਿੰਘ ਨੂੰ ਮਨਪ੍ਰੀਤ ਬਾਦਲ ਨਾਲ ਬਤੌਰ ਪੀ.ਐਸ.ਓ. ਤਾਇਨਾਤ ਕੀਤਾ ਗਿਆ ਹੈ। ਇਕਬਾਲ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਡਿਊਟੀ ਕਿਤੇ ਖੁਫ਼ੀਆ ਕੰਮ 'ਤੇ ਲਾਈ ਗਈ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਪੁਲਿਸ ਅਫ਼ਸਰਾਂ ਨਾਲ ਹੀ ਗੱਲ ਕੀਤੀ ਜਾਵੇ। ਜਾਣਕਾਰੀ ਅਨੁਸਾਰ ਇਸ ਸੰਸਦੀ ਸੀਟ ਤੋਂ ਚੋਣ ਲੜ ਰਹੇ ਚਾਰ ਹੋਰ ਉਮੀਦਵਾਰਾਂ ਨੇ ਸੁਰੱਖਿਆ ਲੈਣ ਤੋਂ ਨਾਂਹ ਕੀਤੀ ਹੋਈ ਹੈ। ਪਹਿਲਾਂ ਕਰੀਬ ਅੱਠ ਉਮੀਦਵਾਰਾਂ ਨੇ ਸੁਰੱਖਿਆ ਲੈਣ ਤੋਂ ਨਾਂਹ ਕੀਤੀ ਸੀ ਪਰ ਕੁਝ ਉਮੀਦਵਾਰਾਂ ਨੇ ਸੁਰੱਖਿਆ ਗਾਰਡ ਲੈ ਲਏ ਹਨ। ਆਮ ਆਦਮੀ ਪਾਰਟੀ (ਆਪ) ਦੇ ਜੱਸੀ ਜਸਰਾਜ ਸਿੰਘ, ਜੰਮੂ-ਕਸ਼ਮੀਰ ਪੈਂਥਰਜ਼ ਪਾਰਟੀ ਦੇ ਸ਼ਮਿੰਦਰ ਸਿੰਘ, ਆਜ਼ਾਦ ਉਮੀਦਵਾਰ ਸਵਰਨ ਸਿੰਘ ਤੇ ਆਜ਼ਾਦ ਉਮੀਦਵਾਰ ਅਸ਼ੀਸ਼ ਨੇ ਸੁਰੱਖਿਆ ਗਾਰਡ ਨਹੀਂ ਲਏ। ਇਨ੍ਹਾਂ ਉਮੀਦਵਾਰਾਂ ਨੇ ਲਿਖਤੀ ਰੂਪ ਵਿਚ ਦਰਖ਼ਾਸਤ ਦਿੱਤੀ ਹੈ। ਇਸ ਸੰਸਦੀ ਸੀਟ ਤੋਂ ਕੁੱਲ 29 ਉਮੀਦਵਾਰ ਚੋਣ ਲੜ ਰਹੇ ਹਨ। ਇਨ੍ਹਾਂ ਵਿਚੋਂ 24 ਉਮੀਦਵਾਰਾਂ ਨੂੰ ਸੁਰੱਖਿਆ ਗਾਰਡ ਦਿੱਤੇ ਗਏ ਹਨ। ਅਕਾਲੀ ਦਲ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੂੰ ਪਹਿਲਾਂ ਹੀ ਜ਼ੈੱਡ ਸੁਰੱਖਿਆ ਮਿਲੀ ਹੋਈ ਹੈ। ਬਸਪਾ ਦੇ ਉਮੀਦਵਾਰ ਕੁਲਦੀਪ ਸਿੰਘ ਨੂੰ ਐਸਕਾਰਟ ਗੱਡੀ ਸਮੇਤ ਸੁਰੱਖਿਆ ਗਾਰਡ ਦਿੱਤੇ ਗਏ ਹਨ। ਆਜ਼ਾਦ ਉਮੀਦਵਾਰਾਂ ਨੂੰ ਨਿਯਮਾਂ ਅਨੁਸਾਰ ਦੋ-ਦੋ ਗੰਨਮੈਨ ਦਿੱਤੇ ਜਾਂਦੇ ਹਨ। ਇਸ ਸੰਸਦੀ ਸੀਟ ਤੋਂ ਦੋ ਮਹਿਲਾ ਉਮੀਦਵਾਰ ਹਨ। ਉਨ੍ਹਾਂ ਨਾਲ ਇਕ-ਇਕ ਮਹਿਲਾ ਗੰਨਮੈਨ ਤਾਇਨਾਤ ਕੀਤੀ ਗਈ ਹੈ। ਉਮੀਦਵਾਰ ਗੀਤਾ ਰਾਣੀ ਨੂੰ ਤਿੰਨ ਗੰਨਮੈਨ ਦਿੱਤੇ ਗਏ ਹਨ।

# ਸੰਗਰੂਰ ਜ਼ਿਲ੍ਹੇ ਦੇ 1634 ਕਿਸਾਨਾਂ ਕੀਤੀ ਖ਼ੁਦਕਸ਼ੀ

**ਸੰਗਰੂਰ:** ਜ਼ਿਲ੍ਹੇ ਵਿਚ ਪਿਛਲੇ ਅੱਠ ਸਾਲਾਂ ਦੌਰਾਨ 1634 ਕਿਸਾਨਾਂ ਤੇ ਮਜ਼ਦੂਰਾਂ ਨੇ ਮਾੜੇ ਆਰਥਿਕ ਹਾਲਾਤ ਕਾਰਨ ਮੌਤ ਨੂੰ ਗਲੇ ਲਾ ਲਿਆ। ਜ਼ਿਲ੍ਹੇ ਦੇ ਬਲਾਕ ਲਹਿਰਾਗਾਗਾ ਵਿਚ ਸਾਲ 2001 ਤੋਂ 2008 ਤੱਕ ਸਭ ਤੋਂ ਵਧੇਰੇ ਖ਼ੁਦਕਸ਼ੀਆਂ ਹੋਈਆਂ ਹਨ। ਸੰਗਰੂਰ ਦੇ ਡਿਪਟੀ ਕਮਿਸ਼ਨਰ ਦਫ਼ਤਰ ਤੋਂ ਸੂਚਨਾ ਅਧਿਕਾਰ ਐਕਟ ਅਧੀਨ ਹਾਸਲ ਕੀਤੀ ਜਾਣਕਾਰੀ ਮੁਤਾਬਕ ਜ਼ਿਲ੍ਹੇ ਦੇ ਨੌਂ ਬਲਾਕਾਂ ਵਿਚ ਇਸ ਅਰਸੇ (2000-2008) ਦੌਰਾਨ ਕੁੱਲ 1634 ਵਿਅਕਤੀਆਂ ਨੇ ਖ਼ੁਦਕਸ਼ੀ ਕੀਤੀ ਹੈ।

ਇਨ੍ਹਾਂ ਵਿਚ ਆਰਥਿਕ ਤੌਰ 'ਤੇ ਕਰਜ਼ੇ ਵਿਚ ਡੁੱਬ ਕੇ ਖ਼ੁਦਕਸ਼ੀ ਕਰਨ ਵਾਲੇ ਵੱਡੀ ਗਿਣਤੀ ਵਿਚ ਸ਼ਾਮਲ ਹਨ। ਪੰਜਾਬ ਵਿਚ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਖ਼ੁਦਕਸ਼ੀਆਂ ਨੂੰ ਜੱਗ ਜ਼ਾਹਰ ਕਰਨ ਵਾਲੇ ਇੰਦਰਜੀਤ ਸਿੰਘ ਜੇਜੀ ਦਾ ਕਹਿਣਾ ਹੈ ਕਿ ਸਾਰੇ ਹੀ ਕੇਸਾਂ ਵਿਚ ਖ਼ੁਦਕਸ਼ੀ ਦਾ ਆਧਾਰ ਆਰਥਿਕ ਕਮਜ਼ੋਰੀ ਤੇ ਸਰਕਾਰਾਂ ਦੀਆਂ ਗਲਤ ਨੀਤੀਆਂ ਕਰਕੇ ਚੜ੍ਹਿਆ ਕਰਜ਼ਾ ਹੈ। ਜ਼ਿਲ੍ਹਾ ਪ੍ਰਸ਼ਾਸਨ ਦੀ ਰਿਪੋਰਟ ਮੁਤਾਬਕ ਜ਼ਿਲ੍ਹੇ ਦੇ ਲਹਿਰਾਗਾਗਾ ਹਲਕਾ ਅਧੀਨ ਆਉਂਦੇ ਬਲਾਕ ਲਹਿਰਾਗਾਗਾ ਤੇ ਅਨਦਾਨਾ ਵਿਚ ਕੁੱਲ 542 ਲੋਕਾਂ ਨੇ ਆਤਮ ਹੱਤਿਆ ਕੀਤੀ ਜਿਸ ਵਿਚੋਂ 428 ਕਿਸਾਨਾਂ ਨੇ ਆਰਥਿਕ ਘਾਟੇ ਕਰਕੇ ਸਿਰ ਚੜ੍ਹੇ ਕਰਜ਼ੇ ਕਾਰਨ ਇਹ ਕਦਮ ਚੁੱਕਿਆ ਜਦਕਿ 114 ਵਿਅਕਤੀਆਂ ਨੇ ਹੋਰ ਕਾਰਨਾਂ ਕਰਕੇ ਮੌਤ ਨੂੰ ਗਲੇ ਲਾਇਆ। ਇਸ ਤਰ੍ਹਾਂ ਬਲਾਕ ਭਵਾਨੀਗੜ੍ਹ ਵਿਚ 175 ਵਿਅਕਤੀ ਵਿਚੋਂ 147 ਨੇ ਕਰਜ਼ੇ ਕਰਕੇ ਆਤਮ ਹੱਤਿਆ ਕੀਤੀ ਜਦਕਿ ਬਲਾਕ ਧੂਰੀ ਵਿਚ ਕੁੱਲ 60 ਵਿਚੋਂ 14, ਮਲੇਰਕੋਟਲਾ ਬਲਾਕ 1-2 ਵਿਚ 274 ਵਿਚੋਂ 191, ਬਲਾਕ ਸੰਗਰੂਰ ਵਿਚ 89 ਵਿਚੋਂ 56, ਬਲਾਕ ਸ਼ੇਰਪੁਰ ਵਿਚ 134 ਵਿਚੋਂ 71 ਤੇ ਬਲਾਕ ਲਹਿਰਾਗਾਗਾ ਵਿਚ 297 ਵਿਚੋਂ 176 ਨੇ ਕਰਜ਼ੇ ਕਰਕੇ ਖ਼ੁਦਕਸ਼ੀ ਕੀਤੀ ਜਦਕਿ ਹੋਰ ਕਾਰਨਾਂ ਕਰਕੇ ਖ਼ੁਦਕਸ਼ੀ ਕਰਨ ਵਾਲਿਆਂ ਦੀ ਗਿਣਤੀ 121 ਹੈ।



ਪ੍ਰਸ਼ਾਸਨ ਵੱਲੋਂ ਭੇਜੀ ਗਈ ਰਿਪੋਰਟ ਵਿਚ ਲੜੀ ਨੰਬਰ 786 ਤੋਂ 829 ਤੱਕ ਕੋਈ ਸੂਚਨਾ ਨਹੀਂ ਹੈ। ਪ੍ਰਸ਼ਾਸਨ ਦਾ ਦਾਅਵਾ ਹੈ ਕਿ ਸਰਕਾਰ ਵੱਲੋਂ ਪ੍ਰਾਪਤ ਰਕਮ ਖ਼ੁਦਕਸ਼ੀ ਪੀੜਤਾਂ ਦੇ ਪਰਿਵਾਰਾਂ ਨੂੰ ਵੰਡਣ ਲਈ ਸਬ ਡਿਵੀਜ਼ਨਾਂ ਨੂੰ ਭੇਜੀ ਗਈ ਸੀ ਤੇ 14 ਮਾਰਚ ਤੱਕ ਜ਼ਿਲ੍ਹਾ ਪ੍ਰਸ਼ਾਸਨ ਕੋਲ ਰਕਮ ਵੰਡੇ ਜਾਣ ਦੀ ਕੋਈ ਰਿਪੋਰਟ ਨਹੀਂ ਹੈ। ਜ਼ਿਲ੍ਹਾ ਪ੍ਰਸ਼ਾਸਨ ਦੇ ਸੂਚਨਾ ਅਧਿਕਾਰੀ ਮੁਤਾਬਕ ਕਿੰਨੇ ਹੀ ਖ਼ੁਦਕਸ਼ੀ ਪੀੜਤ ਪਰਿਵਾਰਾਂ ਜੋ ਮਦਦ ਦੀ ਉਡੀਕ ਵਿਚ ਹਨ, ਬਾਰੇ ਕੋਈ ਰਿਕਾਰਡ ਨਹੀਂ ਹੈ।

ਪੰਜਾਬ ਸਰਕਾਰ ਦੇ ਮਾਲ ਤੇ ਆਫ਼ਤ ਪ੍ਰਬੰਧਨ ਵਿਭਾਗ ਨੇ ਪੱਤਰ ਨੰਬਰ 1817 ਮਿਤੀ ਦੋ ਮਾਰਚ 2009 ਨੂੰ ਡਿਪਟੀ ਕਮਿਸ਼ਨਰਾਂ ਨੂੰ ਖ਼ੁਦਕਸ਼ੀ ਕਰਨ ਵਾਲੇ ਕਿਸਾਨਾਂ ਤੇ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਦੋ ਲੱਖ ਦੀ ਮਾਲੀ ਸਹਾਇਤਾ ਦੇਣ ਦੀ ਹਦਾਇਤ ਕੀਤੀ ਸੀ। ਇਸ 'ਤੇ ਡਿਪਟੀ ਕਮਿਸ਼ਨਰ ਦੀ ਅਗਵਾਈ ਵਿਚ ਕਮੇਟੀ ਬਣਾਈ ਗਈ ਸੀ, ਜਿਸ 'ਚ ਸੀ.ਐਮ.ਓ, ਐਸ.ਐਸ.ਪੀ, ਮੁੱਖ ਖੇਤੀਬਾੜੀ ਅਫ਼ਸਰ ਤੇ ਕਿਸਾਨਾਂ-ਮਜ਼ਦੂਰਾਂ ਦਾ ਪ੍ਰਤੀਨਿਧ ਸ਼ਾਮਲ ਕੀਤਾ ਗਿਆ ਸੀ, ਜਿਸ ਨੇ 2008 ਤੱਕ ਦੇ ਕੇਸਾਂ ਦੀ ਪਛਾਣ ਕੀਤੀ ਸੀ।

ਇਨ੍ਹਾਂ ਪੀੜਤ ਪਰਿਵਾਰਾਂ ਨੂੰ ਇਕ ਲੱਖ ਰੁਪਏ 2013 ਵਿਚ ਤੇ ਇਕ ਲੱਖ ਰੁਪਏ 2014 ਵਿਚ ਵੰਡੇ ਗਏ ਹਨ। ਰਿਪੋਰਟ ਮੁਤਾਬਕ ਇਸੇ ਵਿਭਾਗ ਨੇ 30 ਸਤੰਬਰ, 2013 ਨੂੰ 31 ਮਾਰਚ 2013 ਤੱਕ ਹੋਈਆਂ ਖ਼ੁਦਕਸ਼ੀਆਂ ਬਾਰੇ ਸਰਵੇਖਣ ਲਈ ਸੂਬੇ ਦੀਆਂ ਯੂਨੀਵਰਸਿਟੀਆਂ ਨੂੰ ਜ਼ਿਲ੍ਹੇ ਅਲਾਟ ਕੀਤੇ ਸਨ।

# ਗੁਰਦਾਸਪੁਰ ਗੋਲੀਕਾਂਡ: ਪੁਲਿਸ ਅਫ਼ਸਰਾਂ ਨੂੰ ਕਲੀਨ ਚਿੱਟ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਗੁਰਦਾਸਪੁਰ ਵਿਚ ਭੀੜ ਨੂੰ ਖਿੰਡਾਉਣ ਲਈ ਪੁਲਿਸ ਵੱਲੋਂ ਚਲਾਈ ਗਈ ਗੋਲੀ ਕਾਰਨ ਇਕ ਲੜਕੇ ਦੇ ਮਾਰੇ ਜਾਣ ਤੋਂ ਤਕਰੀਬਨ ਇਕ ਸਾਲ ਬਾਅਦ ਜ਼ਿਲ੍ਹੇ ਦੇ ਤਤਕਾਲੀ ਐਸ.ਐਸ.ਪੀ ਵਰਿੰਦਰਪਾਲ ਸਿੰਘ ਤੇ ਡੀ.ਐਸ.ਪੀ ਮਨਪ੍ਰੀਤ ਸਿੰਘ ਖ਼ਿਲਾਫ਼ ਕਾਰਵਾਈ ਬੰਦ ਕਰਨ ਦਾ ਫੈਸਲਾ ਲਿਆ ਹੈ।

ਇਸ ਬਾਰੇ ਇਕ ਹਲਫ਼ਨਾਮਾ ਸੇਵਾਮੁਕਤ ਅਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਬੀ.ਸੀ ਗੁਪਤਾ ਵੱਲੋਂ ਦਾਖਲ ਕੀਤਾ ਗਿਆ ਹੈ। ਉਨ੍ਹਾਂ ਸੇਵਾਮੁਕਤ ਆਈਏਐਸ ਸੀ.ਐਸ ਤਲਵਾੜ ਦੀ ਥਾਂ ਇਸ ਮਾਮਲੇ ਦੀ ਜਾਂਚ ਕੀਤੀ ਸੀ। ਸ੍ਰੀ ਗੁਪਤਾ ਨੇ ਦੱਸਿਆ ਕਿ ਦੋਸ਼ ਸਾਬਤ ਨਾ ਹੋ ਸਕਣ ਕਾਰਨ ਇਹ ਮਾਮਲਾ ਬੰਦ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਪਹਿਲਾਂ ਇਸ ਮਾਮਲੇ ਵਿਚ ਅਧੀਨ ਸਕੱਤਰ (ਗ੍ਰਹਿ) ਸੇਵਾ ਸਿੰਘ ਦਾ ਸਾਲਾਨਾ ਇਨਕਰੀਮੈਂਟ ਰੋਕਣ ਦੇ ਹੁਕਮ ਦਿੱਤੇ ਜਾ ਚੁੱਕੇ ਸਨ। ਹੁਣ ਸਰਕਾਰ ਨੇ ਪੀ.ਸੀ.ਐਸ ਅਫਸਰ ਤੇਜਿੰਦਰ ਪਾਲ ਸਿੰਘ ਨੂੰ ਵੀ ਦੋਸ਼ ਮੁਕਤ ਕਰਨ ਦਾ ਫੈਸਲਾ ਲਿਆ ਹੈ ਕਿਉਂਕਿ ਜਾਂਚ ਵਿਚ ਉਨ੍ਹਾਂ ਖ਼ਿਲਾਫ਼ ਵੀ ਡਿਊਟੀ ਵਿਚ ਕੋਤਾਹੀ ਵਰਤਣ ਦੇ ਦੋਸ਼ ਸਿੱਧ ਨਹੀਂ ਹੋਏ।

ਜ਼ਿਕਰਯੋਗ ਹੈ ਕਿ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਦਿੱਤੇ ਜਾਣ ਦੇ ਫੈਸਲੇ ਵਿਰੁੱਧ ਰੋਸ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ 'ਤੇ ਪੁਲਿਸ ਨੇ ਗੋਲੀ ਚਲਾ ਦਿੱਤੀ ਸੀ। ਇਸ ਬਾਰੇ 29 ਮਾਰਚ, 2012 ਨੂੰ ਗੁਰਦਾਸਪੁਰ ਥਾਣੇ ਵਿਚ ਐਫ.ਆਈ.ਆਰ ਦਰਜ ਕੀਤੀ ਗਈ ਸੀ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838



When Banks Say-No, We Say-ਹਾਂ ਜੀ
We provide Cash (ਕੈਸ਼) Flow to transport companies any size-**Big or Small**
We will fund the sale of your freight invoice(s) quickly



Compare our **fees and services** with our competitors.
**We will not be undersold.**
**Invoice of any size is welcome**
(ਇਨਵਾਇਸ ਦਾ ਸਾਈਜ਼ ਕੋਈ ਵੀ ਹੋਵੇ)
*Less paperwork and hassle free approvals*
ਸੰਪਰਕ ਕਰੋ
ਬਰਜਿੰਦਰ ਸਿੰਘ, ਫੋਨ: 716-312-1212
American Factoring Group, Inc.
Visit us on the web: www.factor101.com

# ਮੁਹਾਲੀ ਵਾਲੇ ਨੇ ਵੀ ਲਾਇਆ ਮੋਰਚਾ

**ਮੁਹਾਲੀ:** ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਐਤਕੀਂ ਜਿਹੜੇ 18 ਉਮੀਦਵਾਰ ਮੈਦਾਨ ਵਿਚ ਹਨ, ਉਨ੍ਹਾਂ ਵਿਚੋਂ ਇਕ ਸ. ਹਰਚਰਨ ਸਿੰਘ (69) ਵੀ ਹਨ ਜਿਹੜੇ ਮੁਹਾਲੀ ਤੋਂ ਇਕਲੌਤੇ ਉਮੀਦਵਾਰ ਹਨ। ਉਹ ਮੁਹਾਲੀ ਦੇ ਫੇਜ਼ 7 ਵਿਚ ਰਹਿੰਦਾ ਹੈ।



ਹਰਚਰਨ ਸਿੰਘ

ਸ. ਹਰਚਰਨ ਸਿੰਘ ਪਹਿਲਾਂ ਪੰਜਾਬ ਸਟੇਟ ਕੋਪਰੇਟਿਵ ਬੈਂਕ ਵਿਚ ਕੰਮ ਕਰਦੇ ਸਨ ਅਤੇ ਪਹਿਲਾਂ ਕਿਸੇ ਵੀ ਪਾਰਟੀ ਨਾਲ ਨਹੀਂ ਸਨ ਜੁੜੇ ਹੋਏ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਕੇਂਦਰ ਅਤੇ ਸੂਬਾ ਸਰਕਾਰਾਂ ਵਿਚ ਫੈਲੇ ਭ੍ਰਿਸ਼ਟਾਚਾਰ ਤੋਂ ਬਹੁਤ ਦੁਖੀ ਹਨ। ਆਮ ਆਦਮੀ ਦੀ ਕਿਤੇ ਕੋਈ ਪੁੱਛ-ਪ੍ਰਤੀਤ ਨਹੀਂ ਹੈ ਅਤੇ ਪੈਰ-ਪੈਰ ਉਤੇ ਆਮ ਅਦਾਮੀ ਨਾਲ ਅਨਿਆਂ ਹੋ ਰਿਹਾ ਹੈ। ਦੂਜੇ ਬੰਨੇ ਸਿਆਸੀ ਲੀਡਰ ਅਤੇ ਹਾਕਮ, ਰਾਜਿਆਂ-ਮਹਾਰਾਜਿਆਂ ਵਾਂਗ ਰਹਿ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਚਾਹੁੰਦਾ ਹੈ ਕਿ ਉਹ ਇਸ ਕਰੂਰ ਸਿਸਟਮ ਨੂੰ ਬਦਲ ਦੇਵੇ। ਇਸੇ ਕਰ ਕੇ ਉਹ ਐਤਕੀਂ ਚੋਣਾਂ ਲੜਨ ਲਈ ਤਿਆਰ ਹੋਇਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਅਨੇਕਾਂ ਵੱਡੇ ਘੁਟਾਲਿਆਂ ਅਤੇ ਪੰਜਾਬ ਸਰਕਾਰ ਦੇ ਕੁਝ ਲੀਡਰਾਂ ਦੇ ਨਸ਼ਿਆਂ ਦੇ ਕਾਰੋਬਾਰ ਨਾਲ ਜੁੜਨ ਦੇ ਖੁਲਾਸੇ ਹੋਣ ਦੇ ਬਾਵਜੂਦ ਕਿਤੇ ਕੋਈ ਫਰਕ ਨਹੀਂ ਪਿਆ। ਉਹ ਚਾਹੁੰਦਾ ਹੈ ਕਿ ਇਨ੍ਹਾਂ ਚੋਣਾਂ ਵਿਚ ਇਨ੍ਹਾਂ ਮਸਲਿਆਂ ਬਾਰੇ ਜ਼ਰੂਰ ਚਰਚਾ ਛਿੜੇ।

ਸ. ਹਰਚਰਨ ਸਿੰਘ 2003 ਵਿਚ ਪੰਜਾਬ ਸਟੇਟ ਕੋਪਰੇਟਿਵ ਬੈਂਕ ਤੋਂ ਰਿਟਾਇਰ ਹੋਏ ਸਨ ਅਤੇ ਉਹ ਬੈਂਕ ਇੰਪਲਾਇਜ਼ ਯੂਨੀਅਨ ਦੇ ਮੀਤ ਪ੍ਰਧਾਨ ਵੀ ਰਹੇ। ਸਿਟੀਜ਼ਨ ਫੋਰਮ ਵਿਚ ਵੀ ਉਨ੍ਹਾਂ ਵਾਹ-ਵਾਹ ਸਰਗਰਮੀ ਕੀਤੀ ਹੈ। ਯਾਦ ਰਹੇ ਕਿ ਕਸਬਾ ਮੁਹਾਲੀ, ਆਨੰਦਪੁਰ ਸਾਹਿਬ ਹਲਕੇ ਦਾ ਬੜਾ ਅਹਿਮ ਖੇਤਰ ਹੈ ਅਤੇ ਉਥੋਂ ਦੇ ਵੋਟਰ ਉਮੀਦਵਾਰ ਦੀ ਜਿੱਤ ਹਾਰ ਦਾ ਫੈਸਲਾ ਕਰਨ ਦੇ ਸਮਰੱਥ ਹਨ। ਇਸ ਹਲਕੇ ਤੋਂ ਸ. ਹਰਚਰਨ ਸਿੰਘ ਦਾ ਮੁਕਾਬਲਾ ਕਾਂਗਰਸ ਦੇ ਉਮੀਦਵਾਰ ਅੰਬਿਕਾ ਸੋਨੀ ਅਤੇ ਅਕਾਲੀ ਦਲ ਦੇ ਉਮੀਦਵਾਰ ਪ੍ਰੇਮ ਸਿੰਘ ਚੰਦੂ ਮਾਜਰਾ ਨਾਲ ਹੈ। ਇਸ ਹਲਕੇ ਤੋਂ 'ਆਪ' ਵੱਲੋਂ ਐਡਵੋਕੇਟ ਹਿੰਮਤ ਸਿੰਘ ਸ਼ੇਰਗਿੱਲ ਅਤੇ ਬਸਪਾ ਵੱਲੋਂ ਕੇ.ਐਸ. ਮੱਖਣ ਉਮੀਦਵਾਰ ਹਨ।

# ਪਾਕਿਸਤਾਨ ਵਿਚ ਨੌਂ ਮਹੀਨੇ ਦੇ ਬੱਚੇ ਖ਼ਿਲਾਫ਼ ਕੇਸ ਖਾਰਜ

**ਲਾਹੌਰ:** ਪਾਕਿਸਤਾਨ ਦੀ ਅਦਾਲਤ ਨੇ ਨੌਂ ਮਹੀਨਿਆਂ ਦੇ ਬੱਚੇ ਖਿਲਾਫ਼ ਪੁਲਿਸ ਵੱਲੋਂ ਕਤਲ ਦੀ ਕੋਸ਼ਿਸ਼ ਦੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਹੈ। ਪੁਲਿਸ ਨੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਰਫਾਕਤ ਅਲੀ ਨੂੰ ਦੱਸਿਆ ਕਿ ਬੱਚੇ ਮੁਹੰਮਦ ਮੂਸਾ ਦਾ ਨਾਂ ਐਫ.ਆਈ.ਆਰ. ਵਿਚੋਂ ਹਟਾ ਦਿੱਤਾ ਗਿਆ ਹੈ। ਪੁਲਿਸ ਅਧਿਕਾਰੀ ਨੇ ਕਿਹਾ ਕਿ ਪੁਲਿਸ ਤੇ ਗੈਸ ਕੰਪਨੀ ਦੇ ਅਧਿਕਾਰੀਆਂ 'ਤੇ ਹਮਲੇ ਦੇ ਮਾਮਲੇ ਵਿਚ ਮੂਸਾ ਖਿਲਾਫ਼ ਦਰਜ ਕੇਸ 'ਮਨੁੱਖੀ ਗਲਤੀ' ਸੀ। ਅਦਾਲਤ ਨੇ ਬੱਚੇ ਖਿਲਾਫ਼ ਮਾਮਲਾ ਦਰਜ ਕਰਨ ਵਾਲੇ ਪੁਲਿਸ ਅਧਿਕਾਰੀ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਸੀ।


**Are You Tired Of All Treatments?**

**Try Homeopathic Natural Medicines (HNM)**

**Gurdip Singh Sandhu**

Homeopathic Practitioner/Consultant

DHMS-Gold Medalist, BAMS, MDEh.- India

**1188 E Santa Clara St., San Jose, CA 95116**

**Well Experienced as:**

Director, Principal, Professor and Chief Medical Officer in Medical Colleges and Hospitals of Punjab (India) Practice Under State of California Act SB 577

**Homeopathic natural medicines supply**



Gurdip Singh Sandhu

**EX Member:**

The California Homeopathic Society

National Center For Homeopathy- USA

**Ph:(408) 687-1899**

**(408) 729-6691**

Fax:(408)292-6200

Email: Homeomdicine@yahoo.com

Website: www.Homeopathyatoz.com

**Toll Free: 1-877-OK-HOMEO (1-877-654-6636)**


# ਕਿੰਨਰਾਂ ਨੂੰ ਤੀਜੇ ਵਰਗ ਵਜੋਂ ਮਿਲੀ ਮਾਨਤਾ

**ਨਵੀਂ ਦਿੱਲੀ:** ਭਾਰਤ ਦੀ ਸੁਪਰੀਮ ਕੋਰਟ ਨੇ ਇਕ ਅਹਿਮ ਅਤੇ ਇਤਿਹਾਸਕ ਫੈਸਲੇ ਵਿਚ ਕਿੰਨਰਾਂ (ਹਿਜੜਿਆਂ) ਨੂੰ ਪੁਰਸ਼ਾਂ ਤੇ ਔਰਤਾਂ ਦੇ ਨਾਲ ਲਿੰਗ ਦੇ ਤੀਜੇ ਵਰਗ ਵਜੋਂ ਮਾਨਤਾ ਦੇ ਦਿੱਤੀ ਹੈ। ਇਸ ਨਾਲ ਕੇਂਦਰ ਅਤੇ ਸਾਰੇ ਰਾਜਾਂ ਨੂੰ ਹੁਕਮ ਦਿੱਤਾ ਕਿ ਉਹ ਇਨ੍ਹਾਂ ਨੂੰ ਸਮਾਜਕ ਤੇ ਸਿੱਖਿਆ ਪੱਖੋਂ ਪਛੜੀਆਂ ਸ਼੍ਰੇਣੀਆਂ ਵਿਚ ਰੱਖ ਕੇ ਸਿੱਖਿਆ ਸੰਸਥਾਵਾਂ ਤੇ ਸਰਕਾਰੀ ਨੌਕਰੀਆਂ ਵਿਚ ਰਾਖਵਾਂਕਰਨ ਦੇਵੇ।

ਅਦਾਲਤ ਨੇ ਸਪਸ਼ਟ ਕੀਤਾ ਹੈ ਕਿ ਉਸ ਦਾ ਇਹ ਫੈਸਲਾ ਸਿਰਫ਼ ਕਿੰਨਰਾਂ ਲਈ ਹੈ ਅਤੇ ਵਿਆਪਕ ਸ਼ਬਦ 'ਟਰਾਂਸਜੈਂਡਰ' ਤਹਿਤ ਸਮਝੇ ਜਾਣ ਵਾਲੇ ਸਮਲਿੰਗੀਆਂ ਲਈ ਨਹੀਂ ਹੈ।

ਜਸਟਿਸ ਕੇ.ਐਸ. ਰਾਧਾਕ੍ਰਿਸ਼ਨਨ ਅਤੇ ਜਸਟਿਸ ਏ.ਕੇ. ਸੀਕਰੀ ਦੇ ਬੈਂਚ ਨੇ ਸਰਕਾਰ ਨੂੰ ਹੁਕਮ ਦਿੱਤਾ ਕਿ ਉਹ ਪੁਰਸ਼ ਤੇ ਔਰਤਾਂ ਮਗਰੋਂ ਕਿੰਨਰਾਂ ਨੂੰ ਲਿੰਗ ਦੇ ਵੱਖਰੇ ਵਰਗ ਵਜੋਂ ਮਾਨਤਾ ਦੇਣ ਲਈ ਕਦਮ ਚੁੱਕੇ।

ਕੇਂਦਰ ਅਤੇ ਰਾਜ ਸਰਕਾਰਾਂ ਨੂੰ ਕਿਹਾ ਹੈ ਕਿ ਉਹ ਢੁੱਕਵੀਂ ਸਿਹਤ ਦੇਖਭਾਲ, ਸਿੱਖਿਆ ਤੇ ਰੁਜ਼ਗਾਰ ਦੇ ਮੌਕੇ ਦੇ ਕੇ ਇਸ ਭਾਈਚਾਰੇ ਨੂੰ ਮੁੱਖ ਧਾਰਾ ਵਿਚ ਲਿਆਉਣ ਲਈ ਕਦਮ ਚੁੱਕੇ। ਇਸ ਦੇ ਨਾਲ ਹੀ ਇਸ ਵਰਗ ਨੂੰ ਵੋਟਰ ਪਛਾਣ ਪੱਤਰ, ਪਾਸਪੋਰਟ ਤੇ ਡਰਾਈਵਿੰਗ ਲਾਇਸੈਂਸ ਸਮੇਤ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਏ। ਬੈਂਚ ਨੇ ਕਿਹਾ ਕਿ ਕਿੰਨਰ ਦੇਸ਼ ਦੇ ਨਾਗਰਿਕ ਹਨ ਅਤੇ ਪੁਰਸ਼ਾਂ ਤੇ ਔਰਤਾਂ ਵਾਂਗ ਸਿੱਖਿਆ, ਸਿਹਤ ਦੇਖਭਾਲ ਤੇ ਰੁਜ਼ਗਾਰ ਦੇ ਮੌਕਿਆਂ ਉਪਰ ਉਨ੍ਹਾਂ ਦਾ ਬਰਾਬਰ ਦਾ ਹੱਕ ਹੈ।

ਸੁਪਰੀਮ ਕੋਰਟ ਨੇ ਸਮਾਜ ਵਿਚ ਕਿੰਨਰਾਂ ਨਾਲ ਹੁੰਦੇ ਭੇਦ-ਭਾਵ ਤੇ ਸੋਸ਼ਣ ਉਪਰ ਚਿੰਤਾ ਪ੍ਰਗਟਾਈ ਤੇ ਇਨ੍ਹਾਂ ਦੀ ਭਲਾਈ ਲਈ ਕਈ ਹੁਕਮ ਦਿੱਤੇ। ਬੈਂਚ ਨੇ ਕਿਹਾ ਕਿ ਸਮਾਜ ਵਿਚ ਕਦੇ ਕਿੰਨਰਾਂ ਦਾ ਸਨਮਾਨ ਕੀਤਾ ਜਾਂਦਾ ਸੀ, ਪਰ ਹੁਣ ਹਾਲਾਤ ਬਦਲ ਗਏ ਹਨ। ਹੁਣ ਉਨ੍ਹਾਂ ਨਾਲ ਭੇਦ-ਭਾਵ ਕਰਨ ਤੋਂ ਇਲਾਵਾ ਸ਼ੋਸ਼ਣ ਕੀਤਾ ਜਾਂਦਾ ਹੈ। ਪੁਲਿਸ ਤੇ ਹੋਰ ਅਥਾਰਟੀਆਂ ਆਈ.ਪੀ.ਸੀ. ਦੀ ਧਾਰਾ 377 ਦੀ ਉਨ੍ਹਾਂ ਖ਼ਿਲਾਫ਼ ਗਲਤ ਵਰਤੋਂ ਕਰ ਰਹੀਆਂ ਹਨ, ਜਦਕਿ ਕਿੰਨਰ ਦੀ ਸਮਾਜਕ ਤੇ ਆਰਥਿਕ ਹਾਲਤ ਠੀਕ ਨਹੀਂ ਹੈ। ਇਹ ਸਮਾਜ ਦਾ ਮੁੱਖ ਹਿੱਸਾ ਹਨ ਤੇ ਸਰਕਾਰ ਇਨ੍ਹਾਂ ਨੂੰ ਮੁੱਖ ਧਾਰਾ ਵਿਚ ਲਿਆਉਣ ਲਈ ਜ਼ਰੂਰੀ ਕਦਮ ਚੁੱਕੇ। ਅਦਾਲਤ ਨੂੰ ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਦਾਇਰ ਜਨਹਿਤ ਪਟੀਸ਼ਨ ਦੀ ਸੁਣਵਾਈ ਦੌਰਾਨ ਇਹ ਹੁਕਮ ਦਿੱਤਾ। ਅਥਾਰਟੀ ਨੇ ਅਪੀਲ ਕੀਤੀ ਸੀ ਕਿ ਟਰਾਂਸਜੈਂਡਰ ਨੂੰ ਲਿੰਗ ਵਜੋਂ ਤੀਜੇ ਵਰਗ ਦੇ ਰੂਪ ਵਿਚ ਮਾਨਤਾ ਦੇ ਕੇ ਉਨ੍ਹਾਂ ਨੂੰ ਵੱਖਰੀ ਪਛਾਣ ਦਿੱਤੀ ਜਾਵੇ।

ਜੱਜਾਂ ਨੇ ਕਿਹਾ ਕਿ ਹਾਲ ਹੀ ਦੌਰਾਨ ਦੇ ਅਧਿਐਨ ਤੋਂ ਪਤਾ ਲੱਗਾ ਹੈ ਕਿ ਐਚ.ਆਈ.ਵੀ. ਤੋਂ 41 ਫੀਸਦ ਕਿੰਨਰ ਪੀੜਤ ਹਨ। ਉਨ੍ਹਾਂ ਕੇਂਦਰ ਤੇ ਰਾਜ ਸਰਕਾਰ ਨੂੰ ਹੁਕਮ ਦਿੱਤਾ ਕਿ ਇਨ੍ਹਾਂ ਦੇ ਇਲਾਜ ਲਈ ਵੱਖਰੇ ਸੈਂਟਰ ਖੋਲ੍ਹੇ ਜਾਣ।

ਅਦਾਲਤ ਨੇ ਕਿਹਾ ਕਿ ਇਹ ਬੜੀ ਮੰਦਭਾਗੀ ਗੱਲ ਹੈ ਕਿ ਤੀਜੇ ਲਿੰਗ ਦੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਦੇਸ਼ ਵਿਚ ਕੋਈ ਕਾਨੂੰਨ ਨਹੀਂ ਹੈ। ਇਸ ਕਾਰਨ ਉਨ੍ਹਾਂ ਨੂੰ ਭੇਦ-ਭਾਵ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਯਾਦ ਰਹੇ ਕਿ ਭਾਰਤ ਦੇ ਗੁਆਂਢ ਵਿਚ ਪਾਕਿਸਤਾਨ ਅਤੇ ਨੇਪਾਲ ਸਣੇ ਬਹੁਤ ਸਾਰੇ ਮੁਲਕਾਂ ਨੇ ਤੀਜੇ ਲਿੰਗ ਨੂੰ ਮਾਨਤਾ ਪਹਿਲਾਂ ਦਿੱਤੀ ਹੋਈ ਹੈ।


**Convenience Store For Sale**

**Turn key convenience store with a lot of potential for sale in Bakersfield. 3400 Sqf. of space. Good location.**

**Price $129,900 plus inventory**

**ਕਨਵੀਨੀਐਂਸ ਸਟੋਰ ਵਿਕਾਊ ਹੈ**

ਬੇਕਰਜ਼ਫੀਲਡ ਵਿਚ ਟਰਨ ਕੀ ਕਨਵੀਨੀਐਂਸ ਸਟੋਰ, ਵਿਕਰੀ ਵਧਾਉਣ ਦੀ ਵੱਡੀ ਸੰਭਾਵਨਾ, ਕਰੀਬ 3400 ਵਰਗ ਫੁੱਟ ਸਪੇਸ, ਵਧੀਆ ਲੋਕੇਸ਼ਨ

**ਕੀਮਤ: $129,900+ਇਨਵੈਂਟਰੀ**

ਰੀਅਲ ਐਸਟੇਟ ਬਾਰੇ ਆਪਣੀਆਂ ਸਾਰੀਆਂ ਲੋੜਾਂ ਲਈ

ਸੰਪਰਕ ਕਰੋ: ਜਿੰਮੀ ਬਸਰਾ

**Cell: 661-205-5450**

Miramar International, Fax: 866-605-4167


<u>ਖੁਸ਼ਪ੍ਰੀਤ ਹੱਤਿਆ ਕਾਂਡ</u>

# ਗੁਆਂਢ 'ਚ ਰਹਿੰਦੇ ਦੋ ਭਰਾ ਦੋਸ਼ੀ ਕਰਾਰ

**ਚੰਡੀਗੜ੍ਹ:** ਪੰਜ ਸਾਲਾਂ ਦੇ ਬੱਚੇ ਖੁਸ਼ਪ੍ਰੀਤ (ਖੁਸ਼ੀ) ਨੂੰ ਅਗਵਾ ਕਰ ਕੇ ਨਸ਼ੀਲੀਆਂ ਗੋਲੀਆਂ ਦੇਣ ਮਗਰੋਂ ਉਸ ਦੀ ਹੱਤਿਆ ਕਰ ਦੇਣ ਦੇ ਮਾਮਲੇ 'ਚ ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ ਨੇ ਦੋ ਭਰਾਵਾਂ ਸੁਖਦੇਵ ਸਿੰਘ, ਗੁਰਵਿੰਦਰ ਸਿੰਘ ਅਤੇ ਉਨ੍ਹਾਂ ਦੇ ਨੌਕਰ ਨੰਦ ਕਿਸ਼ੋਰ ਨੂੰ ਦੋਸ਼ੀ ਕਰਾਰ ਦੇ ਦਿੱਤਾ ਹੈ। ਜ਼ਿਲ੍ਹਾ ਅਦਾਲਤ 'ਚ ਮਾਮਲੇ ਦੀ ਸੁਣਵਾਈ ਦੌਰਾਨ ਖੁਸ਼ੀ ਦੇ ਮਾਪੇ ਅਤੇ ਰਿਸ਼ਤੇਦਾਰ ਵੀ ਮੌਜੂਦ ਸਨ।

ਵਰਣਨਯੋਗ ਹੈ ਕਿ ਚੰਡੀਗੜ੍ਹ ਦੇ ਬੁੜੈਲ ਕਸਬੇ 'ਚ ਆਪਣੇ ਮਾਪਿਆਂ ਨਾਲ ਰਹਿੰਦੇ ਖੁਸ਼ੀ ਨੂੰ 21 ਦਸੰਬਰ, 2010 ਨੂੰ ਅਗਵਾ ਕੀਤਾ ਗਿਆ ਸੀ ਜਿਸ ਤੋਂ ਬਾਅਦ ਦੋਸ਼ੀਆਂ ਨੇ ਖੁਸ਼ੀ ਦੇ ਮਾਪਿਆਂ ਨੂੰ ਫੋਨ ਕਰ ਕੇ 10 ਲੱਖ ਰੁਪਏ ਦੀ ਫਿਰੌਤੀ ਮੰਗੀ ਸੀ ਅਤੇ 4 ਲੱਖ ਰੁਪਏ ਲੈਣ 'ਚ ਕਾਮਯਾਬ ਵੀ ਹੋ ਗਏ ਸਨ। ਫਿਰੌਤੀ ਲੈਣ ਮਗਰੋਂ ਅਗਵਾਕਾਰਾਂ ਨੇ 5 ਜਨਵਰੀ, 2011 ਨੂੰ ਖੁਸ਼ੀ ਦੀ ਹੱਤਿਆ ਕਰ ਕੇ ਉਸ ਦੀ ਲਾਸ਼ ਬੋਰੇ 'ਚ ਪਾ ਕੇ ਮੁਹਾਲੀ ਸੁੱਟ ਦਿੱਤੀ ਸੀ। ਲਾਸ਼ ਮਿਲਣ ਮਗਰੋਂ ਬੁੜੈਲ 'ਚ ਦੰਗਾ ਭੜਕ ਗਿਆ ਸੀ ਅਤੇ ਰੋਹ ਵਿਚ ਆਏ ਲੋਕਾਂ ਨੇ ਪੁਲਿਸ ਦੀਆਂ ਗੱਡੀਆਂ ਫੂਕਦਿਆਂ ਉਨ੍ਹਾਂ 'ਤੇ ਪਥਰਾਅ ਕਰ ਦਿੱਤਾ ਸੀ। ਉਸ ਵੇਲੇ 2 ਪੁਲਿਸ ਅਧਿਕਾਰੀਆਂ 'ਤੇ ਇਸ ਮਾਮਲੇ ਪ੍ਰਤੀ ਢਿੱਲ ਵਰਤਣ ਦੀ ਗਾਜ ਡਿੱਗੀ ਸੀ। ਬਾਅਦ 'ਚ ਪੁਲਿਸ ਨੇ ਖੁਲਾਸਾ ਕੀਤਾ ਸੀ ਕਿ ਖੁਸ਼ੀ ਦੇ ਗੁਆਂਢ 'ਚ ਹੀ ਰਹਿੰਦਾ ਸੁਖਦੇਵ ਸਿੰਘ, ਉਸ ਦਾ ਭਰਾ ਗੁਰਮਿੰਦਰ ਅਤੇ ਉਨ੍ਹਾਂ ਦੇ ਨੌਕਰ ਨੰਦ ਕਿਸ਼ੋਰ ਨੇ ਖੁਸ਼ੀ ਦੀ ਹੱਤਿਆ ਕੀਤੀ ਸੀ।



# ਦਲ-ਬਦਲੂਆਂ ਨੇ ਐਤਕੀਂ ਛਿੱਕੇ 'ਤੇ ਟੰਗ ਛੱਡੇ ਸਾਰੇ ਅਸੂਲ

**ਚੰਡੀਗੜ੍ਹ:** ਪਿਛਲੇ ਕੁਝ ਸਮੇਂ ਦੌਰਾਨ ਪੰਜਾਬ ਦੀ ਸਿਆਸਤ ਵਿਚ ਹੋਈਆਂ ਦਲਬਦਲੀਆਂ ਨੇ ਸਿੱਧ ਕਰ ਦਿੱਤਾ ਹੈ ਸਿਆਸਤ ਵਿਚ ਸਭ ਕੁਝ ਜਾਇਜ਼ ਹੈ ਤੇ ਟਿਕਟ ਹਾਸਲ ਕਰਨ ਜਾਂ ਦੂਜੀ ਧਿਰ ਦੀ ਪਿੱਠ ਲਵਾਉਣ ਲਈ ਅਸੂਲਪ੍ਰਸਤੀ ਦੀ ਦੀ ਬਲੀ ਦੇਣ ਵਿਚ ਝਿਜਕ ਨਹੀਂ ਕੀਤੀ ਜਾਂਦੀ। ਇਸ ਪ੍ਰਸੰਗ ਵਿਚ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ) ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਪਹਿਲਾਂ ਕਾਂਗਰਸ ਨਾਲ ਚੋਣ ਗੱਠਜੋੜ ਕਰਕੇ ਬਠਿੰਡਾ ਲੋਕ ਸਭਾ ਹਲਕੇ ਵਿਚ ਆਪਣੀ ਭਰਜਾਈ ਹਰਸਿਮਰਤ ਕੌਰ ਬਾਦਲ ਵਿਰੁੱਧ ਕਾਂਗਰਸ-ਪੀ.ਪੀ.ਪੀ ਗੱਠਜੋੜ ਦੇ ਉਮੀਦਵਾਰ ਵਜੋਂ ਚੋਣ ਲੜਨ ਦਾ ਫੈਸਲਾ ਲੈਣਾ ਤੇ ਬਾਅਦ ਵਿਚ ਆਪਣੀ ਪਤੰਗ ਨੂੰ ਵੀ ਛੱਡ ਕੇ ਕਾਂਗਰਸ ਦੇ ਪੰਜੇ ਨੂੰ ਅਪਣਾਉਣ ਦਾ ਮਾਮਲਾ ਦਿਲਚਸਪ ਹੈ।

ਹਾਸਲ ਜਾਣਕਾਰ ਹਲਕਿਆਂ ਮੁਤਾਬਕ ਮਨਪ੍ਰੀਤ ਨੇ ਆਪਣੇ ਤਾਏ ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼ਰੀਕ-ਭਰਾ ਸੁਖਬੀਰ ਸਿੰਘ ਬਾਦਲ ਦੀ ਇਸ ਵਕਾਰੀ ਹਲਕੇ ਵਿਚ ਪਿੱਠ ਲਾਉਣ ਲਈ ਹੀ ਸਾਰਾ ਕੁਝ ਦਾਅ 'ਤੇ ਲਾਇਆ ਹੈ। ਦੂਜੇ ਪਾਸੇ ਪਿਛਲੇ ਸਮੇਂ ਤੋਂ ਵੱਖ-ਵੱਖ ਪੱਧਰ ਦੀਆਂ ਹਾਰਾਂ ਦਾ ਮੂੰਹ ਦੇਖਣ ਵਾਲੀ ਕਾਂਗਰਸ ਵੀ ਬਠਿੰਡਾ ਵਿਖੇ ਬਾਦਲ ਪਰਿਵਾਰ ਦੀ ਨੂੰਹ ਨੂੰ ਹਰਾ ਕੇ ਅਕਾਲੀ-ਭਾਜਪਾ ਸਰਕਾਰ ਨੂੰ ਝਟਕਾ ਦੇਣ ਲਈ ਹਰ ਹਰਬਾ ਵਰਤਣ ਲਈ ਤਿਆਰ ਬੈਠੀ ਸੀ। ਮਨਪ੍ਰੀਤ ਤੇ ਕਾਂਗਰਸ ਨੇ ਇਸੇ ਸਾਂਝੇ ਟੀਚੇ ਦੀ ਖ਼ਾਤਰ ਸਾਰੇ ਅਸੂਲਾਂ ਨੂੰ ਕਿੱਲੀ 'ਤੇ ਟੰਗ ਕੇ ਫੈਸਲਾ ਲਿਆ ਹੈ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਛੋਟੇ ਭਰਾ ਰਾਜਾ ਮਾਲਵਿੰਦਰ ਸਿੰਘ ਨੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਉਨ੍ਹਾਂ ਦੀ ਥਾਂ ਭਤੀਜੇ ਰਣਇੰਦਰ ਸਿੰਘ ਨੂੰ ਟਿਕਟ ਦੇਣ ਕਾਰਨ ਕਾਂਗਰਸ ਦਾ ਪੱਲਾ ਛੱਡ ਕੇ ਉਦੋਂ ਅਕਾਲੀ ਦਲ ਦਾ ਸਿਰੋਪਾਓ ਕਬੂਲਣ ਦਾ ਫੈਸਲਾ ਲਿਆ ਸੀ। ਹੁਣ ਜਦੋਂ ਅਕਾਲੀ ਦਲ ਨੇ ਰਾਜੇ ਨੂੰ ਉਨ੍ਹਾਂ ਦੀ ਭਰਜਾਈ ਪਰਨੀਤ ਕੌਰ ਵਿਰੁੱਧ ਪਟਿਆਲਾ ਲੋਕ ਸਭਾ ਹਲਕੇ ਤੋਂ ਟਿਕਟ ਨਹੀਂ ਦਿੱਤੀ ਤਾਂ ਉਨ੍ਹਾਂ ਨੇ ਮੁੜ ਆਪਣੇ ਵੱਡੇ ਭਰਾ ਕੈਪਟਨ ਦੀ ਜਾ ਸ਼ਰਨ ਲਈ ਹੈ।



2009 ਵਿਚ ਕਾਂਗਰਸ ਦੀ 'ਅੱਖ ਦੇ ਤਾਰੇ' ਮੰਨੇ ਜਾਂਦੇ ਸੁਖਦੇਵ ਸਿੰਘ ਲਿਬੜਾ ਨੂੰ ਜਦੋਂ ਮੌਜੂਦਾ ਚੋਣਾਂ ਵਿਚ ਇਸ ਪਾਰਟੀ ਨੇ ਟਿਕਟ ਨਹੀਂ ਦਿੱਤੀ ਤਾਂ ਉਨ੍ਹਾਂ ਨੇ ਅਕਾਲੀ ਦਲ ਵਿਚ ਪਰਤਣ ਤੋਂ ਭੋਰਾ ਭਰ ਵੀ ਸੰਕੋਚ ਨਹੀਂ ਕੀਤਾ। ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਦਾ ਕੇਸ ਤਾਂ ਸਚਮੁੱਚ ਹੀ ਨਿਵੇਕਲਾ ਹੈ। ਉਹ ਅਕਾਲੀ ਦਲ ਤੇ ਪੀ.ਪੀ.ਪੀ ਦਾ ਸਫ਼ਰ ਤੈਅ ਕਰਨ ਤੋਂ ਬਾਅਦ ਕਾਂਗਰਸ ਵਿਚ ਘਰ ਵਾਪਸੀ ਕਰਕੇ ਮੁੜ ਇਸੇ ਪਾਰਟੀ ਦੇ ਗੁਣ ਗਾ ਰਹੇ ਹਨ।

ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਵੀ ਸਿੱਧੇ ਤੌਰ 'ਤੇ ਚੋਣਾਂ ਵਿਚ ਕਾਂਗਰਸ ਦੀ ਹਮਾਇਤ ਕਰਨ ਦਾ ਐਲਾਨ ਕਰਕੇ ਸਿੱਧ ਕਰ ਦਿੱਤਾ ਹੈ ਕਿ ਸਿਆਸਤ ਹੁਣ ਕਿਸੇ ਵੀ ਕਰਵਟ ਬੈਠ ਸਕਦੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਅਕਸਰ ਅੰਗ-ਸੰਗ ਦੇਖੇ ਜਾਂਦੇ ਤਲਵੰਡੀ ਸਾਬੋ ਦੇ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਨੇ ਵੀ ਅਕਾਲੀ ਦਲ ਵਿਚ ਸ਼ਾਮਲ ਹੋ ਕੇ ਸਿੱਧ ਕਰ ਦਿੱਤਾ ਹੈ ਕਿ ਸਿਆਸੀ ਅਸੂਲ ਕਿਸੇ ਵੇਲੇ ਵੀ ਕੂਹਣੀ ਮੋੜ ਲੈ ਸਕਦੇ ਹਨ।

ਮੋਗਾ ਦੇ ਵਿਧਾਇਕ ਜੋਗਿੰਦਰਪਾਲ ਜੈਨ, ਕਾਂਗਰਸ ਦੇ ਸਾਬਕਾ ਵਿਧਾਇਕ ਮਲਕੀਅਤ ਸਿੰਘ ਬੀਰਮੀ ਤੇ ਈਸ਼ਰ ਸਿੰਘ ਮਿਹਰਬਾਨ ਦੇ ਵੀ ਅਕਾਲੀ ਦਲ ਵਿਚ ਸ਼ਾਮਲ ਹੋਣ ਪਿੱਛੇ ਇਹੋ ਸਪਸ਼ਟ ਸੰਕੇਤ ਮਿਲੇ ਹਨ। ਅਕਾਲੀ ਦਲ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋਏ ਰਾਜਬੀਰ ਸਿੰਘ ਪੜ੍ਹਿਆਲਾ ਨੇ ਵੀ ਹੁਣ ਚੋਣਾਂ ਮੌਕੇ ਮੁੜ ਅਕਾਲੀ ਦਲ ਵਿਚ ਵਾਪਸੀ ਕਰਕੇ ਇਸੇ ਗਾਥਾ ਨੂੰ ਅੱਗੇ ਵਧਾਇਆ ਹੈ। ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਅਵਤਾਰ ਸਿੰਘ ਬਰਾੜ ਦੇ ਅਕਾਲੀ ਦਲ ਵਿਚ ਸ਼ਾਮਲ ਹੋਣ ਨਾਲ ਪਹਿਲਾਂ ਹੀ ਰਾਜ ਵਿਚ ਇਹ ਚਰਚਾ ਛਿੜ ਚੁੱਕੀ ਹੈ ਕਿ ਸਿਆਸਤ ਵਿਚ ਸ਼ਾਇਦ ਕੋਈ ਵੀ ਕਿਸੇ ਇਕ ਪਾਰਟੀ ਨਾਲ ਪੱਕਾ ਬੱਝਿਆ ਨਹੀਂ ਹੈ। ਸ਼ਾਇਦ ਸਿਆਸੀ ਆਗੂਆਂ ਦੀਆਂ ਦਲਬਦਲੀਆਂ ਨੂੰ ਦੇਖ ਕੇ ਹੀ ਹੁਣ ਪਾਰਟੀਆਂ ਦੇ ਰਵਾਇਤੀ ਵੋਟਰ ਵੀ ਪੱਕੇ ਨਾਤੇ ਲਾਉਣ ਤੋਂ ਮੂੰਹ ਮੋੜ ਰਹੇ ਹਨ। ਇਹੋ ਕਾਰਨ ਹੈ ਕਿ ਹੁਣ ਪੰਜਾਬ ਦੇ ਸ਼ਹਿਰ ਤੋਂ ਬਾਅਦ ਪਿੰਡਾਂ ਵਿਚ ਵੀ ਆਮ ਆਦਮੀ ਪਾਰਟੀ (ਆਪ) ਦੇ ਯੂਨਿਟ ਬਣਨ ਲੱਗ ਪਏ ਹਨ। ਇਸ ਰੁਝਾਨ ਨੂੰ ਰਵਾਇਤੀ ਸਿਆਸੀ ਪਾਰਟੀਆਂ ਵਿਰੁੱਧ ਬਗਾਵਤ ਮੰਨਿਆ ਜਾ ਰਿਹਾ ਹੈ।

# ਅਮੀਰ ਮਹਿਲਾ ਉਮੀਦਵਾਰਾਂ 'ਚ ਹਰਸਿਮਰਤ ਦਾ ਦੂਜਾ ਸਥਾਨ

**ਬਠਿੰਡਾ:** ਬਾਦਲ ਪਰਿਵਾਰ ਦੀ ਨੂੰਹ ਤੇ ਬਠਿੰਡਾ ਹਲਕੇ ਤੋਂ ਅਕਾਲੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੇ ਦੇਸ਼ ਦੀ ਸਭ ਤੋਂ ਅਮੀਰ ਮਹਿਲਾ ਉਮੀਦਵਾਰ ਸ਼ਰੁਤੀ ਚੌਧਰੀ ਨੂੰ ਟੱਕਰ ਦੇ ਦਿੱਤੀ ਹੈ। ਹੁਣ ਤੱਕ ਦੇਸ਼ ਭਰ ਵਿਚ 123 ਮਹਿਲਾ ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਹਨ ਜਿਨ੍ਹਾਂ ਵਿਚੋਂ ਸਭ ਤੋਂ ਅਮੀਰ ਮਹਿਲਾ ਉਮੀਦਵਾਰ ਭਿਵਾਨੀ ਮਹੇਂਦਰਗੜ੍ਹ ਤੋਂ ਚੋਣ ਲੜ ਰਹੀ ਕਾਂਗਰਸੀ ਉਮੀਦਵਾਰ ਸ਼ਰੁਤੀ ਚੌਧਰੀ ਹੈ ਜਿਸ ਕੋਲ 108.31 ਕਰੋੜ ਰੁਪਏ ਦੀ ਜਾਇਦਾਦ ਹੈ। ਹਰਸਿਮਰਤ ਕੌਰ ਬਾਦਲ ਕੋਲ 108.16 ਕਰੋੜ ਰੁਪਏ ਦੀ ਚੱਲ-ਅਚੱਲ ਸੰਪਤੀ ਹੈ ਜੋ ਸ਼ਰੁਤੀ ਚੌਧਰੀ ਤੋਂ ਸਿਰਫ਼ 15 ਲੱਖ ਰੁਪਏ ਘੱਟ ਹੈ।

15ਵੀਂ ਲੋਕ ਸਭਾ ਵਿਚ 57 ਮਹਿਲਾ ਸੰਸਦ ਮੈਂਬਰ ਸਨ ਜਿਨ੍ਹਾਂ ਵਿਚੋਂ ਸਭ ਤੋਂ ਅਮੀਰ ਮਹਿਲਾ ਸੰਸਦ ਮੈਂਬਰ ਉੱਤਰ ਪ੍ਰਦੇਸ਼ ਦੇ ਪ੍ਰਤਾਪਗੜ੍ਹ ਹਲਕੇ ਤੋਂ ਰਾਜਕੁਮਾਰੀ ਰਤਨਾ ਸਿੰਘ ਸੀ, ਜਿਸ ਕੋਲ 67.82 ਕਰੋੜ ਰੁਪਏ ਦੀ ਸੰਪਤੀ ਸੀ। ਉਸ ਸਮੇਂ ਵੀ ਹਰਸਿਮਰਤ ਕੌਰ ਬਾਦਲ 60.31 ਕਰੋੜ ਰੁਪਏ ਦੀ ਜਾਇਦਾਦ ਦੇ ਨਾਲ ਦੂਜੇ ਨੰਬਰ 'ਤੇ ਰਹੇ ਸਨ। 16ਵੀਂ ਲੋਕ ਸਭਾ ਚੋਣਾਂ ਦੇ ਮੈਦਾਨ ਵਿਚ ਕੁੱਦੀ ਮੀਰਾ ਕੁਮਾਰ ਕੋਲ 38.47 ਕਰੋੜ ਰੁਪਏ ਦੀ ਸੰਪਤੀ ਹੈ। ਨਾਮਜ਼ਦਗੀ ਕਾਗਜ਼ ਦਾਖ਼ਲ ਕਰਨ ਸਮੇਂ ਹਰਸਿਮਰਤ ਕੌਰ ਬਾਦਲ ਵੱਲੋਂ ਸੰਪਤੀ ਦੇ ਦਿੱਤੇ ਵੇਰਵਿਆਂ ਮੁਤਾਬਕ ਉਨ੍ਹਾਂ ਕੋਲ ਲੰਘੇ ਪੰਜ ਵਰ੍ਹਿਆਂ ਵਿਚ ਸੰਪਤੀ ਕਾਫ਼ੀ ਵਧ ਗਈ ਹੈ। ਉਨ੍ਹਾਂ ਦੇ ਪਤੀ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕੋਲ ਇਸ ਵੇਲੇ 96.13 ਕਰੋੜ ਰੁਪਏ ਦੀ ਸੰਪਤੀ ਹੈ ਜੋ ਸਾਲ 2009 ਵਿਚ 57.27 ਕਰੋੜ ਰੁਪਏ ਦੀ ਸੀ।

ਹਰਸਿਮਰਤ ਕੌਰ ਬਾਦਲ ਕੋਲ ਸਾਲ 2009 ਵਿਚ 1.94 ਕਰੋੜ ਰੁਪਏ ਦਾ 14.93 ਕਿਲੋ ਸੋਨਾ ਤੇ ਚਾਂਦੀ ਸਮੇਤ ਸਟੋਨ ਆਦਿ ਸੀ ਅਤੇ ਹੁਣ ਹਰਸਿਮਰਤ ਕੌਰ ਕੋਲ 5.40 ਕਰੋੜ ਰੁਪਏ ਦੇ ਗਹਿਣੇ ਹਨ। ਹਰਸਿਮਰਤ ਕੌਰ ਦੇ ਪਰਿਵਾਰ ਕੋਲ ਦੋ ਮੈਸੀ ਟਰੈਕਟਰ ਹਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕੋਲ 61.44 ਕਰੋੜ ਰੁਪਏ ਦੀ ਵਪਾਰਕ ਸੰਪਤੀ, 9.50 ਕਰੋੜ ਰੁਪਏ ਦੀ ਗੈਰ ਜ਼ਰਾਇਤੀ ਸੰਪਤੀ ਤੇ 4.03 ਕਰੋੜ ਰੁਪਏ ਦੀ ਖੇਤੀ ਵਾਲੀ ਜ਼ਮੀਨ ਹੈ। ਇਸ ਪਰਿਵਾਰ ਕੋਲ ਲੁਧਿਆਣਾ, ਜਲੰਧਰ, ਚੰਡੀਗੜ੍ਹ, ਹਰਿਆਣਾ ਤੇ ਰਾਜਸਥਾਨ ਵਿਚ ਵੀ ਸੰਪਤੀ ਹੈ।

# ਮੁੱਖ ਪਾਰਟੀਆਂ ਵੱਲੋਂ ਦੱਬ ਕੇ ਹਵਾਈ ਚੋਣ ਪ੍ਰਚਾਰ

**ਚੰਡੀਗੜ੍ਹ:** ਲੋਕ ਸਭਾ ਚੋਣ ਪ੍ਰਚਾਰ ਲਈ ਸਰਗਰਮ ਹੋਏ ਵੱਡੇ ਸਿਆਸੀ ਆਗੂਆਂ ਦਾ ਇਕ ਪੈਰ ਹੁਣ ਹੈਲੀਕਾਪਟਰਾਂ ਵਿਚ ਰਹਿੰਦਾ ਹੈ। ਇਨ੍ਹੀਂ ਦਿਨੀਂ ਪੰਜਾਬ ਵਿਚ ਕਾਂਗਰਸ ਤੇ ਅਕਾਲੀ ਦਲ ਦੇ ਆਗੂ ਹੈਲੀਕਾਪਟਰਾਂ ਦੀ ਖੁੱਲ੍ਹ ਕੇ ਵਰਤੋਂ ਕਰਦੇ ਨਜ਼ਰ ਆ ਰਹੇ ਹਨ।

ਪਤਾ ਲੱਗਿਆ ਹੈ ਕਿ ਕੁੱਲ ਹਿੰਦ ਕਾਂਗਰਸ ਕਮੇਟੀ ਨੇ ਦੇਸ਼ ਭਰ ਵਿਚ ਚੋਣ ਪ੍ਰਚਾਰ ਲਈ ਆਪਣੇ ਪ੍ਰਮੁੱਖ ਆਗੂਆਂ ਵਾਸਤੇ ਤਕਰੀਬਨ ਤਿੰਨ ਦਰਜਨ ਹੈਲੀਕਾਪਟਰ ਹਾਸਲ ਕੀਤੇ ਹਨ। ਇਨ੍ਹਾਂ ਵਿਚੋਂ ਦੋ ਹੈਲੀਕਾਪਟਰ ਪੰਜਾਬ ਕਾਂਗਰਸ ਦੇ ਸਟਾਰ ਪ੍ਰਚਾਰਕਾਂ ਲਈ ਦਿੱਤੇ ਗਏ ਹਨ। ਇਨ੍ਹਾਂ ਆਗੂਆਂ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ, ਜੋ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਚੋਣ ਲੜ ਰਹੇ ਹਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੋ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਚੋਣ ਲੜ ਰਹੇ ਹਨ। ਇਸ ਤੋਂ ਇਲਾਵਾ ਸੀਨੀਅਰ ਆਗੂ ਰਾਜਿੰਦਰ ਕੌਰ ਭੱਠਲ ਵੀ ਇਨ੍ਹਾਂ ਵਿਚ ਸ਼ਾਮਲ ਹਨ।

ਪੰਜਾਬ ਵਿਚ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਵੀ ਦੋ ਹੈਲੀਕਾਪਟਰ ਲਏ ਹਨ। ਇਨ੍ਹਾਂ ਵਿਚੋਂ ਇਕ ਪਾਰਟੀ ਨੇ ਭਾੜੇ 'ਤੇ ਲਿਆ ਤੇ



ਦੂਜਾ ਹੈਲੀਕਾਪਟਰ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਕੰਪਨੀ ਆਰਬਿਟ ਏਵੀਏਸ਼ਨ ਦਾ ਹੈ। ਪਾਰਟੀ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਦੋਵੇਂ ਹੈਲੀਕਾਪਟਰਾਂ ਦੀ ਕਾਫੀ ਵਰਤੋਂ ਕੀਤੀ ਜਾਂਦੀ ਹੈ ਜਦਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਈ ਵਾਰ ਗੱਡੀਆਂ ਦੇ ਕਾਫਲੇ ਵਿਚ ਹੀ ਸਫ਼ਰ ਕਰਦੇ ਹਨ।

ਸੁਖਬੀਰ ਬਾਦਲ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਹੁਣ ਤੱਕ ਚੋਣ ਪ੍ਰਚਾਰ ਲਈ ਤਕਰੀਬਨ 14 ਵਾਰ ਹੈਲੀਕਾਪਟਰ ਦੀ ਵਰਤੋਂ ਕਰ ਚੁੱਕੇ ਹਨ। ਉਂਜ ਪੰਜਾਬ ਸਰਕਾਰ ਦਾ ਬੈੱਲ-429 ਹੈਲੀਕਾਪਟਰ ਚੰਡੀਗੜ੍ਹ ਵਿਚ ਹੀ ਖੜ੍ਹਾ ਕੀਤਾ ਹੋਇਆ ਹੈ ਕਿਉਂਕਿ ਚੋਣ ਜ਼ਾਬਤੇ ਕਾਰਨ ਕੋਈ ਵੀ ਸਿਆਸੀ ਪਾਰਟੀ ਆਪਣੇ ਚੋਣ ਪ੍ਰਚਾਰ ਲਈ ਸਰਕਾਰੀ ਮਸ਼ੀਨਰੀ ਦੀ ਵਰਤੋਂ ਨਹੀਂ ਕਰ ਸਕਦੀ।

ਸੂਤਰਾਂ ਦਾ ਦੱਸਣਾ ਹੈ ਕਿ ਮੁੱਖ ਮੰਤਰੀ ਸ. ਬਾਦਲ ਹੈਲੀਕਾਪਟਰ ਦੀ ਘੱਟ ਵਰਤੋਂ ਕਰਨ ਦਾ ਇਕ ਕਾਰਨ ਇਹ ਵੀ ਹੈ ਕਿਉਂਕਿ ਪਾਰਟੀ ਆਗੂ ਖਾਸ ਕਰਕੇ ਚੋਣਾਂ ਦੇ ਦਿਨਾਂ ਵਿਚ ਆਪਣੀ ਆਮ ਆਦਮੀ ਵਾਲੀ ਦਿਖ ਬਣਾਉਣਾ ਚਾਹੁੰਦੇ ਹਨ। ਇਸ ਤੋਂ ਇਲਾਵਾ ਸ. ਬਾਦਲ ਗੱਡੀ ਰਾਹੀਂ ਸਵੇਰੇ ਜਲਦੀ ਨਿਕਲ ਜਾਂਦੇ ਹਨ ਜਦਕਿ ਹਵਾਈ ਸਫ਼ਰ ਲਈ ਕਈ ਵਾਰ ਜ਼ਰੂਰੀ ਮਨਜ਼ੂਰੀਆਂ ਲੈਣ ਵਿਚ ਕਾਫੀ ਸਮਾਂ ਲੱਗ ਜਾਂਦਾ ਹੈ। ਪੰਜਾਬ ਕਾਂਗਰਸ ਦੇ ਸੂਤਰਾਂ ਮੁਤਾਬਕ ਕੁੱਲ ਹਿੰਦ ਕਾਂਗਰਸ ਕਮੇਟੀ ਵੱਲੋਂ ਸੂਬੇ ਵਿਚ ਪਾਰਟੀ ਦੇ ਸਟਾਰ ਪ੍ਰਚਾਰਕਾਂ ਲਈ ਦੋ ਗਲੋਬਲ ਵੈਕਟਰਾ ਬੀ-103 ਹੈਲੀਕਾਪਟਰ ਮੁਹੱਈਆ ਕਰਵਾਏ ਹਨ।

# ਸੈਂਪਲਾ 'ਤੇ ਪਰਵਾਸੀ ਭਾਰਤੀ ਦੀ ਕੋਠੀ ਦੱਬਣ ਦਾ ਇਲਜ਼ਾਮ

**ਜਲੰਧਰ:** ਹੁਸ਼ਿਆਰਪੁਰ ਤੋਂ ਅਕਾਲੀ-ਭਾਜਪਾ ਉਮੀਦਵਾਰ ਵਿਜੇ ਸੈਂਪਲਾ ਵੱਲੋਂ ਇਥੇ ਇਕ ਪਰਵਾਸੀ ਪੰਜਾਬੀ ਦੀ ਕੋਠੀ ਉਪਰ ਨਾਜਾਇਜ਼ ਕਬਜ਼ਾ ਕਰਨ ਦਾ ਮਾਮਲਾ ਮੁੜ ਗਰਮਾ ਗਿਆ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਵਿਜੇ ਸੈਂਪਲਾ ਨੇ ਹੁਸ਼ਿਆਰਪੁਰ ਵਿਖੇ ਕਾਗਜ਼ ਦਾਖ਼ਲ ਕਰਨ ਲੱਗਿਆਂ ਦਿੱਤੇ ਹਲਫ਼ੀਆ ਬਿਆਨ ਵਿਚ ਇਸੇ ਵਿਵਾਦਤ ਕੋਠੀ ਨੂੰ ਆਪਣੀ ਰਿਹਾਇਸ਼ ਦੱਸਿਆ ਹੈ।

ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਵੱਲੋਂ ਸੱਦੀ ਪ੍ਰੈੱਸ ਕਾਨਫਰੰਸ ਵਿਚ ਮਾਹੌਲ ਉਦੋਂ ਗਰਮਾ ਗਿਆ ਜਦੋਂ ਵੀਡੀਓ ਕਾਨਫਰੰਸ 'ਤੇ ਮੁਖਤਿਆਰ ਬਖ਼ਸ਼ੀ ਰਾਮ ਨੇ ਦੱਸਿਆ ਕਿ ਕੋਠੀ ਦਾ ਅਸਲ ਮਾਲਕ ਵਿਜੇ ਕੁਮਾਰ ਟਾਂਡਾ 1987 ਵਿਚ ਆਪਣੇ ਵਿਆਹ ਸਮੇਂ ਤੋਂ ਇੰਗਲੈਂਡ ਵਿਚ ਰਹਿ ਰਿਹਾ ਹੈ। ਘਰੇਲੂ ਕਾਰਨਾਂ ਕਰਕੇ ਵਿਜੇ ਕੁਮਾਰ ਟਾਂਡਾ ਤੇ ਉਸ ਦੀ ਪਤਨੀ ਹਰਜਿੰਦਰ ਕੌਰ ਵੱਖ-ਵੱਖ ਰਹਿ ਰਹੇ ਹਨ। ਇਹ ਪਰਵਾਸੀ ਪੰਜਾਬੀ ਜਦ ਇੰਗਲੈਂਡ ਗਿਆ ਹੋਇਆ ਸੀ ਤਾਂ ਉਸ ਦੀ ਪਤਨੀ ਹਰਜਿੰਦਰ ਕੌਰ ਨੇ ਭਾਜਪਾ ਆਗੂ ਵਿਜੇ ਸੈਂਪਲਾ ਤੇ ਹੋਰਾਂ ਨਾਲ ਸਾਜ਼ਿਸ਼ ਕਰਕੇ ਕੋਠੀ ਉਪਰ ਕਬਜ਼ਾ ਕਰ ਲਿਆ। ਅਦਾਲਤੀ ਹੁਕਮ ਦੀ ਉਲੰਘਣਾ ਕਰਕੇ ਕਬਜ਼ਾ ਕਰਨ ਵਿਰੁੱਧ ਅਦਾਲਤੀ ਮਾਣਹਾਨੀ ਦਾ ਕੇਸ ਵੀ ਅਦਾਲਤ ਵਿਚ ਦਾਇਰ ਕੀਤਾ ਗਿਆ।

ਕਾਂਗਰਸ ਆਗੂ ਸੁਖਪਾਲ ਸਿੰਘ ਖਹਿਰਾ ਨੇ ਦੋਸ਼ ਲਾਇਆ ਕਿ ਲੋਕ ਸਭਾ ਵਿਚ ਜਾਣ ਵਾਲਾ ਵਿਅਕਤੀ ਜੇਕਰ ਪਰਵਾਸੀ ਪੰਜਾਬੀਆਂ ਦੇ ਮਕਾਨਾਂ ਉਪਰ ਨਾਜਾਇਜ਼ ਕਬਜ਼ੇ ਕਰਦਾ ਹੈ ਤਾਂ ਫਿਰ ਉਹ ਪਾਰਲੀਮੈਂਟ ਵਿਚ ਜਾ ਕੇ ਲੋਕਾਂ ਨੂੰ ਕੀ ਇਨਸਾਫ਼ ਦੇਵੇਗਾ। ਇਸ ਮਾਮਲੇ ਬਾਰੇ ਸਫ਼ਾਈ ਦਿੰਦੇ ਹੋਏ ਵਿਜੇ ਸੈਂਪਲਾ ਨੇ ਕਿਹਾ ਕਿ ਵਿਵਾਦਤ ਮਕਾਨ ਉਪਰ ਕਬਜ਼ੇ ਦਾ ਉਸ ਦਾ ਕੋਈ ਮਨਸ਼ਾ ਨਹੀਂ। ਉਸ ਨੂੰ ਸਾਲ ਪਹਿਲਾਂ ਹਰਜਿੰਦਰ ਕੌਰ ਨੇ ਕੇਅਰ ਟੇਕਰ ਵਜੋਂ ਮਕਾਨ ਸੰਭਾਲਿਆ ਸੀ।

# ਡੇਰਿਆਂ ਦੀਆਂ ਚੌਕੀਆਂ ਭਰਨ ਲੱਗੇ ਸਿਆਸੀ ਆਗੂ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਵਿਚ ਗਿਣਵੇਂ ਦਿਨ ਰਹਿਣ ਕਾਰਨ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਡੇਰਾ ਮੁਖੀਆਂ ਦੇ ਦਰਾਂ 'ਤੇ ਢੁੱਕਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਵਿਚ ਡੇਰਿਆਂ ਦਾ ਜਾਲ ਵਿਛਿਆ ਹੋਇਆ ਹੈ ਤੇ ਸੂਬੇ ਦੀਆਂ ਪ੍ਰਮੁੱਖ ਸਿਆਸੀ ਧਿਰਾਂ ਕਾਂਗਰਸ ਤੇ ਅਕਾਲੀ ਦਲ ਇਸ ਗੱਲ ਤੋਂ ਭਲੀਭਾਂਤ ਜਾਣੂ ਹਨ ਕਿ ਡੇਰਾ ਮੁਖੀ ਦਾ ਇਕ ਇਸ਼ਾਰਾ ਕਿਸੇ ਧਿਰ ਨੂੰ ਅਰਸ਼ੋਂ ਫਰਸ਼ ਲਿਆਉਣ ਦੀ ਤਾਕਤ ਰੱਖਦਾ ਹੈ।

ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਪਿਛਲੇ ਕੁਝ ਦਿਨਾਂ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਕਾਂਗਰਸ ਦੇ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਨੇ ਡੇਰਾ ਮੁਖੀਆਂ ਦੇ ਦਰ ਜਾ ਮੱਥੇ ਟੇਕੇ ਹਨ। ਸੂਬੇ ਵਿਚ ਛੋਟੇ ਮੋਟੇ ਡੇਰਿਆਂ ਦੀ ਗਿਣਤੀ ਤਾਂ ਭਾਵੇਂ ਬਹੁਤ ਜ਼ਿਆਦਾ ਹੈ ਪਰ ਕੁਝ ਕੁ ਡੇਰੇ ਜਿਨ੍ਹਾਂ ਵਿਚ ਡੇਰਾ ਰਾਧਾ ਸੁਆਮੀ ਸਤਸੰਗ ਬਿਆਸ, ਡੇਰਾ ਸਿਰਸਾ, ਡੇਰਾ ਨੂਰ ਮਹਿਲ, ਡੇਰਾ ਸੱਚਖੰਡ ਬੱਲਾਂ ਵੱਡੇ ਡੇਰੇ ਹਨ ਜੋ ਰਾਜਸੀ ਪਿੜ ਵਿਚ ਵੱਡਾ ਰਸੂਖ਼ ਰੱਖਦੇ ਹਨ।

ਸੂਬੇ ਵਿਚਲੇ ਕੁਝ ਡੇਰਿਆਂ ਦਾ ਸਿੱਖਾਂ ਨਾਲ ਟਕਰਾਅ ਵੀ ਰਿਹਾ ਹੈ। ਫਿਰ ਵੀ ਡੇਰਾਵਾਦ ਨੂੰ ਇਸ ਦਾ ਕੋਈ ਅਸਰ ਨਹੀਂ ਹੋਇਆ। ਸਾਲ 1978 ਵਿਚ ਨਿਰੰਕਾਰੀਆਂ ਤੇ ਸਿੱਖਾਂ ਦਰਮਿਆਨ ਨਫ਼ਰਤ ਦੇ ਜੋ ਬੀਜ ਬੀਜੇ ਗਏ ਸਨ ਜਿਸ ਦਾ ਸੰਤਾਪ ਲੰਮਾ ਸਮਾਂ ਪੰਜਾਬੀਆਂ ਨੂੰ ਝੱਲਣਾ ਪਿਆ। ਪੰਜਾਬ ਹੀ ਨਹੀਂ ਸਮੁੱਚੇ ਦੇਸ਼ ਵਿਚ ਲੋਕ ਸਭਾ ਚੋਣਾਂ ਦਾ ਮਾਹੌਲ ਗਰਮ ਹੋਣ ਕਾਰਨ ਡੇਰਿਆਂ ਦੀ ਭੂਮਿਕਾ ਦੀ ਚਰਚਾ ਹੋਣੀ ਵੀ ਸੁਭਾਵਿਕ ਹੈ।

ਵੋਟਾਂ ਬਟੋਰਨ ਲਈ ਸਿਆਸੀ ਆਗੂਆਂ ਨੇ ਵੀ ਫਸਲੀ ਬਟੇਰਿਆਂ ਵਾਂਗ ਡੇਰਿਆਂ ਦੀ ਅਹਿਮੀਅਤ ਦਾ ਗੁਣਗਾਨ ਕਰਨਾ ਸ਼ੁਰੂ ਕਰ ਦਿੱਤਾ ਹੈ। ਮਾਲਵਾ ਖੇਤਰ ਵਿਚ ਡੇਰਾ ਸਿਰਸਾ ਖ਼ਾਸ ਮਹੱਤਵ ਰੱਖਦਾ ਹੈ। ਇਸ ਦਾ ਸਪਸ਼ਟ ਕਾਰਨ ਇਹ ਹੈ ਕਿ ਇਸ ਡੇਰਾ ਦੇ ਸ਼ਰਧਾਲੂਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਡੇਰੇ ਵੱਲੋਂ ਸਾਲ 2007 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਕ ਪਾਰਟੀ ਨੂੰ ਖੁੱਲ੍ਹੀ ਹਮਾਇਤ ਕਰਕੇ ਰਾਜਸੀ ਤਾਕਤ ਦਾ ਅਹਿਸਾਸ ਵੀ ਕਰਾਇਆ ਜਾ ਚੁੱਕਾ ਹੈ। ਉਸ ਤੋਂ ਬਾਅਦ ਹੋਈਆਂ ਚੋਣਾਂ ਦੌਰਾਨ ਇਹ ਡੇਰਾ ਬੇਸ਼ੱਕ ਰਾਜਸੀ ਤੌਰ 'ਤੇ ਉਸ ਤਰ੍ਹਾਂ ਦਾ ਜਲਵਾ ਨਹੀਂ ਦਿਖਾ ਸਕਿਆ ਜਿਸ ਤਰ੍ਹਾਂ ਦਾ 2007 ਦੀਆਂ ਚੋਣਾਂ ਦੌਰਾਨ ਮੰਨਿਆ ਜਾਂਦਾ ਸੀ ਪਰ ਇਕ ਪਾਰਟੀ ਦੀ ਖੁੱਲ੍ਹੀ ਹਮਾਇਤ ਕਰਨ ਕਾਰਨ ਡੇਰਾ ਮੁਖੀ ਤੇ ਸ਼ਰਧਾਲੂਆਂ ਨੂੰ ਤਾਕਤਵਰ ਸਿਆਸੀ ਧਿਰ ਦੇ ਰੋਹ ਦਾ ਸ਼ਿਕਾਰ ਹੋਣਾ ਪਿਆ।

ਹਰਿਆਣਾ ਦੇ ਸਿਰਸਾ ਵਿਚ ਸਥਿਤ ਇਸ ਡੇਰੇ ਦਾ ਸੂਬੇ ਦੀਆਂ ਚਾਰ ਕੁ ਲੋਕ ਸਭਾ ਸੀਟਾਂ 'ਤੇ ਪ੍ਰਭਾਵ ਮੰਨਿਆ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਕਈ ਫੈਸਲੇ ਇਸ ਡੇਰਿਆਂ ਨੂੰ ਖ਼ੁਸ਼ ਕਰਨ ਲਈ ਬੀਤੇ ਸਾਲਾਂ ਦੌਰਾਨ ਲਏ ਗਏ। ਇਨ੍ਹਾਂ ਫੈਸਲਿਆਂ ਵਿਚ ਡੇਰਾ ਰਾਧਾ ਸੁਆਮੀ ਵਿਚ ਵਰਤੀਆਂ ਜਾਣ ਵਾਲੀਆਂ ਵਸਤਾਂ ਤੋਂ ਟੈਕਸ ਹਟਾਉਣਾ ਸ਼ਾਮਲ ਹੈ। ਡੇਰਾ ਸੱਚ ਖੰਡ ਬੱਲਾਂ ਕੁਝ ਸਾਲ ਪਹਿਲਾਂ ਉਸ ਸਮੇਂ ਚਰਚਾ ਵਿਚ ਆਇਆ ਸੀ ਜਦੋਂ ਇਸ ਡੇਰੇ ਦੇ ਉਪ ਮੁਖੀ ਦੀ ਆਸਟਰੀਆ ਦੇ ਰਾਜਧਾਨੀ ਵੀਆਨਾ ਵਿਚ ਹੱਤਿਆ ਕਰ ਦਿੱਤੀ ਗਈ ਸੀ।

ਉਸ ਤੋਂ ਬਾਅਦ ਪੰਜਾਬ ਵਿਚ ਜਿਸ ਤਰ੍ਹਾਂ ਕਈ ਦਿਨਾਂ ਤੱਕ ਦੰਗੇ ਹੁੰਦੇ ਰਹੇ ਤੇ ਸਰਕਾਰੀਤੰਤਰ ਨਿਹੱਥਾ ਹੋ ਕੇ ਰਹਿ ਗਿਆ ਸੀ। ਉਸ ਤੋਂ ਬਾਅਦ ਇਸ ਡੇਰੇ ਦੀ ਮਹੱਤਤਾ ਆਂਕੀ ਗਈ। ਰਾਜਸੀ ਹਲਕਿਆਂ ਵਿਚ ਇਹ ਚਰਚਾ ਅਜੇ ਤੱਕ ਭਾਰੂ ਹੈ ਕਿ ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਸ ਡੇਰੇ ਨੇ ਸਿੱਧੇ ਤੇ ਅਸਿੱਧੇ ਤੌਰ 'ਤੇ ਸੂਬੇ ਦੀਆਂ ਹਾਕਮ ਧਿਰਾਂ ਨੂੰ ਦੁਆਬਾ ਖੇਤਰ ਵਿਚ ਜਿਤਾਉਣ ਲਈ ਵੱਡੀ ਭੂਮਿਕਾ ਨਿਭਾਈ ਹੈ।

ਆਗਾਮੀ ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਇਸ ਡੇਰੇ ਦੀ ਅਹਿਮੀਅਤ ਵੀ ਵਧ ਗਈ ਹੈ। ਇਹ ਡੇਰਾ ਦੋਆਬਾ ਵਿਚ ਸਥਿਤ ਹੈ। ਇਸ ਖਿੱਤੇ ਵਿਚ ਹੋਰ ਵੀ ਕਈ ਡੇਰੇ ਹਨ ਜੋ ਰਾਜਸੀ ਲੋਕਾਂ ਲਈ ਵੋਟਾਂ ਦਾ ਸਰੋਤ ਹਨ। ਨੂਰਮਹਿਲ ਦਾ ਡੇਰਾ ਵੀ ਪ੍ਰਮੁੱਖ ਹੈ। ਸਰਕਾਰ ਮੁਤਾਬਕ ਇਸ ਡੇਰੇ ਦੇ ਮੁਖੀ ਆਸ਼ੂਤੋਸ਼ ਦੀ ਮੌਤ ਹੋਇਆਂ ਕਾਫੀ ਸਮਾਂ ਹੋ ਗਿਆ ਹੈ। ਸਰਕਾਰ ਦੀ ਕੋਈ ਹਿੰਮਤ ਨਹੀਂ ਪਈ ਕਿ ਦਖ਼ਲ ਦੇਵੇ। ਇਸ ਡੇਰੇ ਦਾ ਵੀ ਸਿੱਖਾਂ ਨਾਲ ਅਕਸਰ ਟਕਰਾਅ ਰਿਹਾ ਹੈ। ਸਨਅਤੀ ਸ਼ਹਿਰ ਲੁਧਿਆਣਾ ਵਿਚ ਕੁਝ ਸਾਲ ਪਹਿਲਾਂ ਆਸ਼ੂਤੋਸ਼ ਦੇ ਸ਼ਰਧਾਲੂਆਂ ਤੇ ਸਿੱਖ ਜਥੇਬੰਦੀਆਂ ਦੇ ਵਰਕਰਾਂ ਦਰਮਿਆਨ ਹੋਏ ਟਕਰਾਅ ਦੌਰਾਨ ਇਕ ਵਿਅਕਤੀ ਦੀ ਮੌਤ ਵੀ ਹੋ ਗਈ ਸੀ।

ਪੰਜਾਬ ਦਾ ਇਕ ਹੋਰ ਡੇਰਾ ਬਹੁਤ ਜ਼ਿਆਦਾ ਚਰਚਾ ਵਿਚ ਰਿਹਾ ਹੈ। ਉਹ ਹੈ ਬਾਬਾ ਭਨਿਆਰਾ ਦਾ ਡੇਰਾ। ਕਿਸੇ ਸਮੇਂ ਇਸ ਬਾਬੇ ਦੀ ਸ਼ਰਨ ਵਿਚ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਦੇ ਵੱਡੇ ਆਗੂ ਚੌਕੀ ਭਰਦੇ ਸਨ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਦੀ ਅਗਵਾਈ ਵਾਲੇ ਸੰਤ ਸਮਾਜ ਨੇ ਤਾਂ ਸ਼੍ਰੋਮਣੀ ਅਕਾਲੀ ਦਲ ਦੀ ਪਿਛਲੇ ਕਈ ਸਾਲਾਂ ਤੋਂ ਖੁੱਲ੍ਹਮ-ਖੁੱਲ੍ਹੀ ਹਮਾਇਤ ਕੀਤੀ ਹੋਈ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਪੁਲਿਸ ਦਾ ਸੀ.ਆਈ.ਡੀ ਵਿੰਗ ਜੋ ਕਿ ਹਾਕਮ ਪਾਰਟੀ ਦੇ ਖ਼ੁਫ਼ੀਆ ਸਿਆਸੀ ਵਿੰਗ ਵਜੋਂ ਹੀ ਕੰਮ ਕਰਦਾ ਹੈ, ਵੱਲੋਂ ਡੇਰਿਆਂ ਦੀ ਵੋਟਰਾਂ 'ਤੇ ਪਕੜ ਬਾਰੇ ਹਰ ਵਾਰੀ ਸਰਵੇਖਣ ਕਰਵਾਏ ਜਾਂਦੇ ਹਨ। ਸਾਲ 2009 ਦੀਆਂ ਚੋਣਾਂ ਤੋਂ ਪਹਿਲਾਂ ਤਾਂ ਖ਼ੁਫ਼ੀਆ ਵਿੰਗ ਵਿਚ ਤਾਇਨਾਤ ਤਤਕਾਲੀਨ ਅਧਿਕਾਰੀਆਂ ਨੇ ਪਿੰਡ ਪੱਧਰ ਤੱਕ ਡੇਰਿਆਂ ਦੇ ਪ੍ਰਭਾਵ ਦੀ ਸਮੀਖਿਆ ਕੀਤੀ ਤਾਂ ਜੋ ਹਾਕਮ ਪਾਰਟੀ ਨੂੰ ਵੋਟਾਂ ਤੱਕ ਪਹੁੰਚ ਕਰਨੀ ਸੁਖਾਲੀ ਹੋ ਜਾਵੇ।

# ਅਕਾਲੀਆਂ ਨੇ ਹੀ ਖੜ੍ਹਾਇਆ ਹੈ ਮਨਪ੍ਰੀਤ ਬਾਦਲ ਦਾ ਹਮਨਾਮ

**ਮੁਕਤਸਰ:** ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੇ ਹੀ ਪੀ.ਪੀ.ਪੀ. ਮੁਖੀ ਮਨਪ੍ਰੀਤ ਸਿੰਘ ਬਾਦਲ ਦੇ ਨਾਮ ਵਾਲਾ ਵਿਅਕਤੀ ਬਠਿੰਡਾ ਪਾਰਲੀਮਾਨੀ ਹਲਕੇ ਤੋਂ ਚੋਣ ਪਿੜ ਵਿਚ ਉਤਾਰਿਆ ਹੈ। ਆਜ਼ਾਦ ਉਮੀਦਵਾਰ ਮਨਪ੍ਰੀਤ ਸਿੰਘ ਵੱਲੋਂ ਭਰੇ ਨਾਮਜ਼ਦਗੀ ਕਾਗਜ਼ਾਂ ਤੋਂ ਸਚਾਈ ਉਘੜ-ਉਘੜ ਕੇ ਸਾਹਮਣੇ ਆ ਗਈ ਹੈ।

31 ਸਾਲਾ ਮਨਪ੍ਰੀਤ ਮਜ਼ਦੂਰ ਹੈ ਅਤੇ ਬਾਦਲ ਪਿੰਡ ਦਾ ਵਸਨੀਕ ਹੈ। ਉਸ ਨੇ ਪਵਨਪ੍ਰੀਤ ਸਿੰਘ ਬੌਬੀ ਬਾਦਲ ਦਾ ਫੋਨ ਨੰਬਰ ਚੋਣ ਅਧਿਕਾਰੀਆਂ ਨੂੰ ਦਿੱਤੇ ਆਪਣੇ ਹਫਲਨਾਮੇ ਵਿਚ ਦਰਜ ਕੀਤਾ ਹੈ। ਬੌਬੀ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਰਿਸ਼ਤੇ ਵਿਚੋਂ ਭਰਾ ਲੱਗਦਾ ਹੈ। ਉਹ ਆਜ਼ਾਦ ਉਮੀਦਵਾਰ ਮਨਪ੍ਰੀਤ ਵੱਲੋਂ ਕਾਗਜ਼ ਭਰਨ ਵੇਲੇ ਜ਼ਿਲ੍ਹਾ ਚੋਣ ਦਫਤਰ ਬਠਿੰਡਾ 'ਚ ਉਸ ਦੇ ਨਾਲ ਵੀ ਗਿਆ ਸੀ।

ਹੁਣ ਇਹ ਖੁਲਾਸਾ ਹੋਇਆ ਹੈ ਕਿ 00555 ਅੰਕਾਂ ਨਾਲ ਖਤਮ ਹੁੰਦਾ ਸੈਲ ਫੋਨ ਨੰਬਰ ਜੋ ਮਨਪ੍ਰੀਤ ਸਿੰਘ (ਆਜ਼ਾਦ ਉਮੀਦਵਾਰ) ਦੇ ਹਲਫਨਾਮੇ ਵਿਚ ਦਰਜ ਹੈ, ਸੁਖਬੀਰ ਐਗਰੋ ਐਨਰਜੀ ਲਿਮਟਿਡ ਨਾਲ ਸਬੰਧਤ ਹੈ ਜੋ ਲੰਬੀ ਖੇਤਰ ਦੇ ਚੰਨੂ ਪਿੰਡ 'ਚ ਬਾਇਓਮਾਸ ਪਲਾਂਟ ਚਲਾਉਂਦੀ ਹੈ। ਹਲਫਨਾਮੇ 'ਚ ਦਿੱਤੇ ਫੋਨ ਨੰਬਰ 'ਤੇ ਜਦੋਂ ਫੋਨ ਕੀਤਾ ਗਿਆ ਤਾਂ ਬੌਬੀ ਬਾਦਲ ਨੇ ਇਹ ਫੋਨ ਸੁਣਿਆ ਅਤੇ ਕਿਹਾ ਕਿ ਇਹ ਨੰਬਰ ਉਸ ਦਾ ਹੈ, ਤੇ ਮਨਪ੍ਰੀਤ ਨੇ ਆਪਣੇ ਨਾਮਜ਼ਦਗੀ ਕਾਗਜ਼ਾਂ ਵਿਚ ਇਹ ਗਲਤੀ ਨਾਲ ਦੇ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਮਨਪ੍ਰੀਤ ਦਾ ਆਪਣਾ ਫੋਨ ਨੰਬਰ ਹੈ ਜੋ ਨਾਮਜ਼ਦਗੀ ਕਾਗਜ਼ਾਂ 'ਚ ਦਿੱਤੇ ਨੰਬਰ ਨਾਲ ਕਿਵੇਂ ਵੀ ਮੇਲ ਨਹੀਂ ਖਾਂਦਾ। ਸੂਤਰਾਂ ਦਾ ਕਹਿਣਾ ਹੈ ਕਿ ਬੌਬੀ ਬਾਦਲ ਦਾ ਫੋਨ ਨੰਬਰ ਜਾਣ-ਬੁੱਝ ਕੇ ਦਿੱਤਾ ਗਿਆ ਸੀ ਤਾਂ ਕਿ ਮਨਪ੍ਰੀਤ ਨੂੰ ਮੀਡੀਆ ਦੇ ਸਵਾਲਾਂ ਤੋਂ ਪਰ੍ਹੇ ਰੱਖਿਆ ਜਾ ਸਕੇ।

ਕਾਂਗਰਸ ਦੇ ਚੋਣ ਨਿਸ਼ਾਨ 'ਤੇ ਅਤੇ ਪੀ.ਪੀ.ਪੀ. ਤੇ ਸੀ.ਪੀ.ਆਈ. ਵੱਲੋਂ ਸਾਂਝੇ ਉਮੀਦਵਾਰ ਵਜੋਂ ਚੋਣ ਲੜ ਰਹੇ ਮਨਪ੍ਰੀਤ ਸਿੰਘ ਬਾਦਲ ਨੇ ਦੋਸ਼ ਲਾਏ ਹਨ ਕਿ ਅਕਾਲੀ ਹੋਛੀਆਂ ਹਰਕਤਾਂ 'ਤੇ ਉੱਤਰ ਆਏ ਹਨ, ਤੇ ਉਸ ਦੇ ਨਾਮ ਵਾਲਾ ਉਮੀਦਵਾਰ ਖੜ੍ਹਾ ਕਰ ਦਿੱਤਾ ਹੈ ਜਿਸ ਨੂੰ ਚੋਣ ਨਿਸ਼ਾਨ ਵੀ ਪਤੰਗ (ਜੋ ਪੀ.ਪੀ.ਪੀ. ਦਾ ਚੋਣ ਨਿਸ਼ਾਨ ਰਿਹਾ ਹੈ) ਦਿੱਤਾ ਹੈ।

ਹੋਰ ਵੇਰਵਿਆਂ ਅਨੁਸਾਰ ਮਨਪ੍ਰੀਤ ਦਸਵੀਂ ਪਾਸ ਹੈ। ਉਸ ਕੋਲ 50,000 ਰੁਪਏ ਨਕਦ ਹਨ। ਉਸ ਦੀ ਪਤਨੀ ਘਰੇਲੂ ਔਰਤ ਹੈ ਤੇ ਉਸ ਕੋਲ ਵੀ 10,000 ਦੀ ਨਕਦੀ ਹੈ। ਜੋੜੀ ਕੋਲ 1.80 ਲੱਖ ਰੁਪਏ ਦਾ ਸੋਨਾ ਹੈ ਅਤੇ ਪਿੰਡ ਬਾਦਲ 'ਚ 1000 ਵਰਗ ਫੁੱਟ ਦਾ ਘਰ ਹੈ ਜਿਸ ਦੀ ਕੀਮਤ 5 ਲੱਖ ਰੁਪਏ ਹੈ।


## Matrimonial

### ਕੰਨਿਆ ਦੀ ਲੋੜ

ਹਿੰਦੂ ਅਗਰਵਾਲ, ਉਮਰ 26 ਸਾਲ, ਕੱਦ 5'-10", ਅਮਰੀਕਾ ਤੋਂ ਐਮ ਬੀ ਏ, ਵਰਕ ਪਰਮਿਟ 'ਤੇ ਜਾਬ ਅਤੇ ਆਪਣਾ ਕਾਰੋਬਾਰ ਕਰਦੇ ਲੜਕੇ ਲਈ ਅਮਰੀਕੀ ਸਿਟੀਜ਼ਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 516-547-5021



## MRP TRAVEL

*Lowest International and Domestic Fares*

ARC **FLY ANY AIRLINE OF YOUR CHOICE** IATA


***Providing the lowest Air-fare, Cruise and Travel Packages to Asia, Africa, Europe, the Middle East and North America***

**408-929-8005**

**E-mail:mrptravel@gmail.com**
**2123 Port Way, San Jose, CA 95133**

***CST: 2097308-40***

***Passport & Visa services also available***



***India Vacation tour package also available.***

Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES



## Prince's Barber Shop

**37477 Fremont Blvd, suite C, Fremont, CA 94536**

**Men & Children's Hair Cut**

*Threading *Custom Text
*Men's Facials *Hair Coler
*Custom Designing *Shave &
*Line-ups *Head Massage

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*



**Business hours:**
**Mon thru Thursday 9am to 8pm**
**Friday, Sat- Sunday- 9am to 7pm**
**(Tuesday Closed)**



**Cell: (510)-677-9942**
**Shop: (510)-505-9605**

***www.princebarbershop.com***


# ਪੰਜਾਬ ਦੇ ਮੁੱਦਿਆਂ 'ਤੇ ਭਾਜਪਾ ਅਕਾਲੀ ਦਲ ਦੇ ਨਾਲ: ਜੇਤਲੀ

**ਅੰਮ੍ਰਿਤਸਰ:** ਪੰਜਾਬ ਦੇ ਪੁਰਾਣੇ ਮੁੱਦਿਆਂ ਜਿਨ੍ਹਾਂ ਵਿਚ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਲ ਕਰਨਾ, ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਨੇ ਅਤੇ ਦਰਿਆਈ ਪਾਣੀਆਂ ਦੇ ਮਾਮਲੇ ਸ਼ਾਮਲ ਹਨ, ਬਾਰੇ ਚੁੱਪ ਤੋੜਦਿਆਂ ਭਾਜਪਾ ਦੇ ਸੀਨੀਅਰ ਆਗੂ ਅਤੇ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਉਮੀਦਵਾਰ ਅਰੁਣ ਜੇਤਲੀ ਨੇ ਆਖਿਆ ਕਿ ਇਸ ਮਾਮਲੇ ਵਿਚ ਭਾਜਪਾ ਪੂਰੀ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਹੈ। ਯਾਦ ਰਹੇ ਕਿ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਜੇਤਲੀ ਨੂੰ ਸਵਾਲ ਕੀਤਾ ਸੀ ਕਿ ਉਹ ਪੰਜਾਬ ਮਾਮਲਿਆਂ ਬਾਰੇ ਆਪਣੀ ਚੁੱਪ ਤੋੜਨ।

ਪੱਤਰਕਾਰ ਸੰਮੇਲਨ ਵਿਚ ਇਕ ਸਵਾਲ ਦੇ ਜਵਾਬ ਵਿਚ ਸ੍ਰੀ ਜੇਤਲੀ ਨੇ ਆਖਿਆ ਕਿ ਭਾਜਪਾ ਇਸ ਮਾਮਲੇ ਵਿਚ ਪੂਰੀ ਤਰ੍ਹਾਂ ਅਕਾਲੀ ਦਲ ਦੇ ਨਾਲ ਹੈ। ਇਸ ਮਾਮਲੇ 'ਚ ਪੰਜਾਬ ਭਾਜਪਾ ਪਹਿਲਾਂ ਹੀ ਅਕਾਲੀ ਦਲ ਨੂੰ ਹਮਾਇਤ ਦੇ ਚੁੱਕੀ ਹੈ। ਉਹ ਵੀ ਇਸ ਮਾਮਲੇ ਵਿਚ ਪੰਜਾਬ ਭਾਜਪਾ ਦੇ ਸਟੈਂਡ ਦਾ ਪੂਰੀ ਤਰ੍ਹਾਂ ਸਮਰਥਨ ਕਰਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ ਸਵਾਲ ਕੀਤਾ ਹੈ ਕਿ ਹੁਣ ਉਹ ਇਸ ਮਾਮਲੇ ਵਿਚ ਕਾਂਗਰਸ ਦਾ ਸਟੈਂਡ ਸਪੱਸ਼ਟ ਕਰਨ। ਉਨ੍ਹਾਂ ਆਖਿਆ ਕਿ ਹੁਣ ਤੱਕ ਸਿਰਫ਼ ਉਨ੍ਹਾਂ ਨੇ ਹੀ ਮੁੱਦਿਆਂ ਦੀ ਗੱਲ ਕੀਤੀ ਹੈ ਜਦਕਿ ਕਾਂਗਰਸੀ ਉਮੀਦਵਾਰ ਤਾਂ ਨਿੱਜੀ ਮੁੱਦੇ ਹੀ ਉਭਾਰਦੇ ਰਹੇ ਹਨ।

ਉਨ੍ਹਾਂ ਆਖਿਆ ਕਿ ਲੋਕ ਸਭਾ ਚੋਣ ਪੰਜਾਬ ਸਰਕਾਰ ਦੀ ਚੋਣ ਕਰਨ ਵਾਸਤੇ ਨਹੀਂ ਹੈ, ਸਗੋਂ ਇਹ ਕੇਂਦਰ ਵਿਚ ਸਰਕਾਰ ਸਥਾਪਤੀ ਦੀ ਚੋਣ ਹੈ ਜਿਸ ਵਿਚ ਕੇਂਦਰੀ ਮੁੱਦੇ ਅਤੇ ਹਲਕੇ ਦੇ ਮੁੱਦੇ ਹੀ ਵਿਸ਼ੇਸ਼ ਹੁੰਦੇ ਹਨ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ ਇਕ ਹੋਰ ਸਵਾਲ ਕੀਤਾ ਹੈ ਕਿ ਉਨ੍ਹਾਂ ਨੇ ਕਦੇ ਆਪਣੀ ਪਾਰਟੀ ਵੱਲੋਂ ਫੈਲਾਏ ਭ੍ਰਿਸ਼ਟਾਚਾਰ ਅਤੇ ਘੁਟਾਲਿਆਂ ਦੇ ਮੁੱਦੇ ਬਾਰੇ ਕੋਈ ਗੱਲ ਨਹੀਂ ਕੀਤੀ ਹੈ ਜਾਂ ਨਹੀਂ? ਧਾਰਾ 370 ਨੂੰ ਖ਼ਤਮ ਕਰਨ ਬਾਰੇ ਉਨ੍ਹਾਂ ਆਖਿਆ ਕਿ ਭਾਜਪਾ ਆਪਣੇ ਫੈਸਲੇ 'ਤੇ ਦ੍ਰਿੜ੍ਹ ਹੈ ਅਤੇ ਪਿਛਲੀ ਸਰਕਾਰ ਸਮੇਂ ਵੀ ਇਸ ਸਬੰਧੀ ਫੈਸਲਾ ਕੀਤਾ ਗਿਆ ਸੀ ਪਰ ਦੋ ਤਿਹਾਈ ਬਹੁਮਤ ਨਾ ਮਿਲਣ ਕਾਰਨ ਇਸ ਨੂੰ ਅਮਲ 'ਚ ਨਹੀਂ ਲਿਆਂਦਾ ਗਿਆ।

ਇਸ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸ੍ਰੀ ਜੇਤਲੀ ਪੰਜਾਬ ਦੇ ਮਸਲਿਆਂ ਬਾਰੇ ਭਾਜਪਾ ਦੀ ਪਹੁੰਚ ਨੂੰ ਗੋਲ-ਮੋਲ ਕਰ ਗਏ ਹਨ। ਇਸ ਬਾਰੇ ਉਨ੍ਹਾਂ ਨੂੰ ਸਿੱਧਾ ਜਵਾਬ ਦੇਣਾ ਚਾਹੀਦਾ ਹੈ। ਉਨ੍ਹਾਂ ਸ੍ਰੀ ਜੇਤਲੀ ਨੂੰ ਫਿਰ ਕਿਹਾ ਕਿ ਉਹ ਸਤਲੁਜ ਯਮੁਨਾ ਲਿੰਕ ਨਹਿਰ ਦੇ ਮੁੱਦੇ 'ਤੇ ਆਪਣਾ ਪੱਖ ਸਪੱਸ਼ਟ ਕਰਨ।

# ਧਾਰਮਿਕ ਪ੍ਰਚਾਰਕਾਂ ਲਈ ਵੀਜ਼ੇ ਵਿਚ ਸੋਧ ਬਿਲ ਪੇਸ਼ ਕਰਨ ਲਈ ਮਾਈਕ ਹਾਂਡਾ ਦਾ ਧੰਨਵਾਦ


**ਫਰੀਮਾਂਟ (ਬਿਊਰੋ):** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਕਾਂਗਰਸਮੈਨ ਸ੍ਰੀ ਮਾਈਕ ਹਾਂਡਾ ਵਲੋਂ 'ਧਾਰਮਿਕ ਸੇਵਾ ਕਰਨ ਵਾਲੇ ਕਾਮਿਆਂ' ਲਈ ਵੀਜ਼ਾ ਕਾਨੂੰਨ ਵਿਚ ਸੋਧ ਕਰਨ ਲਈ ਬਿਲ ਪੇਸ਼ ਕੀਤੇ ਜਾਣ ਲਈ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਕਾਨੂੰਨ ਅਨੁਸਾਰ ਧਾਰਮਿਕ ਕੰਮਾਂ ਲਈ ਅਮਰੀਕਾ ਪਹੁੰਚਦੇ ਸਿੱਖ ਗ੍ਰੰਥੀਆਂ ਤੇ ਪ੍ਰਚਾਰਕਾਂ ਨੂੰ ਜੋ ਵੀਜ਼ਾ ਹਾਸਲ ਹੁੰਦਾ ਹੈ, ਉਹ ਤਿੰਨ ਸਾਲ ਤੱਕ ਰਿਨਿਊ ਕੀਤਾ ਜਾਂਦਾ ਹੈ, ਜਿਸ ਨੂੰ ਸਨਸੈਟ ਕਿਹਾ ਜਾਂਦਾ ਹੈ। ਕਾਂਗਰਸਮੈਨ ਮਾਈਕ ਹਾਂਡਾ ਨੇ ਅਮਰੀਕੀ ਕਾਂਗਰਸ ਨੂੰ ਇਹ ਵੀਜ਼ਾ ਪ੍ਰਣਾਲੀ ਖਤਮ ਕਰਨ ਦੀ ਸਲਾਹ ਦੇ ਕੇ ਇਕ ਬਹੁਤ ਹੀ ਸਹੀ ਕਦਮ ਉਠਾਇਆ ਹੈ। ਇਮੀਗਰੇਸ਼ਨ ਵਿਭਾਗ ਨੇ ਵਿਜ਼ਿਟਰ ਵੀਜ਼ਾ ਲੈ ਕੇ ਆਉਣ ਵਾਲੇ ਪ੍ਰਚਾਰਕਾਂ ਨੂੰ ਕਿਹਾ ਸੀ ਕਿ ਇਸ ਮਕਸਦ ਲਈ ਆਰ ਵਨ ਵੀਜ਼ੇ ਲਈ ਅਰਜ਼ੀ। ਕਾਂਗਰਸਮੈਨ ਮਾਈਕ ਹਾਂਡਾ ਸੋਧ ਦੇ ਰੂਪ ਵਿਚ ਇਕ ਬਿੱਲ ਪੇਸ਼ ਕਰਕੇ ਇਸ ਮੁਸ਼ਕਲ ਨੂੰ ਹੱਲ ਕਰਨ ਲਈ ਪੂਰੀ ਵਾਹ ਲਾ ਰਹੇ ਹਨ, ਜਿਸ ਦੇ ਪਾਸ ਹੋਣ ਨਾਲ ਸਿੱਖ ਪ੍ਰਚਾਰਕਾਂ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਵੇਗੀ।

ਇਥੇ ਜਾਰੀ ਇਕ ਸਾਂਝੇ ਬਿਆਨ 'ਚ ਏਜੀਪੀਸੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਸ੍ਰੀ ਹਾਂਡਾ ਨੇ ਪਿਛਲੇ ਦਿਨੀਂ ਪ੍ਰੈਸ ਕਾਨਫ਼ਰੰਸ ਦੌਰਾਨ ਐਲਾਨ ਕੀਤਾ ਸੀ ਕਿ ਇਸ ਨਵੇਂ ਬਣਾਏ ਜਾ ਰਹੇ ਕਾਨੂੰਨ ਮੁਤਾਬਕ ਹਰੇਕ ਧਰਮ ਦੇ ਵਰਕਰਾਂ ਨੂੰ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਕਾਂਗਰਸਮੈਨ ਹਾਂਡਾ ਹਮੇਸ਼ਾਂ ਹੀ ਸਭ ਧਰਮਾਂ ਦਾ ਸਤਿਕਾਰ ਕਰਦੇ ਹਨ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਸਮਝਣ ਦੇ ਨਾਲ-ਨਾਲ ਉਨ੍ਹਾਂ ਦੇ ਧਾਰਮਿਕ ਨੁਕਤਿਆਂ 'ਤੇ ਵੀ ਨਜ਼ਰ ਰੱਖਦੇ ਹਨ। ਉਨ੍ਹਾਂ ਕਿਹਾ ਕਿ ਇਸ ਨਵੇਂ ਕਾਨੂੰਨ ਮੁਤਾਬਕ ਸਿੱਖ ਗੁਰਦੁਆਰਿਆਂ 'ਚ ਗ੍ਰੰਥੀਆਂ ਅਤੇ ਰਾਗੀਆਂ ਦੀ ਆਮਦ ਅਤੇ ਉਨ੍ਹਾਂ ਦੇ ਅਮਰੀਕਾ 'ਚ ਰਹਿਣ ਸਬੰਧੀ ਵਧੇਰੇ ਮਦਦ ਪ੍ਰਾਪਤ ਹੋਵੇਗੀ।

ਦੋਹਾਂ ਸਿੱਖ ਆਗੂਆਂ ਨੇ ਕਿਹਾ ਕਿ ਸ੍ਰੀ ਹਾਂਡਾ ਵਲੋਂ ਪੇਸ਼ ਕੀਤਾ ਗਿਆ ਨਵਾਂ ਬਿੱਲ ਫਰੀਡਮ ਆਫ ਫੇਥ ਪਾਸ ਹੋਣ 'ਤੇ ਮੌਜੂਦਾ ਕਾਨੂੰਨ 'ਚ ਲੋੜੀਂਦੀਆਂ ਤਬਦੀਲੀਆਂ ਕਰੇਗਾ। ਸ੍ਰੀ ਹਾਂਡਾ ਨੇ ਕਿਹਾ ਕਿ ਕਿਸੇ ਵੀ ਧਰਮ ਦੇ ਵਰਕਰ ਆਪਣੇ ਨਾਲ ਮੁਹਾਰਤ ਅਤੇ ਧਾਰਮਿਕ ਕੰਮਾਂ ਨੂੰ ਨਿਪਟਾਉਣ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਅਮਰੀਕਾ 'ਚ ਹਰ ਧਰਮ ਅਤੇ ਸੱਭਿਆਚਾਰ ਦੇ ਲੋਕ ਵੱਸਦੇ ਹਨ ਅਤੇ ਹਰ ਕਿਸੇ ਨੂੰ ਆਪਣੇ ਧਰਮ ਦੇ ਪਸਾਰ ਦਾ ਪੂਰਾ ਹੱਕ ਹੈ।

# ਦਵਿੰਦਰ ਸਿੰਘ ਸੰਧੂ ਨਹੀਂ ਰਹੇ

**ਸੈਨ ਹੋਜ਼ੇ (ਬਿਊਰੋ):** ਬੇ-ਏਰੀਆ ਦੀ ਜਾਣੀ-ਪਛਾਣੀ ਸ਼ਖਸੀਅਤ ਸ. ਦਵਿੰਦਰ ਸਿੰਘ ਸੰਧੂ ਲੰਘੀ 9 ਅਪਰੈਲ ਨੂੰ ਅਕਾਲ ਚਲਾਣਾ ਕਰ ਗਏ ਹਨ। ਉਹ 93 ਸਾਲਾਂ ਦੇ ਸਨ ਅਤੇ ਉਨ੍ਹਾਂ



ਦਾ ਪਿਛਲਾ ਪਿੰਡ 14 ਬੀ ਬੀ ਸ੍ਰੀ ਗੰਗਾਨਗਰ, ਰਾਜਸਥਾਨ ਸੀ।

ਮਰਹੂਮ ਸ. ਸੰਧੂ ਦਾ ਸਸਕਾਰ 16 ਅਪਰੈਲ, ਬੁੱਧਵਾਰ ਨੂੰ ਹੋਵੇਗਾ ਅਤੇ ਅੰਤਮ ਅਰਦਾਸ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਹੋਵੇਗੀ। ਪਰਿਵਾਰ ਨਾਲ ਸੰਪਰਕ ਭੁਪਿੰਦਰ ਸਿੰਘ ਸੰਧੂ ਫੋਨ 408-891-1390, ਹਰਮੀਤ ਸਿੰਘ ਸੰਧੂ 408-608-7823 ਅਤੇ ਡਾ. ਚਰਨਜੀਤ ਸਿੰਘ ਪੰਨੂੰ 408-646-3597 ਰਾਹੀਂ ਕੀਤਾ ਜਾ ਸਕਦਾ ਹੈ।


## S&S Freight Dispatch Service

## Wanted Owner Operators

**We have loads available for Van, Reefer and Flatbeds in all 48 states.**

**Our operations staff will secure all your loads, never worry about finding a load. We will have your reload available before you are empty.**

**Quick Pay Available, Fuel Advance**
**You can contact us in Punjabi or English**



**Please call for further details-Ph: 541-777-7427**

## ਓਨਰ ਅਪਰੇਟਰਾਂ ਦੀ ਲੋੜ ਹੈ

ਸਾਡੇ ਪਾਸ ਸਾਰੀਆਂ 48 ਸਟੇਟਾਂ ਲਈ ਵੈਨ, ਰੀਫਰ ਅਤੇ ਫਲੈਟਬੈਡ ਲੋਡ ਹਰ ਸਮੇਂ ਤਿਆਰ ਹੁੰਦੇ ਹਨ। ਸਾਡਾ ਸਟਾਫ ਤੁਹਾਡੇ ਲਈ ਲੋਡ ਲੈਣ ਵਾਸਤੇ ਹਮੇਸ਼ਾ ਤਿਆਰ-ਬਰ-ਤਿਆਰ ਰਹਿੰਦਾ ਹੈ, ਤੁਹਾਨੂੰ ਲੋਡ ਚੁੱਕਣ ਵਿਚ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ। ਵਾਪਸੀ ਲਈ ਲੋਡ ਤਿਆਰ ਮਿਲੇਗਾ।

*ਕੁਇਕ ਪੇ ਅਤੇ ਫਿਊਲ ਐਡਵਾਂਸ ਮਿਲੇਗਾ*

**ਸੰਪਰਕ ਕਰੋ: 541-777-7427**

ਪੰਜਾਬ ਟਾਈਮਜ਼

*ਸਨਿਚਰਵਾਰ, 19 ਅਪਰੈਲ 2014*

## ਸਿਆਸਤ ਵਿਚ ਅਨੈਤਿਕਤਾ ਦੀ ਪੈੜਚਾਲ

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਸਾਬਕਾ ਮੀਡੀਆ ਸਲਾਹਕਾਰ ਸੰਜੇ ਬਾਰੂ ਦੀ ਨਵੀਂ ਛਪੀ ਕਿਤਾਬ 'ਦਿ ਐਕਸੀਡੈਂਟਲ ਪ੍ਰਾਈਮ ਮਨਿਸਟਰ' ਨੇ ਪਹਿਲਾਂ ਹੀ ਭਖਿਆ ਹੋਇਆ ਚੋਣ ਪਿੜ ਹੋਰ ਭਖਾ ਦਿੱਤਾ ਹੈ। ਸੰਜੇ ਬਾਰੂ ਤਕਰੀਬਨ ਚਾਰ ਸਾਲ ਪ੍ਰਧਾਨ ਮੰਤਰੀ ਦੇ ਸਲਾਹਕਾਰ ਰਹੇ ਹਨ। ਇਹ ਤੱਥ ਸਾਰਾ ਜਹਾਨ ਜਾਣਦਾ ਹੈ ਕਿ ਸੰਜੇ ਬਾਰੂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਪਸੰਦੀਦਾ ਬੰਦਿਆਂ ਵਿਚ ਸ਼ਾਮਲ ਨਹੀਂ ਸਨ। ਫਿਰ ਵੀ ਡਾ. ਮਨਮੋਹਨ ਸਿੰਘ ਨੇ ਉਨ੍ਹਾਂ ਨੂੰ ਆਪਣੇ ਨਾਲ ਰੱਖਿਆ। ਹੁਣ ਇਹ ਵੀ ਕੋਈ ਖਾਸ ਭੇਤ ਵਾਲੀ ਗੱਲ ਨਹੀਂ ਕਿ ਡਾ. ਮਨਮੋਹਨ ਸਿੰਘ ਕਿੰਨੀ ਕੁ ਪਾਇਆਂ ਵਾਲੇ ਪ੍ਰਧਾਨ ਮੰਤਰੀ ਸਨ। ਉਹ ਹਰ ਫਰੰਟ ਉਤੇ ਇਕ ਲਿਹਾਜ਼ ਨਾਲ ਫੇਲ੍ਹ ਹੀ ਸਾਬਤ ਹੋਏ ਹਨ। ਹਾਲਾਤ ਦਾ ਇਸ ਤੋਂ ਵੱਡਾ ਮਜ਼ਾਕ ਹੋਰ ਕੀ ਹੋਵੇਗਾ ਕਿ ਸੰਸਾਰ ਦੇ ਮਸ਼ਹੂਰ ਅਰਥ ਸ਼ਾਸਤਰੀ ਦੇ ਪ੍ਰਧਾਨ ਮੰਤਰੀ ਹੁੰਦਿਆਂ ਭਾਰਤ ਸਰਕਾਰ ਮਹਿੰਗਾਈ ਨੂੰ ਠੱਲ੍ਹ ਨਹੀਂ ਪਾ ਸਕੀ। ਉਹ ਵੀ ਉਦੋਂ ਜਦੋਂ ਸਰਕਾਰ ਉਤੇ ਮਹਿੰਗਾਈ ਬਹੁਤ ਵੱਡੀ ਸੱਟ ਮਾਰ ਰਹੀ ਸੀ। ਮੌਂਟੇਕ ਸਿੰਘ ਆਹਲੂਵਾਲੀਆ ਅਤੇ ਉਨ੍ਹਾਂ ਦੀ ਟੀਮ ਦੀ ਇਕ ਵੀ ਚਾਰਾਜੋਈ ਕਿਸੇ ਕੰਮ ਨਹੀਂ ਆਈ।

ਜ਼ਾਹਿਰ ਹੈ ਕਿ ਪਹਿਲੇ ਪੰਜ ਸਾਲਾਂ ਦੌਰਾਨ ਇਮਾਨਦਾਰੀ ਕਰ ਕੇ ਡਾ. ਮਨਮੋਹਨ ਸਿੰਘ ਦੀ ਜਿਹੜੀ ਭੱਲ ਬਣੀ ਸੀ, ਅਗਲੇ ਪੰਜ ਸਾਲਾਂ ਦੌਰਾਨ ਉਹ ਵੀ ਜਾਂਦੀ ਲੱਗੀ। ਉਂਜ ਵੀ ਅਰਬਾਂ-ਖਰਬਾਂ ਦੇ ਘਪਲਿਆਂ ਨੇ ਉਨ੍ਹਾਂ ਦੀ ਇਮਾਨਦਾਰੀ ਵੀ ਸ਼ੱਕ ਦੇ ਘੇਰੇ ਵਿਚ ਲੈ ਆਂਦੀ। ਇਹ ਠੀਕ ਹੈ ਕਿ ਉਨ੍ਹਾਂ ਦੀ ਇਮਾਨਦਾਰੀ ਉਤੇ ਕਿਸੇ ਨੇ ਵੀ ਸ਼ੱਕ ਨਹੀਂ ਕੀਤਾ। ਨਾਲ ਹੀ ਵੱਡਾ ਸਵਾਲ ਇਹ ਬਣ ਗਿਆ ਕਿ ਉਨ੍ਹਾਂ ਦੀ ਆਪਣੀ ਇਮਾਨਦਾਰੀ ਕਿਸ ਕੰਮ ਦੀ ਹੈ, ਜੇ ਉਨ੍ਹਾਂ ਦੀ ਵਜ਼ਾਰਤ ਦੇ ਸਾਥੀਆਂ ਨੇ ਦੋਹੀਂ ਹੱਥੀਂ ਦੇਸ਼ ਨੂੰ ਇਉਂ ਹੀ ਲੁੱਟੀ ਜਾਣਾ ਹੈ। ਇਨ੍ਹਾਂ ਘਪਲਿਆਂ ਨੇ ਉਨ੍ਹਾਂ ਦੇ ਇਮਾਨਦਾਰੀ ਵਾਲੇ ਅਕਸ ਨੂੰ ਤਾਂ ਸੱਟ ਮਾਰੀ ਹੀ, ਕੇਂਦਰ ਸਰਕਾਰ ਦੀ ਕਾਰਗੁਜ਼ਾਰੀ ਉਤੇ ਵੀ ਪ੍ਰਸ਼ਨ ਚਿੰਨ੍ਹ ਲਾ ਦਿੱਤਾ। ਇਨ੍ਹਾਂ ਸਾਰੇ ਮਸਲਿਆਂ ਬਾਰੇ ਵੱਡੇ ਪੱਧਰ ਉਤੇ ਚਰਚਾ ਮੀਡੀਆ ਅਤੇ ਬੌਧਿਕ ਹਲਕਿਆਂ ਵਿਚ ਹੁੰਦੀ ਆਈ ਹੈ, ਪਰ ਚੋਣਾਂ ਦੇ ਐਨ ਮੌਕੇ ਸੰਜੇ ਬਾਰੂ ਦੀ ਕਿਤਾਬ, ਜਿਸ ਵਿਚ ਉਪਰ ਚਰਚਾ ਵਿਚ ਆਈਆਂ ਗੱਲਾਂ ਦੀ ਹੀ ਮੁੜ ਚਰਚਾ ਹੈ, ਕਾਂਗਰਸ ਉਤੇ ਬੰਬ ਵਾਂਗ ਡਿੱਗੀ ਹੈ। ਮਾੜੀ ਕਾਰਗੁਜ਼ਾਰੀ ਕਾਰਨ ਕਾਂਗਰਸ ਤਾਂ ਪਹਿਲਾਂ ਹੀ ਦਿਲ ਛੱਡੀ ਬੈਠੀ ਸੀ, ਇਸ ਕਿਤਾਬ ਨੇ ਹਾਲਤ ਹੋਰ ਵੀ ਪਤਲੀ ਕਰ ਦਿੱਤੀ ਹੈ। ਇਸੇ ਕਰ ਕੇ ਇਸ ਕਿਤਾਬ ਦੇ ਛਪਣ ਦੇ ਮੌਕੇ ਬਾਰੇ ਚਰਚਾ ਵੀ ਨਾਲ ਦੀ ਨਾਲ ਸ਼ੁਰੂ ਹੋ ਗਈ ਹੈ। ਇਹ ਠੀਕ ਹੈ ਕਿ ਕਾਰੋਬਾਰੀ ਬੰਦੇ ਆਪਣੀ ਵਸਤ ਦੀ ਵੱਧ ਤੋਂ ਵੱਧ ਵਿਕਰੀ ਲਈ ਅਕਸਰ ਸਕੀਮਾਂ ਘੜਦੇ ਹਨ, ਪਰ ਕਿਤਾਬ ਜਿਸ ਢੰਗ ਨਾਲ ਚੋਣਾਂ ਦੇ ਐਨ ਮੌਕੇ ਆਈ ਹੈ, ਉਸ ਨਾਲ ਸਵਾਲ ਖੜ੍ਹੇ ਹੋਣੇ ਹੀ ਸਨ। ਇਸ ਬਾਰੇ ਤਾਂ ਇੰਨੀ ਜ਼ਿਆਦਾ ਚਰਚਾ ਹੋਈ ਹੈ ਕਿ ਕਿਤਾਬ ਦੇ ਪ੍ਰਕਾਸ਼ਕ ਨੂੰ ਖੁਦ ਸਪਸ਼ਟੀਕਰਨ ਦੇਣਾ ਪੈ ਗਿਆ ਹੈ ਅਤੇ ਹੁਣ ਸਵਾਲ ਇਹ ਬਣ ਗਿਆ ਹੈ ਕਿ ਸੰਜੇ ਬਾਰੂ ਨੂੰ ਇਹ ਗੱਲਾਂ ਹੁਣ ਹੀ ਕਿਉਂ ਚੇਤੇ ਆਈਆਂ ਹਨ।

ਸੰਜੇ ਬਾਰੂ ਬਾਰੇ ਉਠੇ ਇਸ ਸਵਾਲ ਦੀਆਂ ਕਈ ਪਰਤਾਂ ਹਨ। ਉਚ ਅਹੁਦੇ 'ਤੇ ਰਹੇ ਕਿਸੇ ਬੰਦੇ ਨੇ ਪਹਿਲਾਂ ਵੀ ਇਸ ਤਰ੍ਹਾਂ ਦੇ ਬਥੇਰੇ ਇੰਕਸ਼ਾਫ ਕੀਤੇ ਹਨ, ਪਰ ਸੰਜੇ ਬਾਰੂ ਦੀ ਕਿਤਾਬ ਜਿਸ ਸਮੇਂ ਆਈ ਹੈ, ਉਸ ਨਾਲ ਕਈ ਪ੍ਰਕਾਰ ਦੇ ਸੰਸੇ ਵੀ ਸਾਹਮਣੇ ਆ ਰਹੇ ਹਨ। ਇਕ ਗੱਲ ਤਾਂ ਇਹੀ ਹੈ ਕਿ ਇਹ ਕਿਸੇ ਬੰਦੇ ਵੱਲੋਂ ਕੋਈ ਕਿਤਾਬ ਲਿਖਣ ਦਾ ਮਸਲਾ ਨਹੀਂ ਹੈ। ਲੇਖਕ ਨੇ ਕਿਤਾਬ ਵਿਚ ਉਸ ਸ਼ਖਸ ਬਾਰੇ ਟਿੱਪਣੀਆਂ ਕੀਤੀਆਂ ਹਨ ਜਿਸ ਦੇ ਅਕਸ ਨੂੰ ਚੁਕ ਸਿਰ ਰੱਖਣ ਲਈ ਉਸ ਨੂੰ ਖਾਸ ਜ਼ਿੰਮੇਵਾਰੀ ਸੌਂਪੀ ਗਈ ਸੀ। ਪ੍ਰਧਾਨ ਮੰਤਰੀ ਦਾ ਮੀਡੀਆ ਸਲਾਹਕਾਰ ਹੋਣਾ ਕੋਈ ਮਾੜੀ-ਮੋਟੀ ਗੱਲ ਨਹੀਂ। ਕੋਈ ਯਕੀਨ ਵਾਲਾ ਬੰਦਾ ਹੀ ਇਸ ਅਹੁਦੇ ਉਤੇ ਅੱਪੜ ਸਕਦਾ ਹੈ। ਇਹ ਸ਼ਖਸ ਕਈ ਅਜਿਹੇ ਭੇਤਾਂ ਦਾ ਵੀ ਰਾਜ਼ਦਾਰ ਹੁੰਦਾ ਹੈ ਜਿਹੜੇ ਆਮ ਲੋਕਾਂ ਵਿਚ ਕਦੀ ਵੀ ਨਹੀਂ ਜਾਣੇ ਹੁੰਦੇ, ਪਰ ਇਸ ਮਾਮਲੇ ਵਿਚ ਸੰਜੇ ਬਾਰੂ ਨੇ ਹਰ ਸੀਮਾ ਉਲੰਘ ਦਿੱਤੀ ਹੈ।

ਪ੍ਰਧਾਨ ਮੰਤਰੀ ਦੀਆਂ ਕਮਜ਼ੋਰੀਆਂ ਬਾਰੇ ਇਨ੍ਹੀਂ ਹੀ ਦਿਨੀਂ ਇਕ ਹੋਰ ਕਿਤਾਬ ਆਈ ਹੈ ਜਿਹੜੀ ਸਾਬਕਾ ਕੋਲਾ ਸਕੱਤਰ ਸੀ.ਪੀ. ਪਾਰਿਖ ਨੇ ਲਿਖੀ ਹੈ। ਇਸ ਕਿਤਾਬ ਵਿਚ ਵੀ ਬੜੇ ਖੁਲਾਸੇ ਹਨ। ਇਨ੍ਹਾਂ ਖੁਲਾਸਿਆਂ ਵਿਚੋਂ ਇਕ ਇਹ ਵੀ ਹੈ ਕਿ ਜੇ ਪ੍ਰਧਾਨ ਮੰਤਰੀ ਥੋੜ੍ਹੀ ਜਿਹੀ ਜੁਰਅਤ ਵੀ ਦਿਖਾਉਂਦੇ ਤਾਂ ਅਰਬਾਂ-ਖਰਬਾਂ ਦਾ ਕੋਲਾ ਘੁਟਾਲਾ ਹੋ ਹੀ ਨਹੀਂ ਸੀ ਸਕਦਾ, ਪਰ ਇਸ ਕਿਤਾਬ ਨੂੰ ਕਿਸੇ ਨੇ ਵੀ ਬਹੁਤਾ ਗੌਲਿਆ ਨਹੀਂ ਹੈ। ਇਸ ਦਾ ਮੁੱਖ ਕਾਰਨ ਇਹੀ ਹੈ ਕਿ ਕੋਈ ਵੀ ਖੁਲਾਸਾ ਨਵਾਂ ਨਹੀਂ ਹੈ। ਜੇ ਸੰਜੇ ਦੀ ਕਿਤਾਬ ਤੋਂ ਬਾਅਦ ਇੰਨਾ ਭੜਥੂ ਪਿਆ ਹੈ ਤਾਂ ਸੰਜੇ ਬਾਰੂ ਦੇ ਮੀਡੀਆ ਸਲਾਹਕਾਰ ਦੇ ਅਹੁਦੇ ਉਤੇ ਰਿਹਾ ਹੋਣ ਕਰ ਕੇ ਪਿਆ ਹੈ। ਇਸੇ ਕਰ ਕੇ ਹੀ ਨੈਤਿਕਤਾ-ਅਨੈਤਿਕਤਾ ਦਾ ਸਵਾਲ ਬਣਿਆ ਹੈ। ਕਿਸੇ ਕਿਤਾਬ ਜਾਂ ਲਿਖਤ ਨੇ ਨਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਕਲਗੀ ਲਾ ਦੇਣੀ ਹੈ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਨੁਕਸਾਨ ਪਹੁੰਚਾ ਸਕਣਾ ਹੈ। ਉਨ੍ਹਾਂ ਦੀ ਕਾਰਗੁਜ਼ਾਰੀ ਬਾਰੇ ਫੈਸਲਾ ਸਮੇਂ ਨੇ ਕਰਨਾ ਹੈ। ਜੇ ਬੇਫਿਕਰ ਹੋ ਕੇ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੀ ਕਾਰਗੁਜ਼ਾਰੀ ਬਾਰੇ ਫੈਸਲਾ ਤਾਂ ਹੋ ਚੁੱਕਾ ਹੈ। ਦਸ ਸਾਲ ਉਹ ਪ੍ਰਧਾਨ ਮੰਤਰੀ ਰਹੇ। 1991 ਤੋਂ ਲੈ ਕੇ ਹੁਣ ਤੱਕ, ਪਿਛਲੇ ਦੋ ਦਹਾਕਿਆਂ ਤੋਂ ਉਨ੍ਹਾਂ ਵੱਲੋਂ ਘੜੀਆਂ ਆਰਥਿਕ ਨੀਤੀਆਂ ਚੱਲ ਰਹੀਆਂ ਹਨ। ਹੁਣ ਦੇਸ਼ ਅਤੇ ਦੇਸ਼ ਦੇ ਲੋਕਾਂ ਦੀ ਹਾਲਤ ਇਹ ਹੈ ਕਿ ਸਭ ਕੁਝ ਵਿਕਣੇ ਲੱਗਿਆ ਹੋਇਆ ਹੈ। ਆਮ ਭਾਰਤੀ ਨਾਗਰਿਕ ਤ੍ਰਾਹ-ਤ੍ਰਾਹ ਕਰ ਰਿਹਾ ਹੈ। ਹਰ ਖੇਤਰ ਨਿਘਾਰ ਦੀਆਂ ਘਾਟੀਆਂ ਵੱਲ ਸਰਕ ਰਿਹਾ ਹੈ, ਪਰ ਡਾ. ਸਾਹਿਬ ਨੂੰ ਇਕ ਵਾਰ ਵੀ ਨਹੀਂ ਲੱਗਿਆ ਕਿ ਇਨ੍ਹਾਂ ਨੀਤੀਆਂ ਉਤੇ ਮੁੜ ਵਿਚਾਰ ਕਰ ਲੈਣਾ ਚਾਹੀਦਾ ਹੈ। ਸੋ, ਨੈਤਿਕਤਾ ਦਾ ਸਵਾਲ ਉਨ੍ਹਾਂ ਲਈ ਵੀ ਉਤਨਾ ਵੱਡਾ ਹੀ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਸਵਾਗਤ ਹੈ ਕੇਜਰੀਵਾਲ!*

ਇਕੋ ਆਰਜ਼ੂ ਦੇਸ਼ ਦੇ ਭਲੇ ਵਾਲੀ, ਖੱਟੀ ਹੋਰ ਕੋਈ ਉਹਨੇ ਨਾ ਖੱਟਣੀ ਜੀ।
ਦਿੱਲੀ ਵਿਚ ਦਿਖਾਲਿਆ ਰਾਜ ਕਰਕੇ, ਅਫਸਰਸ਼ਾਹੀ ਦੀ ਕੀਲੀ ਕਿੰਜ ਨੱਪਣੀ ਜੀ।
ਦਿਲ 'ਚ ਧਾਰ ਉਮੰਗ ਪੰਜਾਬ ਆਇਆ, ਗੁਰੂਆਂ-ਪੀਰਾਂ ਦੀ ਧਰਤਿ ਉਨ ਤੱਕਣੀ ਜੀ।
ਸੁਣੀ ਗੱਲ ਨਾ ਉਹਦੀ ਜੇ ਕੰਨ ਦੇ ਕੇ, ਸਭ ਨੂੰ ਪਵੇਗੀ ਧੂੜ ਹੀ ਫੱਕਣੀ ਜੀ।
ਦਿਉ ਸਬਕ ਇਉਂ ਟੋਲਦੇ ਫਿਰਨ ਲੋਟੂ, ਨੱਕ ਆਪਣਾ ਡੋਬਣ ਲਈ ਚੱਪਣੀ ਜੀ।
'ਸ਼ਾਹ ਮੁਹੰਮਦਾ' ਤੁਸੀਂ ਪੰਜਾਬੀਓ ਜੀ, ਕੀਰਤਿ ਕੇਜਰੀਵਾਲ ਦੀ ਰੱਖਣੀ ਜੀ!

# ਜਮਹੂਰੀ ਮੁੱਲਾਂ ਦੀ ਕਤਲਗਾਹ ਬਣ ਗਿਆ ਪੰਜਾਬ

16ਵੀਆਂ ਲੋਕ ਸਭਾ ਚੋਣਾਂ ਬਾਬਤ ਹਿੰਦੁਸਤਾਨੀ ਜਮਹੂਰੀਅਤ ਦੇ ਨਿਆਰੇਪਣ ਨੂੰ ਲੈ ਕੇ ਮੀਡੀਆ ਵਿਚ ਤਾਂ ਬਥੇਰਾ ਸਿਆਸੀ ਘੜਮੱਸ ਮਚਿਆ ਹੋਇਆ ਹੈ ਪਰ ਜਮਹੂਰੀਅਤ ਦਾ ਮੂਲ ਆਧਾਰ ਮੰਨੇ ਜਾਂਦੇ ਜਮਹੂਰੀ ਹੱਕਾਂ ਦੇ ਸਵਾਲ ਬਾਰੇ ਮੀਡੀਆ ਵੀ ਖਾਮੋਸ਼ ਹੈ ਅਤੇ ਸਿਆਸੀ ਪਾਰਟੀਆਂ ਵੀ। ਜੇ ਇਹ ਖਾਮੋਸ਼ੀ ਸਾਜ਼ਿਸ਼ੀ ਨਹੀਂ, ਤਾਂ ਸਾਜ਼ਿਸ਼ ਤੋਂ ਘੱਟ ਵੀ ਨਹੀਂ। ਗ਼ੌਰਤਲਬ ਹੈ ਕਿ ਇਨ੍ਹਾਂ ਹੱਕਾਂ ਨੂੰ ਹਿੰਦੁਸਤਾਨੀ ਸਟੇਟ ਵਲੋਂ ਬੇਦਰੇਗ ਹੋ ਕੇ ਜਿੰਨਾ ਵਸੀਹ ਪੈਮਾਨੇ 'ਤੇ ਪੁਲਿਸ/ ਫ਼ੌਜਤੰਤਰ ਰਾਹੀਂ ਕੁਚਲਿਆ ਜਾ ਰਿਹਾ ਹੈ, ਇਨ੍ਹਾਂ ਹੱਕਾਂ ਦੀ ਰਾਖੀ ਦਾ ਸਵਾਲ ਜਮਹੂਰੀਅਤ ਦੇ ਚੈਂਪੀਅਨ ਕਹਾਉਣ ਵਾਲੇ ਸਿਆਸੀ ਕੋੜਮੇ ਦੇ ਚੋਣ ਮਨੋਰਥਨਾਮਿਆਂ ਵਿਚੋਂ ਉੱਕਾ ਹੀ ਗ਼ਾਇਬ ਹੈ; ਜਦ ਕਿ ਜਮਹੂਰੀ ਹੱਕਾਂ ਦੀ ਬਹਾਲੀ ਦਾ ਸਵਾਲ ਅੰਗਰੇਜ਼ੀ ਸਾਮਰਾਜਵਾਦ ਦੇ ਖ਼ਿਲਾਫ਼ ਜੰਗੇ-ਆਜ਼ਾਦੀ ਦਾ ਮੁੱਖ ਮੁੱਦਾ ਰਿਹਾ ਹੈ।

ਪੂਰੇ ਹਿੰਦੁਸਤਾਨ ਵਾਂਗ ਪੰਜਾਬ ਵੀ

ਬੂਟਾ ਸਿੰਘ

ਜਮਹੂਰੀਅਤ ਦੇ ਨਾਂ ਹੇਠ ਜਮਹੂਰੀ ਮੁੱਲਾਂ ਦੇ ਘਾਣ ਦੀ ਪ੍ਰਯੋਗਸ਼ਾਲਾ ਬਣਾ ਦਿੱਤਾ ਗਿਆ ਹੈ। ਹਾਸ਼ੀਆਗ੍ਰਸਤ ਤੇ ਕਿਰਤੀ ਅਵਾਮ ਦੀ ਕਿਤੇ ਸੁਣਵਾਈ ਨਹੀਂ। ਪੂਰੇ ਸਮਾਜ ਵਿਚ ਡੂੰਘਾ ਸੰਕਟ ਤੇ ਬੇਚੈਨੀ ਹੈ। ਅਵਾਮ ਦੀ ਬਿਹਤਰ ਜ਼ਿੰਦਗੀ ਦੀ ਤਾਂਘ ਕਿਸੇ ਨਾ ਕਿਸੇ ਰੂਪ 'ਚ ਸੰਘਰਸ਼ ਅਤੇ ਜਥੇਬੰਦੀ ਦੀ ਚੇਤਨਾ 'ਚ ਵਟ ਰਹੀ ਹੈ ਪਰ ਰਾਜ ਅਤੇ ਸੱਤਾਧਾਰੀ ਵਰਗ ਦੀ ਪਹੁੰਚ ਸਮਾਜ ਦੀ ਇਸ ਜਮਹੂਰੀ ਚੇਤਨਾ ਨੂੰ ਤਸਲੀਮ ਕਰਨ ਦੀ ਥਾਂ ਅਵਾਮ ਨੂੰ ਜਵਾਬਦੇਹੀ ਤੋਂ ਪੂਰੀ ਤਰ੍ਹਾਂ ਕਿਨਾਰਾਕਸ਼ੀ ਕਰਨ ਅਤੇ ਸੀਮਤ ਜਮਹੂਰੀ ਗੁੰਜਾਇਸ਼ ਨੂੰ ਪੁਲਿਸਤੰਤਰ ਦੇ ਜ਼ੋਰ ਪੂਰੀ ਤਰ੍ਹਾਂ ਖ਼ਤਮ ਕਰ ਦੇਣ ਦੀ ਹੈ। ਪ੍ਰਸ਼ਾਸਨ ਵਲੋਂ ਸਿਆਸੀ ਇਸ਼ਾਰੇ 'ਤੇ ਸੱਤਾ ਦੀ ਬੇਲਗਾਮ ਤਾਕਤ ਦੀ ਬੇਦਰੇਗ ਵਰਤੋਂ ਹਰ ਪਾਸੇ ਦਨਦਨਾ ਰਹੀ ਹੈ। ਇਸ ਦਾ ਵਾਹਦ ਮਕਸਦ ਨਾਗਰਿਕਾਂ ਦੀ ਜਥੇਬੰਦ ਹੱਕ ਜਤਾਈ ਅਤੇ ਜਥੇਬੰਦ ਹੋ ਕੇ ਸੰਘਰਸ਼ ਕਰਨ ਦੇ ਜਮਹੂਰੀ ਹੱਕ ਨੂੰ ਕੁਚਲਣਾ ਅਤੇ ਉਨ੍ਹਾਂ ਦੇ ਜਥੇਬੰਦ ਸੰਘਰਸ਼ ਨੂੰ ਦਹਿਸ਼ਤਜ਼ਦਾ ਕਰ ਕੇ ਹਕੂਮਤੀ ਨੀਤੀਆਂ ਥੋਪਣਾ ਹੈ। ਹੁਕਮਰਾਨ ਆਪਣੀਆਂ ਗ਼ਲਤ ਨੀਤੀਆਂ ਉਪਰ ਨਜ਼ਰਸਾਨੀ ਕਰਨ ਦੀ ਥਾਂ ਨਾਗਰਿਕਾਂ ਦੇ ਪੁਰਅਮਨ ਸੰਘਰਸ਼ ਦੇ ਜਮਹੂਰੀ ਹੱਕ ਨੂੰ ਮਿੱਥ ਕੇ ਨਿਸ਼ਾਨਾ ਬਣਾ ਰਹੇ ਹਨ।

ਪੰਜਾਬ ਵਿਚ ਨਸ਼ਿਆਂ ਦੀ ਵਿਆਪਕ ਤਸਕਰੀ ਦੇ ਵਿਰੋਧ ਵਿਚ ਜਾਗਰੂਕ ਹਿੱਸਿਆਂ ਦੀ ਜਨਤਕ ਜਵਾਬਦੇਹੀ ਦੀ ਵਾਜਬ ਮੰਗ ਨੂੰ ਹਕਾਰਤ ਨਾਲ ਠੁਕਰਾਉਣ ਅਤੇ ਨਿਰਪੱਖ ਤਰੀਕੇ ਨਾਲ ਇਸ ਗੰਭੀਰ ਮਾਮਲੇ ਦੀ ਮਿਆਰੀ ਜਾਂਚ ਕਰਾਉਣ ਤੋਂ ਟਾਲਾ ਵੱਟਣ, ਪੈਦਾਵਾਰੀ ਸਨਅਤਾਂ ਲਾਉਣ ਦੀ ਬਜਾਏ ਸ਼ਰਾਬ ਦੀਆਂ 19 ਨਵੀਆਂ ਫੈਕਟਰੀਆਂ ਨੂੰ ਮਨਜ਼ੂਰੀ ਦੇਣ ਅਤੇ ਬਹੁਤ ਸਾਰੇ ਪਿੰਡਾਂ ਵਿਚੋਂ ਠੇਕੇ ਚੁੱਕਣ ਦੀ ਅਵਾਮੀ ਮੰਗ ਦੇ ਉਲਟ ਜਾ ਕੇ ਸ਼ਰਾਬ ਦੀ ਵਿਕਰੀ ਨੂੰ ਸਰਕਾਰੀ ਆਮਦਨੀ ਦਾ ਵੱਡਾ ਜ਼ਰੀਆ ਬਣਾਉਣ ਤੋਂ ਜ਼ਾਹਿਰ ਹੈ ਕਿ ਹੁਕਮਰਾਨ ਅਵਾਮ ਦੇ ਸਰੋਕਾਰਾਂ ਨੂੰ ਟਿੱਚ ਸਮਝਦੇ ਹਨ ਤੇ ਉਨ੍ਹਾਂ ਦੀ ਆਵਾਜ਼ ਨੂੰ ਡੰਡੇ ਦੇ ਜ਼ੋਰ ਦਬਾਉਣ ਤੇ ਜਮਹੂਰੀ ਹੱਕਾਂ ਦਾ ਘਾਣ ਕਰਨ ਵਿਚ ਵਿਸ਼ਵਾਸ ਰੱਖਦੇ ਹਨ।

ਅੱਜ ਪੰਜਾਬੀ ਸਮਾਜ ਦੇ ਲਗਭਗ ਸਾਰੇ ਹੀ ਹਿੱਸੇ, ਖਾਸ ਕਰ ਕੇ ਸੱਤਾਧਾਰੀ ਬਾਦਲ ਦਲ-ਭਾਜਪਾ ਦੇ ਗੱਠਜੋੜ ਵਿਰੁੱਧ ਰੋਸ ਵਿਖਾਵੇ ਕਰ ਰਹੇ ਹਨ। ਬੇਸ਼ੁਮਾਰ ਪਿੰਡਾਂ ਵਿਚ ਬਾਦਲਕਿਆਂ ਅਤੇ ਇਨ੍ਹਾਂ ਦੇ ਧੱਕੜ ਤੇ ਹੈਂਕੜਬਾਜ਼ 'ਜਥੇਦਾਰਾਂ' ਦਾ ਸਵਾਗਤ ਕਾਲੀਆਂ ਝੰਡੀਆਂ ਅਤੇ ਹਕੂਮਤ ਦੀਆਂ ਅਰਥੀਆਂ ਸਾੜ ਕੇ ਕੀਤਾ ਜਾ ਰਿਹਾ ਹੈ। ਇਸ ਦੀ ਖਾਸ ਵਜ੍ਹਾ ਹੈ। ਚੋਣਾਂ ਦੀ ਰੁੱਤ ਹੋਣ ਕਾਰਨ ਜਰਵਾਣੇ ਹੁਕਮਰਾਨ, ਜਥੇਬੰਦ ਰੋਸ-ਵਿਖਾਵਿਆਂ ਨੂੰ ਪੁਲਿਸ ਦੀਆਂ ਬੰਦੂਕਾਂ ਦੇ ਜ਼ੋਰ ਕੁਚਲਣ ਤੋਂ ਆਰਜ਼ੀ ਤੌਰ 'ਤੇ ਥੋੜ੍ਹਾ ਗੁਰੇਜ਼ ਕਰ ਰਹੇ ਹਨ; ਕਿਉਂਕਿ ਜੇ ਉਹ ਅਜਿਹਾ ਕਰਨਗੇ ਤਾਂ ਉਨ੍ਹਾਂ ਨੂੰ ਇਸ ਦੀ ਭਾਰੀ ਸਿਆਸੀ ਕੀਮਤ ਚੁਕਾਉਣੀ ਪੈ ਸਕਦੀ ਹੈ। ਅਵਾਮ ਤਾਂ ਪਹਿਲਾਂ ਹੀ ਉਨ੍ਹਾਂ ਦੀਆਂ ਕਰਤੂਤਾਂ ਤੋਂ ਅੱਕੇ-ਸਤੇ ਪਏ ਹਨ।

ਪਿਛਲੇ ਸੱਤ ਸਾਲਾਂ ਵਿਚ ਬਾਦਲਕਿਆਂ ਨੇ ਕਿਸਾਨਾਂ, ਪੇਂਡੂ ਮਜ਼ਦੂਰਾਂ, ਸਨਅਤੀ ਕਾਮਿਆਂ, ਬੇਰੁਜ਼ਗਾਰ ਲਾਈਨਮੈਨਾਂ, ਨਰਸਾਂ ਅਤੇ ਹੋਰ ਸਿਹਤ ਕਾਮਿਆਂ, ਆਂਗਨਬਾੜੀ ਵਰਕਰਾਂ, ਈ.ਜੀ.ਐਸ., ਕੰਪਿਊਟਰ ਤੇ ਹੋਰ ਕੱਚੇ ਅਧਿਆਪਕਾਂ, ਗੈਸਟ ਫੈਕਲਟੀ ਪ੍ਰੋਫੈਸਰਾਂ ਗੱਲ ਕੀ ਸਮਾਜ ਦੇ ਹਰ ਕਿਰਤੀ ਹਿੱਸੇ ਦੇ ਡਾਂਗਾਂ ਨਾਲ ਬਥੇਰੇ ਮੌਰ ਸੇਕੇ ਹਨ। ਸੜਕਾਂ ਉਪਰ ਜਾਂ ਅਕਾਲੀ ਦਲ ਦੇ ਜਸ਼ਨ ਸਮਾਗਮਾਂ ਵਿਚ ਜਾ ਕੇ ਰੋਸ-ਵਿਖਾਵੇ ਕਰਨ ਸਮੇਂ ਲੋਕਾਂ ਨੂੰ ਪੁਲਿਸ ਹੱਥੋਂ ਬੁਰੀ ਤਰ੍ਹਾਂ ਕੁਟਵਾਇਆ ਹੈ। ਬੇਹਯਾ ਜਥੇਦਾਰ ਆਪ ਅੱਗੇ ਹੋ ਕੇ ਕੁੜੀਆਂ ਨੂੰ ਗੁੱਤਾਂ ਤੋਂ ਫੜ ਕੇ ਘੜੀਸਣ, ਠੁੱਡੇ ਮਾਰਨ, ਪੈਰਾਂ ਵਿਚ ਉਨ੍ਹਾਂ ਦੀਆਂ ਚੁੰਨੀਆਂ ਰੋਲਣ ਅਤੇ ਥੱਪੜ ਮਾਰਨ ਤੱਕ ਦੀਆਂ ਕਰਤੂਤਾਂ ਕਰਦੇ ਰਹੇ ਹਨ। ਜਦੋਂ ਬਠਿੰਡਾ ਵਿਚ ਧਰਨੇ 'ਤੇ ਬੈਠੀਆਂ ਅਧਿਆਪਕ ਕੁੜੀਆਂ ਤੋਂ ਪੁਲਿਸ ਅਫ਼ਸਰਾਂ ਵਲੋਂ ਕਹਿਰਾਂ ਦੀ ਠੰਢ ਵਿਚ ਰਜਾਈਆਂ ਖੋਹੀਆਂ ਅਤੇ ਇਨ੍ਹਾਂ ਦੀ ਦਰਿੰਦਗੀ ਕਾਰਨ ਠੰਢ ਲੱਗ ਕੇ ਦੁੱਧ ਚੁੰਘਦੀ ਬੱਚੀ ਰੂਥ ਦੀ ਮੌਤ ਹੋ ਗਈ, ਤਾਂ ਅਕਾਲੀ ਮੰਤਰੀ ਸਿਕੰਦਰ ਮਲੂਕੇ ਤੇ ਬਾਦਲਾਂ ਦੇ ਸਲਾਹਕਾਰ ਹਰਚਰਨ ਬੈਂਸ ਵਰਗੇ ਬੱਚੀ ਦੀ ਮਾਂ ਖ਼ਿਲਾਫ਼ ਹੀ ਆਪਣੀ ਮਾਸੂਮ ਧੀ ਨੂੰ ਮਾਰਨ ਦਾ ਪਰਚਾ ਦਰਜ ਕਰਨ ਦੀਆਂ ਧਮਕੀਆਂ ਦੇਣ ਤੱਕ ਜਾ ਨਿੱਗਰੇ। ਹੋਰ ਤਾਂ ਹੋਰ ਅਕਾਲੀ ਜਰਵਾਣੇ ਤਾਂ ਬੇਰੁਜ਼ਗਾਰੀ ਦੀਆਂ ਸਤਾਈਆਂ ਕੁੜੀਆਂ ਜਾਂ ਹੋਰ

> ***ਸਵਾਲ ਇਹ ਨਹੀਂ ਕਿ ਚੋਣਾਂ ਜਿੱਤ ਕੇ ਕਿਹੜੀ ਪਾਰਟੀ ਦੀ ਹਕੂਮਤ ਬਣੇਗੀ। ਸਵਾਲ ਇਹ ਹੈ ਕਿ ਜਿਸ ਕਿਸੇ ਪਾਰਟੀ ਦੀ ਸਰਕਾਰ ਬਣੇਗੀ, ਕੀ ਉਹ ਇਸ ਆਰਥਿਕ ਮਾਡਲ ਨੂੰ ਮੁਕੰਮਲ ਤੌਰ 'ਤੇ ਰੱਦ ਕਰ ਕੇ ਬਦਲਵਾਂ ਵਿਕਾਸ ਪ੍ਰੋਗਰਾਮ ਦੇਵੇਗੀ? ਕੀ ਉਹ ਜਮਹੂਰੀਅਤ ਦੇ ਨਾਂ ਹੇਠ ਜਮਹੂਰੀ ਮੁੱਲਾਂ ਦਾ ਘਾਣ ਕਰਨ ਦੀ ਮੌਜੂਦਾ ਰਾਜਕੀ ਨੀਤੀ ਨੂੰ ਖ਼ਤਮ ਕਰ ਕੇ ਬੰਦੂਕ ਦੀ ਨੋਕ 'ਤੇ ਧੱਕ ਕੇ ਖੂੰਜੇ ਲਾਏ ਅਵਾਮ ਨੂੰ ਸਥਾਪਤੀ ਦੀ ਖੁੱਲ੍ਹ ਕੇ ਆਲੋਚਨਾ ਕਰਨ; ਆਪਣੇ ਹਿੱਤਾਂ, ਸਰੋਕਾਰਾਂ ਤੇ ਰੀਝਾਂ ਬਾਰੇ ਨਿਰਭੈ ਹੋ ਕੇ ਬੋਲਣ ਅਤੇ ਹੱਕ-ਜਤਾਈ ਦਾ ਹੱਕ ਦੇਵੇਗੀ?***

ਸੰਘਰਸ਼ਸ਼ੀਲ ਹਿੱਸਿਆਂ ਦੇ ਮੰਗ-ਪੱਤਰ ਲੈਣ ਲਈ ਉਨ੍ਹਾਂ ਨੂੰ ਚੰਦ ਮਿੰਟ ਗੱਲਬਾਤ ਦਾ ਵਕਤ ਦੇਣ ਲਈ ਵੀ ਤਿਆਰ ਨਹੀਂ। ਇਸ ਖ਼ਾਤਰ ਵੀ ਉਨ੍ਹਾਂ ਨੂੰ ਸਲਫ਼ਾਸ ਵਰਗੀ ਜਾਨਲੇਵਾ ਜ਼ਹਿਰ ਦੀਆਂ ਸ਼ੀਸ਼ੀਆਂ ਜਾਂ ਪੈਟਰੋਲ ਦੀਆਂ ਬੋਤਲਾਂ ਹੱਥਾਂ ਵਿਚ ਥੰਮ੍ਹ ਕੇ ਅਸਹਿ ਠੰਢ ਦੇ ਦਿਨੀਂ ਪਾਣੀ ਦੀਆਂ ਉੱਚੀਆਂ-ਉੱਚੀਆਂ ਟੈਂਕੀਆਂ 'ਤੇ ਚੜ੍ਹ ਕੇ ਖ਼ੁਦਕਸ਼ੀਆਂ ਕਰਨ ਦੀਆਂ ਧਮਕੀਆਂ ਦੇਣੀਆਂ ਪੈਂਦੀਆਂ ਰਹੀਆਂ ਹਨ।

ਪੰਜਾਬ ਦੀ ਜਵਾਨੀ ਨੂੰ ਉਸਾਰੂ ਸੇਧ ਦੇਣ ਲਈ ਆਲਮੀ ਕਬੱਡੀ ਕੱਪਾਂ ਦਾ ਢੌਂਗ ਰਚਣ ਵਾਲੇ ਬਾਦਲਕਿਆਂ ਦੇ ਰਾਜ ਵਿਚ ਪਿੰਡ ਦੀ ਆਮ ਸਹਿਮਤੀ ਦੇ ਬਾਵਜੂਦ ਸ਼ਰਾਬ ਦਾ ਠੇਕਾ ਚੁਕਵਾ ਕੇ ਪਿੰਡ ਦੀ ਹਦੂਦ ਵਿਚੋਂ ਬਾਹਰ ਕਰਵਾਉਣਾ ਵੀ ਜਾਨ-ਹੂਲਵੇਂ ਸੰਘਰਸ਼ ਬਿਨਾਂ ਸੰਭਵ ਨਹੀਂ ਹੈ। ਇਹ ਨਸ਼ਾ-ਤਸਕਰ ਅਕਾਲੀ ਆਗੂਆਂ ਦੇ ਇਸ਼ਾਰੇ 'ਤੇ ਪੁਲਿਸ ਦੇ ਬੇਲਗਾਮ ਹਮਲੇ ਨੂੰ ਸੱਦਾ ਦੇਣ ਦੇ ਬਰਾਬਰ ਹੈ। ਲਿਹਾਜ਼ਾ, ਰਾਜ ਦਾ ਦਿਨੋ-ਦਿਨ ਵਧ ਰਿਹਾ ਫ਼ਾਸ਼ੀਵਾਦੀ ਰੁਝਾਨ ਕੋਈ ਛੋਟਾ ਸਵਾਲ ਨਹੀਂ ਹੈ, ਸਗੋਂ ਇਹ ਡੂੰਘੀ ਚਿੰਤਾ ਦਾ ਵਿਸ਼ਾ ਹੈ। ਜਾਗਰੂਕ ਨਾਗਰਿਕ ਜਾਣਦੇ ਹਨ ਕਿ ਆਮ ਲੋਕਾਈ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ 'ਚ ਹਾਕਮ ਜਮਾਤੀ ਪਾਰਟੀਆਂ ਦੇ ਅਸਫ਼ਲ ਰਹਿਣ, ਸੰਵਿਧਾਨਕ ਜ਼ਿੰਮੇਵਾਰੀਆਂ ਤੋਂ ਭੱਜਣ ਅਤੇ ਆਪਣੀ ਨਾਲਾਇਕੀ ਤੇ ਕਮੀਨਗੀ ਛੁਪਾਉਣ ਦੀ ਜ਼ਰੂਰਤ ਵਿਚੋਂ ਹੀ ਹੁਕਮਰਾਨਾਂ ਵਲੋਂ ਜਥੇਬੰਦ ਹੱਕ ਜਤਾਈ ਨੂੰ ਦਬਾਉਣ ਦਾ ਫ਼ਾਸ਼ੀਵਾਦੀ ਰਾਹ ਅਖ਼ਤਿਆਰ ਕੀਤਾ ਜਾ ਰਿਹਾ ਹੈ। ਪੰਜਾਬ ਵਿਚ ਫ਼ਾਸ਼ੀਵਾਦੀ ਰੁਝਾਨ ਦੇ ਕੁਝ ਉਘੜਵੇਂ ਲੱਛਣ ਗ਼ੌਰਤਲਬ ਹਨ:

-ਅਕਾਲੀ-ਭਾਜਪਾ ਸਰਕਾਰ ਵਲੋਂ 2011 ਦੇ ਅਖ਼ੀਰ ਵਿਚ ਦੋ ਦਮਨਕਾਰੀ ਕਾਨੂੰਨ ਲਿਆ ਕੇ ਲੋਕਾਂ ਦੇ ਜਮਹੂਰੀ ਹੱਕਾਂ ਉਪਰ ਵੱਡਾ ਹਮਲਾ ਕੀਤਾ ਗਿਆ ਜਿਸ ਨੂੰ ਪੰਜਾਬ ਦੀਆਂ ਜਮਹੂਰੀ ਤਾਕਤਾਂ ਦੇ ਸਾਂਝੇ ਸੰਘਰਸ਼ ਦੇ ਦਬਾਅ ਕਾਰਨ ਵਾਪਸ ਲਿਆ ਗਿਆ।

-ਪਹਿਲਾਂ ਸੂਬਾਈ ਰਾਜਧਾਨੀ ਚੰਡੀਗੜ੍ਹ ਅਤੇ ਫਿਰ ਸਾਰੇ ਜ਼ਿਲ੍ਹਾ ਕੇਂਦਰਾਂ ਉਪਰ ਲੋਕਾਂ ਦੇ ਰੋਸ ਵਿਖਾਵਿਆਂ ਉਪਰ ਐਲਾਨੀਆ ਤੇ ਗੁਪਤ ਰੋਕਾਂ ਲਾਈਆਂ ਗਈਆਂ। ਸੰਘਰਸ਼ਾਂ ਨੂੰ ਗੁੰਮਨਾਮ ਅਤੇ ਬੇਅਸਰ ਬਣਾਉਣ ਲਈ ਪ੍ਰਸ਼ਾਸਨਿਕ ਸਦਰ ਮੁਕਾਮਾਂ ਤੋਂ ਦੂਰ ਅਤੇ ਸ਼ਹਿਰ ਤੋਂ ਬਾਹਰਵਾਰ ਉਜਾੜ ਥਾਵਾਂ 'ਤੇ ਸੰਘਰਸ਼ ਦੀਆਂ ਥਾਵਾਂ ਨਿਸ਼ਚਿਤ ਕਰਨ ਦੇ ਤਾਨਾਸ਼ਾਹ ਹੁਕਮ ਜਾਰੀ ਕੀਤੇ ਗਏ।

-ਮਜ਼ਦੂਰ-ਕਿਸਾਨ ਆਗੂਆਂ/ਕਾਰਕੁਨਾਂ ਉਪਰ ਖ਼ਾਸ ਵਿਚਾਰਧਾਰਾ ਦਾ ਠੱਪਾ ਲਾ ਕੇ ਤੇ ਉਨ੍ਹਾਂ ਨੂੰ ਗ਼ੈਰਕਾਨੂੰਨੀ ਕਾਰਵਾਈਆਂ ਵਿਚ ਰੁੱਝੇ ਸਮਾਜ ਵਿਰੋਧੀ ਅਨਸਰ ਐਲਾਨ ਕੇ ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਝੂਠੇ ਮੁਕੱਦਮੇ ਅਤੇ ਜੇਲ੍ਹਾਂ ਵਿਚ ਮਹੀਨਿਆਂ ਬੱਧੀ ਖੱਜਲ-ਖੁਆਰ ਕੀਤਾ ਗਿਆ।

-ਰਾਜ ਦੇ ਵੱਧ ਤੋਂ ਵੱਧ ਪੁਲਸੀਕਰਨ ਦੇ ਨਾਲ-ਨਾਲ ਜਨਤਕ ਰੋਸ ਵਿਖਾਵਿਆਂ ਉਪਰ ਸੱਤਾਧਾਰੀ ਧਿਰ ਦੇ ਵਰਕਰਾਂ ਵਲੋਂ ਜਾਂ ਉਨ੍ਹਾਂ ਦੀ ਸ਼ਹਿ ਪ੍ਰਾਪਤ ਅਨਸਰਾਂ ਵਲੋਂ ਹਮਲੇ ਕੀਤੇ ਜਾਣ ਲੱਗੇ। ਖ਼ਾਸ ਕਰ ਕੇ ਅਕਾਲੀ ਜਥੇਦਾਰਾਂ ਵਲੋਂ ਖ਼ੁਦ ਔਰਤ ਵਿਖਾਵਾਕਾਰੀਆਂ ਦੀ ਬੇਖ਼ੌਫ਼ ਕੁੱਟਮਾਰ ਤੇ ਉਨ੍ਹਾਂ ਨਾਲ ਬਦਤਮੀਜ਼ੀ ਕੀਤੀ ਜਾਂਦੀ ਹੈ।

-ਇਕ ਪਾਸੇ ਸਮਾਜ ਵਿਰੋਧੀ ਅਨਸਰਾਂ ਤੇ ਗੁੰਡਾ ਗਰੋਹਾਂ ਨੂੰ ਸੱਤਾਧਾਰੀਆਂ ਦੀ ਸਿਆਸੀ ਸਰਪ੍ਰਸਤੀ ਅਤੇ ਦੂਜੇ ਪਾਸੇ ਸਮਾਜ ਵਿਰੋਧੀ ਕਾਰਵਾਈਆਂ ਦਾ ਜਥੇਬੰਦ ਵਿਰੋਧ ਕਰਨ ਵਾਲੇ ਜਾਗਰੂਕ ਹਿੱਸਿਆਂ ਉਪਰ ਝੂਠੇ ਮੁਕੱਦਮੇ ਦਰਜ ਕਰਨ ਦਾ ਰੁਝਾਨ ਉਭਰਿਆ। ਮਸਲਨ ੳ) 2012 ਵਿਚ ਬਠਿੰਡਾ ਦੇ ਸੇਲਬਰਾਹ ਪਿੰਡ ਵਿਚ ਸ਼ਰਾਬ ਦੀ ਗ਼ੈਰਕਾਨੂੰਨੀ ਵਿਕਰੀ ਬੰਦ ਕਰਾਉਣ ਲਈ ਜਥੇਬੰਦ ਆਵਾਜ਼ ਉਠਾ ਰਹੇ ਪਿੰਡ ਵਾਸੀਆਂ ਉਪਰ ਪੁਲਿਸ ਦਾ ਹਮਲਾ ਅਤੇ ਇਰਾਦਾ ਕਤਲ ਦੇ ਮੁਕੱਦਮੇ; ਅ) ਫ਼ਰੀਦਕੋਟ ਦੇ ਸ਼ਰੁਤੀ ਮਾਮਲੇ ਵਿਚ ਲੋਕ ਸੰਘਰਸ਼ ਦੇ ਖ਼ਿਲਾਫ਼ ਪੁਲਿਸ-ਸਿਆਸੀ-ਗੁੰਡਾ ਗੱਠਜੋੜ ਦਾ ਨੰਗਾ ਨਾਚ; ੲ) ਕਪੂਰਥਲਾ ਜ਼ਿਲ੍ਹੇ ਦੇ ਤਲਵੰਡੀ ਚੌਧਰੀਆਂ ਥਾਣੇ ਅਧੀਨ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਏ ਸਮੇਤ ਨਸ਼ਿਆਂ ਦੀ ਤਸਕਰੀ ਨਾਲ ਜੁੜੇ ਮੰਤਰੀਆਂ ਖ਼ਿਲਾਫ਼ ਰੋਸ ਪ੍ਰਗਟਾਉਣ ਵਾਲੇ ਚਾਰ ਨੌਜਵਾਨ ਕਾਰਕੁਨਾਂ (ਰਣਧੀਰ ਸਿੰਘ, ਅਮਰਜੀਤ ਸਿੰਘ, ਸੁਖਵਿੰਦਰ ਸਹੋਤਾ ਅਤੇ ਲਵਪ੍ਰੀਤ ਸਿੰਘ) ਦੀ ਗ੍ਰਿਫ਼ਤਾਰੀ ਅਤੇ ਝੂਠੇ ਮੁਕੱਦਮੇ 'ਚ ਡੇਢ ਮਹੀਨਾ ਬਿਨਾਂ ਜ਼ਮਾਨਤ ਜੇਲ੍ਹਬੰਦੀ, ਇੱਥੋਂ ਤਕ ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਗ੍ਰਿਫ਼ਤਾਰ ਕਰ ਕੇ ਖੱਜਲ-ਖੁਆਰ ਕਰਨਾ; ਸ) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਯੂਨੀਵਰਸਿਟੀ ਅਥਾਰਟੀਜ਼ ਦੇ ਇਸ਼ਾਰੇ 'ਤੇ ਪੁਲਿਸ ਵਲੋਂ ਸਿੱਖਿਆ ਦੇ ਵਪਾਰੀਕਰਨ ਦਾ ਵਿਰੋਧ ਕਰ ਰਹੇ ਵਿਦਿਆਰਥੀਆਂ ਦੇ ਧਰਨੇ ਉਪਰ ਕੈਂਪਸ ਦੇ ਅੰਦਰ ਜਾ ਕੇ ਹਮਲਾ ਅਤੇ ਨੌਂ ਸਰਗਰਮ ਵਿਦਿਆਰਥੀਆਂ ਉਪਰ ਮਹਿਲਾ ਕਾਂਸਟੇਬਲ ਨਾਲ ਛੇੜ-ਛਾੜ ਅਤੇ ਪੁਲਿਸ ਉਪਰ ਹਮਲੇ ਦਾ ਘਿਨਾਉਣਾ ਮੁਕੱਦਮਾ ਦਰਜ ਕਰਨਾ; ਹ) 6 ਮਾਰਚ 2013 ਨੂੰ 17 ਕਿਸਾਨ ਮਜ਼ਦੂਰ ਜਥੇਬੰਦੀਆਂ ਦੇ ਸ਼ਾਂਤਮਈ ਅੰਦੋਲਨ ਨੂੰ ਦਬਾਉਣ ਲਈ ਸੂਬੇ ਵਿਚ 319 ਥਾਂਵਾਂ 'ਤੇ ਛਾਪੇ ਅਤੇ 2200 ਦੇ ਕਰੀਬ ਕਿਸਾਨ ਮਜ਼ਦੂਰ ਕਾਰਕੁਨਾਂ ਤੇ ਆਗੂਆਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ 'ਚ ਬੰਦ ਕਰਨਾ; ਕ) ਅੰਮ੍ਰਿਤਸਰ ਵਿਚ ਅੰਦੋਲਨਕਾਰੀਆਂ ਨੂੰ ਗ੍ਰਿਫ਼ਤਾਰ ਕਰਨ ਗਈ ਪੁਲਿਸ ਪਾਰਟੀ ਦੇ ਏ.ਐਸ.ਆਈ. ਦੀ ਮੌਤ ਦੀ ਨਿਰਪੱਖ ਜਾਂਚ ਕਰਾਉਣ ਤੋਂ ਬਿਨਾਂ ਹੀ ਬਦਲਾਲਊ ਇਰਾਦੇ ਨਾਲ 13 ਕਿਸਾਨ ਕਾਰਕੁਨਾਂ ਉਪਰ ਦਫ਼ਾ 302 ਤੇ ਹੋਰ ਧਾਰਾਵਾਂ ਤਹਿਤ ਸੰਗੀਨ ਪਰਚੇ ਦਰਜ ਕਰਨਾ; ਖ) ਫਰਵਰੀ 1914 'ਚ ਅੰਮ੍ਰਿਤਸਰ ਵਿਚ ਫਿਰ ਕਿਸਾਨ ਸੰਘਰਸ਼ ਉਪਰ ਹਮਲਾ, ਇਕ ਕਿਸਾਨ ਦੀ ਪੁਲਿਸ ਤਸ਼ੱਦਦ ਨਾਲ ਮੌਤ ਅਤੇ ਕਿਸਾਨ ਆਗੂਆਂ ਖ਼ਿਲਾਫ਼ ਝੂਠੇ ਮੁਕੱਦਮੇ; ਗ) ਪਟਿਆਲਾ ਵਿਚ ਜ਼ਮੀਨਾਂ ਤੋਂ ਉਜਾੜੇ ਵਿਰੁੱਧ ਕਾਨੂੰਨੀ ਲੜਾਈ ਲੜ ਰਹੇ ਆਬਾਦਕਾਰਾਂ ਉਪਰ ਪੁਲਿਸ ਦੇ ਵੱਡੇ ਲਾਮ-ਲਸ਼ਕਰ ਦਾ ਹਮਲਾ;

*(ਬਾਕੀ ਸਫਾ 14 'ਤੇ)*

# ਭਾਜਪਾ ਦੇ ਹਨੂੰਮਾਨ ਤਿੰਨ ਦਲਿਤ 'ਰਾਮ'

ਆਨੰਦ ਤੈਲਤੁਮੜੇ
ਪੇਸ਼ਕਸ਼/ਤਰਜਮਾ: ਬੂਟਾ ਸਿੰਘ

***ਹਿੰਦੁਸਤਾਨੀ ਜਮਹੂਰੀਅਤ ਦੇ ਨਿਘਾਰ ਨੂੰ ਦੇਖਦਿਆਂ, ਦਲਿਤ ਆਗੂਆਂ ਦੀਆਂ ਅਜਿਹੀਆਂ ਮੌਕਾਪ੍ਰਸਤ ਕਲਾਬਾਜ਼ੀਆਂ ਕਿਸੇ ਨੂੰ ਹੈਰਾਨ ਨਹੀਂ ਕਰਦੀਆਂ। ਆਖ਼ਿਰਕਾਰ, ਹਰ ਕੋਈ ਇੰਝ ਹੀ ਕਰ ਰਿਹਾ ਹੈ। ਤੇ ਜੇ ਦਲਿਤ ਆਗੂ ਇੰਝ ਕਰਦੇ ਹਨ, ਤਾਂ ਇਸ 'ਤੇ ਇਤਰਾਜ਼ ਕਿਉਂ ਕੀਤਾ ਜਾਵੇ? ਆਖ਼ਿਰਕਾਰ, ਉਨ੍ਹਾਂ ਵਿਚੋਂ ਕਈ ਹੁਣ ਤੱਕ ਕਾਂਗਰਸ ਵਿਚ ਹੀ ਰਹੇ ਹਨ, ਤੇ ਜੇ ਹੁਣ ਉਹ ਭਾਜਪਾ ਵਿਚ ਜਾ ਰਹੇ ਹਨ, ਤਾਂ ਇਸ ਵਿਚ ਕਿਹੜੀ ਵੱਡੀ ਗੱਲ ਹੈ? ਸ਼ਾਇਦ ਭਾਜਪਾ ਅਤੇ ਕਾਂਗਰਸ ਵਿਚ ਬਹੁਤ ਥੋੜ੍ਹਾ ਹੀ ਫ਼ਰਕ ਹੋਵੇਗਾ, ਪਰ ਫ਼ਿਕਰਮੰਦ ਹੋਣ ਦੇ ਅਸਲ ਕਾਰਨ ਉਨ੍ਹਾਂ ਦੇ ਹੁਣ ਤੱਕ ਦੇ ਐਲਾਨਾਂ ਅਤੇ ਉਨ੍ਹਾਂ ਦੇ ਬਾਰੇ ਅਵਾਮ ਦੇ ਮਨਾਂ 'ਚ ਬਣੇ ਨਕਸ਼ੇ ਵਿਚ ਪਏ ਹਨ। ਕਾਂਗਰਸ ਤੋਂ ਉਲਟ, ਭਾਜਪਾ ਇਕ ਵਿਚਾਰਧਾਰਾ 'ਤੇ ਚੱਲਣ ਵਾਲੀ ਪਾਰਟੀ ਹੈ। ਇਸ ਦਾ ਵਿਚਾਰਧਾਰਕ ਆਧਾਰ ਹਿੰਦੂਤਵ ਹੈ ਜਿਸ ਵਿਚ ਸ਼ਬਦਾਂ ਦਾ ਕੋਈ ਹੇਰ-ਫੇਰ ਨਹੀਂ ਹੈ। ਇਹ ਫਾਸ਼ੀਵਾਦ ਦੀ ਵਿਚਾਰਧਾਰਾ ਹੈ ਜਿਸ ਨੂੰ ਸਾਫ਼ ਤੌਰ 'ਤੇ ਅੰਬੇਡਕਰ ਤੋਂ ਐਨ ਉਲਟ ਵਿਚਾਰਧਾਰਾ ਦੇ ਰੂਪ 'ਚ ਦੇਖਿਆ ਜਾ ਸਕਦਾ ਹੈ।***

ਡਾ. ਅੰਬੇਡਕਰ ਦਾ ਝੰਡਾ ਚੁੱਕਣ ਦੇ ਦਾਅਵੇਦਾਰ ਤਿੰਨ ਦਲਿਤ ਰਾਮਾਂ- ਰਾਮਦਾਸ ਅਠਾਵਲੇ, ਰਾਮ ਵਿਲਾਸ ਪਾਸਵਾਨ ਅਤੇ ਰਾਮ ਰਾਜ (ਜਿਸ ਨੇ ਕੁਝ ਵਰ੍ਹੇ ਪਹਿਲਾਂ ਆਪਣਾ ਨਾਂ ਬਦਲ ਕੇ ਉਦਿਤ ਰਾਜ ਰੱਖ ਲਿਆ ਸੀ), ਨੇ ਸੱਤਾ ਦੇ ਟੁਕੜਿਆਂ ਦੀ ਉਮੀਦ 'ਚ ਪੂਰੀ ਬੇਸ਼ਰਮੀ ਨਾਲ ਰੀਂਗਦੇ ਹੋਏ ਆਪਣਾ ਠੇਲ੍ਹਾ ਭਾਜਪਾ ਦੇ ਰੱਥ ਨਾਲ ਟੋਚਨ ਕਰ ਲਿਆ ਹੈ। ਇਨ੍ਹਾਂ ਵਿਚੋਂ ਪਾਸਵਾਨ 1996 ਤੋਂ 2009 ਤੱਕ ਅਟਲ ਬਿਹਾਰੀ ਬਾਜਪਾਈ, ਐਚ.ਡੀ. ਦੇਵਗੌੜਾ, ਆਈ.ਕੇ. ਗੁਜਰਾਲ ਅਤੇ ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਹੋਣ ਸਮੇਂ, ਉਨ੍ਹਾਂ ਦੀ ਅਗਵਾਈ ਵਾਲੀਆਂ ਸਰਕਾਰਾਂ ਵਿਚੋਂ ਹਰ ਇਕ ਵਿਚ ਕੇਂਦਰੀ ਮੰਤਰੀ (ਕਦੇ ਰੇਲਵੇ, ਕਦੇ ਸੰਚਾਰ, ਸੂਚਨਾ ਤਕਨੀਕ, ਕਦੇ ਖਣਨ, ਇਸਪਾਤ, ਰਸਾਇਣ ਅਤੇ ਖਾਦ ਮੰਤਰੀ) ਰਿਹਾ। ਇਸ ਮਾਮਲੇ ਵਿਚ ਉਹ ਘਾਗ ਖਿਡਾਰੀ ਹੈ। ਬਾਕੀ ਦੋਵੇਂ ਰਾਮ ਕੱਲ੍ਹ ਤੱਕ ਭਾਜਪਾ ਦੇ ਫਿਰਕੂ ਕਿਰਦਾਰ ਖ਼ਿਲਾਫ਼ ਸੰਘ ਪਾੜ-ਪਾੜ ਕੇ ਚੀਕਦੇ ਰਹੇ ਹਨ। ਅਠਾਵਲੇ ਦਾ ਕਾਂਗਰੋਂਤਰਹਿਤ ਕਿਰਦਾਰ ਉਦੋਂ ਤੋਂ ਹੀ ਜੱਗ ਜ਼ਾਹਰ ਹੈ, ਜਦੋਂ ਕੇਂਦਰ ਵਿਚ ਮੰਤਰੀ ਬਣਨ ਦੀ ਉਸ ਦੀ ਬੇਤਹਾਸ਼ਾ ਹਸਰਤ ਪੂਰੀ ਨਹੀਂ ਹੋਈ ਅਤੇ 2009 ਦੀਆਂ ਲੋਕ ਸਭਾ ਚੋਣਾਂ ਵਿਚ ਉਸ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਉਸ ਨੇ ਆਪਣੇ ਅਪਮਾਨ ਦਾ ਇਲਜ਼ਾਮ ਆਪਣੇ ਕਾਂਗਰਸੀ ਗੁਰੂ-ਘੰਟਾਲਾਂ ਉਪਰ ਲਾਉਣਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਨੇ ਉਸ ਨੂੰ ਸਿਧਾਰਥ ਵਿਹਾਰ ਦੇ ਗੰਦੇ ਜਿਹੇ ਕੋਠੜੇ ਤੋਂ ਚੁੱਕ ਕੇ ਮਹਾਰਾਸ਼ਟਰ ਦਾ ਕੈਬਨਿਟ ਮੰਤਰੀ ਬਣਾ ਕੇ ਸਹਾਯਾਦਰੀ ਦੇ ਏਅਰਕੰਡੀਸ਼ਨਡ ਫਲੈਟ ਵਿਚ ਲਿਜਾ ਬਿਠਾਇਆ ਸੀ। ਇਨ੍ਹਾਂ ਦੀ ਮੌਕਾਪ੍ਰਸਤੀ ਤਾਂ ਐਨੀ ਹੈਰਤਅੰਗੇਜ਼ ਨਹੀਂ; ਪਰ ਘੱਟੋ-ਘੱਟ ਡਾ. ਉਦਿਤ ਰਾਜ (ਉਸ ਨੇ ਵੱਕਾਰੀ ਬਾਈਬਲ ਕਾਲਜ ਐਂਡ ਸੈਮੀਨਰੀ, ਕੋਟਾ ਤੋਂ ਡਾਕਟਰੇਟ ਕੀਤੀ ਹੋਈ ਹੈ) ਨੇ ਜਿਵੇਂ ਆਪਣੇ ਭਾਜਪਾ ਵਿਰੋਧੀ ਤਰਕਸੰਗਤ ਰੁਖ਼ ਤੋਂ ਕਲਾਬਾਜ਼ੀ ਮਾਰੀ, ਉਹ ਹੈਰਾਨੀਜਨਕ ਜ਼ਰੂਰ ਹੈ।

ਇਕ ਮਾਇਨੇ 'ਚ, ਹਿੰਦੁਸਤਾਨੀ ਜਮਹੂਰੀਅਤ ਦੇ ਨਿਘਾਰ ਨੂੰ ਦੇਖਦਿਆਂ, ਦਲਿਤ ਆਗੂਆਂ ਦੀਆਂ ਅਜਿਹੀਆਂ ਮੌਕਾਪ੍ਰਸਤ ਕਲਾਬਾਜ਼ੀਆਂ ਕਿਸੇ ਨੂੰ ਹੈਰਾਨ ਨਹੀਂ ਕਰਦੀਆਂ। ਆਖ਼ਿਰਕਾਰ, ਹਰ ਕੋਈ ਇੰਝ ਹੀ ਕਰ ਰਿਹਾ ਹੈ। ਤੇ ਜੇ ਦਲਿਤ ਆਗੂ ਇੰਝ ਕਰਦੇ ਹਨ, ਤਾਂ ਇਸ 'ਤੇ ਇਤਰਾਜ਼ ਕਿਉਂ ਕੀਤਾ ਜਾਵੇ? ਆਖ਼ਿਰਕਾਰ, ਉਨ੍ਹਾਂ ਵਿਚੋਂ ਕਈ ਹੁਣ ਤੱਕ ਕਾਂਗਰਸ ਵਿਚ ਹੀ ਰਹੇ ਹਨ, ਤੇ ਜੇ ਹੁਣ ਉਹ ਭਾਜਪਾ ਵਿਚ ਜਾ ਰਹੇ ਹਨ, ਤਾਂ ਇਸ ਵਿਚ ਕਿਹੜੀ ਵੱਡੀ ਗੱਲ ਹੈ? ਸ਼ਾਇਦ ਭਾਜਪਾ ਅਤੇ ਕਾਂਗਰਸ ਵਿਚ ਬਹੁਤ ਥੋੜ੍ਹਾ ਹੀ ਫ਼ਰਕ ਹੋਵੇਗਾ, ਪਰ ਫ਼ਿਕਰਮੰਦ ਹੋਣ ਦੇ ਅਸਲ ਕਾਰਨ ਉਨ੍ਹਾਂ ਦੇ ਹੁਣ ਤੱਕ ਦੇ ਐਲਾਨਾਂ ਅਤੇ ਉਨ੍ਹਾਂ ਦੇ ਬਾਰੇ ਅਵਾਮ ਦੇ ਮਨਾਂ 'ਚ ਬਣੇ ਨਕਸ਼ੇ ਵਿਚ ਪਏ ਹਨ। ਕਾਂਗਰਸ ਤੋਂ ਉਲਟ, ਭਾਜਪਾ ਇਕ ਵਿਚਾਰਧਾਰਾ 'ਤੇ ਚੱਲਣ ਵਾਲੀ ਪਾਰਟੀ ਹੈ। ਇਸ ਦਾ ਵਿਚਾਰਧਾਰਕ ਆਧਾਰ ਹਿੰਦੂਤਵ ਹੈ ਜਿਸ ਵਿਚ ਸ਼ਬਦਾਂ ਦਾ ਕੋਈ ਹੇਰ-ਫੇਰ ਨਹੀਂ ਹੈ। ਇਹ ਫਾਸ਼ੀਵਾਦ ਦੀ ਵਿਚਾਰਧਾਰਾ ਹੈ ਜਿਸ ਨੂੰ ਸਾਫ਼ ਤੌਰ 'ਤੇ ਅੰਬੇਡਕਰ ਤੋਂ ਐਨ ਉਲਟ ਵਿਚਾਰਧਾਰਾ ਦੇ ਰੂਪ 'ਚ ਦੇਖਿਆ ਜਾ ਸਕਦਾ ਹੈ; ਹਾਲਾਂਕਿ ਵਿਹਾਰਕ ਸਿਆਣਪ ਭਾਜਪਾ ਤੋਂ ਹਿੰਦੁਸਤਾਨ ਦੇ ਸੰਵਿਧਾਨ ਪ੍ਰਤੀ ਵਫ਼ਾਦਾਰੀ ਦੀ ਮੰਗ ਕਰਦੀ ਹੈ, ਜਾਂ ਫਿਰ ਆਦਿਵਾਸੀਆਂ, ਦਲਿਤਾਂ ਅਤੇ ਮੁਸਲਮਾਨਾਂ ਨੂੰ ਭਰਮਾਉਣ ਦੀ ਮੰਗ ਕਰਦੀ ਹੈ, ਪਰ ਉਨ੍ਹਾਂ ਦਾ ਵਿਚਾਰਧਾਰਕ ਰਵੱਈਆ ਉਨ੍ਹਾਂ ਸਭ ਦੇ ਖ਼ਿਲਾਫ਼ ਹੈ। ਲਿਹਾਜ਼ਾ ਅੰਬੇਡਕਰ ਦਾ ਗੁਣ-ਗਾਣ ਕਰਨ ਵਾਲੇ ਦਲਿਤ ਆਗੂਆਂ ਦੀ ਦਲਿਤਾਂ ਨਾਲ ਧਰੋਹ ਕਮਾਉਣਾ ਸਭ ਨੂੰ ਪੀੜ-ਪੀੜ ਕਰ ਗਿਆ ਹੈ।

### ਅੰਬੇਡਕਰ ਦੀ ਵਿਰਾਸਤ

ਹਾਲਾਂਕਿ ਅੰਬੇਡਕਰ ਨੇ ਹਿੰਦੂ ਧਰਮ ਵਿਚ ਸੁਧਾਰਾਂ ਦੇ ਵਿਚਾਰ ਤੋਂ ਸ਼ੁਰੂਆਤ ਕੀਤੀ ਸੀ ਜਿਸ ਦਾ ਆਧਾਰ ਉਨ੍ਹਾਂ ਦਾ ਇਹ ਖ਼ਿਆਲ ਸੀ ਕਿ ਜਾਤਾਂ, ਡੱਬਾਬੰਦ ਸ਼੍ਰੇਣੀ ਪ੍ਰਬੰਧ ਹੈ (ਹਿੰਦੁਸਤਾਨ ਵਿਚ ਜਾਤਾਂ)। ਇਸ ਡੱਬਾਬੰਦੀ ਨੂੰ ਜਾਤ ਦੇ ਅੰਦਰ-ਅੰਦਰ ਵਿਆਹਾਂ ਦੀ ਖ਼ਾਸ ਵਿਵਸਥਾ ਰਾਹੀਂ ਕਾਇਮ ਰੱਖਿਆ ਜਾ ਰਿਹਾ ਹੈ। ਅਮਲ ਵਿਚ ਇਸ ਦਾ ਮਾਇਨਾ ਇਹ ਸੀ ਕਿ ਜੇ ਅੰਤਰ-ਵਿਆਹਾਂ ਦੇ ਜ਼ਰੀਏ ਇਸ ਵਿਵਸਥਾ ਤੋਂ ਮੁਕਤੀ ਪਾ ਲਈ ਗਈ, ਤਾਂ ਇਸ ਘੇਰਾਬੰਦੀ ਵਿਚ ਪਾੜ ਪੈ ਜਾਵੇਗਾ ਅਤੇ ਜਾਤਾਂ ਜਮਾਤਾਂ ਬਣ ਜਾਣਗੀਆਂ। ਇਸ ਲਈ ਉਨ੍ਹਾਂ ਦਾ ਸ਼ੁਰੂਆਤੀ ਦਾਅਪੇਚ ਇਹ ਸੀ ਕਿ ਦਲਿਤਾਂ ਦੇ ਪ੍ਰਸੰਗ 'ਚ ਹਿੰਦੂ ਸਮਾਜ ਦੀਆਂ ਬੁਰਾਈਆਂ ਨੂੰ ਇਸ ਤਰ੍ਹਾਂ ਉਜਾਗਰ ਕੀਤਾ ਜਾਵੇ ਕਿ ਹਿੰਦੂਆਂ ਅੰਦਰਲੇ ਅਗਾਂਹਵਧੂ ਤੱਤ ਸੁਧਾਰਾਂ ਲਈ ਅੱਗੇ ਆਉਣ। ਮਹਾੜ ਵਿਚ ਉਨ੍ਹਾਂ ਐਨ ਇਹੀ ਯਤਨ ਕੀਤਾ ਸੀ। ਹਾਲਾਂਕਿ ਮਹਾੜ ਵਿਚ ਹੋਏ ਤਲਖ਼ ਤਜਰਬੇ ਤੋਂ ਉਹ ਇਸ ਸਿੱਟੇ 'ਤੇ ਪਹੁੰਚੇ ਕਿ ਹਿੰਦੂ ਸਮਾਜ ਵਿਚ ਸੁਧਾਰ ਸੰਭਵ ਨਹੀਂ, ਕਿਉਂਕਿ ਇਨ੍ਹਾਂ ਦੀਆਂ ਜੜ੍ਹਾਂ ਹਿੰਦੂ ਧਰਮ-ਸ਼ਾਸਤਰਾਂ ਵਿਚ ਡੂੰਘੀਆਂ ਗੱਡੀਆਂ ਹੋਈਆਂ ਸਨ। ਫਿਰ ਉਨ੍ਹਾਂ ਨੇ ਸੋਚਿਆ ਕਿ ਇਨ੍ਹਾਂ ਧਰਮ-ਸ਼ਾਸਤਰਾਂ ਦੇ ਬਖ਼ੀਏ ਉਧੇੜੇ ਬਗ਼ੈਰ ਜਾਤਾਂ ਦਾ ਖ਼ਾਤਮਾ ਨਹੀਂ ਹੋਵੇਗਾ (ਜਾਤਪਾਤ ਦਾ ਬਿਜਨਾਸ਼)। ਓੜਕ, ਆਪਣੇ ਚਲਾਣੇ ਤੋਂ ਥੋੜ੍ਹਾ ਪਹਿਲਾਂ ਉਨ੍ਹਾਂ ਨੇ ਇਹ ਢੰਗ ਅਪਣਾਇਆ ਜੋ ਉਨ੍ਹਾਂ ਦੇ ਖ਼ਿਆਲ ਅਨੁਸਾਰ ਜਾਤਾਂ ਦੇ ਖ਼ਾਤਮੇ ਦਾ ਕਾਰਗਰ ਤਰੀਕਾ ਸੀ: ਉਨ੍ਹਾਂ ਨੇ ਬੁੱਧ ਧਰਮ ਅਪਣਾ ਲਿਆ। ਐਨਾ ਵਕਤ ਗੁਜ਼ਰ ਜਾਣ ਤੋਂ ਬਾਅਦ, ਅੱਜ ਇਸ ਪੱਖੋਂ ਕੋਈ ਵੀ ਉਨ੍ਹਾਂ ਦੇ ਵਿਸ਼ਲੇਸ਼ਣ ਦੇ ਤਰੀਕਿਆਂ ਦੀਆਂ ਕਮੀਆਂ ਨੂੰ ਅਸਾਨੀ ਨਾਲ ਹੀ ਦੇਖ ਸਕਦਾ ਹੈ, ਪਰ ਜਾਤਾਂ ਦਾ ਖ਼ਾਤਮਾ ਅੰਬੇਡਕਰ ਦੀ ਵਿਰਾਸਤ ਦਾ ਧੁਰਾ ਬਣਿਆ ਰਿਹਾ। ਇਸ ਦੌਰਾਨ ਉਨ੍ਹਾਂ ਨੇ ਜੋ ਕੁਝ ਵੀ ਕੀਤਾ, ਉਹ ਦਲਿਤਾਂ ਨੂੰ ਤਾਕਤਵਰ ਬਣਾਉਣ ਖ਼ਾਤਰ ਕੀਤਾ ਤਾਂ ਕਿ ਉਹ ਜਾਤਪਾਤ ਪ੍ਰਬੰਧ ਦੇ ਖ਼ਾਤਮੇ ਲਈ ਸੰਘਰਸ਼ ਕਰ ਸਕਣ, ਜੋ ਉਨ੍ਹਾਂ ਦੀ ਨਜ਼ਰ ਵਿਚ 'ਆਜ਼ਾਦੀ, ਬਰਾਬਰੀ, ਭਾਈਚਾਰਾ' ਨੂੰ ਸਾਕਾਰ ਕਰਨ ਦੇ ਰਾਹ ਵਿਚ ਸਭ ਤੋਂ ਵੱਡਾ ਅੜਿੱਕਾ ਸੀ। ਕਿਉਂਕਿ ਮਾਰਕਸਵਾਦੀਆਂ ਦੇ ਉਲਟ ਉਹ ਇਹ ਨਹੀਂ ਮੰਨਦੇ ਸਨ ਕਿ ਇਤਿਹਾਸ ਕਿਸੇ ਤਰਕ ਦੇ ਆਧਾਰ 'ਤੇ ਵਿਕਸਤ ਹੁੰਦਾ ਹੈ, ਕਿ ਇਸ ਦੀ ਗਤੀ ਨੂੰ ਕੋਈ ਨੇਮ ਕੰਟਰੋਲ ਕਰਦੇ ਹਨ, ਇਸ ਲਈ ਉਨ੍ਹਾਂ ਨੇ ਇਹ ਵਿਧੀ ਅਪਣਾਈ ਜਿਸ ਨੂੰ ਵਿਹਾਰਵਾਦ ਕਿਹਾ ਜਾਂਦਾ ਹੈ। ਇਸ ਵਿਚ ਉਨ੍ਹਾਂ ਉਪਰ ਕੋਲੰਬੀਆ ਯੂਨੀਵਰਸਿਟੀ ਦੇ ਉਨ੍ਹਾਂ ਦੇ ਅਧਿਆਪਕ ਜੌਹਨ ਡਿਵੀ ਦਾ ਅਸਰ ਸੀ।

ਵਿਹਾਰਵਾਦ ਇਕ ਐਸਾ ਨਜ਼ਰੀਆ ਹੈ ਜੋ ਸਿਧਾਂਤਾਂ ਜਾਂ ਵਿਸ਼ਵਾਸਾਂ ਦਾ ਮੁਲੰਕਣ, ਵਿਹਾਰਕ ਤੌਰ 'ਤੇ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਦੌਰਾਨ ਹਾਸਲ ਹੋਈ ਕਾਮਯਾਬੀ ਦੇ ਆਧਾਰ 'ਤੇ ਕਰਦਾ ਹੈ। ਇਹ ਕਿਸੇ ਵਿਚਾਰਧਾਰਕ ਨਜ਼ਰੀਏ ਨੂੰ ਰੱਦ ਕਰਦਾ ਹੈ ਅਤੇ ਸਾਰਥਿਕਤਾ, ਸਚਾਈ ਜਾਂ ਮੁੱਲਾਂ ਦੇ ਨਿਰਧਾਰਨ ਦੀ ਬੁਨਿਆਦੀ ਕਸਵੱਟੀ ਵਿਹਾਰਕ ਸਿੱਟਿਆਂ ਨੂੰ ਮੰਨਦਾ ਹੈ। ਇਸ ਲਈ ਇਹ ਮਕਸਦ ਦੀ ਇਮਾਨਦਾਰੀ ਅਤੇ ਉਸ ਨੂੰ ਅਮਲ ਵਿਚ ਲਿਆਉਣ ਵਾਲੇ ਦੇ ਇਖ਼ਲਾਕੀ ਆਧਾਰ 'ਤੇ ਟਿਕਿਆ ਹੁੰਦਾ ਹੈ। ਅੰਬੇਡਕਰ ਦਾ ਸੰਘਰਸ਼ ਇਸ ਦੀ ਮਿਸਾਲ ਹੈ। ਜੇ ਇਸ ਆਧਾਰ ਨਾਲ ਸਮਝੌਤਾ ਕਰ ਲਿਆ ਜਾਂਦਾ ਹੈ ਤਾਂ ਵਿਹਾਰਵਾਦ ਦਾ ਇਸਤੇਮਾਲ ਦੁਨੀਆ ਵਿਚ ਕਿਸੇ ਵੀ ਚੀਜ਼ ਨੂੰ ਜਾਇਜ਼ ਠਹਿਰਾਉਣ ਲਈ ਕੀਤਾ ਜਾ ਸਕਦਾ ਹੈ; ਤੇ ਅੰਬੇਡਕਰ ਤੋਂ ਪਿੱਛੋਂ ਦੇ ਅੰਦੋਲਨ ਵਿਚ ਐਨ ਇਹੀ ਹੋਇਆ। ਦਲਿਤ ਆਗੂ 'ਅੰਬੇਡਕਰਵਾਦ' ਜਾਂ ਦਲਿਤ ਹਿੱਤਾਂ ਨੂੰ ਅੱਗੇ ਲਿਜਾਣ ਦੇ ਨਾਂ 'ਤੇ ਆਪਣਾ ਮਤਲਬ ਹੱਲ ਕਰਨ ਵਿਚ ਲੱਗੇ ਰਹੇ। ਹਿੰਦੁਸਤਾਨ ਦੀ ਸਿਆਸਤ ਦਾ ਤਾਣਾ-ਬਾਣਾ ਕੁਝ ਇਸ ਤਰ੍ਹਾਂ ਦਾ ਹੈ ਕਿ ਇਕ ਵਾਰ ਜੇ ਤੁਹਾਡੇ ਹੱਥ ਪੈਸਾ ਆ ਗਿਆ, ਫਿਰ ਤੁਸੀਂ ਆਪਣੇ ਹੱਕ ਵਿਚ ਅਵਾਮ ਦੀ ਹਮਾਇਤ ਦਾ ਆਡੰਬਰ ਰਚ ਸਕਦੇ ਹੋ। ਇਕ ਵਾਰ ਇਹ ਸਿਲਸਿਲਾ ਸ਼ੁਰੂ ਹੋ ਗਿਆ, ਤਾਂ ਫਿਰ ਇਸ ਵਿਚੋਂ ਨਿਕਲਣਾ ਸੰਭਵ ਨਹੀਂ। ਇਸੇ ਅਮਲ ਦੀ ਬਦੌਲਤ ਬਾਰ੍ਹਵੀਂ ਪਾਸ ਅਠਾਵਲੇ ਕਰੋੜਾਂ ਰੁਪਏ ਦੀ ਜਾਇਦਾਦ ਬਣਾ ਸਕਦਾ ਹੈ, ਤੇ ਉਸ ਅੰਬੇਡਕਰ ਦੀ ਵਿਰਾਸਤ ਦਾ ਦਾਅਵਾ ਕਰ ਸਕਦਾ ਹੈ ਜੋ ਬੇਮਿਸਾਲ ਵਿਦਵਤਾ ਅਤੇ ਦਲਿਤਾਂ-ਵਾਂਝਿਆਂ ਦੇ ਹਿੱਤਾਂ ਪ੍ਰਤੀ ਸਰਬੋਤਮ ਵਚਨਬੱਧਤਾ ਦੇ ਪ੍ਰਤੀਕ ਹਨ। ਤਕਰੀਬਨ ਇਹੀ ਗੱਲ ਦੂਜੇ ਰਾਮਾਂ ਅਤੇ ਉਨ੍ਹਾਂ ਵਰਗੇ ਸਿਆਸੀ ਜੁਗਾੜੀਆਂ ਦੇ ਬਾਰੇ ਵੀ ਕਹੀ ਜਾ ਸਕਦੀ ਹੈ। ਉਨ੍ਹਾਂ ਦਾ ਕੁੱਲ ਧੰਦਾ ਅੰਬੇਡਕਰ ਅਤੇ ਦਲਿਤ ਹਿੱਤਾਂ ਦੀ ਤਰੱਕੀ ਦੇ ਨਾਂ 'ਤੇ ਚੱਲਦਾ ਹੈ।



ਆਠਵਲੇ ਰਾਮਦਾਸ



ਰਾਮ ਵਿਲਾਸ ਪਾਸਵਾਨ



ਰਾਮ ਰਾਜ ਉਰਫ਼ ਉਦਿਤ ਰਾਜ

### ਦਲਿਤ ਹਿੱਤ ਬਨਾਮ ਕੁਲੀਨ ਹਿੱਤ

ਆਪਣੇ ਨਿੱਜੀ ਸਵਾਰਥਾਂ ਨੂੰ ਹੱਲ ਕਰਨ ਲਈ ਬੇਕਰਾਰ ਇਹ ਸਾਰੇ ਅੰਬੇਡਕਰਵਾਦੀ ਦਲਿਤ ਹਿੱਤਾਂ ਦਾ ਹੋ-ਹੱਲਾ ਮਚਾਉਂਦੇ ਹਨ। ਦਲਿਤ ਆਗੂਆਂ ਵਿਚ ਇਹ ਰੁਚੀ ਅੰਬੇਡਕਰ ਵੇਲੇ ਵੀ ਸੀ। ਉਦੋਂ ਉਨ੍ਹਾਂ ਨੇ ਕਾਂਗਰਸ ਨੂੰ 'ਸੜਦਾ ਹੋਇਆ ਘਰ' ਕਰਾਰ ਦੇ ਕੇ ਉਸ ਵਿਚ ਸ਼ਾਮਲ ਹੋਣ ਖ਼ਿਲਾਫ਼ ਚਿਤਾਵਨੀ ਦਿੱਤੀ ਸੀ। ਜਦੋਂ ਕਾਂਗਰਸ ਨੇ ਮਹਾਰਾਸ਼ਟਰ ਵਿਚ ਯਸ਼ਵੰਤ ਰਾਓ ਚਵਾਨ ਦੇ ਜ਼ਰੀਏ ਦਲਿਤ ਅਗਵਾਈ ਹਥਿਆਉਣ ਦਾ ਜਾਲ ਫੈਲਾਇਆ, ਤਾਂ ਅੰਬੇਡਕਰੀ ਆਗੂ ਉਸ ਵਿਚ ਆਪਣੇ ਆਪ ਹੀ ਫਸਦੇ ਗਏ। ਪੱਜ ਇਹ ਬਣਾਇਆ ਸੀ ਕਿ ਇਸ ਵਿਚ ਜਾ ਕੇ ਉਹ ਦਲਿਤ ਹਿੱਤਾਂ ਦੀ ਬਿਹਤਰ ਖ਼ਿਦਮਤ ਕਰ ਸਕਣਗੇ। ਉਨ੍ਹਾਂ ਨੇ ਅਵਾਮ ਨੂੰ ਇਹ ਕਹਿੰਦੇ ਹੋਏ ਵੀ ਭਰਮਾਇਆ ਕਿ ਅੰਬੇਡਕਰ ਨੇ ਨਹਿਰੂ ਹਕੂਮਤ ਵਿਚ ਸ਼ਾਮਲ ਹੋ ਕੇ ਕਾਂਗਰਸ ਨੂੰ ਸਹਿਯੋਗ ਦਿੱਤਾ ਸੀ। ਭਾਜਪਾ ਉਸ ਹਜ਼ਾਰ ਸਿਰਾਂ ਵਾਲੇ ਆਰ.ਐਸ.ਐਸ. ਦੀ ਸਿਆਸੀ ਸ਼ਾਖਾ ਹੈ ਜੋ ਹਿੰਦੂਤਵ 'ਤੇ ਆਧਾਰਤ ਸਭਿਆਚਾਰਕ ਕੌਮਵਾਦ ਦਾ ਪੈਰੋਕਾਰ ਹੈ। ਉਸ ਨੇ ਸੰਸਕ੍ਰਿਤੀ ਅਤੇ ਧਰਮ ਦਾ ਇਹ ਅਜੀਬ ਘਾਲਾਮਾਲਾ ਅਵਾਮ ਨੂੰ ਭਰਮਾਉਣ ਲਈ ਖੜ੍ਹਾ ਕੀਤਾ ਹੋਇਆ ਹੈ। ਭਾਜਪਾ ਅੰਬੇਡਕਰਵਾਦੀਆਂ ਲਈ ਮਹਿਜ਼ ਸਰਾਪ ਹੀ ਹੋ ਸਕਦੀ ਹੈ। ਦਰਅਸਲ, ਕਈ ਵਰ੍ਹਿਆਂ ਤੱਕ ਇਹ ਇੰਝ ਰਹੀ ਵੀ, ਪਰ ਹੁਣ ਅਜਿਹਾ ਨਹੀਂ ਹੈ। ਆਰ.ਐਸ.ਐਸ. ਨੇ ਸਮਰਸੱਤਾ (ਬਰਾਬਰੀ ਨਹੀਂ ਸਗੋਂ ਸਮਾਜੀ ਸਦਭਾਵਨਾ) ਦਾ ਜਾਲ ਦਲਿਤ ਮੱਛੀਆਂ ਨੂੰ ਫਸਾਉਣ ਲਈ ਸੁੱਟਿਆ ਅਤੇ ਇਸ ਤੋਂ ਪਿੱਛੋਂ ਆਪਣੀ ਕਠੋਰ ਵਿਚਾਰਧਾਰਾ ਵਿਚ ਥੋੜ੍ਹੀ ਢਿੱਲ ਦੇ ਦਿੱਤੀ। ਦਿਲਚਸਪ ਗੱਲ ਇਹ ਕਿ ਦਲਿਤ ਹਿੱਤਾਂ ਦੇ ਪੈਰੋਕਾਰ ਆਗੂ, ਹਾਕਮ ਜਮਾਤ (ਤੇ ਉੱਚੀਆਂ ਜਾਤਾਂ) ਦੀਆਂ ਇਨ੍ਹਾਂ ਪਾਰਟੀਆਂ ਨੂੰ ਤਾਂ ਆਪਣੇ ਟਿਕਾਣੇ ਵਜੋਂ ਦੇਖਦੇ ਹਨ, ਪਰ ਉਹ ਕਦੇ ਖੱਬੀਆਂ ਪਾਰਟੀਆਂ ਬਾਰੇ ਵਿਚਾਰ ਨਹੀਂ ਕਰਦੇ ਜੋ ਆਪਣੀਆਂ ਬੇਸ਼ੁਮਾਰ ਗ਼ਲਤੀਆਂ ਦੇ ਬਾਵਜੂਦ ਉਨ੍ਹਾਂ ਦੀਆਂ ਸੁਭਾਵਿਕ ਸੰਗੀ ਸਨ। ਇਸ ਦੀ ਵਜ੍ਹਾ ਸਿਰਫ਼ ਇਹ ਹੈ ਕਿ ਖੱਬੀਆਂ ਪਾਰਟੀਆਂ ਉਨ੍ਹਾਂ ਨੂੰ ਇਹ ਸਭ ਕੁਝ ਨਹੀਂ ਦੇ ਸਕੀਆਂ ਜੋ ਹਾਕਮ ਜਮਾਤ ਪਾਰਟੀਆਂ ਨੇ ਦਿੱਤਾ ਹੈ।

ਤਾਂ ਫਿਰ ਦਲਿਤ ਹਿੱਤਾਂ ਦਾ ਇਹ ਹਊਆ ਕੀ ਸ਼ੈਅ ਹੈ ਜਿਸ ਦੇ ਨਾਂ 'ਤੇ ਇਹ ਲੋਕ ਇਹ ਕਲਾਬਾਜ਼ੀਆਂ ਮਾਰਦੇ ਹਨ? ਕੀ ਉਹ ਇਹ ਜਾਣਦੇ ਹਨ ਕਿ 90 ਫ਼ੀਸਦੀ ਦਲਿਤਾਂ ਦੀ ਜ਼ਿੰਦਗੀ ਕਿਸ ਤਰ੍ਹਾਂ ਦੀ ਹੈ? ਕਿ ਬੇਜ਼ਮੀਨੇ ਮਜ਼ਦੂਰਾਂ, ਛੋਟੇ ਹਾਸ਼ੀਆਗ੍ਰਸਤ ਕਿਸਾਨਾਂ, ਪਿੰਡਾਂ ਵਿਚ ਕਾਰੀਗਰਾਂ ਅਤੇ ਸ਼ਹਿਰਾਂ ਵਿਚ ਕੁੱਲੀਆਂ ਵਿਚ ਰਹਿਣ ਵਾਲੇ ਠੇਕਾ ਮਜ਼ਦੂਰਾਂ ਅਤੇ ਸ਼ਹਿਰੀ ਅਰਥਚਾਰੇ ਦੇ ਗ਼ੈਰਰਸਮੀ ਖੇਤਰ ਵਿਚ ਨਿੱਕੇ-ਨਿੱਕੇ ਫੇਰੀ ਵਾਲਿਆਂ ਦੀ ਜ਼ਿੰਦਗੀ ਜਿਊਣ ਵਾਲੇ ਦਲਿਤ ਕਿਨ੍ਹਾਂ ਸੰਕਟਾਂ ਦਾ ਸਾਹਮਣਾ ਕਰ ਰਹੇ ਹਨ? ਇੱਥੋਂ ਤੱਕ ਕਿ ਅੰਬੇਡਕਰ ਨੇ ਵੀ ਆਪਣੀ ਜ਼ਿੰਦਗੀ ਦੇ ਆਖ਼ਰੀ ਵਕਤ 'ਚ ਇਹ ਮਹਿਸੂਸ ਕਰ ਲਿਆ ਸੀ, ਤੇ ਇਸ ਉਪਰ ਅਫ਼ਸੋਸ ਜ਼ਾਹਿਰ ਕੀਤਾ ਸੀ ਕਿ ਉਹ ਉਨ੍ਹਾਂ ਲਈ ਕੁਝ ਨਹੀਂ ਕਰ ਸਕਿਆ। ਅੰਸ਼ਕ ਜ਼ਮੀਨੀ ਸੁਧਾਰਾਂ ਪਿੱਛੇ ਮੌਜੂਦ ਸਰਮਾਏਦਾਰਾ ਸਾਜ਼ਿਸ਼ਾਂ ਅਤੇ ਹਰੇ ਇਨਕਲਾਬ ਨੇ ਪਿੰਡਾਂ ਵਿਚ ਸਰਮਾਏਦਾਰਾ ਰਿਸ਼ਤਿਆਂ ਦੀ ਪੈਠ ਬਣਾ ਦਿੱਤੀ ਜਿਸ ਵਿਚ ਦਲਿਤਾਂ ਲਈ ਸੁਰੱਖਿਆ ਦਾ ਕੋਈ ਉਪਾਅ ਨਹੀਂ ਸੀ। ਇਨ੍ਹਾਂ ਕਦਮਾਂ ਦਾ ਦਲਿਤ ਅਵਾਮ ਉਪਰ ਤਬਾਹਕੁਨ ਅਸਰ ਪਿਆ ਜਿਨ੍ਹਾਂ ਦੇ ਤਹਿਤ ਅੰਤਰ-ਨਿਰਭਰਤਾ ਦੀ ਜਜਮਾਨੀ ਪਰੰਪਰਾ ਤਾਂ ਤਬਾਹ ਕਰ ਦਿੱਤੀ, ਪਰ ਦਲਿਤਾਂ ਨੂੰ ਪਿੰਡਾਂ ਵਿਚ ਪੱਕੇ ਪੈਰੀਂ ਉਚ ਜਾਤਾਂ ਦੇ ਭੋਇੰ ਮਾਲਕਾਂ ਨੂੰ ਪਾਸੇ ਕਰ ਕੇ ਉਨ੍ਹਾਂ ਦੀ ਥਾਂ ਲੈਣ ਵਾਲੇ, ਸਭਿਆਚਾਰਕ ਪੱਖੋਂ ਪਿਛੜੀਆਂ ਸ਼ੂਦਰ ਜਾਤਾਂ ਦੇ ਭੋਇੰ ਮਾਲਕਾਂ ਦੇ ਰਹਿਮ-ਕਰਮ 'ਤੇ ਬੇਸਹਾਰਾ ਛੱਡ ਦਿੱਤਾ। ਬ੍ਰਾਹਮਣਵਾਦ ਦਾ ਝੰਡਾ ਹੁਣ ਇਨ੍ਹਾਂ ਨੇ ਚੁੱਕ ਲਿਆ ਸੀ। ਵਿਚ-ਵਿਚਾਲੇ ਦੇ ਦਹਾਕਿਆਂ ਨੇ ਉਮੀਦਾਂ ਜ਼ਰੂਰ ਜਗਾਈਆਂ, ਪਰ ਛੇਤੀ ਹੀ ਇਹ ਮੁਰਝਾ ਗਈਆਂ। ਜਦੋਂ ਤੱਕ ਦਲਿਤਾਂ ਨੂੰ ਇਸ ਦਾ ਅਹਿਸਾਸ ਹੁੰਦਾ ਕਿ ਉਨ੍ਹਾਂ ਦੇ ਸ਼ਹਿਰੀ ਲਾਭਪਾਤਰੀਆਂ ਨੇ ਰਾਖਵੇਂਕਰਨ ਉਪਰ ਕਿਵੇਂ ਕਬਜ਼ਾ ਕੀਤਾ ਹੋਇਆ ਹੈ, ਉਦੋਂ ਨਵ-ਉਦਾਰਵਾਦ ਦਾ ਹਮਲਾ ਹੋ ਗਿਆ ਜਿਸ ਨੇ ਰਾਖਵੇਂਕਰਨ ਦਾ ਹੀ ਭੋਗ ਪਾ ਦਿੱਤਾ। ਸਾਡੇ ਇਹ ਰਾਮ ਇਨ੍ਹਾਂ ਸਭ ਕੌੜੀਆਂ ਹਕੀਕਤਾਂ ਤੋਂ ਬੇਪ੍ਰਵਾਹ ਰਹੇ ਅਤੇ ਸਗੋਂ ਇਨ੍ਹਾਂ ਵਿਚੋਂ ਇਕ ਉਦਿਤ ਰਾਜ ਨੇ ਤਾਂ ਰਾਖਵੇਂਕਰਨ ਦੇ ਇਕ-ਨੁਕਾਤੀ ਏਜੰਡੇ ਨਾਲ ਕੁਲ-ਹਿੰਦ ਜਥੇਬੰਦੀ ਉਦੋਂ ਬਣਾਈ, ਜਦੋਂ ਰਾਖਵਾਂਕਰਨ ਹਕੀਕਤ ਵਿਚ ਖ਼ਤਮ ਹੋ ਚੁੱਕਾ ਸੀ। ਰਾਖਵੇਂਕਰਨ ਦੇ ਪਿੱਛੇ ਛੁਪੀ ਹਾਕਮ ਜਮਾਤੀ ਸਾਜ਼ਿਸ਼ ਬਾਰੇ ਅਵਾਮ ਦੀਆਂ ਅੱਖਾਂ ਖੋਲ੍ਹਣ ਦੀ ਬਜਾਏ, ਉਹ ਹਾਕਮ ਜਮਾਤ ਦੀ ਖ਼ਿਦਮਤ ਵਿਚ ਇਸ ਝੂਠੇ ਸਹਾਰੇ ਨੂੰ ਸਲਾਮਤ ਰੱਖਣ ਨੂੰ ਤਰਜੀਹ ਦਿੰਦੇ ਹਨ। ਕੀ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ 90 ਫ਼ੀਸਦੀ ਦਲਿਤਾਂ ਦੀਆਂ ਜ਼ਰੂਰਤਾਂ ਕੀ ਹਨ? ਉਨ੍ਹਾਂ ਨੂੰ ਜ਼ਮੀਨ ਚਾਹੀਦੀ ਹੈ, ਸਾਰਥਕ ਰੁਜ਼ਗਾਰ ਚਾਹੀਦਾ ਹੈ, ਮੁਫ਼ਤ ਅਤੇ ਚੰਗੀ ਸਿਖਿਆ ਚਾਹੀਦੀ ਹੈ, ਸਿਹਤ ਸੰਭਾਲ ਦੀ ਜ਼ਰੂਰਤ ਹੈ, ਉਨ੍ਹਾਂ ਦੀ ਜਮਹੂਰੀ ਹੱਕ-ਜਤਾਈ ਲਈ ਜ਼ਰੂਰੀ ਢਾਂਚੇ ਹੋਣੇ ਚਾਹੀਦੇ ਹਨ ਅਤੇ ਜਾਤਪਾਤ ਵਿਰੋਧੀ ਸਭਿਆਚਾਰਕ ਜੱਦੋਜਹਿਦ ਦੀ ਠੋਸ ਬੁਨਿਆਦ ਚਾਹੀਦੀ ਹੈ। ਇਹ ਹਨ ਦਲਿਤਾਂ ਦੇ ਹਿੱਤ; ਤੇ ਅਫ਼ਸੋਸ ਇਸ ਗੱਲ ਦਾ ਹੈ ਕਿ ਕਿਸੇ ਦਲਿਤ ਰਾਮ ਵਲੋਂ ਇਸ ਪਾਸੇ ਤੁਰਨਾ ਤਾਂ ਦੂਰ, ਇਸ ਨੂੰ ਆਪਣੀ ਜ਼ਬਾਨ 'ਤੇ ਵੀ ਨਹੀਂ ਲਿਆਂਦਾ।


### ਭਾਜਪਾਈ ਰਾਮ ਦੇ ਹਨੂੰਮਾਨ

ਇਹ ਸੱਚ ਹੈ ਕਿ ਇਹ ਰਾਮ ਦਲਿਤ ਹਿੱਤਾਂ ਦੇ ਨਾਂ ਉਪਰ ਸਿਰਫ਼ ਆਪਣਾ ਮੁਫ਼ਾਦ ਦੇਖਦੇ ਹਨ। ਉਦਿਤ ਰਾਜ ਇਨ੍ਹਾਂ ਵਿਚੋਂ ਸਭ ਤੋਂ ਵੱਧ ਪੜ੍ਹਿਆ-ਲਿਖਿਆ ਹੈ। ਅਜੇ ਕੱਲ੍ਹ ਤਾਈਂ ਉਹ ਸੰਘ ਪਰਿਵਾਰ ਅਤੇ ਭਾਜਪਾ ਦੇ ਖ਼ਿਲਾਫ਼ ਹਰ ਤਰ੍ਹਾਂ ਦੀ ਆਲੋਚਨਾ ਕਰਦਾ ਰਿਹਾ ਹੈ। ਉਸ ਦੀ ਕਿਤਾਬ 'ਦਲਿਤ ਅਤੇ ਧਾਰਮਿਕ ਆਜ਼ਾਦੀ' ਵਿਚ ਮੌਜੂਦ ਇਹ ਨੁਕਤਾਚੀਨੀ ਇਸ ਦਾ ਸਬੂਤ ਹੈ। ਉਸ ਨੇ ਮਾਇਆਵਤੀ ਨੂੰ ਸੱਤਾ ਤੋਂ ਲਾਹੁਣ ਲਈ ਸਾਰੇ ਪਾਪੜ ਵੇਲੇ ਅਤੇ ਨਾਕਾਮ ਰਹਿਣ ਤੋਂ ਬਾਅਦ ਹੁਣ ਉਹ ਉਸੇ ਭਾਜਪਾ ਦੀ ਛਤਰੀ 'ਤੇ ਜਾ ਬੈਠਾ ਜੋ ਉਸ ਦੇ ਆਪਣੇ ਸ਼ਬਦਾਂ ਵਿਚ ਦਲਿਤਾਂ ਦੀ ਸਭ ਤੋਂ ਵੱਡੀ ਦੁਸ਼ਮਣ ਹੈ। ਦਲਿਤਾਂ ਵਿਚ ਉਸ ਦੀ ਜੋ ਥੋੜ੍ਹੀ ਬਹੁਤ ਸਾਖ ਸੀ, ਉਸ ਦਾ ਫ਼ਾਇਦਾ ਭਾਜਪਾ ਨੂੰ ਦਿਵਾਉਣ ਲਈ ਉਹ ਹਨੂੰਮਾਨ ਦਾ ਕਿਰਦਾਰ ਨਿਭਾਅ ਰਿਹਾ ਹੈ। ਦੂਜੇ ਦੋਵਾਂ ਰਾਮਾਂ-ਪਾਸਵਾਨ ਅਤੇ ਅਠਾਵਲੇ, ਨੇ ਉਦਿਤ ਰਾਜ ਦੇ ਉਲਟ ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਗੱਠਜੋੜ ਵਿਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ ਹੈ। ਉਹ ਦਲਿਤਾਂ ਵਿਚ ਆਪਣੇ ਥੋੜ੍ਹੇ-ਥੋੜ੍ਹੇ ਆਧਾਰ ਦੇ ਜ਼ੋਰ ਆਪਣੇ ਮੁਫ਼ਾਦ ਲਈ ਬਿਹਤਰ ਸੌਦੇਬਾਜ਼ੀ ਕਰਨ ਦੀ ਵਾਹ ਲਾ ਰਹੇ ਹਨ। ਪਾਸਵਾਨ ਨੂੰ ਸੱਤ ਸੀਟਾਂ ਮਿਲੀਆਂ ਹਨ ਜਿਨ੍ਹਾਂ ਵਿਚੋਂ ਤਿੰਨ ਉਸ ਨੇ ਆਪਣੇ ਹੀ ਟੱਬਰ ਦੀ ਝੋਲੀ ਪਾ ਦਿੱਤੀਆਂ ਹਨ; ਤੇ ਅਠਾਵਲੇ ਨੂੰ ਉਸ ਦੀ ਰਾਜ ਸਭਾ ਸੀਟ ਤੋਂ ਇਲਾਵਾ ਇਕ ਸੀਟ ਹੋਰ ਮਿਲ ਗਈ ਹੈ। ਕੱਲ੍ਹ ਦਾ ਕਾਗਜ਼ੀ ਪੈਂਥਰ ਅਠਾਵਲੇ ਨਾਮਦੇਵ ਢਸਾਲ ਦੇ ਨਕਸ਼ੇ-ਕਦਮਾਂ 'ਤੇ ਚੱਲ ਰਿਹਾ ਹੈ ਜੋ ਬਾਲ ਠਾਕਰੇ ਦੀ ਗੋਦ ਵਿਚ ਜਾ ਬੈਠਾ ਸੀ; ਉਸ ਬਾਲ ਠਾਕਰੇ ਦੀ ਗੋਦ ਵਿਚ ਜੋ ਅੰਬੇਡਕਰ ਅਤੇ ਅੰਬੇਡਕਰੀ ਦਲਿਤਾਂ ਪ੍ਰਤੀ ਘੋਰ ਨਫ਼ਰਤ ਦਾ ਡੰਗਿਆ ਹੋਇਆ ਸੀ। ਇਹ ਜਨਾਬ ਭਾਜਪਾ ਨਾਲ ਪਾਈ ਜੋਟੀ ਦਾ ਜ਼ਿੰਮੇਵਾਰ ਆਪਣੇ ਸੰਗੀਆਂ ਵਲੋਂ ਕੀਤੇ 'ਦਲਿਤਾਂ ਦੇ ਅਪਮਾਨ' (ਆਪਣੇ ਨਹੀਂ) ਨੂੰ ਠਹਿਰਾਉਂਦੇ ਹਨ। ਅਸਲ ਵਿਚ ਅਠਾਵਲੇ ਦੀ ਜ਼ਲਾਲਤ ਉਦੋਂ ਸ਼ੁਰੂ ਹੋਈ, ਜਦੋਂ ਉਸ ਨੂੰ ਮੰਤਰੀ ਦਾ ਅਹੁਦਾ ਨਹੀਂ ਮਿਲਿਆ। ਉਸ ਨੇ ਉਦੋਂ ਸ਼ਰਮ ਮਹਿਸੂਸ ਨਹੀਂ ਕੀਤੀ ਜਦੋਂ ਉਸ ਨੇ ਦਲਿਤਾਂ ਵਲੋਂ ਮਰਾਠਵਾੜਾ ਯੂਨੀਵਰਸਿਟੀ ਦਾ ਨਾਂ ਅੰਬੇਡਕਰ ਦੇ ਨਾਂ 'ਤੇ ਰੱਖਣ ਦੇ ਲਈ ਦਿੱਤੀਆਂ ਭਾਰੀ ਕੁਰਬਾਨੀਆਂ ਨੂੰ ਨਜ਼ਰ-ਅੰਦਾਜ਼ ਕੀਤਾ ਅਤੇ ਯੂਨੀਵਰਸਿਟੀ ਦੇ ਨਾਂ ਨੂੰ ਥੋੜ੍ਹਾ ਵਧਾ ਲੈਣ ਨੂੰ ਚੁੱਪ-ਚਾਪ ਮੰਨ ਲਿਆ ਸੀ; ਤੇ ਨਾ ਹੀ ਉਸ ਨੂੰ ਉਦੋਂ ਸ਼ਰਮ ਮਹਿਸੂਸ ਹੋਈ ਜਦੋਂ ਉਸ ਨੇ ਦਲਿਤ ਦੇ ਦਾਬੇ ਦੇ ਮੁਜਰਮਾਂ ਦੇ ਖ਼ਿਲਾਫ਼ ਦਾਇਰ ਮੁਕੱਦਮਿਆਂ ਨੂੰ ਫਟਾਫਟ ਵਾਪਸ ਲੈ ਲਿਆ। ਇਹ ਤਾਂ ਮਹਿਜ਼ ਚੰਦ ਮਿਸਾਲਾਂ ਹਨ। ਪਾਸਵਾਨ ਅਤੇ ਅਠਾਵਲੇ ਦੀਆਂ ਜ਼ਿੰਦਗੀਆਂ ਦਲਿਤਾਂ ਹਿੱਤਾਂ ਨਾਲ ਐਸੀਆਂ ਗ਼ਦਾਰੀਆਂ ਨਾਲ ਭਰੀਆਂ ਪਈਆਂ ਹਨ।

ਹੁਣ ਇਹ ਸ਼ਖ਼ਸ ਭਾਜਪਾ ਦੇ ਨਵੇਂ ਰਾਮ ਦੀ ਖ਼ਿਦਮਤ ਕਰ ਕੇ ਹਨੂੰਮਾਨ ਵਾਲਾ ਕਿਰਦਾਰ ਨਿਭਾਉਣਗੇ, ਪਰ ਹੁਣ ਸਹੀ ਵਕਤ ਹੈ ਕਿ ਦਲਿਤ ਉਨ੍ਹਾਂ ਦੇ ਮੁਖੌਟਿਆਂ ਨੂੰ ਲਾਹ ਸੁੱਟਣ ਅਤੇ ਦੇਖ ਲੈਣ ਕਿ ਇਨ੍ਹਾਂ ਦੇ ਅਸਲ ਚਿਹਰੇ ਕੀ ਹਨ!

# ਸੁਣ ਸੰਗਤੇ ਸੰਗਰੂਰ ਦੀਏ...

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਠਹਿਰਿਉ ਜੀ, ਠਹਿਰਿਉ ਮਿਹਰਬਾਨ! ਸਿਰਫ ਸਿਰਲੇਖ ਵੱਲ ਚੱਲਵੀਂ ਜਿਹੀ ਨਜ਼ਰ ਮਾਰ ਕੇ ਮੂੰਹ ਨਾ ਮੋੜ ਲਿਓ, ਕਿ ਇਹ ਤਾਂ ਸੰਗਰੂਰ ਦੇ ਵਸਨੀਕਾਂ ਵਾਸਤੇ ਹੀ ਲਿਖਿਆ ਹੋਇਆ ਹੋਣੈ, ਅਸੀਂ ਕਾਹਨੂੰ ਟਾਈਮ ਖਰਾਬ ਕਰਨੈ! ਨਹੀਂ ਜੀ, ਐਸਾ ਬਿਲਕੁਲ ਨਹੀਂ ਹੈ। ਇਕ ਪੰਜਾਬੀ ਅਖਾਣ ਹੈ, ਧੀਏ ਗੱਲ ਕਰ, ਨੂੰਹੇ ਕੰਨ ਕਰ! ਸਿਆਣੀਆਂ ਸੱਸਾਂ ਦੀ ਇਸ ਹਰਮਨ ਪਿਆਰੀ ਕਹਾਵਤ ਮੁਤਾਬਿਕ ਅਸੀਂ ਬੇਸ਼ੱਕ ਸੰਗਰੂਰ ਵਾਸੀਆਂ, ਭਾਵ ਲੋਕ ਸਭਾ ਹਲਕੇ ਸੰਗਰੂਰ ਦੇ ਸੂਝਵਾਨ ਵੋਟਰਾਂ ਨਾਲ ਗੱਲਾਂ ਕਰਨ ਜਾ ਰਹੇ ਹਾਂ, ਪਰ ਅਸਲ ਮਕਸਦ ਦੇਸ਼ ਦੇ ਨਾਲ-ਨਾਲ ਪੰਜਾਬ ਵਿਚ ਹੋ ਰਹੀਆਂ ਚੋਣਾਂ ਨਾਲ ਵਾਹ-ਵਾਸਤਾ ਰੱਖਣ ਵਾਲੇ ਸਮੂਹ ਭੈਣ-ਭਰਾਵਾਂ ਨਾਲ ਸੰਪਰਕ ਸਾਧਣਾ ਹੈ; ਚਾਹੇ ਉਹ ਪੰਜਾਬ ਵਾਸੀ ਹੋਣ, ਜਾਂ ਪੰਜਾਬੋਂ ਬਾਹਰਲੇ ਕਿਸੇ ਦੂਰ-ਦੁਰਾਡੇ ਦੇਸ-ਪਰਦੇਸ ਵਿਚ ਵਸਦੇ ਹੋਣ। ਉਨ੍ਹਾਂ ਸਾਰਿਆਂ ਨਾਲ ਵਿਚਾਰਾਂ ਦੀ ਸਾਂਝ ਪਾਉਣ ਲਈ ਕਲਮ ਚੁੱਕੀ ਹੈ।

ਲੋਕ ਸਭਾ ਹਲਕਾ ਸੰਗਰੂਰ ਵਿਚ 'ਫੁੱਲ ਬੰਨ੍ਹੀ ਤੱਕੜੀ' ਅਤੇ 'ਪੰਜੇ' ਵਾਲਿਆਂ ਦੀਆਂ ਗਿਣਤੀਆਂ-ਮਿਣਤੀਆਂ ਦੀ ਚੱਕਰੀ ਘੁਮਾਉਣ ਵਾਲੇ ਭਗਵੰਤ ਮਾਨ ਦੀ ਚਰਚਾ ਕਰਨ ਤੋਂ ਪਹਿਲਾਂ ਆਮ ਆਦਮੀ ਤੋਂ ਮੁੱਖ ਮੰਤਰੀ ਦਿੱਲੀ, ਤੇ ਫਿਰ ਇਕ ਨਿਵੇਕਲੇ ਤੇ ਅਹਿਮ ਆਦਮੀ ਬਣ ਚੁੱਕੇ ਅਰਵਿੰਦ ਕੇਜਰੀਵਾਲ ਜਾਂ ਉਸ ਦੀ 'ਆਮ ਆਦਮੀ ਪਾਰਟੀ' (ਆਪ) ਬਾਰੇ ਕੁਝ ਕਹਿ-ਸੁਣ ਲਈਏ।

ਫਾਰਸੀ ਸਾਹਿਤ, ਖਾਸ ਕਰ ਕੇ ਇਰਾਨੀ ਮਿਥਿਹਾਸ ਵਿਚ 'ਹੁਮਾ' ਪੰਛੀ ਦਾ ਜ਼ਿਕਰ ਆਉਂਦਾ ਹੈ। ਇਸ ਪੰਛੀ ਬਾਰੇ ਮਿੱਥ ਹੈ ਕਿ ਉਹ ਅਸਮਾਨਾਂ ਵਿਚ ਹੀ ਉਡਦਾ ਰਹਿੰਦਾ ਹੈ, ਕਦੇ ਆਂਡੇ ਜਾਂ ਬੱਚੇ ਵਗੈਰਾ ਨਹੀਂ ਦਿੰਦਾ। ਕਹਿੰਦੇ ਨੇ ਕਿ ਇੱਕ ਖਾਸ ਅਰਸੇ ਤੋਂ ਬਾਅਦ ਉਹ ਅਚਾਨਕ ਮਚੀ ਅੱਗ ਵਿਚ ਭਸਮਾ-ਭੂਸ ਹੋ ਜਾਂਦਾ ਹੈ। ਉਸੇ ਰਾਖ ਵਿਚੋਂ ਇਕ ਹੋਰ 'ਹੁਮਾ' ਪੈਦਾ ਹੋ ਜਾਂਦਾ ਹੈ। ਇਸ ਪੰਛੀ ਬਾਰੇ ਇਕ ਹੋਰ ਮਨੌਤ ਇਹ ਹੈ ਕਿ ਜਿਸ ਬੰਦੇ ਉਤੇ ਇਹਦਾ ਪ੍ਰਛਾਵਾਂ ਵੀ ਪੈ ਜਾਵੇ, ਉਹ ਮਾਲਾ-ਮਾਲ ਹੋ ਜਾਂਦਾ ਹੈ। ਪਿਛਲੇ ਵਰ੍ਹੇ ਸਮਾਜ ਸੇਵੀ ਬਾਬੇ ਅੰਨਾ ਹਜ਼ਾਰੇ ਨੇ ਲੋਕ ਪਾਲ ਬਿੱਲ ਬਣਾਉਣ ਲਈ ਜੱਦੋਜਹਿਦ ਕੀਤੀ, ਮਰਨ ਵਰਤ ਰੱਖਿਆ। ਉਸ ਰਾਮ-ਰੌਲੇ ਵਿਚੋਂ 'ਹੁਮਾ' ਪੰਛੀ ਵਾਂਗ ਪ੍ਰਗਟ ਹੋਇਆ ਅਰਵਿੰਦ ਕੇਜਰੀਵਾਲ।

ਇਹ ਮੁਹਾਵਰਾ ਭਾਵੇਂ ਕਿਸੇ 'ਤੇ ਵਿਅੰਗ/ਚੋਭ ਲਾਉਣ ਲਈ ਬੋਲਿਆ ਜਾਂਦਾ ਏ, ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ, ਪਰ 'ਅੰਨਾ ਸੰਘਰਸ਼' ਵਿਚੋਂ ਨਿੱਤਰ ਕੇ ਸਾਹਮਣੇ ਆਏ ਕੇਜਰੀਵਾਲ ਦਾ 'ਛੜੱਪਾ' ਕੋਈ ਬਦਨੀਤਾ ਨਹੀਂ ਸੀ। ਇਹ ਸੱਚਾਈ ਪ੍ਰਵਾਨ ਕਰਨ ਤੋਂ ਸ਼ਾਇਦ ਹੀ ਕੋਈ ਇਨਕਾਰੀ ਹੋਵੇ ਕਿ 'ਅੰਨਾ ਦੀ ਤਮੰਨਾ' ਜੋ ਮਰਜ਼ੀ ਰਹੀ ਹੋਵੇ, ਪਰ ਕੇਜਰੀਵਾਲ ਦੀ ਕਾਰਗੁਜ਼ਾਰੀ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਸੱਚਾਈ ਅਤੇ ਇਮਾਨਦਾਰੀ-ਦੋ ਐਸੀਆਂ ਮਿਜ਼ਾਇਲਾਂ ਹਨ ਜੋ ਕਿਸੇ ਹੋਰ ਭਿਆਨਕ ਤੋਂ ਭਿਆਨਕ ਮੰਨੇ ਜਾਂਦੇ ਹਥਿਆਰ ਨਾਲ ਵੀ ਤੋੜੀਆਂ/ਭੰਨੀਆਂ ਨਹੀਂ ਜਾ ਸਕਦੀਆਂ। ਸੱਚ ਅਤੇ ਇਮਾਨਦਾਰੀ ਦੀ ਕੇਵਲ 'ਮੁਹਾਰਨੀ' ਨਹੀਂ, ਜੇ ਇਹ ਸੱਚਮੁੱਚ ਕਿਸੇ ਦੇ ਪੱਲੇ ਹੋਣ, ਝੂਠ ਦੇ ਤੂਫਾਨ ਵੀ ਉਹਦਾ ਵਾਲ ਵਿੰਗਾ ਨਹੀਂ ਕਰ ਸਕਦੇ।

ਕੇਜਰੀਵਾਲ ਦੀ 'ਕਰਾਮਾਤ' ਨੂੰ ਸਮਝਣ ਲਈ ਇਥੇ ਮਹਾਂਭਾਰਤ ਵਿਚੋਂ ਮਿਥਿਹਾਸਕ ਸਾਖੀ ਦਾ ਕੁਝ ਹਿੱਸਾ ਲਿਖਣਾ ਕੁਥਾਂ ਨਹੀਂ ਹੋਵੇਗਾ। ਕਿਹਾ ਜਾਂਦਾ ਹੈ ਕਿ ਮਹਾਂਭਾਰਤ ਦੇ ਯੁੱਧ ਤੋਂ ਬਾਅਦ ਪਾਂਡਵਾਂ ਨੇ ਕ੍ਰਿਸ਼ਨ ਭਗਵਾਨ ਨੂੰ ਪੁੱਛਿਆ ਕਿ ਸਾਡਾ ਭਵਿਖ ਕਿਹੋ ਜਿਹਾ ਹੋਵੇਗਾ? ਭਗਵਾਨ ਕ੍ਰਿਸ਼ਨ ਨੇ ਉਨ੍ਹਾਂ ਪੰਜਾਂ ਨੂੰ ਅਲੱਗ-ਅਲੱਗ ਦਿਸ਼ਾਵਾਂ ਵੱਲ ਜਾਣ ਲਈ ਆਖਿਆ ਅਤੇ ਨਾਲ ਹਦਾਇਤ ਇਹ ਦਿੱਤੀ ਕਿ ਉਹ ਯਾਤਰਾ ਦੌਰਾਨ ਜਦੋਂ ਵੀ ਕੋਈ ਜੱਗੋਂ-ਤੇਰ੍ਹਵੀਂ ਹੁੰਦੀ ਦੇਖਣ, ਉਸੇ ਵੇਲੇ ਵਾਪਸ ਆ ਜਾਣ ਤੇ ਸਾਰਾ ਬਿਰਤਾਂਤ ਉਸ ਨੂੰ ਸੁਣਾਇਆ ਜਾਵੇ।



ਚੋਣ ਜਲਸੇ ਨੂੰ ਸੰਬੋਧਨ ਕਰਦਾ ਹੋਇਆ ਭਗਵੰਤ ਮਾਨ

ਜਿਉਂ-ਜਿਉਂ ਉਹ ਪੰਜੇ ਭਰਾ ਵਾਪਸ ਆਈ ਗਏ, ਆਪੋ-ਆਪਣੀ ਹੱਡ-ਬੀਤੀ ਭਗਵਾਨ ਜੀ ਨੂੰ ਸੁਣਾਈ ਗਏ। ਕਿਸੇ ਨੇ ਕੁਝ ਦੱਸਿਆ, ਕਿਸੇ ਨੇ ਕੁਝ। ਇਕ ਜਣੇ ਨੇ ਬੜਾ ਗੰਭੀਰ ਹੁੰਦਿਆਂ ਹੈਰਾਨੀ ਵਾਲੀ ਗੱਲ ਸੁਣਾਈ,

"ਭਗਵਾਨ ਜੀ, ਮੈਂ ਉਜਾੜ ਜੰਗਲ ਵਿਚ ਜਾ ਰਿਹਾ ਸਾਂ। ਅਚਾਨਕ ਹਨੇਰੀ-ਤੂਫਾਨ ਆ ਗਿਆ। ਮੈਂ ਦੇਖਿਆ ਕਿ ਬੜੀ ਦੂਰੋਂ ਵੱਡਾ ਸਾਰਾ ਪਰਬਤ, ਹਵਾ ਵਿਚ ਸ਼ੂਕਦਾ ਉਡਿਆ ਆ ਰਿਹਾ ਹੈ। ਪਹਾੜਾਂ ਦੀਆਂ ਚੋਟੀਆਂ ਨੂੰ ਚਕਨਾਚੂਰ ਕਰਦਾ, ਉਹ ਵੱਡੇ-ਵੱਡੇ ਦਰਖਤਾਂ ਨੂੰ ਧਰਤੀ 'ਤੇ ਲਿਟਾਉਂਦਾ ਵਧਦਾ ਆ ਰਿਹਾ ਹੈ। ਭੈਅ-ਭੀਤ ਹੋਇਆ ਮੈਂ ਇਹ ਨਜ਼ਾਰਾ ਹਾਲੇ ਦੇਖ ਹੀ ਰਿਹਾ ਸਾਂ ਕਿ ਮੇਰੇ ਸਾਹਮਣੇ ਇਕ ਹੋਰ ਅਦਭੁੱਤ ਕੌਤਕ ਵਰਤ ਗਿਆ! ਕੀ ਦੇਖਦਾਂ ਹਾਂ, ਉਹੀ ਪਰਬਤ ਜਿਹੜਾ ਅੱਧ ਅਸਮਾਨ ਨੂੰ ਪਹੁੰਚੇ ਹੋਏ ਭਾਰੀ ਦਰਖਤਾਂ ਨੂੰ ਜੜ੍ਹੋਂ ਉਖਾੜਦਾ ਆ ਰਿਹਾ ਸੀ, ਮੇਰੇ ਲਾਗੇ ਆ ਕੇ ਧਰਤੀ ਉਤੇ ਡਿਗਦਾ ਮੈਂ ਦੇਖਿਆ, 'ਤਾਂਹ ਨੂੰ ਉਠੀਆਂ ਹੋਈਆਂ ਨਾਜ਼ਕ ਜਿਹੇ ਘਾਹ ਦੀਆਂ ਤਿੜਾਂ ਉਤੇ ਉਹ ਇਉਂ ਆ ਟਿਕਿਆ ਜਿਵੇਂ ਰੂੰ ਦਾ ਫੰਬਾ ਹੋਵੇ। ਉਹ ਤਿੜਾਂ ਭੋਰਾ ਭਰ ਵੀ ਨਾ ਲਿਫੀਆਂ।"

ਇਸ ਅਜੀਬ ਦ੍ਰਿਸ਼ਟਾਂਤ ਦੀ ਵਿਆਖਿਆ ਕਰਦਿਆਂ ਭਗਵਾਨ ਕ੍ਰਿਸ਼ਨ ਨੇ ਫਰਮਾਇਆ ਕਿ ਕਲੀ-ਕਾਲ ਵਿਚ ਕੁਫਰ ਪ੍ਰਧਾਨ ਬੇਸ਼ੱਕ ਵਿਰਾਟ ਰੂਪ ਹੋ ਕੇ ਸਰਵ-ਨਾਸ਼ ਕਰਦਾ ਆ ਰਿਹਾ ਹੋਵੇ, ਪਰ ਉਹ ਸੱਚਾਈ ਦੀਆਂ ਤਿੜਾਂ ਦੇ ਮੁਕਾਬਲੇ ਬੇਵੱਸ ਹੋ ਕੇ ਰਹਿ ਜਾਵੇਗਾ। ਸੱਚ ਅਤੇ ਇਮਾਨਦਾਰੀ ਦਾ ਉਹ ਵਾਲ ਵੀ ਵਿੰਗਾ ਨਹੀਂ ਕਰ ਸਕੇਗਾ।

'ਮਨ ਭਾਉਂਦੀ ਮਾਇਆ ਕਮਾਉਣ' ਵਾਲੇ ਇਨਕਮ ਟੈਕਸ ਦੇ ਮਹਿਕਮੇ ਤੋਂ ਜਾਇੰਟ ਕਮਿਸ਼ਨਰ ਜਿਹਾ ਉਚ-ਅਹੁਦਾ ਤਿਆਗਣ ਵਾਲਾ ਅਤੇ 'ਮੈਗਾਸੈਸੇ ਐਵਾਰਡ' ਦੇ ਮਿਲੇ ਹੋਏ ਲੱਖਾਂ ਰੁਪਇਆਂ ਨੂੰ ਗਰੀਬਾਂ 'ਤੇ ਨਿਛਾਵਰ ਕਰਨ ਵਾਲਾ ਅਰਵਿੰਦ ਕੇਜਰੀਵਾਲ, ਅੱਜ ਸੱਚਾਈ ਤੇ ਇਮਾਨਦਾਰੀ ਦੀਆਂ ਤਿੜਾਂ ਇਕੱਠੀਆਂ ਕਰ ਕੇ 'ਝਾੜੂ' ਬਣਾਈ ਬੈਠਾ ਹੈ। ਛਪੰਜਾ ਇੰਚੀ ਛਾਤੀਆਂ ਵਾਲੇ, ਵੱਡੇ-ਵੱਡੇ ਘਪਲਿਆਂ ਵਾਲੇ ਅਤੇ 'ਰਾਜ ਨਹੀਂ ਸੇਵਾ' ਦੀਆਂ ਡੀਂਗਾਂ ਮਾਰਨ ਵਾਲੇ ਕਥਿਤ 'ਘਾਗ' ਸਿਆਸਤਦਾਨ, ਅੱਜ ਕੇਜਰੀਵਾਲ ਦੇ ਨਾਂ ਤੋਂ ਹੀ ਘਬਰਾਉਂਦੇ ਨੇ। ਕਿਹਾ ਜਾ ਸਕਦਾ ਹੈ ਕਿ ਕੇਜਰੀਵਾਲ ਦੇ ਝਾੜੂ ਦੀਆਂ ਤਿੜਾਂ, ਲੋਟੂ ਲੀਡਰਾਂ ਨੂੰ 'ਮਾਂਜਾ' ਤਾਂ ਫੇਰ ਸਕਦੀਆਂ ਹਨ, ਪਰ ਉਨ੍ਹਾਂ ਅੱਗੇ ਲਿਫ ਨਹੀਂ ਸਕਦੀਆਂ। ਇਹ ਕੋਈ ਨਿਰੀ ਜਜ਼ਬਾਤੀ ਤਵੱਕੋ ਨਹੀਂ, ਸਗੋਂ ਉਸ ਦਾ ਕਿਰਦਾਰ ਅਤੇ ਹੁਣ ਤੱਕ ਦੀ ਕਾਰਗੁਜ਼ਾਰੀ ਇਹੀ ਸਿੱਟਾ ਕੱਢਦੇ ਹਨ।

ਇਨਕਲਾਬੀ ਤਬਦੀਲੀ ਦੀਆਂ ਮਹਿਕਾਂ ਵੰਡਦੀ ਇਸ ਆਮ ਆਦਮੀ ਪਾਰਟੀ ਨੇ ਪੰਜਾਬ ਦੀਆਂ ਸਾਰੀਆਂ ਲੋਕ ਸਭਾਈ ਸੀਟਾਂ 'ਤੇ ਨਿਰਖ-ਪਰਖ ਕੇ ਧੜੱਲੇਦਾਰ ਉਮੀਦਵਾਰ ਖੜ੍ਹੇ ਕੀਤੇ ਹੋਏ ਨੇ। ਸਾਰੇ ਉਮੀਦਵਾਰ ਪਾਰਟੀ ਦੇ ਮਿਸ਼ਨ ਨੂੰ ਪ੍ਰਣਾਏ ਹੋਏ ਜਿੱਤ ਲਈ ਜੂਝ ਰਹੇ ਹਨ, ਪਰ ਹਥਲੇ ਲੇਖ ਵਿਚ ਸੰਗਰੂਰ ਹਲਕੇ ਵਾਲੇ ਭਗਵੰਤ ਮਾਨ ਦੀ ਹੀ ਗੱਲ ਕਰਾਂਗੇ ਜਿਸ ਨੂੰ ਚੋਣ ਪ੍ਰਚਾਰ ਕਰਦਿਆਂ ਨੱਬਿਆਂ ਵੱਲ ਨੂੰ ਜਾ ਰਹੇ ਵੱਡੇ ਬਾਦਲ ਨੇ 'ਤਮਾਸ਼ਬੀਨ' ਦਾ ਖਿਤਾਬ ਬਖ਼ਸ਼ਿਆ ਹੈ। ਵੈਸੇ, ਇਹ ਸ਼ਬਦ ਤਮਾਸ਼ਾ ਦੇਖਣ-ਸੁਣਨ ਵਾਲੇ ਲੋਕਾਂ ਲਈ ਵਰਤਿਆ ਜਾਂਦਾ ਹੈ। ਮਾਨ ਤਾਂ ਖੁਦ ਕਲਾਕਾਰ ਹੈ, ਤਮਾਸ਼ਬੀਨ ਨਹੀਂ। ਖ਼ੈਰ, ਆਪਾਂ ਇਸ ਬਹਿਸ 'ਚ ਪਏ ਬਿਨਾਂ ਅੱਗੇ ਵਧਦੇ ਹਾਂ।

ਸੰਗਰੂਰ ਵੱਲ ਜਾਣ ਤੋਂ ਪਹਿਲਾਂ ਆਪਣੇ ਹਲਕੇ ਦੇ ਇਤਿਹਾਸਕ ਨਗਰ ਸ੍ਰੀ ਅਨੰਦਪੁਰ ਸਾਹਿਬ ਦੀ ਗਾਥਾ ਵਰਨਣ ਕਰਦਾ ਜਾਵਾਂ ਜੋ ਭਗਵੰਤ ਮਾਨ ਦੀ ਕਲਾ ਨਾਲ ਹੀ ਸਬੰਧਤ ਹੈ। ਸ੍ਰੀ ਅਨੰਦਪੁਰ ਸਾਹਿਬ ਵਿਖੇ ਦਸਵੇਂ ਗੁਰੂ ਜੀ ਦੇ ਦਰਬਾਰ ਵਿਚ ਇਕ ਵਾਰ ਭੰਡਾਂ ਦਾ ਜਥਾ ਆ ਗਿਆ। ਗੁਰੂ ਸਾਹਿਬ ਦੀ ਇਜਾਜ਼ਤ ਲੈ ਕੇ ਉਨ੍ਹਾਂ ਭੰਡਾਂ ਨੇ ਮੌਕੇ ਦੇ ਮਸੰਦਾਂ ਦੀਆਂ ਨਕਲਾਂ ਉਤਾਰੀਆਂ। ਦੂਰ-ਦਰਾਜ ਦੇ ਸ਼ਰਧਾਲੂਆਂ ਪਾਸੋਂ ਕਾਰ-ਭੇਟ ਉਗਰਾਹੁਣ ਜਾਂਦੇ ਮਸੰਦ ਕਿਵੇਂ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਕਰਨ ਦੇ ਨਾਲ-ਨਾਲ ਇਖਲਾਕ-ਹੀਣ ਕਰਤੂਤਾਂ ਕਰਦੇ ਨੇ, ਇਹ ਸਾਰਾ ਕੁਝ ਭੰਡਾਂ ਨੇ ਦਿਖਾਇਆ। ਗੂੜ੍ਹੀਆਂ ਨੀਲੀਆਂ ਪੱਗਾਂ, ਚਿੱਟੇ ਚੋਲਿਆਂ ਅਤੇ ਮੋਟੇ-ਮੋਟੇ ਢਿੱਡਾਂ ਵਾਲੇ ਮਸੰਦਾਂ ਦੀਆਂ 'ਨਕਲਾਂ' ਦੇਖ-ਦੇਖ ਸੰਗਤਾਂ ਤਾਂ ਹੱਸ ਰਹੀਆਂ ਸਨ ਪਰ ਗੁਰੂ ਗੋਬਿੰਦ ਸਿੰਘ ਗਹਿਰ-ਗੰਭੀਰ ਹੋ ਕੇ 'ਕੁਝ ਹੋਰ' ਹੀ ਸੋਚ ਰਹੇ ਸਨ।

ਭੰਡਾਂ ਨੂੰ ਬਣਦਾ ਮਾਣ-ਸਨਮਾਨ ਦੇ ਕੇ ਵਿਦਾ ਕਰਨ ਤੋਂ ਬਾਅਦ ਗੁਰੂ ਜੀ ਨੇ ਹੁਕਮ ਕਰ ਦਿੱਤਾ ਕਿ ਸਾਰੇ ਮਸੰਦਾਂ ਦੀਆਂ ਮੁਸ਼ਕਾਂ ਬੰਨ੍ਹ ਕੇ ਅਨੰਦਪੁਰ ਸਾਹਿਬ ਲਿਆਂਦੇ ਜਾਣ। ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦੁਸ਼ਟ ਮਸੰਦਾਂ ਦਾ ਤੇਲ ਪਾ-ਪਾ ਸਾੜ ਕੇ ਫਸਤਾ ਵੱਢਿਆ ਗਿਆ। ਵਰ੍ਹਿਆਂ ਤੋਂ ਸੰਗਰੂਰ ਵਾਲਾ ਉਮੀਦਵਾਰ, ਉਕਤ ਭੰਡਾਂ ਵਾਂਗ ਸਿਆਸੀ, ਧਾਰਮਿਕ, ਸਮਾਜਕ ਖੇਤਰ ਦੀਆਂ ਕਾਲੀਆਂ ਭੇਡਾਂ ਦੀਆਂ ਨਕਲਾਂ ਲਾਉਂਦਾ ਆ ਰਿਹਾ ਹੈ। ਕੋਈ ਵਿਸ਼ਾ ਉਸ ਨੇ ਐਸਾ ਛੱਡਿਆ ਨਹੀਂ ਜਿਸ ਨੂੰ ਵਿਅੰਗ ਦੀ ਪੁੱਠ ਚਾੜ੍ਹ ਕੇ, ਆਪਣੇ ਲੋਕਾਂ ਸਾਹਮਣੇ ਪੇਸ਼ ਨਾ ਕੀਤਾ ਹੋਵੇ। ਹੁਣ ਵੇਲਾ ਆ ਗਿਆ ਹੈ ਸੋਚਣ ਦਾ, ਕਿ ਅਸੀਂ ਸਿਰਫ਼ ਹੱਸੀ ਹੀ ਜਾਣਾ ਹੈ ਜਾਂ ਗੁਰੂ ਸਾਹਿਬ ਵਾਲਾ 'ਫਾਰਮੂਲਾ' ਵੀ ਵਰਤਣਾ ਹੈ? ਸਿੱਖ ਫਿਲਾਸਫੀ ਵਿਚ ਗੁਰੂ ਨੂੰ ਵੀਹ ਵਿਸਵੇ, ਪਰ ਸੰਗਤ ਨੂੰ ਇੱਕੀ ਵਿਸਵੇ ਦਾ ਦਰਜਾ ਪ੍ਰਾਪਤ ਹੈ। ਸੰਗਰੂਰ ਦੀਏ ਸੰਗਤੇ! ਹੁਣ ਗੁਰੂ ਨਾਲੋਂ ਮਿਲੇ ਹੋਏ ਇਕ ਵਾਧੂ ਵਿਸਵੇ ਦੀ ਵਰਤੋਂ ਕਰੋ ਖੁੱਲ੍ਹ ਕੇ!

ਫਿਲਹਾਲ ਸੰਗਰੂਰ ਹਲਕੇ ਤੋਂ ਚੋਣ ਪ੍ਰਚਾਰ ਦੀਆਂ ਖ਼ਬਰਾਂ ਤਾਂ 'ਦਿਲ ਖੁਸ਼ ਕਰਨ' ਵਾਲੀਆਂ ਹੀ ਆ ਰਹੀਆਂ ਨੇ, ਪਰ ਦੋ ਖਦਸ਼ੇ ਮਾਰ ਰਹੇ ਨੇ। ਪਹਿਲਾ ਇਹ ਕਿ ਲੋਕ ਭਗਵੰਤ ਬਾਈ ਨੂੰ 'ਕਮੇਡੀ ਕਲਾਕਾਰ' ਵਜੋਂ ਹੀ ਨਾ ਉਚੇ ਹੋ-ਹੋ ਦੇਖੀ ਜਾਣ, ਜਿਹੜਾ ਉਹ 'ਕੇਜਰੀਵਾਲ ਮਾਰਕਾ' ਹੋਕਾ ਦੇ ਰਿਹਾ ਹੈ, ਉਸ ਨੂੰ ਵੀ ਸੰਗਰੂਰ ਹਲਕੇ ਦੀ ਸੰਗਤ ਦਿਲ ਵਿਚ ਵਸਾ ਲਵੇ। ਦੂਜਾ ਖਦਸ਼ਾ ਹੈ, ਚਾਚੇ ਚੰਡੀਗੜ੍ਹੀਏ ਵਾਲਾ। ਇਕ ਵਾਰ ਚੋਣਾਂ ਦੇ ਦਿਨੀਂ ਚਾਚੇ (ਸ. ਗੁਰਨਾਮ ਸਿੰਘ ਤੀਰ) ਨੇ ਚੋਣ ਜਲਸੇ ਵਿਚ ਆਪਣੀ ਅੱਖੀਂ ਦੇਖੀ ਘਟਨਾ ਸੁਣਾਉਂਦਿਆਂ ਦੱਸਿਆ ਸੀ, ਅਖੇ, ਕੇਰਾਂ ਹਫ਼ਤੇ ਕੁ ਤੱਕ ਵੋਟਾਂ ਪੈਣੀਆਂ ਸਨ। ਭਰੇ ਹੋਏ ਮੇਲੇ ਵਿਚ ਦੋ ਪੇਂਡੂ ਭਰਾ ਲੱਡੂਆਂ ਨਾਲ ਭਰੇ ਹੋਏ ਥਾਲ ਦੁਆਲੇ ਬੈਠੇ ਫਟਾ-ਫਟ ਲੱਡੂ 'ਨਿਬੇੜ' ਰਹੇ ਸਨ ਜੋ ਚੋਣਾਂ 'ਚ ਖੜ੍ਹੇ ਕਿਸੇ ਉਮੀਦਵਾਰ ਨੇ ਖਰੀਦ ਕੇ ਦਿੱਤੇ ਸਨ। ਲੱਡੂ ਖਾਂਦਿਆਂ ਇਕ ਪੇਂਡੂ, ਦੂਜੇ ਨੂੰ ਪੁੱਛਣ ਲੱਗਾ, "ਯਾਰ, ਸਾਨੂੰ ਲੱਡੂ ਖੁਆਉਣ ਵਾਲਾ ਬੰਦਾ ਜਿੱਤ ਵੀ ਜਾਊ?"

"ਜਿੱਤੇ ਚਾਹੇ ਹਾਰੇ, ਖਸਮਾਂ ਨੂੰ ਖਾਏ। ਸਾਡੇ ਆਹ ਲੱਡੂ ਨੀਂ ਮੁੱਕਣੇ ਚਾਹੀਦੇ!" ਦੂਜੇ ਨੇ ਲੱਡੂ ਮੂੰਹ 'ਚ ਸੁੱਟਦਿਆਂ ਜਵਾਬ ਦਿੱਤਾ।

ਸੰਗਤੇ, ਹੁਣ ਲੱਡੂਆਂ ਦੀ ਜਗ੍ਹਾ ਅਤਿਅੰਤ ਖਤਰਨਾਕ ਨਸ਼ੇ ਵਰਤਾਏ ਜਾ ਰਹੇ ਹਨ। ਕਾਲੇ ਧਨ ਨਾਲ ਅੰਨ੍ਹੀਆਂ ਹੋਈਆਂ ਸਿਆਸੀ ਪਾਰਟੀਆਂ ਸੱਤਾ ਦੀ ਕੁਰਸੀ ਨੂੰ ਹੀ ਨਿਸ਼ਾਨਾ ਮੰਨੀ ਬੈਠੀਆਂ ਹਨ। ਸਮਾਜ ਸ਼ਾਸਤਰੀਆਂ ਨੂੰ ਇਹੀ ਡਰ ਵੱਢ-ਵੱਢ ਖਾ ਰਿਹਾ ਹੈ ਕਿ ਸੰਗਤਾਂ ਕਿਤੇ ਨਸ਼ੇ ਤੇ ਨੋਟਾਂ ਦੇ ਲਾਲਚ ਵਿਚ, ਕੇਜਰੀਵਾਲ ਦੀਆਂ ਦਿਲੀ ਦਲੀਲਾਂ ਅਪੀਲਾਂ ਨੂੰ ਅਣਸੁਣੀਆਂ ਹੀ ਨਾ ਕਰ ਦੇਣ। ਸੰਗਤੇ ਜੀ, ਮੌਕਾ ਹੱਥੋਂ ਨਾ ਗਵਾ ਦਿਓ ਕਿਤੇ!

# ਜਮਹੂਰੀ ਮੁੱਲਾਂ ਦੀ ਕਤਲਗਾਹ ਬਣ ਗਿਆ ਪੰਜਾਬ

(ਸਫਾ 12 ਦੀ ਬਾਕੀ)

ਘ) ਕਿਸਾਨਾਂ, ਬੇਰੋਜ਼ਗਾਰ ਲਾਈਨਮੈਨਾਂ, ਨਰਸਾਂ, ਆਂਗਨਬਾੜੀ ਵਰਕਰ ਔਰਤਾਂ, ਠੇਕੇ 'ਤੇ ਰੱਖੇ ਵੱਖ-ਵੱਖ ਕਿਸਮਾਂ ਦੇ ਅਧਿਆਪਕਾਂ ਤੇ ਹੋਰ ਸੰਘਰਸ਼ਸ਼ੀਲ ਹਿੱਸਿਆਂ ਨੂੰ ਬੇਰਹਿਮੀ ਨਾਲ ਡਾਂਗਾਂ ਮਾਰ-ਮਾਰ ਕੇ ਖਦੇੜਿਆ ਜਾਂਦਾ ਰਿਹਾ ਹੈ; ਙ) 12 ਅਪਰੈਲ 2014 ਨੂੰ ਅੰਮ੍ਰਿਤਸਰ ਦੇ ਚੱਬਾ ਪਿੰਡ ਵਿਚ ਲਗਾਏ ਕਿਸਾਨ ਧਰਨੇ ਲਈ ਰਸਦ ਲਿਜਾ ਰਹੇ ਕਿਸਾਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਰਸਦ ਜ਼ਬਤ ਕਰ ਲਈ ਗਈ।

-ਸੰਘਰਸ਼ਸ਼ੀਲ ਜਥੇਬੰਦੀਆਂ ਦੇ ਸ਼ਾਂਤਮਈ ਸੰਘਰਸ਼ਾਂ ਪ੍ਰਤੀ ਸਥਾਪਤੀ ਦੀ ਸੋਚੀ-ਸਮਝੀ ਖ਼ਾਮੋਸ਼ੀ। ਮੰਨੀਆਂ ਮੰਗਾਂ ਨੂੰ ਲਾਗੂ ਕਰਨ ਦੀ ਥਾਂ ਵਾਅਦਾ ਖਿਲਾਫ਼ੀ ਤੇ ਟਾਲਮਟੋਲ ਅਤੇ ਗੱਲਬਾਤ ਦੀ ਬਜਾਏ ਨਜ਼ਰ-ਅੰਦਾਜ਼ ਕਰਦੇ ਰਹਿਣ ਦੀ ਬਦਨੀਤੀ। ਸੰਘਰਸ਼ਸ਼ੀਲ ਲੋਕਾਂ ਦੇ ਸਬਰ ਨੂੰ ਇੰਤਹਾ ਹੱਦ ਤਕ ਪਰਖਣ, ਲਾਕਾਨੂੰਨੀ ਤੇ ਭੜਕਾਊ ਹੱਥਕੰਡਿਆਂ ਰਾਹੀਂ ਪੁਰਅਮਨ ਸੰਘਰਸ਼ਾਂ ਨੂੰ ਗ਼ਲਤ ਰੰਗਤ ਦੇ ਕੇ ਕੁਚਲਣ ਦੇ ਬਹਾਨੇ ਲੱਭਣ ਦੀ ਬਦਨੀਅਤ। ਅਜਿਹੇ ਹਾਲਾਤ ਵਿਚ ਘੋਰ ਬੇਵਸੀ ਤੇ ਬੁਰੀ ਤਰ੍ਹਾਂ ਨਿਰਾਸ਼ ਇਕ ਵੈਟਰਨਰੀ ਫਰਮਾਸਿਸਟ, ਇਕ ਬੇਰੁਜ਼ਗਾਰ ਲਾਈਨਮੈਨ ਅਤੇ ਇਕ ਬੇਰੁਜ਼ਗਾਰ ਕੁੜੀ ਵਲੋਂ ਖ਼ੁਦਕੁਸ਼ੀ ਦਾ ਰੁਝਾਨ। ਦੂਜੇ ਪਾਸੇ, ਸੰਘਰਸ਼ਸ਼ੀਲ ਅਧਿਆਪਕਾਂ ਵਲੋਂ ਸਲਫਾਸ ਦੀਆਂ ਸ਼ੀਸ਼ੀਆਂ ਅਤੇ ਪੈਟਰੋਲ ਦੀਆਂ ਬੋਤਲਾਂ ਲੈ ਕੇ ਪਾਣੀ ਵਾਲੀਆਂ ਟੈਂਕੀਆਂ 'ਤੇ ਚੜ੍ਹ ਕੇ ਖ਼ੁਦਕੁਸ਼ੀਆਂ ਦੀ ਧਮਕੀ, ਮਰਨ ਵਰਤ ਵਰਗੇ ਸੰਘਰਸ਼ ਦੇ ਇੰਤਹਾ ਕਦਮ ਸਾਹਮਣੇ ਆਏ ਹਨ।

-ਸੰਘਰਸ਼ਸ਼ੀਲ ਕੱਚੇ ਅਧਿਆਪਕਾਂ ਦੇ ਧਰਨੇ ਨੂੰ ਕੁਚਲਣ ਲਈ ਸੱਤਾਧਾਰੀਆਂ ਦੇ ਇਸ਼ਾਰੇ 'ਤੇ ਬਠਿੰਡਾ ਪ੍ਰਸ਼ਾਸਨ ਵਲੋਂ ਸ਼ਹਿਰ ਦੇ ਦੁਕਾਨਦਾਰਾਂ ਨੂੰ ਟੈਂਟ, ਰਜਾਈਆਂ ਤੇ ਹੋਰ ਲੋੜੀਂਦਾ ਸਮਾਨ ਨਾ ਦੇਣ ਦੇ ਤਾਨਾਸ਼ਾਹ ਹੁਕਮ। ਧਰਨਾਕਾਰੀਆਂ ਤੋਂ ਰਜਾਈਆਂ ਤੇ ਟੈਂਟ ਖੋਹਣ ਦੀਆਂ ਅਣਮਨੁੱਖੀ ਕਾਰਵਾਈਆਂ ਜਿਸ ਦੇ ਸਿੱਟੇ ਵਜੋਂ ਠੰਢ ਲੱਗਣ ਨਾਲ ਦੁੱਧ ਚੁੰਘਦੀ ਬੱਚੀ ਰੂਥ ਮੌਤ ਦੇ ਮੂੰਹ 'ਚ ਜਾ ਪਈ।

-ਪ੍ਰਸ਼ਾਸਨ ਵਲੋਂ ਪ੍ਰਿੰਟਿੰਗ ਪ੍ਰੈੱਸਾਂ ਨੂੰ ਸੰਘਰਸ਼ਸ਼ੀਲ ਜਥੇਬੰਦੀਆਂ ਦੇ ਇਸ਼ਤਿਹਾਰ ਤੇ ਹੋਰ ਪਰਚੇ ਨਾ ਛਾਪਣ ਅਤੇ ਕਮਿਊਨਿਟੀ ਸੰਸਥਾਵਾਂ ਨੂੰ ਕਿਸੇ ਜਥੇਬੰਦੀ ਨੂੰ ਕਨਵੈਨਸ਼ਨ, ਇਨਡੋਰ ਜਨਤਕ ਸਮਾਗਮ ਲਈ ਆਪਣੀਆਂ ਇਮਾਰਤਾਂ ਨਾ ਦੇਣ ਦੇ ਫਰਮਾਨ।

ਹਾਲਤ ਦੀ ਤ੍ਰਾਸਦੀ ਇਹ ਹੈ ਕਿ ਅਵਾਮ ਉਪਰ ਪੁਲਿਸ/ਫ਼ੌਜ ਦੇ ਜ਼ੋਰ ਥੋਪੇ ਆਰਥਿਕਤਾ ਦੇ ਉਦਾਰੀਕਰਨ-ਵਿਸ਼ਵੀਕਰਨ-ਨਿੱਜੀਕਰਨ (ਭਾਵ ਕਾਰਪੋਰੇਟ ਸਰਮਾਏਦਾਰੀ ਲਈ ਬੇਲਗਾਮ ਮੰਡੀ) ਦੇ 'ਵਿਕਾਸ' ਮਾਡਲ ਨੂੰ ਸਾਲਮ ਤੌਰ 'ਤੇ ਰੱਦ ਕਰਨ ਦਾ ਮੁੱਦਾ ਮੁੱਖਧਾਰਾ ਦੀ ਕਿਸੇ ਵੀ ਸਿਆਸੀ ਪਾਰਟੀ (ਕੇਜਰੀਵਾਲ ਸਮੇਤ) ਦੇ ਚੋਣ-ਮਨੋਰਥਨਾਮੇ ਵਿਚ ਸ਼ਾਮਲ ਨਹੀਂ। ਸਵਾਲ ਇਹ ਨਹੀਂ ਕਿ ਚੋਣਾਂ ਜਿੱਤ ਕੇ ਕਿਹੜੀ ਪਾਰਟੀ ਦੀ ਹਕੂਮਤ ਬਣੇਗੀ। ਸਵਾਲ ਇਹ ਹੈ ਕਿ ਜਿਸ ਕਿਸੇ ਪਾਰਟੀ ਦੀ ਸਰਕਾਰ ਬਣੇਗੀ, ਕੀ ਉਹ ਇਸ ਆਰਥਿਕ ਮਾਡਲ ਨੂੰ ਮੁਕੰਮਲ ਤੌਰ 'ਤੇ ਰੱਦ ਕਰ ਕੇ ਬਦਲਵਾਂ ਵਿਕਾਸ ਪ੍ਰੋਗਰਾਮ ਦੇਵੇਗੀ? ਕੀ ਉਹ ਜਮਹੂਰੀਅਤ ਦੇ ਨਾਂ ਹੇਠ ਜਮਹੂਰੀ ਮੁੱਲਾਂ ਦਾ ਘਾਣ ਕਰਨ ਦੀ ਮੌਜੂਦਾ ਰਾਜਕੀ ਨੀਤੀ ਨੂੰ ਖ਼ਤਮ ਕਰ ਕੇ ਬੰਦੂਕ ਦੀ ਨੋਕ 'ਤੇ ਧੱਕ ਕੇ ਖੂੰਜੇ ਲਾਏ ਅਵਾਮ ਨੂੰ ਸਥਾਪਤੀ ਦੀ ਖੁੱਲ੍ਹ ਕੇ ਆਲੋਚਨਾ ਕਰਨ; ਆਪਣੇ ਹਿੱਤਾਂ, ਸਰੋਕਾਰਾਂ ਤੇ ਰੀਝਾਂ ਬਾਰੇ ਨਿਰਭੈ ਹੋ ਕੇ ਬੋਲਣ ਅਤੇ ਹੱਕ-ਜਤਾਈ ਦਾ ਹੱਕ ਦੇਵੇਗੀ? ਜੇ ਨਹੀਂ, ਤਾਂ ਮਹਿਜ਼ ਵੋਟ ਦੇ ਰਸਮੀ ਹੱਕ ਦਾ ਕੀ ਮਾਇਨਾ ਰਹਿ ਜਾਂਦਾ ਹੈ ਜਿਸ ਵਿਚ ਲੋਕਾਂ ਦੀ ਜਮਹੂਰੀ ਸ਼ਮੂਲੀਅਤ ਸੰਭਵ ਹੀ ਨਹੀਂ। ਜਿਸ ਨਾਲ ਮਾਣ-ਸਨਮਾਨ ਵਾਲੀ ਜ਼ਿੰਦਗੀ ਜਿਉਣ ਅਤੇ ਜ਼ਿੰਦਗੀ ਦੀ ਬਿਹਤਰੀ ਲਈ ਜੱਦੋਜਹਿਦ ਦੇ ਮੁੱਢਲੇ ਮਨੁੱਖੀ ਹਕੂਕ ਹੀ ਨਿਸ਼ਚਿਤ ਨਹੀਂ ਹੋ ਸਕਦੇ।

ਇਨ੍ਹਾਂ ਹਾਲਾਤ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਹਿੰਦੁਸਤਾਨ ਦੀ ਜਮਹੂਰੀਅਤ ਦੇ ਅਵਾਮ ਲਈ ਕੀ ਮਾਇਨੇ ਕੀ ਹਨ? ਅਜਿਹੇ ਹਾਲਾਤ ਵਿਚ, 21ਵੀਂ ਸਦੀ ਵਿਚ ਜਮਹੂਰੀ ਮੁੱਲਾਂ ਨਾਲ ਇਸ ਤੋਂ ਵੱਡਾ ਮਜ਼ਾਕ ਕੀ ਹੋ ਸਕਦਾ ਹੈ ਕਿ ਹੁਕਮਰਾਨ ਪਾਰਟੀਆਂ ਇਸ ਮੁਲਕ ਦੇ ਨਾਗਰਿਕਾਂ ਨੂੰ ਰਾਜ ਦੀਆਂ ਨੀਤੀਆਂ ਦੇ ਤਬਾਹਕੁਨ ਸਿੱਟਿਆਂ ਦੀ ਜਵਾਬਦੇਹੀ ਦੀ ਮੰਗ ਕਰਨ ਅਤੇ ਆਪਣੀ ਜ਼ਿੰਦਗੀ ਦੀ ਬਿਹਤਰੀ ਬਾਰੇ ਹੱਕ ਜਤਾਉਣ ਦਾ ਇਹ ਮੁੱਢਲਾ ਅਧਿਕਾਰ ਦੇਣ ਤੋਂ ਹੀ ਇਨਕਾਰੀ ਹਨ। ਦਰਅਸਲ ਇਹ ਲੋਕਤੰਤਰ ਨਹੀਂ, ਸਗੋਂ ਨਿਰੋਲ ਸੱਤਾਤੰਤਰ ਹੈ। ਇਹ ਗਣਤੰਤਰ ਨਹੀਂ, ਸਗੋਂ ਨਿਰਾ ਗੰਨਤੰਤਰ ਹੈ। ਇਸ ਨੂੰ ਚੋਣਾਂ ਨਾਲ ਹੋਣ ਵਾਲਾ ਪੇਤਲਾ ਬਦਲਾਓ ਨਹੀਂ, ਸਗੋਂ ਲੋਕ ਤਾਕਤ ਦਾ ਕੋਈ 'ਅਰਬ ਬਸੰਤ' ਵਰਗਾ ਉਭਾਰ ਹੀ ਠੱਲ੍ਹ ਪਾ ਸਕਦਾ ਹੈ।

## ਚੋਣ ਛੁਰਲੀ

ਆਮ ਆਦਮੀ ਨੇ ਹੁਣ ਝਾੜੂ ਫੜਿਆ
ਲੋਟੂਆਂ ਦਾ ਕੰਮ ਤਾਂ ਖਰਾਬ ਹੋ ਗਿਆ।
ਕੇਜਰੀਵਾਲ ਨੇ ਰਪਟ ਲਿਖਵਾਈ
ਅੰਬਾਨੀ ਸਾਬ੍ਹ ਸੜ ਕੇ ਕਬਾਬ ਹੋ ਗਿਆ।
ਖਾ ਖਾ ਖਜ਼ਾਨਾ ਲੁੱਟਦੇ ਸੀ ਦੇਸ਼ ਨੂੰ ਜੋ
ਸਾਰਿਆਂ 'ਤੇ ਝਾੜੂ ਦਾ ਰੁਆਬ ਹੋ ਗਿਆ।
ਚੋਣਾਂ 'ਚ ਇਮਾਨਦਾਰ ਬੰਦੇ ਜੋ ਖਲ੍ਹਾਰੇ
ਬੇਈਮਾਨਾਂ ਉਤੇ ਰੋਹਬ-ਦਾਬ ਹੋ ਗਿਆ।
ਮੋਦੀ ਦੇ ਰੱਥ ਨੂੰ ਝਾੜੂ ਨਾਲ ਰੋਕ ਦਿਤਾ
ਸਰਵੇ 'ਚ ਪੰਜੇ ਨੂੰ ਜਵਾਬ ਹੋ ਗਿਆ।

-ਜੁਗਰਾਜ ਗਿੱਲ, ਸ਼ਾਰਲਟ


## ਵਿਅੰਗ

ਪੁੱਛਿਆ ਕਵੀ ਨੂੰ ਜੁੜੇ ਸਰੋਤਿਆਂ ਨੇ,
ਸ਼ੈਲੀ ਵਿਚ ਕਿਉਂ ਬੜਾ ਵਿਰਲਾਪ ਮੀਆਂ।
ਦਿੱਤਾ ਤੇਲ ਕਿਸ ਜੜ੍ਹਾਂ ਤੇਰੀਆਂ ਨੂੰ,
ਚਿਪਿਆ ਲਿਖਣ ਦਾ ਕਿਥੋਂ ਸਰਾਪ ਮੀਆਂ।
ਫਸਿਆ ਵਿਚ ਦੁਬਿਧਾ ਦੇ ਕਵੀ ਕਹਿੰਦਾ,
ਮੇਰੀ ਕਲਮ ਦਾ ਨਵਾਂ ਸੰਤਾਪ ਮੀਆਂ।
ਤੋੜਾਂ ਦਸਾਂ ਕਵੀਆਂ ਦੀਆਂ ਦਸ ਨਜ਼ਮਾਂ,
ਬਣਦੀ ਗਿਆਰਵੀਂ ਆਪਣੇ ਆਪ ਮੀਆਂ।

-ਹਰਦੀਪ ਢਿੱਲੋਂ, ਅਬੋਹਰ

# ਵੋਟਰਾਂ ਦੀ ਚੁਪ ਅਤੇ ਚੋਣ ਦ੍ਰਿਸ਼ਾਂ ਦੇ ਮਾਹਰ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455


ਅਜੇ ਇਹ ਅੰਦਾਜ਼ੇ ਲਾਉਣ ਦਾ ਵਕਤ ਨਹੀਂ ਆਇਆ ਕਿ ਅਗਲੇ ਮਹੀਨੇ ਦੀ ਮੱਧ ਰੇਖਾ ਉਤੇ ਖੜੋ ਕੇ ਦੇਸ਼ ਦੇ ਲੋਕਾਂ ਦਾ ਜਿਹੜਾ ਫਤਵਾ ਪੇਸ਼ ਹੋਵੇਗਾ, ਉਸ ਦੇ ਪਿੱਛੋਂ ਭਾਰਤ ਦੀ ਰਾਜਸੀ ਦਿੱਖ ਕਿੱਦਾਂ ਦੀ ਹੋਵੇਗੀ, ਪਰ ਅੰਦਾਜ਼ੇ ਕੁਝ ਲੋਕਾਂ ਵੱਲੋਂ ਹੁਣੇ ਤੋਂ ਲੱਗਣ ਲੱਗ ਪਏ ਹਨ। ਚੋਣ ਸਰਵੇਖਣਾਂ ਦਾ ਨਾਟਕ ਕਰਨ ਵਾਲੇ ਉਨ੍ਹਾਂ ਅਖੌਤੀ ਮਾਹਰਾਂ ਦੀ ਗੱਲ ਅਸੀਂ ਨਹੀਂ ਕਰਦੇ, ਜਿਨ੍ਹਾਂ ਨੇ ਇੱਕ ਜਾਂ ਦੂਸਰੇ ਪਾਸੇ ਦੀ ਚੜ੍ਹਤ ਲਈ ਸਰਵੇਖਣ ਪੇਸ਼ ਕਰਨ ਵਾਸਤੇ ਸਾਈ ਫੜੀ ਹੁੰਦੀ ਹੈ ਤੇ ਉਸੇ ਮੁਤਾਬਕ ਪੇਸ਼ਕਾਰੀ ਕਰੀ ਜਾਂਦੇ ਹਨ। ਇਨ੍ਹਾਂ ਵਿਚ ਸਭ ਤੋਂ ਵੱਧ ਸਰਵੇਖਣ ਕਰਨ ਲਈ ਜਾਣਿਆ ਜਾਂਦਾ ਬੰਦਾ ਇਸ ਵਾਰ ਨਕਸ਼ੇ ਤੋਂ ਪਿੱਛੇ ਚਲਾ ਗਿਆ ਹੈ, ਕਿਉਂਕਿ ਦੋ ਮਹੀਨੇ ਪਹਿਲਾਂ ਇੱਕ ਸਟਿੰਗ ਅਪਰੇਸ਼ਨ ਵਿਚ ਉਸ ਬਾਰੇ ਇਹ ਸੱਚ ਜ਼ਾਹਰ ਹੋ ਗਿਆ ਸੀ ਕਿ ਉਹ ਸਰਵੇਖਣ ਨਹੀਂ ਕਰਦਾ, ਸਗੋਂ ਜਿਹੋ ਜਿਹੀ ਸਰਵੇਖਣ ਰਿਪੋਰਟ ਪੇਸ਼ ਕਰਨ ਦਾ ਸੌਦਾ ਮਾਰਿਆ ਜਾਵੇ, ਉਸ ਤਰ੍ਹਾਂ ਦੀ ਬਣਾ ਕੇ ਫੜਾ ਦੇਂਦਾ ਹੈ। ਹੁਣ ਉਹ ਬਾਹਰਲੇ ਦ੍ਰਿਸ਼ ਤੋਂ ਲਾਂਭੇ ਹੈ, ਪਰ ਜਿਵੇਂ ਸਕਰੀਨ ਉਤੇ ਪ੍ਰਿਅੰਕਾ ਚੋਪੜਾ ਗਾਉਂਦੀ ਜਾਪਦੀ ਹੈ ਤੇ ਪਰਦੇ ਪਿੱਛੇ ਅਸਲੀ ਗੀਤ ਲਤਾ ਮੰਗੇਸ਼ਕਰ ਨੇ ਗਾਇਆ ਹੁੰਦਾ ਹੈ, ਉਹ ਬੰਦਾ ਵੀ ਪੂਰੀ ਬਦਨਾਮੀ ਦੇ ਬਾਵਜੂਦ ਕੁਝ ਏਜੰਸੀਆਂ ਦੇ ਪਿੱਛੇ ਬੈਠ ਕੇ ਪਲੇ-ਬੈਕ ਸਿੰਗਰ ਵਾਂਗ ਸਾਰੀਆਂ ਘਾੜਤਾਂ ਅਜੇ ਤੱਕ ਘੜੀ ਜਾ ਰਿਹਾ ਹੈ।

ਪਿਛਲੇ ਦਿਨੀਂ ਜਦੋਂ ਬਾਕੀ ਚੋਣ ਸਰਵੇਖਣਾਂ ਦੀ ਰਿਪੋਰਟ ਹਾਲੇ ਭਾਜਪਾ ਗੱਠਜੋੜ ਨੂੰ ਦੋ ਸੌ ਦਸ ਸੀਟਾਂ ਤੱਕ ਪੁਚਾ ਰਹੀ ਸੀ, ਇੱਕ ਸਰਵੇਖਣ ਦੀ ਰਿਪੋਰਟ ਨੇ ਭਾਜਪਾ ਵਾਲਾ ਗੱਠਜੋੜ ਤਿੰਨ ਸੌ ਤੋਂ ਵੱਧ ਸੀਟਾਂ ਤੱਕ ਜਾਂਦਾ ਵਿਖਾ ਦਿੱਤਾ। ਅਗਲੇ ਦਿਨ ਖਬਰ ਆ ਗਈ ਕਿ ਇਸ ਸਰਵੇਖਣ ਦਾ ਕੰਪਿਊਟਰੀ ਕੰਮ ਉਸੇ ਸੱਜਣ ਦੀ ਏਜੰਸੀ ਤੋਂ ਕਰਵਾਇਆ ਗਿਆ ਸੀ। ਚੋਰ ਚੋਰੀ ਕਰਨੀ ਛੱਡ ਜਾਵੇ ਤਾਂ ਹੇਰਾਫੇਰੀ ਕਰਨੀ ਫੇਰ ਵੀ ਨਹੀਂ ਛੱਡਦਾ ਹੁੰਦਾ। ਮੀਡੀਏ ਵਿਚ ਏਦਾਂ ਦੇ ਕਿਸੇ ਦਾ ਦਿੱਤਾ ਖਾਣ ਵਾਲੇ ਬਹੁਤ ਹਨ। ਜੇ ਉਹ ਭਾਜਪਾ ਦੇ ਪੱਖ ਵਿਚ ਰਿਪੋਰਟਾਂ ਦੇ ਰਿਹਾ ਹੈ ਤਾਂ ਕਾਂਗਰਸ ਦੇ ਪੱਖ ਵਿਚ ਰਿਪੋਰਟਾਂ ਦੇਣ ਵਾਲੇ ਵੀ ਥੋੜ੍ਹੇ ਨਹੀਂ ਹਨ।

ਹਾਲਾਤ ਦੇ ਵਹਿਣ ਦਾ ਪਤਾ ਉਦੋਂ ਲੱਗਦਾ ਹੈ, ਜਦੋਂ ਕਿਤੇ ਵੋਟਾਂ ਪੈ ਜਾਂਦੀਆਂ ਹਨ। ਇਸ ਹਫਤੇ ਦੌਰਾਨ ਵੋਟਾਂ ਦੇ ਪਹਿਲੇ ਚਾਰ ਪੜਾਅ ਗੁਜ਼ਰੇ ਹਨ ਅਤੇ ਕੁੱਲ ਮਿਲਾ ਕੇ ਇੱਕ ਸੌ ਤੋਂ ਵੱਧ ਸੀਟਾਂ ਲਈ ਲੋਕਾਂ ਦੀ ਰਾਏ ਵੋਟ ਮਸ਼ੀਨਾਂ ਵਿਚ ਬੰਦ ਹੋ ਚੁੱਕੀ ਹੈ। ਵੋਟਾਂ ਪੈਣ ਪਿੱਛੋਂ ਆਈਆਂ ਰਿਪੋਰਟਾਂ ਉਥੋਂ ਬਾਰੇ ਅਗਾਊਂ ਪ੍ਰਚਾਰ ਨਾਲ ਮੇਲ ਨਹੀਂ ਖਾਂਦੀਆਂ। ਮਿਸਾਲ ਵਜੋਂ ਦਿੱਲੀ ਵਿਚ ਦਸ ਅਪਰੈਲ ਨੂੰ ਵੋਟਾਂ ਪੈਣ ਤੋਂ ਇੱਕ ਦਿਨ ਪਹਿਲਾਂ ਤੱਕ ਸਾਰਾ ਮੀਡੀਆ ਇਹ ਖਬਰਾਂ ਦੇ ਰਿਹਾ ਸੀ ਕਿ ਉਥੇ ਕਾਂਗਰਸ ਪਾਰਟੀ ਨੇ ਆਪਣੀ ਪਿਛਲੀ ਪਛੇਤ ਛੱਡ ਦਿੱਤੀ ਤੇ ਬੜੀ ਤੇਜ਼ੀ ਨਾਲ ਉਭਰ ਕੇ ਭਾਜਪਾ ਨਾਲ ਫਿਰ ਸਾਂਵੀਂ ਟੱਕਰ ਵਿਚ ਆ ਗਈ ਹੈ। ਆਮ ਆਦਮੀ ਪਾਰਟੀ ਨੂੰ ਲੇਖੇ ਤੋਂ ਬਾਹਰ ਕੀਤਾ ਪਿਆ ਸੀ। ਵੋਟਾਂ ਪੈਣ ਤੋਂ ਅਗਲੇ ਦਿਨ ਦੀਆਂ ਰਿਪੋਰਟਾਂ ਵਿਚ ਇਹ ਗੱਲ ਲੁਕਾ ਕੇ ਲਿਖੀ ਹੋਈ ਵੀ ਲੱਭ ਜਾਂਦੀ ਸੀ ਕਿ ਮੁਕਾਬਲਾ ਭਾਜਪਾ ਤੇ ਆਮ ਆਦਮੀ ਪਾਰਟੀ ਵਿਚ ਜਾਪਣ ਲੱਗ ਪਿਆ ਹੈ, ਕਾਂਗਰਸ ਤੀਸਰੀ ਥਾਂ ਫਿਰਦੀ ਹੈ।

ਦੱਖਣ ਦੇ ਰਾਜ ਕੇਰਲਾ ਵੱਲ ਹਰ ਕਿਸੇ ਦੀ ਅੱਖ ਲੱਗੀ ਹੋਈ ਸੀ, ਜਿਸ ਦੇ ਦੋ ਕਾਰਨ ਸਨ। ਪਹਿਲਾ ਇਹ ਕਿ ਹੁਣ ਤੱਕ ਉਥੇ ਫਿਰਕਾਪ੍ਰਸਤੀ ਦੇ ਨਗਾਰੇ ਵਜਾਉਣ ਵਾਲਿਆਂ ਦੇ ਪੈਰ ਕਦੀ ਨਹੀਂ ਲੱਗ ਸਕੇ ਤੇ ਕਾਂਗਰਸ ਅਤੇ ਕਮਿਊਨਿਸਟਾਂ ਵਿਚ ਹੀ ਸਿਆਸੀ ਟੱਕਰ ਹੁੰਦੀ ਰਹੀ ਸੀ। ਦੂਸਰਾ ਇਹ ਕਿ ਇਸ ਵਾਰੀ ਆਰ ਐਸ ਐਸ ਵੱਲੋਂ ਸਾਰਾ ਕਾਡਰ ਝੋਕ ਕੇ ਉਥੇ ਨਰਿੰਦਰ ਮੋਦੀ ਦੀ ਆਮਦ ਵੇਲੇ ਏਨੇ ਭਾਰੇ ਜਲਸੇ ਕਰਵਾਏ ਗਏ, ਜਿੰਨੇ ਅੱਜ ਤੱਕ ਕਦੀ ਨਹੀਂ ਸਨ ਹੋਏ। ਆਰ ਐਸ ਐਸ ਵਾਲਾ ਕਾਡਰ ਉਥੇ ਲਵ-ਜਹਾਦ, ਪਿਆਰ ਦੇ ਬਹਾਨੇ ਮੁਸਲਮਾਨ ਨੌਜਵਾਨਾਂ ਵੱਲੋਂ ਹਿੰਦੂ ਕੁੜੀਆਂ ਨੂੰ ਫਸਾਉਣ ਦਾ ਮੁੱਦਾ, ਵੀ ਬਣਾਉਂਦਾ ਰਿਹਾ। ਇਸ ਪ੍ਰਭਾਵ ਹੇਠ ਮੀਡੀਏ ਦਾ ਇੱਕ ਹਿੱਸਾ ਇਹ ਲਿਖਣ ਲੱਗ ਪਿਆ ਕਿ ਇਸ ਵਾਰੀ ਕੇਰਲਾ ਵਿਚ ਭਾਜਪਾ ਤਕੜੀ ਹੋ ਗਈ ਹੈ, ਪਰ ਵੋਟਾਂ ਪੈਣ ਤੋਂ ਅਗਲੇ ਦਿਨ ਮੰਨ ਵੀ ਲਿਆ ਕਿ ਉਥੇ ਮੁਕਾਬਲਾ ਫਿਰ ਕਾਂਗਰਸ ਤੇ ਖੱਬੇ-ਪੱਖੀਆਂ ਵਿਚਾਲੇ ਹੀ ਰਿਹਾ ਹੈ, ਭਾਜਪਾ ਦੇ ਪੈਰ ਨਹੀਂ ਲੱਗ ਸਕੇ।

ਜਦੋਂ ਕਿਸ਼ਤੀ ਹਾਲੇ ਮੰਝਧਾਰ ਵਿਚ ਹੋਵੇ, ਉਦੋਂ ਚੱਪੂ ਚੱਲਦੇ ਵੇਖ ਕੇ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ ਕਿ ਪਾਰ ਲੱਗ ਜਾਵੇਗੀ ਜਾਂ ਨਹੀਂ, ਸਗੋਂ ਘੁੰਮਣਘੇਰੀ ਤੋਂ ਬਾਹਰ ਪੱਧਰੇ ਪਾਣੀਆਂ ਤੀਕਰ ਉਸ ਦੇ ਆ ਜਾਣ ਲਈ ਉਡੀਕ ਕਰਨੀ ਪੈਂਦੀ ਹੈ। ਇਸ ਵਾਰੀ ਦੀਆਂ ਚੋਣਾਂ ਦਾ ਨਵਾਂ ਪੱਖ ਇਹ ਹੈ ਕਿ ਪਹਿਲੀਆਂ ਦੋ ਰਵਾਇਤੀ ਧਿਰਾਂ ਨਾਲ ਸਿੱਧਾ ਭੇੜ ਭਿੜਨ ਲਈ ਇੱਕ ਇਹੋ ਜਿਹੀ ਧਿਰ ਨਿਕਲ ਆਈ ਹੈ, ਜਿਹੜੀ ਦੇਸ਼ ਨੂੰ ਲੁੱਟ ਰਹੀ ਸਰਮਾਏਦਾਰੀ ਉਪਰ ਸਿੱਧੀ ਚੋਟ ਕਰ ਰਹੀ ਹੈ। ਏਦਾਂ ਦੀ ਚੋਟ ਕਮਿਊਨਿਸਟ ਕਰਦੇ ਹੁੰਦੇ ਸਨ, ਅੱਜ ਵੀ ਕਰਦੇ ਹਨ, ਪਰ ਉਨ੍ਹਾਂ ਦੀ ਅਤੇ ਇਸ ਨਵੀਂ ਧਿਰ ਦੀ ਸੁਰ ਤੇ ਪਹੁੰਚ ਦਾ ਵੱਡਾ ਫਰਕ ਹੈ। ਕਮਿਊਨਿਸਟ ਇਸ ਕੰਮ ਦੇ ਨਾਲ ਅਲੋਕਾਰ ਸਮਾਜੀ ਤੇ ਸਿਆਸੀ ਪ੍ਰਬੰਧ ਸਿਰਜਣ ਦੀ ਗੱਲ ਕਰਦੇ ਸਨ, ਜਦ ਕਿ ਇਹ ਨਵੀਂ ਧਿਰ ਕਿਸੇ ਨਵੇਂ ਪ੍ਰਬੰਧ ਦੀ ਕੋਈ ਗੱਲ ਕੀਤੇ ਬਿਨਾਂ ਸਿੱਧਾ ਇਹ ਕਹਿ ਰਹੀ ਹੈ ਕਿ ਜਿਹੜਾ ਸੰਵਿਧਾਨ ਇਸ ਦੇਸ਼ ਨੇ ਅਪਣਾਇਆ ਹੈ, ਉਹੋ ਪੂਰਾ ਲਾਗੂ ਕੀਤਾ ਜਾਵੇ। ਨਵੀਂ ਧਿਰ ਵਾਲੇ ਇਹ ਕਹਿੰਦੇ ਹਨ ਕਿ ਭਾਰਤ ਦੀ ਰਾਜਨੀਤੀ ਵਿਚ ਲਗਾਤਾਰ ਭਿੜਦੀਆਂ ਮੁੱਖ ਧਿਰਾਂ ਨੇ ਦੇਸ਼ ਦੇ ਸੰਵਿਧਾਨ ਨੂੰ ਸਿਰਫ ਸਤਿਕਾਰ ਦਾ ਵਿਖਾਵਾ ਕਰਨ ਲਈ ਰੱਖ ਲਿਆ ਹੈ, ਇਸ ਉਤੇ ਅਮਲ ਤੋਂ ਮੁੱਖ ਮੋੜ ਗਈਆਂ ਹਨ। ਜਿਹੜੇ ਲੋਕਾਂ ਨੂੰ ਕਮਿਊਨਿਸਟਾਂ ਦੇ ਖਿਲਾਫ ਹੋਰ ਕੋਈ ਗੱਲ ਨਹੀਂ ਸੀ ਲੱਭਦੀ ਹੁੰਦੀ, ਉਹ ਸਿਰਫ ਇਸ ਗੱਲ ਨੂੰ ਲੋਕਾਂ ਵਿਚ ਮੁੱਦਾ ਬਣਾਉਣ ਤੁਰ ਪੈਂਦੇ ਸਨ ਕਿ ਕਮਿਊਨਿਸਟ ਤਾਂ ਰੱਬ ਨੂੰ ਨਹੀਂ ਮੰਨਦੇ। ਧਰਮ ਦੀ ਧੂੜਾਂ-ਪੁੱਟ ਦੁਰਵਰਤੋਂ ਕਰਨ ਵਾਲੇ ਸਿਆਸੀ ਆਗੂ ਜਿਵੇਂ ਕਮਿਊਨਿਸਟਾਂ ਬਾਰੇ ਇਹੋ ਜਿਹਾ ਮੁੱਦਾ ਘੜ ਸਕਦੇ ਸਨ, ਇਸ ਨਵੀਂ ਉਠੀ ਧਿਰ ਬਾਰੇ ਉਸ ਬਣੀ-ਬਣਾਈ ਧਾਰਨਾ ਵਾਲਾ ਇਹੋ ਜਿਹਾ ਮੁੱਦਾ ਵੀ ਨਹੀਂ ਚੁੱਕ ਸਕਦੇ।




ਬਦਕਿਸਮਤੀ ਨਾਲ ਇਹ ਨਵੀਂ ਧਿਰ ਦੋ ਗੱਲਾਂ ਤੋਂ ਊਣੀ ਹੈ। ਪਹਿਲੀ ਗੱਲ ਇਹ ਕਿ ਮੁੱਦੇ ਤਾਂ ਕਮਿਊਨਿਸਟਾਂ ਵਾਲੇ ਇਹ ਧਿਰ ਚੁੱਕਦੀ ਰਹੀ, ਪਰ ਉਨ੍ਹਾਂ ਨਾਲ ਹੱਥ ਮਿਲਾਉਣ ਤੋਂ ਝਿਜਕਦੀ ਰਹੀ ਹੈ। ਦੂਸਰੀ ਇਹ ਕਿ ਅਜੇ ਤੱਕ ਆਮ ਆਦਮੀ ਪਾਰਟੀ ਵੱਡੇ ਸ਼ਹਿਰਾਂ ਤੋਂ ਬਾਹਰ ਨਹੀਂ ਨਿਕਲ ਸਕੀ। ਇਸ ਦੇ ਬਾਵਜੂਦ ਇਸ ਦਾ ਮੁਖੀ ਜਿਸ ਵੀ ਰਾਜ ਅਤੇ ਜਿਸ ਵੀ ਹਲਕੇ ਵਿਚ ਜਾਂਦਾ ਹੈ, ਉਸ ਨਾਲ ਭੀੜਾਂ ਤੁਰ ਪੈਂਦੀਆਂ ਹਨ। ਰਵਾਇਤੀ ਧਿਰਾਂ ਵਾਲਿਆਂ ਨੂੰ ਇਨ੍ਹਾਂ ਭੀੜਾਂ ਦੇ ਕਾਰਨ ਇਸ ਨਵੀਂ ਧਿਰ ਦਾ ਜ਼ਿਕਰ ਹਰ ਥਾਂ ਕਰਨਾ ਪੈ ਰਿਹਾ ਹੈ। ਬਦਕਿਸਮਤੀ ਇਸ ਨਵੀਂ ਧਿਰ ਦੀ ਇਹ ਵੀ ਹੈ ਕਿ ਇਸ ਦੇ ਉਭਾਰ ਦੌਰਾਨ ਹੀ ਇਸ ਨੂੰ ਕੇਰਾ ਲੱਗਣਾ ਸ਼ੁਰੂ ਹੋ ਗਿਆ ਹੈ। ਹੁਣ ਤੱਕ ਦਰਜਨ ਤੋਂ ਵੱਧ ਥਾਂਵਾਂ ਉਤੇ ਇਸ ਦੇ ਉਮੀਦਵਾਰ ਟਿਕਟ ਲੈ ਕੇ ਚੋਣ ਮੈਦਾਨ ਖਾਲੀ ਕਰ ਗਏ ਹਨ। ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਦੇ ਮੁਕਾਬਲੇ ਜਿਸ ਬੰਦੇ ਨੂੰ ਖੜਾ ਕੀਤਾ ਗਿਆ, ਉਹ ਖੁਰਸ਼ੀਦ ਦੇ ਹੱਕ ਵਿਚ ਬੈਠ ਗਿਆ ਅਤੇ ਬਾਅਦ ਵਿਚ ਇਹ ਖਬਰ ਆਈ ਕਿ ਬੰਦਾ ਹੀ ਖੁਰਸ਼ੀਦ ਦਾ ਆਪਣਾ ਸੀ, ਜਿਹੜਾ ਇਹੋ ਜਿਹੇ ਮੌਕੇ ਕੰਮ ਲੈਣ ਲਈ ਅਰਵਿੰਦ ਕੇਜਰੀਵਾਲ ਦੇ ਨਾਲ ਉਸ ਨੇ ਜੋੜਿਆ ਸੀ। ਏਦਾਂ ਦੇ ਕਈ ਹੋਰ ਵੀ ਦੱਸੇ ਜਾਂਦੇ ਹਨ।

ਅਰਵਿੰਦ ਕੇਜਰੀਵਾਲ ਮੁੱਦੇ ਪੇਸ਼ ਕਰਨੇ ਜਾਣਦਾ ਹੈ ਤੇ ਉਨ੍ਹਾਂ ਨਾਲ ਅੰਕੜੇ ਜੋੜ ਕੇ ਕਿਸੇ ਧਿਰ ਨੂੰ ਭਾਜੜ ਵੀ ਪਾ ਸਕਦਾ ਹੈ, ਪਰ ਰਾਜਨੀਤੀ ਵਿਚ ਆਪਣੇ ਅਤੇ ਪਰਾਏ ਦੇ ਨਕਸ਼ ਪਛਾਨਣ ਜੋਗਾ ਅਜੇ ਨਹੀਂ ਹੋਇਆ। ਏਸੇ ਲਈ ਉਸ ਨੇ ਕੁਝ ਥਾਂਈਂ ਇਹੋ ਜਿਹੀਆਂ ਗੱਲਾਂ ਕਹਿ ਦਿੱਤੀਆਂ, ਜਿਹੜੀਆਂ ਉਸ ਦਾ ਕੱਚ-ਘਰੜ ਹੋਣਾ ਜ਼ਾਹਰ ਕਰਦੀਆਂ ਸਨ। ਮਿਸਾਲ ਦੇ ਤੌਰ ਉਤੇ ਇੱਕ ਥਾਂ ਸਨਅਤਕਾਰਾਂ ਦੇ ਸਮਾਗਮ ਵਿਚ ਗਿਆ ਤਾਂ ਉਥੇ ਸਮਾਗਮ ਮੁੱਕਣ ਪਿੱਛੋਂ ਚਾਹ ਦਾ ਕੱਪ ਪੀਣ ਬੈਠ ਗਿਆ। ਇੱਕ ਨਿੱਜੀ ਨੇੜ ਵਾਲੇ ਬੰਦੇ ਨੇ ਗੱਲ ਛੇੜ ਲਈ ਕਿ ਜੇ ਆਮ ਆਦਮੀ ਪਾਰਟੀ ਕੋਲ ਲੋੜ ਜੋਗੀਆਂ ਸੀਟਾਂ ਨਾ ਆ ਸਕੀਆਂ, ਉਸ ਮੌਕੇ ਬਾਰੇ ਵੀ ਅਗਾਊਂ ਹੀ ਸੋਚ ਲੈਣਾ ਚਾਹੀਦਾ ਹੈ। ਕੇਜਰੀਵਾਲ ਇਹ ਕਹਿ ਕੇ ਸਾਰ ਸਕਦਾ ਸੀ ਕਿ ਇਹੋ ਜਿਹਾ ਮੌਕਾ ਆਵੇਗਾ ਤਾਂ ਸੋਚ ਲਵਾਂਗੇ, ਪਰ ਉਹ ਇਸ ਦੀ ਥਾਂ ਇਹ ਕਹਿ ਗਿਆ ਕਿ ਇਸ ਬਾਰੇ ਵੀ ਅਸੀਂ ਸੋਚਿਆ ਹੋਇਆ ਹੈ। ਅਗਲੇ ਨੇ ਦੂਸਰਾ ਸਵਾਲ ਕਰ ਦਿੱਤਾ ਕਿ ਜੇ ਕਾਂਗਰਸ ਜਾਂ ਭਾਜਪਾ ਦੋਵਾਂ ਵਿਚੋਂ ਕਿਸੇ ਇੱਕ ਦੀ ਚੋਣ ਕਰਨੀ ਪੈ ਗਈ ਤਾਂ ਕਿਸ ਨੂੰ ਪਹਿਲ ਦਿਓਗੇ? ਦੋ ਵਾਰੀ ਸਵਾਲ ਨੂੰ ਟਾਲਣ ਮਗਰੋਂ ਕੇਜਰੀਵਾਲ ਨੇ ਇੱਕ ਪਾਰਟੀ ਦਾ ਨਾਂ ਲੈ ਦਿੱਤਾ। ਉਸ ਨੂੰ ਇਹ ਨਹੀਂ ਸੀ ਪਤਾ ਕਿ ਇਹ ਸਵਾਲ ਦੋਸਤੀ ਵਿਚ ਨਹੀਂ ਕੀਤੇ ਗਏ, ਸਗੋਂ ਕਹਿ ਕੇ ਕਰਵਾਏ ਜਾ ਰਹੇ ਹਨ ਤੇ ਨਾਲ ਦੀ ਨਾਲ ਇੱਕ ਬੰਦਾ ਇਨ੍ਹਾਂ ਦੀ ਰਿਕਾਰਡਿੰਗ ਕਰਨ ਦਾ ਕੰਮ ਵੀ ਕਰ ਰਿਹਾ ਹੈ। ਜਦੋਂ ਇਹ ਰਿਕਾਰਡਿੰਗ ਸਾਹਮਣੇ ਆਈ ਤਾਂ ਵਿਵਾਦ ਦਾ ਵਿਸ਼ਾ ਬਣ ਗਈ।

ਹੁਣ ਤੱਕ ਜਿਹੜੇ ਸਰਵੇਖਣ ਸਾਹਮਣੇ ਆਏ ਹਨ, ਉਨ੍ਹਾਂ ਵਿਚੋਂ ਭਾਜਪਾ ਨੂੰ ਭਾਰਤ ਦੀ ਕਮਾਨ ਬਦੋਬਦੀ ਦੇਣ ਵਾਲੇ ਕਿਰਾਏ ਦੀ ਏਜੰਸੀ ਵਾਲਿਆਂ ਨੂੰ ਛੱਡ ਦਿੱਤਾ ਜਾਵੇ ਤਾਂ ਕੋਈ ਸਿੱਧਾ ਸੰਕੇਤ ਸਮੁੱਚੇ ਦੇਸ਼ ਵਿਚ ਇੱਕੋ ਰੰਗ ਵਾਲੀ ਲਹਿਰ ਦਾ ਅਜੇ ਤੱਕ ਨਹੀਂ ਮਿਲਦਾ। ਜਿਵੇਂ ਸਾਉਣ ਦੀ ਗਹਿਰੀ ਝੜੀ ਲੱਗੀ ਤੋਂ ਵੀ ਕਈ ਵਾਰ ਬੰਨੇ ਨਾਲ ਬੰਨਾ ਛੱਡ ਕੇ ਮੀਂਹ ਵਰ੍ਹ ਜਾਂਦਾ ਹੈ, ਇਸ ਤਰ੍ਹਾਂ ਦਾ ਰੰਗ ਹੁਣ ਵੀ ਵੱਖੋ-ਵੱਖ ਰਾਜਾਂ ਵਿਚ ਵੇਖਣ ਨੂੰ ਮਿਲ ਰਿਹਾ ਹੈ।

ਸਥਿਤੀ ਦਾ ਸਭ ਤੋਂ ਮਾੜਾ ਜੇ ਕੋਈ ਪੱਖ ਹੈ ਤਾਂ ਉਹ ਇਹ ਕਿ ਸੋਨੀਆ ਗਾਂਧੀ ਦੇ ਪੁੱਤਰ ਨੇ ਅਜੇ ਤੱਕ ਅਕਲ ਦੀ ਗੱਲ ਕਰਨੀ ਨਹੀਂ ਸਿੱਖੀ ਅਤੇ ਬੀਬੀ ਦੇ ਜਵਾਈ ਦੇ ਕਿੱਸੇ ਕਾਂਗਰਸ ਪਾਰਟੀ ਦਾ ਬੇੜਾ ਡੋਬਣ ਵਾਲੇ ਹਨ। ਰਾਹੁਲ ਗਾਂਧੀ ਨੇ ਇਸ ਹਫਤੇ ਦੋ ਮੁੱਦੇ ਬੜੇ ਜੋਸ਼ ਨਾਲ ਉਭਾਰੇ। ਇਨ੍ਹਾਂ ਵਿਚੋਂ ਇੱਕ ਨਰਿੰਦਰ ਮੋਦੀ ਦਾ ਆਪਣੀ ਪਤਨੀ ਬਾਰੇ ਪਹਿਲਾਂ ਚੁੱਪ ਰਹਿਣ ਤੇ ਫਿਰ ਆਪਣੇ ਵਿਆਹ ਦਾ ਇਕਬਾਲ ਕਰਨ ਦਾ ਸੀ ਅਤੇ ਦੂਸਰਾ ਨਰਿੰਦਰ ਮੋਦੀ ਅਤੇ ਇੱਕ ਵੱਡੇ ਸਨਅਤਕਾਰ ਅਦਾਨੀ ਦੇ ਸਬੰਧਾਂ ਦਾ ਸੀ। ਮੋਦੀ ਦੇ ਵਿਆਹ ਵਾਲੇ ਸਵਾਲ ਉਤੇ ਭਾਜਪਾ ਕੁਝ ਮੁਸ਼ਕਲ ਵਿਚ ਪੈ ਗਈ ਜਾਪਦੀ ਸੀ, ਹਾਲਾਂਕਿ ਉਸ ਨੇ ਇਸ ਤੋਂ ਬਾਅਦ ਪੰਡਿਤ ਨਹਿਰੂ ਤੇ ਲੇਡੀ ਐਡਵਿਨਾ ਮਾਊਂਟਬੈਟਨ ਦੇ ਬਾਰੇ ਵੀ ਮੋੜਵਾਂ ਵਾਰ ਕਰਨ ਵਿਚ ਦੇਰ ਨਹੀਂ ਕੀਤੀ। ਫਿਰ ਵੀ ਵੱਡਾ ਮੁੱਦਾ ਅਦਾਨੀ ਅਤੇ ਮੋਦੀ ਦੇ ਸਬੰਧਾਂ ਦਾ ਸੀ। ਰਾਹੁਲ ਨੇ ਇਸ ਦਾ ਜ਼ਿਕਰ ਅਰਵਿੰਦ ਕੇਜਰੀਵਾਲ ਵਾਲੀ ਬੋਲੀ ਵਿਚ ਕੀਤਾ, ਪਰ ਉਹ ਭੁੱਲ ਗਿਆ ਕਿ ਉਹ ਰਾਹੁਲ ਗਾਂਧੀ ਹੈ, ਕੇਜਰੀਵਾਲ ਨਹੀਂ। ਕੇਜਰੀਵਾਲ ਦੇ ਉਤੇ ਕੋਈ ਦੋਸ਼ ਨਹੀਂ ਸੀ ਲੱਗਣਾ ਤੇ ਰਾਹੁਲ ਨੂੰ ਪੱਤਰਕਾਰਾਂ ਨੇ ਝੱਟ ਸਵਾਲ ਕਰ ਦਿੱਤਾ ਕਿ ਜਿਸ ਅਦਾਨੀ ਨਾਲ ਮੋਦੀ ਦੇ ਸਬੰਧਾਂ ਦੀ ਤੂੰ ਚਰਚਾ ਛੇੜੀ ਹੈ, ਉਸ ਨਾਲ ਤੇਰੇ ਬਹਿਨੋਈ ਰਾਬਰਟ ਵਾਡਰਾ ਨੇ ਵੀ ਮੀਟਿੰਗ ਕੀਤੀ ਸੀ ਤੇ ਇਸ ਮੀਟਿੰਗ ਲਈ ਉਸ ਨੂੰ ਲੈਣ ਵਾਸਤੇ ਜਹਾਜ਼ ਵੀ ਅਦਾਨੀ ਨੇ ਭੇਜਿਆ ਸੀ, ਉਸ ਦੇ ਬਾਰੇ ਕੀ ਖਿਆਲ ਹੈ? ਇਹ ਤਾਂ ਹੋ ਨਹੀਂ ਸਕਦਾ ਕਿ ਰਾਹੁਲ ਗਾਂਧੀ ਨੂੰ ਆਪਣੇ ਭੈਣ-ਭਣਵੱਈਏ ਬਾਰੇ ਇਹ ਪਤਾ ਨਾ ਹੋਵੇ ਕਿ ਉਹ ਮੋਦੀ ਦੇ ਖਾਸ-ਉਲ-ਖਾਸ ਅਦਾਨੀ ਨੂੰ ਮਿਲਦੇ ਹਨ। ਭਖੇ ਹੋਏ ਚੋਣ ਮੈਦਾਨ ਵਿਚ ਉਤਰਨ ਦੇ ਵਕਤ ਤੱਕ ਰਾਹੁਲ ਗਾਂਧੀ ਨੂੰ ਜਿਹੜੀ ਸੂਝ ਦਾ ਸਬੂਤ ਦੇਣਾ ਚਾਹੀਦਾ ਹੈ, ਉਹ ਅਜੇ ਵੀ ਨਹੀਂ ਦੇ ਰਿਹਾ।

ਤਿੱਖੀ ਅਵਾਜ਼ ਵਿਚ ਕੂਕਣ ਵਾਲਿਆਂ ਵੱਲੋਂ ਧਿਆਨ ਹਟਾ ਕੇ ਸੋਚਿਆ ਜਾਵੇ ਤਾਂ ਵੋਟਰ ਅਜੇ ਵੀ ਚੁੱਪ ਜਾਪਦਾ ਹੈ। ਉਹ ਕਿਸੇ ਦੇ ਹੱਕ ਵਿਚ ਨਹੀਂ ਬੋਲਦਾ। ਚੁੱਪ ਸਦਾ ਖਤਰਨਾਕ ਗਿਣੀ ਜਾਂਦੀ ਹੈ, ਪਰ ਇਸ ਵਾਰ ਦੀ ਚੋਣ ਵਿਚ ਵੋਟਰ ਦੀ ਚੁੱਪ ਨੇ ਕਈ ਵੱਡੇ ਧੁਰੰਤਰਾਂ ਨੂੰ ਏਨਾ ਉਲਝਾ ਦਿੱਤਾ ਹੈ ਕਿ ਉਹ ਖੁਦ 'ਇਕ ਚੁੱਪ, ਸੌ ਸੁੱਖ' ਮੰਨ ਕੇ ਹਾਲ ਦੀ ਘੜੀ ਚੁੱਪ ਰਹਿਣ ਨੂੰ ਪਹਿਲ ਦੇ ਰਹੇ ਹਨ। ਏਦਾਂ ਦੇ ਹਾਲਾਤ ਵਿਚ ਪੰਜਾਬ ਤੇ ਦਿੱਲੀ ਵਿਚ ਬੈਠੇ ਚੋਣਾਂ ਦੀ ਨਬਜ਼ ਵੇਖਣ ਦੇ ਜਿੰਨੇ ਕੁ ਮਾਹਰਾਂ ਨਾਲ ਅਸੀਂ ਗੱਲ ਕੀਤੀ ਹੈ, ਉਨ੍ਹਾਂ ਸਾਰਿਆਂ ਦੀ ਇੱਕੋ ਰਾਏ ਹੈ ਕਿ ਇਸ ਵਾਰੀ ਸਥਿਤੀ ਬੜੀ ਉਲਝਣ ਵਾਲੀ ਹੈ, ਕਿਸੇ ਪੱਖ ਦੀ ਜਿੱਤ ਬਾਰੇ ਭਰੋਸੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

*24/7 Customer Service Available*

*Same rate for lanline and mobile.*

ਟੋਲ ਫਰੀ ਨੰਬਰ 1-888-652-6268
732-983-4332/4333

# ਹੁਣ ਸ਼ਹੀਦਾਂ ਦੇ ਨਾਂ 'ਤੇ ਸ਼ਰਾਬ ਵੇਚਣ ਲੱਗੀ ਪੰਜਾਬ ਸਰਕਾਰ

**ਬਠਿੰਡਾ:** ਪੰਜਾਬ ਸਰਕਾਰ ਵੱਲੋਂ ਸ਼ਰਾਬ ਦੇ ਗਦਰ ਸਪੈਸ਼ਲ ਬਰਾਂਡ ਨੂੰ ਵੇਚਣ ਲਈ ਖੁੱਲ੍ਹੀ ਛੁੱਟੀ ਦੇ ਦਿਤੀ ਗਈ ਹੈ। ਐਤਕੀਂ ਫਿਰ 'ਗਦਰ' ਨਾਮ ਦੀ ਦੇਸੀ ਸ਼ਰਾਬ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਜਨਤਕ ਧਿਰਾਂ ਨੇ 'ਗਦਰ' ਬਰਾਂਡ ਨੂੰ ਪ੍ਰਵਾਨਗੀ ਦੇਣ ਨੂੰ ਸ਼ਹੀਦਾਂ ਦਾ ਅਪਮਾਨ ਦੱਸਿਆ ਹੈ। ਪੰਜਾਬ ਸਰਕਾਰ ਨੇ ਜਨਵਰੀ 2008 ਵਿਚ ਵੀ ਸ਼ਰਾਬ ਦੇ 'ਰੰਗ ਦੇ ਬਸੰਤੀ' ਨਾਂ ਦੇ ਬਰਾਂਡ ਨੂੰ ਪ੍ਰਵਾਨਗੀ ਦਿੱਤੀ ਸੀ। ਉਦੋਂ ਜਨਤਕ ਧਿਰਾਂ ਨੇ ਇਸ ਮੁੱਦੇ ਨੂੰ ਚੁੱਕਿਆ ਤਾਂ ਸਰਕਾਰ ਨੂੰ ਇਹ ਬਰਾਂਡ ਵਾਪਸ ਲੈਣਾ ਪਿਆ ਸੀ।

ਕਰ ਤੇ ਆਬਕਾਰੀ ਵਿਭਾਗ ਨੇ 31 ਮਾਰਚ, 2014 ਨੂੰ ਦੇਸੀ ਸ਼ਰਾਬ ਦੇ ਗਦਰ ਸਪੈਸ਼ਲ ਬਰਾਂਡ ਨੂੰ ਸਾਲ 2014-15 ਲਈ ਪ੍ਰਵਾਨਗੀ ਦਿੱਤੀ ਹੈ। ਜ਼ਿਲ੍ਹਾ ਪਟਿਆਲਾ ਵਿਚਲੀ ਪਟਿਆਲਾ ਡਿਸਟਿਲਰੀ ਦਾ ਇਹ ਬਰਾਂਡ ਹੈ ਜਿਸ ਸ਼ਰਾਬ ਦੀ ਪ੍ਰਤੀ ਬੋਤਲ ਕੀਮਤ 81 ਰੁਪਏ ਹੈ। ਜਾਣਕਾਰੀ ਅਨੁਸਾਰ ਸ਼ਰਾਬ ਸਨਅਤਾਂ ਵੱਲੋਂ ਔਰਤਾਂ ਦੇ ਨਾਂ 'ਤੇ ਤਾਂ ਪਹਿਲਾਂ ਹੀ ਕਾਫ਼ੀ ਬਰਾਂਡ ਜਾਰੀ ਕੀਤੇ ਹੋਏ ਹਨ ਜਿਸ ਦਾ ਵਿਰੋਧ ਵੀ ਹੁੰਦਾ ਹੈ। ਪਲਸ ਮੰਚ ਦੇ ਸੀਨੀਅਰ ਆਗੂ ਅਮੋਲਕ ਸਿੰਘ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਤੋਂ ਅਜ਼ਾਦੀ ਸੰਗਰਾਮ ਲੜਣ ਵਾਲੇ ਸ਼ਹੀਦਾਂ ਦੀ ਵਿਰਾਸਤ ਤਾਂ ਸੰਭਾਲੀ ਨਹੀਂ ਜਾ ਰਹੀ ਹੈ ਤੇ ਉਸ ਦੀ ਥਾਂ ਸਰਕਾਰ ਵਿਰਾਸਤ ਨੂੰ ਦਾਰੂ ਵਿਚ ਘੋਲ ਕੇ ਪਿਲਾਉਣ ਦੇ ਰਾਹ ਪਈ ਹੋਈ ਹੈ। ਉਨ੍ਹਾਂ ਆਖਿਆ ਕਿ ਪਹਿਲੀ ਜੰਗ-ਏ-ਅਜ਼ਾਦੀ ਦੀ ਲੜਾਈ 1857 ਦਾ ਗਦਰ ਸੀ ਤੇ 1913 ਵਿੱਚ ਗਦਰ ਪਾਰਟੀ ਦੀ ਨੀਂਹ ਰੱਖੀ ਗਈ ਸੀ। ਇਸੇ ਤਰ੍ਹਾਂ ਨਵੰਬਰ 1913 ਵਿੱਚ ਗਦਰ ਨਾਂ ਦਾ ਅਖ਼ਬਾਰ ਕੱਢਿਆ ਗਿਆ। ਇਸ ਗਦਰ ਵਿੱਚ ਹਜ਼ਾਰਾਂ ਲੋਕ ਸ਼ਹੀਦ ਹੋਏ ਸਨ। ਉਨ੍ਹਾਂ ਸਵਾਲ ਕੀਤਾ ਕਿ ਪੰਜਾਬ ਸਰਕਾਰ ਅਸਲੀ ਵਿਰਾਸਤ ਨੂੰ ਸੰਭਾਲਣ ਦੀ ਥਾਂ ਸ਼ਰਾਬ ਦੇ ਬਰਾਂਡ ਗਦਰ ਸਪੈਸ਼ਲ ਨੂੰ ਪ੍ਰਵਾਨਗੀ ਦੇ ਕੇ ਨਵੀਂ ਪੀੜ੍ਹੀ ਨੂੰ ਕੀ ਸੁਨੇਹਾ ਦੇਣਾ ਚਾਹੁੰਦੀ ਹੈ।

ਸਮਾਜਕ ਕਾਰਕੁਨ ਲੋਕ ਬੰਧੂ ਦਾ ਕਹਿਣਾ ਹੈ ਕਿ ਗਦਰ ਸੰਗਰਾਮ ਤਾਂ ਲੋਕਾਂ ਨੂੰ ਜ਼ਿੰਦਗੀ ਦੇ ਠੀਕ ਸਿਰਨਾਵੇਂ ਦੱਸਦਾ ਹੈ ਪਰ ਪੰਜਾਬ ਸਰਕਾਰ ਨੇ ਗਦਰ ਦੇ ਨਾਮ 'ਤੇ ਸ਼ਰਾਬ ਦੇ ਬਰਾਂਡ ਜਾਰੀ ਕਰਕੇ ਨਵੀਂ ਪੀੜ੍ਹੀ ਨੂੰ ਗਲਤ ਸੁਨੇਹਾ ਦਿੱਤਾ ਹੈ। ਜਾਣਕਾਰੀ ਅਨੁਸਾਰ ਇਸ ਵੇਲੇ ਬਾਜ਼ਾਰ ਵਿਚ ਔਰਤਾਂ ਦੇ ਨਾਮ ਵਾਲੇ ਸ਼ਰਾਬ ਦੇ ਦਰਜਨਾਂ ਬਰਾਂਡ ਹਨ ਜਿਵੇਂ ਰਾਣੋ, ਰਸਭਰੀ, ਹੀਰ, ਤਮੰਨਾ ਆਦਿ। ਸ਼ਰਾਬ ਸਨਅਤਾਂ ਤੇ ਕਾਰੋਬਾਰੀ ਲੋਕਾਂ ਨੇ ਸ਼ਰਾਬ ਵੇਚਣ ਖ਼ਾਤਰ ਪੰਜਾਬ, ਮਾਲਵਾ, ਪਟਿਆਲਾ, ਰਾਜਪੁਰਾ ਆਦਿ ਨਾਵਾਂ 'ਤੇ ਵੀ ਸ਼ਰਾਬ ਦੇ ਬਰਾਂਡ ਨਾਂ ਰੱਖੇ ਹਨ।

ਕਰ ਤੇ ਆਬਕਾਰੀ ਅਫਸਰ ਪਟਿਆਲਾ ਰਾਜਬੀਰ ਸਿੰਘ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਗਦਰ ਸਪੈਸ਼ਲ ਬਰਾਂਡ ਬਾਰੇ ਸ਼ਰਾਬ ਸਨਅਤ ਦੇ ਮੈਨੇਜਰ ਨਾਲ ਗੱਲ ਕੀਤੀ ਸੀ। ਉਨ੍ਹਾਂ ਨੇ ਦੱਸਿਆ ਹੈ ਕਿ ਉਨ੍ਹਾਂ ਦਾ ਇਹ ਬਰਾਂਡ ਕਈ ਵਰ੍ਹਿਆਂ ਤੋਂ ਬਾਜ਼ਾਰ ਵਿਚ ਹੈ। ਉਨ੍ਹਾਂ ਦੱਸਿਆ ਕਿ ਸ਼ਰਾਬ ਸਨਅਤ ਦੇ ਪ੍ਰਬੰਧਕਾਂ ਨੇ ਗਦਰ ਫਿਲਮ ਤੋਂ ਪ੍ਰਭਾਵਿਤ ਹੋ ਕੇ ਸ਼ਰਾਬ ਬਰਾਂਡ ਗਦਰ ਸਪੈਸ਼ਲ ਮਾਰਕਿਟ ਵਿਚ ਉਤਾਰਿਆ ਸੀ।

# ਨਛੱਤਰ ਗਿੱਲ ਬਲਾਤਕਾਰ ਦੇ ਕੇਸ ਵਿਚੋਂ ਬਰੀ



**ਲੁਧਿਆਣਾ:** ਲੜਕੀ ਨਾਲ ਜਬਰ ਜਨਾਹ ਦੇ ਮਾਮਲੇ ਦਾ ਸਾਹਮਣਾ ਕਰ ਰਹੇ ਪੰਜਾਬੀ ਗਾਇਕ ਨਛੱਤਰ ਗਿੱਲ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਹੈ ਜਿਸ ਕਾਰਨ ਨਛੱਤਰ ਗਿੱਲ ਨੂੰ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ ਗਿਆ। ਜਾਣਕਾਰੀ ਅਨੁਸਾਰ ਹੈਬੋਵਾਲ ਦੀ ਰਹਿਣ ਵਾਲੀ 24 ਸਾਲਾ ਲੜਕੀ ਨੇ ਗਿੱਲ 'ਤੇ ਮਾਡਲ ਬਣਾਉਣ ਦਾ ਝਾਂਸਾ ਦੇ ਕੇ ਉਸ ਨਾਲ ਜਬਰ ਜਨਾਹ ਕਰਨ ਦਾ ਦੋਸ਼ ਲਾਇਆ ਸੀ। ਲੜਕੀ ਦੀ ਸ਼ਿਕਾਇਤ 'ਤੇ ਪੁਲਿਸ ਵੱਲੋਂ ਲੰਬੀ ਜਾਂਚ ਪੜਤਾਲ ਕਰਨ ਤੋਂ ਬਾਅਦ ਪਿਛਲੇ ਸਾਲ ਨਛੱਤਰ ਗਿੱਲ ਤੇ ਉਸ ਦੇ ਦੋ ਸਾਥੀਆਂ ਖ਼ਿਲਾਫ਼ ਧਾਰਾ 376 ਸਮੇਤ ਕਈ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ।

ਜੂਨ ਮਹੀਨੇ ਵਿਚ ਦਰਜ ਕੀਤੇ ਕੇਸ ਵਿਚ ਪੁਲਿਸ ਵੱਲੋਂ ਦਸੰਬਰ ਮਹੀਨੇ ਦੇ ਆਖ਼ਰੀ ਹਫ਼ਤੇ ਵਿਚ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਪੁਲਿਸ ਵੱਲੋਂ ਜਾਂਚ ਮੁਕੰਮਲ ਕਰਨ ਤੋਂ ਬਾਅਦ ਮਾਰਚ ਮਹੀਨੇ ਵਿਚ ਗਿੱਲ ਤੇ ਉਸ ਦੇ ਸਾਥੀਆਂ ਖ਼ਿਲਾਫ਼ ਅਦਾਲਤ ਵਿਚ ਚਲਾਨ ਪੇਸ਼ ਕਰ ਦਿੱਤਾ ਗਿਆ ਸੀ। ਅਦਾਲਤ ਵੱਲੋਂ ਪ੍ਰਭਾਵਿਤ ਲੜਕੀ ਨੂੰ ਬਿਆਨ ਦੇਣ ਲਈ ਬੁਲਾਇਆ ਗਿਆ ਜਿਥੇ ਲੜਕੀ ਆਪਣੇ ਦਿੱਤੇ ਬਿਆਨ ਤੋਂ ਮੁੱਕਰ ਗਈ ਤੇ ਅਦਾਲਤ ਨੂੰ ਆਪਣਾ ਕੇਸ ਵਾਪਸ ਲੈਣ ਦੀ ਬੇਨਤੀ ਕੀਤੀ।

ਅਦਾਲਤ ਨੇ ਇਸ ਦੀ ਪ੍ਰਵਾਨਗੀ ਦਿੰਦਿਆਂ ਨਛੱਤਰ ਗਿੱਲ ਖ਼ਿਲਾਫ਼ ਦਰਜ ਕੀਤੇ ਮੁਕਦਮੇ ਵਿਚ ਅੱਗੋਂ ਕਾਰਵਾਈ ਨਾ ਕਰਨ ਦਾ ਫੈਸਲਾ ਸੁਣਾਇਆ ਤੇ ਨਛੱਤਰ ਗਿੱਲ ਤੇ ਉਸ ਦੇ ਦੋ ਸਾਥੀਆਂ ਨੂੰ ਬਰੀ ਕਰਨ ਦਾ ਹੁਕਮ ਦਿੱਤਾ ਗਿਆ। ਅਦਾਲਤੀ ਹੁਕਮਾਂ ਤਹਿਤ ਨਛੱਤਰ ਗਿੱਲ ਤੇ ਉਸ ਦੇ ਦੋ ਸਾਥੀਆਂ ਨੂੰ ਕੇਂਦਰੀ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ ਗਿਆ।

# ਸੁਪਰੀਮ ਕੋਰਟ ਵੱਲੋਂ ਮੋਦੀ ਖ਼ਿਲਾਫ਼ ਮੁੜ ਐਸ.ਆਈ.ਟੀ. ਬਣਾਉਣ ਤੋਂ ਇਨਕਾਰ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਸੁਪਰੀਮ ਕੋਰਟ ਨੇ 2002 ਦੇ ਗੁਜਰਾਤ ਦੰਗਿਆਂ ਵਿਚ ਨਰਿੰਦਰ ਮੋਦੀ ਨੂੰ ਕਲੀਨ ਚਿੱਟ ਦੇਣ ਵਾਲੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦੀ ਜਾਂਚ 'ਤੇ ਸੁਆਲ ਖੜ੍ਹਾ ਕਰਨ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਅਦਾਲਤ ਨੇ ਐਸ.ਆਈ.ਟੀ. ਦੇ ਨਵੇਂ ਸਿਰਉਂ ਗਠਨ ਬਾਰੇ ਪਟੀਸ਼ਨ ਵੀ ਖਾਰਜ ਕਰ ਦਿੱਤੀ।

ਜਸਟਿਸ ਐਚ.ਐਲ. ਦੱਤੂ ਤੇ ਐਸ.ਏ. ਬੋਬੜੇ 'ਤੇ ਆਧਾਰਤ ਬੈਂਚ ਨੇ ਕਿਹਾ ਕਿ ਵਿਸ਼ੇਸ਼ ਜਾਂਚ ਟੀਮ ਨੂੰ ਦੁਬਾਰਾ ਬਣਾਉਣਾ ਇਸ ਮੌਕੇ ਸਹੀ ਨਹੀਂ। ਬੈਂਚ ਵੱਲੋਂ ਟਿੱਪਣੀ ਕੀਤੇ ਜਾਣ ਤੋਂ ਬਾਅਦ ਪਟੀਸ਼ਨ ਦਾਖਲ ਕਰਨ ਵਾਲੀ ਵਕੀਲ ਫਾਤਿਮਾ ਏ. ਨੇ ਇਸ ਨੂੰ ਵਾਪਸ ਲੈ ਲਿਆ।

ਪਟੀਸ਼ਨ ਵਿਚ ਮੰਗ ਕੀਤੀ ਗਈ ਸੀ ਕਿ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜਾਂ ਤੇ ਘੱਟ-ਗਿਣਤੀ ਫਿਰਕੇ ਦੇ ਇਕ ਵਿਅਕਤੀ ਸਮੇਤ ਵਿਸ਼ੇਸ਼ ਜਾਂਚ ਟੀਮ ਨੂੰ ਨਵੇਂ ਸਿਰੇ ਤੋਂ ਬਣਾਇਆ ਜਾਣਾ ਚਾਹੀਦਾ ਹੈ।

ਗੁਜਰਾਤ ਆਧਾਰਤ ਵਕੀਲ ਫਾਤਿਮਾ ਏ. ਨੇ ਕਿਹਾ ਸੀ ਕਿ ਭਾਜਪਾ ਨੇ ਮੀਡੀਆ ਵਿਚ ਬੇਲੋੜਾ ਪ੍ਰਚਾਰ ਕੀਤਾ ਹੈ ਕਿ ਸੁਪਰੀਮ ਕੋਰਟ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ ਨੇ ਮੋਦੀ ਨੂੰ ਕਲੀਨ ਚਿੱਟ ਦੇ ਦਿੱਤੀ ਹੈ ਜੋ ਲੋਕਾਂ ਦੇ ਮਨਾਂ ਵਿਚ ਸ਼ੱਕ ਅਤੇ ਦੁਚਿੱਤੀ ਪੈਦਾ ਕਰ ਰਹੀ ਹੈ। ਸੁਪਰੀਮ ਕੋਰਟ ਨੇ ਗੋਧਰਾ ਕਾਂਡ ਤੋਂ ਬਾਅਦ ਗੁਜਰਾਤ ਵਿਚ ਹੋਏ ਦੰਗਿਆਂ ਨਾਲ ਸਬੰਧਤ ਨੌਂ ਮਾਮਲਿਆਂ ਦੀ ਪ੍ਰਗਤੀ 'ਤੇ ਤਿੰਨ ਅਪਰੈਲ ਨੂੰ ਸੰਤੁਸ਼ਟੀ ਜ਼ਾਹਰ ਕੀਤੀ ਸੀ। ਇਨ੍ਹਾਂ ਘਟਨਾਵਾਂ ਦੀ ਜਾਂਚ ਵਿਸ਼ੇਸ਼ ਜਾਂਚ ਟੀਮ ਨੇ ਕੀਤੀ ਸੀ।

ਜਸਟਿਸ ਐਚ.ਐਲ. ਦੱਤੂ, ਰੰਜਨਾ ਪ੍ਰਕਾਸ਼ ਦੇਸਾਈ ਅਤੇ ਐਮ.ਵਾਈ. ਇਕਬਾਲ ਦੀ ਬੈਂਚ ਨੇ ਕਿਹਾ ਸੀ ਕਿ ਇਸ ਮਾਮਲੇ ਵਿਚ ਕਾਫ਼ੀ ਤਰੱਕੀ ਹੋਈ ਹੈ ਤੇ ਨੌਂ ਮਾਮਲਿਆਂ ਵਿਚੋਂ ਛੇ ਖਤਮ ਹੋ ਗਏ ਹਨ ਤੇ ਬਾਕੀ ਤਿੰਨ ਅੰਤਿਮ ਦੌਰ ਵਿਚ ਹਨ। ਵਿਸ਼ੇਸ਼ ਜਾਂਚ ਟੀਮ ਨੇ ਅਹਿਮਦਾਬਾਦ ਦੀ ਗੁਲਬਰਗ ਸੁਸਾਇਟੀ ਦੰਗਾ ਮਾਮਲੇ ਵਿਚ ਸੁਪਰੀਮ ਕੋਰਟ ਵਿਚ ਮਾਰਚ 2012 ਵਿਚ ਪੇਸ਼ ਅੰਤਿਮ ਰਿਪੋਰਟ ਵਿਚ ਮੋਦੀ ਤੇ ਹੋਰਾਂ ਵਿਅਕਤੀਆਂ ਨੂੰ 2002 ਦੇ ਦੰਗਿਆਂ ਦੇ ਮਾਮਲਿਆਂ ਵਿਚ ਕਲੀਨ ਚਿੱਟ ਦੇ ਦਿੱਤੀ ਸੀ।

# ਪੰਜਾਬ ਪੁਲਿਸ ਦੇ ਦੋ ਡੀ.ਐਸ.ਪੀ. ਆਏ ਅੜਿੱਕੇ

**ਸੰਗਰੂਰ:** ਅਦਾਲਤ ਵੱਲੋਂ ਦਿੱਤੇ ਆਦੇਸ਼ ਤੋਂ ਬਾਅਦ ਥਾਣਾ ਸਿਟੀ ਪੁਲਿਸ ਸੰਗਰੂਰ ਵਿਚ ਪੰਜਾਬ ਪੁਲਿਸ ਦੇ ਦੋ ਅਧਿਕਾਰੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਇਹ ਦੋਵੇਂ ਪੁਲਿਸ ਅਧਿਕਾਰੀ ਇਸ ਸਮੇਂ ਪੰਜਾਬ ਪੁਲਿਸ ਵਿਚ ਡੀ.ਐਸ.ਪੀ. ਦੇ ਅਹੁਦੇ 'ਤੇ ਤਾਇਨਾਤ ਹਨ। ਇਨ੍ਹਾਂ ਦੋਵੇਂ ਅਧਿਕਾਰੀਆਂ ਖ਼ਿਲਾਫ਼ ਦੋ ਵਿਅਕਤੀਆਂ ਨੂੰ ਝੂਠੇ ਕੇਸ ਵਿਚ ਫਸਾਉਣ ਤੇ ਜਾਅਲੀ ਕਾਗਜ਼ਾਤ ਤਿਆਰ ਕਰਨ ਦਾ ਦੋਸ਼ ਹੈ।

ਜਾਣਕਾਰੀ ਅਨੁਸਾਰ ਥਾਣਾ ਸ਼ੇਰਪੁਰ ਪੁਲਿਸ ਵੱਲੋਂ ਜਗਤਾਰ ਸਿੰਘ ਤੇ ਤਾਰਾ ਸਿੰਘ ਵਾਸੀ ਪਿੰਡ ਹੇੜੀਕੇ ਖ਼ਿਲਾਫ਼ ਭ੍ਰਿਸ਼ਟਾਚਾਰ ਵਿਰੋਧੀ ਐਕਟ ਤਹਿਤ 12 ਅਗਸਤ, 2011 ਨੂੰ ਮਾਮਲਾ ਦਰਜ ਕੀਤਾ ਸੀ। ਪੁਲਿਸ ਵੱਲੋਂ ਬਣਾਏ ਕੇਸ ਅਨੁਸਾਰ ਪੰਚਾਇਤ ਦੀ ਸ਼ਿਕਾਇਤ 'ਤੇ ਕੋਈ ਕਾਰਵਾਈ ਨਾ ਕਰਨ ਬਦਲੇ ਤਾਰਾ ਸਿੰਘ ਦੇ ਕਹੇ ਅਨੁਸਾਰ ਜਗਤਾਰ ਸਿੰਘ ਨੇ ਇੰਸਪੈਕਟਰ ਤੇਜਿੰਦਰ ਸਿੰਘ ਨੂੰ ਧੱਕੇ ਨਾਲ ਦਸ ਹਜ਼ਾਰ ਰੁਪਏ ਰਿਸ਼ਵਤ ਦੇਣ ਦੀ ਕੋਸ਼ਿਸ਼ ਕੀਤੀ ਸੀ।

ਜਦੋਂ ਜਗਤਾਰ ਸਿੰਘ ਪੈਸੇ ਦੇਣ ਦੀ ਜ਼ਿਦ ਕਰ ਰਿਹਾ ਸੀ ਤਾਂ ਉਸ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਸੀ ਤੇ ਦਸ ਹਜ਼ਾਰ ਰੁਪਏ ਬਰਾਮਦ ਕਰ ਲਏ ਸਨ। ਥਾਣਾ ਸ਼ੇਰਪੁਰ ਪੁਲਿਸ ਵੱਲੋਂ ਦਰਜ ਕੀਤੇ ਗਏ ਭ੍ਰਿਸ਼ਟਾਚਾਰ ਵਿਰੋਧੀ ਐਕਟ ਦੇ ਕੇਸ ਦੀ ਅਦਾਲਤ ਵਿਚ ਹੋਈ ਸੁਣਵਾਈ ਦੌਰਾਨ ਤਾਰਾ ਸਿੰਘ ਦੇ ਵਕੀਲ ਯੋਗੇਸ਼ ਗੁਪਤਾ ਵੱਲੋਂ ਪੱਖ ਰੱਖਿਆ ਗਿਆ ਸੀ ਕਿ ਤਾਰਾ ਸਿੰਘ ਨੇ ਇੰਸਪੈਕਟਰ ਤੇਜਿੰਦਰ ਸਿੰਘ ਖ਼ਿਲਾਫ਼ ਵਿਜੀਲੈਂਸ ਵਿਭਾਗ ਕੋਲ ਸ਼ਿਕਾਇਤ ਕੀਤੀ ਸੀ।

ਸ਼ਿਕਾਇਤ ਦੇ ਅਧਾਰ 'ਤੇ 11 ਤੇ 12 ਅਗਸਤ, 2011 ਨੂੰ ਡੀ.ਐਸ.ਪੀ. ਵਿਜੀਲੈਂਸ ਬਲਵਿੰਦਰ ਸਿੰਘ ਨੇ ਪੁਲਿਸ ਥਾਣਾ ਸ਼ੇਰਪੁਰ ਵਿਚ ਛਾਪੇਮਾਰੀ ਕੀਤੀ ਸੀ ਪਰ ਦੋਵੇਂ ਵਾਰੀ ਛਾਪੇਮਾਰੀ ਦੀ ਸੂਚਨਾ ਲੀਕ ਹੋਣ ਕਾਰਨ ਤਾਰਾ ਸਿੰਘ ਦੀ ਸ਼ਿਕਾਇਤ ਬੇਅਸਰ ਹੋ ਗਈ। ਸਰਕਾਰੀ ਧਿਰ ਵੱਲੋਂ ਆਪਣਾ ਪੱਖ ਰੱਖਿਆ ਗਿਆ ਕਿ ਵਿਜੀਲੈਂਸ ਟੀਮ ਤਾਂ ਸ਼ੇਰਪੁਰ ਵਿਖੇ ਗਈ ਨਹੀਂ ਪਰ ਵਕੀਲ ਯੋਗੇਸ਼ ਗੁਪਤਾ ਨੇ ਲਾਗ ਬੁੱਕ ਦੀਆਂ ਐਂਟਰੀਆਂ ਸਬੂਤ ਵਜੋਂ ਪੇਸ਼ ਕਰਦਿਆਂ ਸਾਬਤ ਕਰ ਦਿੱਤਾ ਕਿ ਵਿਜੀਲੈਂਸ ਵੱਲੋਂ ਸ਼ੇਰਪੁਰ ਵਿਚ ਛਾਪੇਮਾਰੀ ਕੀਤੀ ਗਈ ਸੀ।

ਕੇਸ ਦੀ ਸੁਣਵਾਈ ਪੂਰੀ ਹੋਣ 'ਤੇ 5 ਜੂਨ, 2013 ਨੂੰ ਵਧੀਕ ਸੈਸ਼ਨ ਜੱਜ ਵਰਿੰਦਰ ਅਗਰਵਾਲ ਦੀ ਅਦਾਲਤ ਵੱਲੋਂ ਇਸ ਕੇਸ ਦਾ ਫ਼ੈਸਲਾ ਸੁਣਾਉਂਦਿਆਂ ਜਗਤਾਰ ਸਿੰਘ ਤੇ ਤਾਰਾ ਸਿੰਘ ਨੂੰ ਬਰੀ ਕਰ ਦਿੱਤਾ ਸੀ। ਅਦਾਲਤ ਵੱਲੋਂ ਝੂਠੇ ਕੇਸ ਵਿਚ ਫਸਾਉਣ, ਜਾਅਲੀ ਕਾਗਜ਼ਾਤ ਤਿਆਰ ਕਰਨ ਤੇ ਜਾਅਲੀ ਸਬੂਤ ਇਕੱਠੇ ਕਰਨ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਡੀ.ਐਸ.ਪੀ. ਬਲਵਿੰਦਰ ਸਿੰਘ ਤੇ ਐਸ.ਐਚ.ਓ. ਤੇਜਿੰਦਰ ਸਿੰਘ ਖ਼ਿਲਾਫ਼ ਬਣਦੀ ਕਾਰਵਾਈ ਲਈ ਫ਼ੈਸਲੇ ਦੀ ਕਾਪੀ ਜ਼ਿਲ੍ਹਾ ਪੁਲਿਸ ਮੁਖੀ ਸੰਗਰੂਰ ਨੂੰ ਭੇਜਣ ਦੇ ਆਦੇਸ਼ ਦਿੱਤੇ ਸਨ। ਇਸ ਤੋਂ ਇਲਾਵਾ ਦੋਵੇਂ ਪੀੜਤਾਂ ਵੱਲੋਂ ਪੁਲਿਸ ਖ਼ਿਲਾਫ਼ ਅਦਾਲਤ ਵਿਚ ਗੁਹਾਰ ਲਾਈ ਗਈ ਸੀ।

ਦੋਵੇਂ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕੇਸ ਦਰਜ ਕਰਨ ਦੀ ਪੁਸ਼ਟੀ ਕਰਦਿਆਂ ਥਾਣਾ ਸਿਟੀ ਪੁਲਿਸ ਦੇ ਇੰਚਾਰਜ ਹਰਿੰਦਰ ਸਿੰਘ ਨੇ ਦੱਸਿਆ ਕਿ ਤਤਕਾਲੀ ਡੀ.ਐਸ.ਪੀ. ਵਿਜੀਲੈਂਸ ਬਲਵਿੰਦਰ ਸਿੰਘ ਤੇ ਥਾਣਾ ਸ਼ੇਰਪੁਰ ਦੇ ਐਸ.ਐਚ.ਓ. ਤੇਜਿੰਦਰ ਸਿੰਘ ਖ਼ਿਲਾਫ਼ ਦਫ਼ਾ 467, 468, 471 ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਜਾਣਕਾਰੀ ਅਨੁਸਾਰ ਬਲਵਿੰਦਰ ਸਿੰਘ ਇਸ ਸਮੇਂ ਡੀ.ਐਸ.ਪੀ. ਵਿਜੀਲੈਂਸ ਬਿਊਰੋ ਤੇ ਤੇਜਿੰਦਰ ਸਿੰਘ ਡੀ.ਐਸ.ਪੀ. ਲਹਿਰਾਗਾਗਾ ਵਿਖੇ ਤਾਇਨਾਤ ਹਨ।

# ਗਾਇਕ ਦਲਜੀਤ ਦੁਸਾਂਝ ਤੋਂ ਪੁੱਛਗਿੱਛ

**ਜਲੰਧਰ:** ਫਾਰੇਨ ਐਕਸਚੇਂਜ ਮੈਨੇਜਮੈਂਟ ਐਕਟ (ਫੇਮਾ) ਦੇ ਤਹਿਤ ਜਾਰੀ ਨੋਟਿਸ ਤੋਂ ਬਾਅਦ ਪੰਜਾਬੀ ਫ਼ਿਲਮਾਂ ਦੇ ਅਦਾਕਾਰ ਤੇ ਗਾਇਕ ਦਲਜੀਤ ਦੁਸਾਂਝ ਈ.ਡੀ. (ਇਨਫੋਰਸਮੈਂਟ ਡਾਇਰੈਕਟੋਰੇਟ) ਦੇ ਅੱਗੇ ਪੇਸ਼ ਹੋਏ। ਦਲਜੀਤ ਦੁਸਾਂਝ ਨਾਲ ਉਨ੍ਹਾਂ ਦੇ ਸਮਰਥਕ ਵੀ ਸਨ। ਈ.ਡੀ. ਨੇ ਦਲਜੀਤ ਦੁਸਾਂਝ ਸਮੇਤ ਚਾਰ ਅਦਾਕਾਰਾਂ ਨੂੰ ਵਿਦੇਸ਼ਾਂ ਵਿਚ ਫ਼ਿਲਮਾਂ ਦੀ ਸ਼ੂਟਿੰਗ ਲਈ ਖ਼ਰਚ ਕੀਤੀਆਂ ਰਕਮਾਂ ਦੇ ਮਾਮਲੇ ਵਿਚ ਪੇਸ਼ ਹੋਣ ਲਈ ਨੋਟਿਸ ਦਿੱਤੇ ਸਨ। ਦਲਜੀਤ ਦੁਸਾਂਝ ਨੇ ਈ.ਡੀ. ਅਧਿਕਾਰੀਆਂ ਵੱਲੋਂ ਪੁੱਛੇ ਸਵਾਲਾਂ ਦਾ ਜਵਾਬ ਦਿੱਤਾ। ਈ.ਡੀ. ਦਾ ਸੂਤਰਾਂ ਦਾ ਕਹਿਣਾ ਹੈ ਕਿ ਅਜੇ ਇਸ ਮਾਮਲੇ ਵਿਚ ਦੁਬਾਰਾ ਵੀ ਸੱਦਿਆ ਜਾ ਸਕਦਾ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਇਸ ਤੋਂ ਪਹਿਲਾਂ ਆਮਦਨ ਕਰ ਵਿਭਾਗ ਨੇ ਆਮਦਨ ਕਰ ਘੱਟ ਜਮਾਂ ਹੋਣ ਦੇ ਮਾਮਲੇ ਵਿਚ ਪਹਿਲਾਂ ਪੰਜਾਬੀ ਫ਼ਿਲਮਾਂ ਦੇ ਅਦਾਕਾਰਾਂ ਨੂੰ ਨੋਟਿਸ ਜਾਰੀ ਕੀਤੇ ਸਨ ਜਿਸ 'ਤੇ ਪ੍ਰਸਿੱਧ ਪੰਜਾਬੀ ਗਾਇਕ ਵੀ ਆਮਦਨ ਕਰ ਵਿਭਾਗ ਦੇ ਅਧਿਕਾਰੀਆਂ ਅੱਗੇ ਪੇਸ਼ ਹੋਏ ਸਨ। ਈ.ਡੀ. ਨੇ ਫ਼ਿਲਮਾਂ ਨਾਲ ਜੁੜੇ ਕਲਾਕਾਰਾਂ ਨੂੰ ਇਸ ਕਰਕੇ ਜਾਂਚ ਦੇ ਘੇਰੇ ਵਿਚ ਲਿਆ ਹੈ ਕਿਉਂਕਿ ਉਨ੍ਹਾਂ ਦਾ ਖ਼ਦਸ਼ਾ ਹੈ ਕਿ ਫ਼ਿਲਮਾਂ ਦੀ ਸ਼ੂਟਿੰਗ ਤੇ ਪ੍ਰੋਗਰਾਮਾਂ ਦੇ ਖ਼ਰਚ ਕੀਤੀਆਂ ਰਕਮਾਂ ਦਾ ਹਵਾਲਾ ਰਾਹੀਂ ਲੈਣ-ਦੇਣ ਹੋਇਆ ਹੈ। ਇਸ ਦੀ ਪੁਸ਼ਟੀ ਈ.ਡੀ. ਵਿਭਾਗ ਕਰ ਰਿਹਾ ਹੈ।

# ਭੁੱਲਰ ਭਾਈਚਾਰੇ ਵੱਲੋਂ ਹਰਸਿਮਰਤ ਬਾਦਲ ਖ਼ਿਲਾਫ਼ ਆਵਾਜ਼ ਬੁਲੰਦ



**ਬਠਿੰਡਾ:** ਬਠਿੰਡਾ ਹਲਕੇ ਤੋਂ ਅਕਾਲੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੂੰ ਪਿੰਡ ਕੋਟੜਾ ਕੌੜਿਆਂ ਦੇ ਲੋਕਾਂ ਨੇ ਪਿੰਡ ਦੀ ਜੂਹ ਵਿਚ ਦਾਖ਼ਲ ਨਾ ਹੋਣ ਦਿੱਤਾ। ਲੋਕਾਂ ਦੇ ਰੋਹ ਨੂੰ ਦੇਖਦੇ ਹੋਏ ਹਰਸਿਮਰਤ ਨੂੰ ਆਪਣਾ ਦੌਰਾ ਐਨ ਮੌਕੇ 'ਤੇ ਰੱਦ ਕਰਨਾ ਪਿਆ। ਭੁੱਲਰ ਭਾਈਚਾਰੇ ਦੀ ਅਗਵਾਈ ਵਿਚ ਪਿੰਡ ਕੋਟੜਾ ਵਿਚ ਲੋਕਾਂ ਨੇ ਕਰਫਿਊ ਵਰਗਾ ਮਾਹੌਲ ਬਣਾਈ ਰੱਖਿਆ। ਅਕਾਲੀ ਉਮੀਦਵਾਰ ਨੂੰ ਸਿੰਜਾਈ ਮੰਤਰੀ ਦੇ ਅਸੈਂਬਲੀ ਹਲਕੇ ਵਿਚ ਥਾਂ-ਥਾਂ ਕਾਲੇ ਝੰਡੇ ਦੇਖਣੇ ਪਏ।

ਹਰਸਿਮਰਤ ਕੌਰ ਬਾਦਲ ਨੇ ਪਿੰਡ ਕੋਟੜਾ ਵਿਚ ਚੋਣ ਜਲਸੇ ਨੂੰ ਸੰਬੋਧਨ ਕਰਨਾ ਸੀ। ਭੁੱਲਰ ਭਾਈਚਾਰੇ ਦੀ ਅਗਵਾਈ ਵਿਚ ਲੋਕ ਇਕੱਠੇ ਹੋਏ। ਉਨ੍ਹਾਂ ਨੇ ਪਿੰਡ ਨੂੰ ਆਉਂਦੇ ਕੱਚੇ-ਪੱਕੇ ਰਾਹਾਂ ਨੂੰ ਟਰਾਲੀਆਂ ਲਾ ਕੇ ਬੰਦ ਕਰ ਦਿੱਤਾ। ਮੌਕੇ 'ਤੇ ਵੱਡੀ ਗਿਣਤੀ ਵਿਚ ਪੁਲਿਸ ਵੀ ਪੁੱਜ ਗਈ। ਇਹ ਮਾਮਲਾ ਕਾਫ਼ੀ ਭਖ ਗਿਆ। ਕਾਫ਼ੀ ਪੁਲਿਸ ਪਿੰਡ ਦੇ ਅੰਦਰ ਸੀ ਜੋ ਰਸਤੇ ਬਲਾਕ ਕਰਨ ਮਗਰੋਂ ਬਾਹਰ ਨਾ ਆ ਸਕੀ। ਪਿੰਡ ਵਿਚ ਪੂਰਾ ਦਿਨ ਸਰਕਾਰ ਖ਼ਿਲਾਫ਼ ਨਾਅਰੇ ਵਜਦੇ ਰਹੇ ਤੇ ਪੂਰਾ ਪਿੰਡ ਸੀਲ ਰਿਹਾ। ਮਾਹੌਲ ਨੂੰ ਦੇਖਦੇ ਹੋਏ ਹਰਸਿਮਰਤ ਨੇ ਦੌਰਾ ਰੱਦ ਕਰ ਦਿੱਤਾ। ਭੁੱਲਰ ਭਾਈਚਾਰੇ ਦੇ ਆਗੂ ਬਲਦੇਵ ਸਿੰਘ ਨੇ ਆਖਿਆ ਕਿ ਭੁੱਲਰ ਭਾਈਚਾਰਾ ਆਪਣੇ ਵਿਰਾਸਤੀ ਹੱਕਾਂ ਵਾਸਤੇ ਲੜਾਈ ਲੜ ਰਿਹਾ ਹੈ ਜਿਸ ਦਾ ਸਰਕਾਰ ਨੇ ਹਾਲੇ ਤੱਕ ਕੋਈ ਹੱਲ ਨਹੀਂ ਕੱਢਿਆ। ਇਸ ਕਰਕੇ ਉਹ ਪਿੰਡ-ਪਿੰਡ ਇਸ ਤਰ੍ਹਾਂ ਦਾ ਵਿਰੋਧ ਜਾਰੀ ਰੱਖਣਗੇ। ਉਧਰ, ਹਰਸਿਮਰਤ ਲਈ ਪਿੰਡ ਰਾਮਪੁਰਾ ਵਿਚ ਉਦੋਂ ਕਸੂਤੀ ਸਥਿਤੀ ਬਣ ਗਈ ਜਦੋਂ ਖ਼ੁਦ ਹੀ ਉਹ ਕਾਲੇ ਝੰਡੇ ਲਈ ਖੜ੍ਹੇ ਲੋਕਾਂ ਕੋਲ ਗਲਤੀ ਨਾਲ ਪੁੱਜ ਗਏ। ਰਸਤੇ ਤੋਂ ਭਟਕਣ ਕਰਕੇ ਗੱਡੀਆਂ ਦਾ ਕਾਫ਼ਲਾ ਵਿਰੋਧ ਕਰਨ ਵਾਲੇ ਲੋਕਾਂ ਕੋਲ ਪੁੱਜ ਗਿਆ। ਰਾਮਪੁਰਾ ਦੇ ਲੋਕਾਂ ਨੇ ਮਾਸਟਰ ਸੁਖਦੇਵ ਸਿੰਘ ਜਵੰਧਾ ਦੀ ਅਗਵਾਈ ਵਿਚ ਕਾਲੀਆਂ ਝੰਡੀਆਂ ਦਿਖਾ ਕੇ ਰੋਸ ਦਾ ਇਜ਼ਹਾਰ ਕੀਤਾ।

ਇਹ ਲੋਕ ਪਿੰਡ ਰਾਮਪੁਰਾ ਨੂੰ ਨਗਰ ਪੰਚਾਇਤ ਬਣਾਏ ਜਾਣ ਦੇ ਖ਼ਿਲਾਫ਼ ਵਿਰੋਧ ਦਰਜ ਕਰਾ ਰਹੇ ਸਨ। ਏਦਾਂ ਹੀ ਪਿੰਡ ਮੰਡੀ ਕਲਾਂ ਵਿਚ ਹੋਇਆ ਜਿਥੇ ਬੀਬਾ ਬਾਦਲ ਦੀ ਸਿਆਸੀ ਸਟੇਜ ਤੇ ਭੁੱਲਰ ਭਾਈਚਾਰੇ ਸਮੇਤ ਪਿੰਡ ਦੇ ਲੋਕਾਂ ਦੀ ਸਟੇਜ ਆਹਮੋ-ਸਾਹਮਣੇ ਲੱਗੀ। ਇਥੋਂ ਦੋਹਰਾ ਵਿਰੋਧ ਸੀ। ਪਿੰਡ ਨੂੰ ਨਗਰ ਪੰਚਾਇਤ ਬਣਾਏ ਜਾਣ ਖ਼ਿਲਾਫ਼ ਤੇ ਭੁੱਲਰ ਭਾਈਚਾਰੇ ਦੀਆਂ ਮੰਗਾਂ ਦੇ ਨਾਲ ਸਬੰਧਤ ਵੀ।

# ਸਰਕਾਰ ਦੇ ਸੋਹਲੇ ਗਾਉਣ ਵਾਲੇ ਗਾਇਕਾਂ ਦੀ ਤੋਏ-ਤੋਏ

**ਚੰਡੀਗੜ੍ਹ:** ਸਰਕਾਰ ਦੇ ਸੋਹਲੇ ਗਾਉਣ ਵਾਲੇ ਕਈ ਗਾਇਕ ਲੋਕ ਕਚਹਿਰੀ ਵਿਚ ਝੂਠੇ ਪਏ ਹਨ। ਪੰਜਾਬੀ ਚੈਨਲਾਂ 'ਤੇ ਗਾਇਕ ਹਰਭਜਨ ਮਾਨ ਪ੍ਰਚਾਰ ਕਰ ਰਹੇ ਹਨ ਕਿ ਕੁਝ ਸਾਲ ਪਹਿਲਾਂ ਪੰਜਾਬ ਵਿਚ ਬਿਜਲੀ ਸਿਰਫ ਬੱਦਲਾਂ ਤੋਂ ਹੀ ਗਰਜਦੀ ਸੀ ਪਰ ਪਿਛਲੇ ਪੰਜ ਸਾਲਾਂ ਵਿਚ ਬਾਦਲ ਸਰਕਾਰ ਨੇ ਬਿਜਲੀ ਦੀ ਐਸੀ ਲਿਸ਼ਕ ਖਿਲਾਰੀ ਕਿ ਗਲੀ ਗਲੀ ਪਿੰਡ ਲਿਸ਼ਕ ਰਿਹਾ ਹੈ। ਇਸ ਇਸ਼ਤਿਹਾਰ ਸਦਕਾ ਹਰਭਜਨ ਮਾਨ, ਅਕਾਲੀ ਦਲ ਤੋਂ ਜ਼ਰੂਰ ਵਾਹ-ਵਾਹ ਖੱਟ ਗਿਆ ਹੋਏਗਾ ਪਰ ਸੋਸ਼ਲ ਨੈੱਟਵਰਕਿੰਗ ਸਾਈਟਾਂ 'ਤੇ ਉਸ ਨੂੰ ਅਣਕਿਆਸੀ ਤੋਏ ਤੋਏ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਦੌੜ ਵਿਚ ਉਹ ਇਕੱਲਾ ਨਹੀਂ। ਜੈਜ਼ੀ ਬੀ ਬਾਦਲ ਤੇ ਮੋਦੀ ਨੂੰ ਚਾਟੀ ਵਿਚ ਮਧਾਣੀ ਆਖ ਰਿਹਾ ਹੈ। ਇਕ ਹੋਰ ਇਸ਼ਤਿਹਾਰ ਵਿਚ ਗਿੱਪੀ ਗਰੇਵਾਲ ਪੰਜਾਬ ਵਿਚ ਵਿਕਾਸ ਦੀ ਗੱਲ ਕਰਦਾ ਹੈ। ਹਰਭਜਨ ਮਾਨ ਵਾਂਗ ਹੋਰ ਕਲਾਕਾਰ ਦਿਲਜੀਤ ਦੋਸਾਂਝ, ਗਿੱਪੀ ਗਰੇਵਾਲ ਤੇ ਜੈਜ਼ੀ ਬੀ ਨੂੰ ਵੀ ਨਾਲ ਦੇ ਕਈ ਕਲਾਕਾਰਾਂ ਤੇ ਪ੍ਰਸ਼ੰਸਕਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ।


ਯੂ ਟਿਊਬ 'ਤੇ ਇਕ ਇਕ ਵੀਡੀਓ ਪਾਈ ਗਈ ਹੈ ਜਿਸ ਦਾ ਟਾਈਟਲ ਹੈ ਦਿਲਜੀਤ ਦੋਸਾਂਝ, ਹਰਭਜਨ ਮਾਨ ਤੇ ਜੈਜ਼ੀ ਬੀ ਸੇਲ 'ਤੇ ਹਨ ਤੇ ਤਿੰਨੇ ਪੰਜਾਬ ਸਰਕਾਰ, ਅਕਾਲੀ ਦਲ ਬਾਦਲ ਅੱਗੇ ਵਿਕੇ।

ਇਸ ਵੀਡੀਓ ਨੂੰ ਇਕ-ਇਕ ਦਿਨ ਵਿਚ ਹੀ ਸੈਂਕੜੇ ਲੋਕ ਦੇਖ ਰਹੇ ਹਨ। ਜਿਉਂ-ਜਿਉਂ ਲੋਕ ਸਭਾ ਚੋਣਾਂ ਦੀ ਮੁਹਿੰਮ ਜ਼ੋਰ ਫੜ ਰਹੀ ਹੈ ਤਿਉਂ-ਤਿਉਂ ਪੰਜਾਬੀ ਅਦਾਕਾਰ ਗਾਇਕਾਂ ਨੂੰ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਦੇ ਹੱਕ ਵਿਚ ਭੁਗਤਣ ਲਈ ਨਿੱਤ ਦਿਨ ਪ੍ਰਸ਼ੰਸਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਮਹਾਰਾਣੀ ਜਿੰਦਾਂ ਦੀ ਪੇਂਟਿੰਗ 4 ਲੱਖ 'ਚ ਨਿਲਾਮ

**ਲੰਡਨ:** ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਛੋਟੀ ਰਾਣੀ ਮਹਾਰਾਣੀ ਜਿੰਦਾਂ ਦੀ 19ਵੀਂ ਸਦੀ ਦੀ ਅਦਭੁੱਤ ਪੇਂਟਿੰਗ ਦੀ ਨਿਲਾਮੀ ਲੰਡਨ ਵਿਖੇ ਹੋਈ ਜਿਸ ਨੂੰ ਇਕ ਗਾਹਕ ਨੇ 4000 ਪੌਂਡ ਤਕਰੀਬਨ 4 ਲੱਖ ਰੁਪਏ ਵਿਚ ਖਰੀਦਿਆ। ਇਸ ਚਿੱਤਰ ਦਾ ਅੰਦਾਜ਼ਨ ਮੁੱਲ 1500 ਤੋਂ 2000 ਪੌਂਡ ਤੱਕ ਮਿਥਿਆ ਗਿਆ ਸੀ ਜੋ ਆਪਣੇ ਅੰਦਾਜ਼ਨ ਮੁੱਲ ਤੋਂ ਦੁੱਗਣੇ ਮੁੱਲ 'ਤੇ ਵਿਕੀ ਹੈ। ਕ੍ਰਿਸਟੀ ਨਿਲਾਮੀ ਘਰ ਦੇ ਆਰਟਸ ਐਂਡ ਟੈਕਸਟਾਈਲਜ਼ ਆਫ ਦਿ ਇਸਲਾਮਿਲ ਐਂਡ ਇੰਡੀਅਨ ਵਰਲਡ ਡਿਪਾਰਟਮੈਂਟ ਵਿਚ ਇਸ ਦੀ ਨਿਲਾਮੀ ਹੋਈ।

ਇਸ ਚਿੱਤਰ ਵਿਚ ਮਹਾਰਾਣੀ ਜਿੰਦਾਂ ਨੂੰ ਇਕ ਕੁਰਸੀ 'ਤੇ ਕੁਦਰਤੀ ਰੰਗਾਂ ਵਿਚ ਵਿਖਾਇਆ ਗਿਆ ਹੈ, ਉਸ ਦੇ ਹੱਥ ਵਿਚ ਸੋਨੇ ਦੀਆਂ ਤਾਰਾਂ ਨਾਲ ਬੁਣਿਆ ਹਰੇ ਰੰਗ ਦਾ ਸ਼ਾਲ ਘੁੱਟ ਕੇ ਫੜਿਆ ਹੋਇਆ ਹੈ ਜਿਸ ਨੂੰ ਕਾਲੇ ਤੇ ਗੁਲਾਬੀ ਰੰਗ ਦੀਆਂ ਝਾਲਰਾਂ ਲੱਗੀਆਂ ਹੋਈਆਂ ਹਨ। ਇਸ ਮੌਕੇ ਮਹਾਰਾਜਾ ਹੀਰਾ ਸਿੰਘ ਦਾ ਚਿੱਤਰ 875 ਪੌਂਡ ਦਾ ਤੇ ਪੰਜਾਬ ਦੇ ਲਲਾਰੀਆਂ ਦੀ ਦਾਸਤਾਨ ਬਿਆਨ ਕਰਦਾ 19ਵੀਂ ਸਦੀ ਦਾ ਚਿੱਤਰ 1188 ਪੌਂਡ ਦਾ ਵਿਕਿਆ।



# ਆਮ ਆਦਮੀ ਪਾਰਟੀ ਲਈ ਫੰਡਰੇਜ਼ਰ 'ਚ 7 ਹਜ਼ਾਰ ਡਾਲਰ ਇਕੱਤਰ

**ਫਰਿਜ਼ਨੋ (ਬਿਊਰੋ):** ਆਮ ਆਦਮੀ ਪਾਰਟੀ ਦੇ ਹਮਾਇਤੀਆਂ ਵਲੋਂ ਇਥੇ ਗੁਰਦੁਆਰਾ ਸਿੰਘ ਸਭਾ ਵਿਖੇ ਕੀਤੇ ਗਏ ਇਕ ਫੰਡਰੇਜ਼ਰ ਦੌਰਾਨ ਕਰੀਬ ਸੱਤ ਹਜ਼ਾਰ ਡਾਲਰ ਇਕੱਤਰ ਹੋਏ ਜੋ ਦਾਨੀ ਸੱਜਣਾਂ ਦੀ ਮੌਜੂਦਗੀ ਦੌਰਾਨ ਹੀ ਪੰਜਾਬ ਵਿਚ ਪਾਰਟੀ ਦੇ ਤਿੰਨ ਉਮੀਦਵਾਰਾਂ ਨੂੰ ਪਾਰਟੀ ਦੀ ਆਨ ਲਾਈਨ ਸਰਵਿਸ ਰਾਹੀਂ ਇਸ ਦੇ ਸੈਂਟਰਲ ਕਮਾਂਡ ਆਫਿਸ ਨੂੰ ਭੇਜ ਦਿੱਤੇ ਗਏ। ਇਕੱਤਰ ਹੋਈ ਰਕਮ ਵਿਚੋਂ ਦੋ ਲੱਖ ਛੇ ਹਜ਼ਾਰ ਰੁਪਏ ਭਗਵੰਤ ਮਾਨ, ਇੱਕ ਲੱਖ ਛੇ ਹਜ਼ਾਰ ਰੁਪਏ ਐਚ ਐਸ ਫੂਲਕਾ ਅਤੇ ਇੱਕ ਲੱਖ ਰੁਪਏ ਸੁੱਚਾ ਸਿੰਘ ਛੋਟੇਪੁਰ ਲਈ ਭੇਜੇ ਗਏ ਹਨ।

ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਹਰ ਪ੍ਰਵਾਸੀ ਪੰਜਾਬੀ ਦੀ ਤਾਰ ਪੰਜਾਬ ਨਾਲ ਜਰੂਰ ਜੁੜੀ ਹੋਈ ਹੈ। ਸ਼ਾਇਦ ਇਸੇ ਕਰਕੇ ਜਦੋਂ ਵੀ ਕਦੇ ਉਥੇ ਚੋਣਾਂ ਦਾ ਬਿਗਲ ਵੱਜਦਾ ਹੈ ਤਾਂ ਇਥੋਂ ਦੇ ਪੰਜਾਬੀ ਪੰਜਾਬ ਦੇ ਭਲੇ ਲਈ ਲੋਕਾਂ ਨੂੰ ਜਾਗਰੂਕ ਕਰਨ ਲਈ ਉਪਰਾਲੇ ਕਰਦੇ ਰਹਿੰਦੇ ਹਨ। ਆਮ ਆਦਮੀ ਪਾਰਟੀ ਦੇ ਭਾਰਤ ਦੇ ਵਿਗੜੇ ਸਿਸਟਮ ਨੂੰ ਸੁਧਾਰਨ ਲਈ ਇਕ ਆਸ ਦੀ ਕਿਰਨ ਪੈਦਾ ਕੀਤੀ ਹੈ। ਪੰਜਾਬੀਆਂ ਨੂੰ ਵੀ ਲੱਗਦਾ ਹੈ ਕਿ ਪੰਜਾਬ ਵਿਚ ਰਵਾਇਤੀ ਸਿਆਸੀ ਪਾਰਟੀਆਂ-ਕਾਂਗਰਸ ਤੇ ਅਕਾਲੀ ਦਲ ਦੀ ਭ੍ਰਿਸ਼ਟ ਰਾਜਨੀਤੀ ਤੋਂ ਆਮ ਆਦਮੀ ਪਾਰਟੀ ਛੁਟਕਾਰਾ ਦਿਵਾ ਸਕਦੀ ਹੈ। ਪੰਜਾਬੀ ਇਸ ਸਮੇਂ ਮੌਜੂਦਾ ਅਕਾਲੀ-ਭਾਜਪਾ ਸਰਕਾਰ ਦੇ ਰਾਜ ਵਿਚ ਚੱਲ ਰਹੇ ਭ੍ਰਿਸ਼ਟਾਚਾਰ ਅਤੇ ਨਸ਼ਿਆਂ ਦੇ ਵਗਦੇ ਦਰਿਆ ਤੋਂ ਸਤੇ ਪਏ ਹਨ। ਆਮ ਆਦਮੀ ਪਾਰਟੀ ਨੇ ਸਾਫ ਸੁਥਰੇ ਅਕਸ ਵਾਲੇ ਉਮੀਦਵਾਰ ਮੈਦਾਨ ਵਿਚ ਉਤਾਰੇ ਹਨ ਅਤੇ ਸਾਨੂੰ ਇਨ੍ਹਾਂ ਉਮੀਦਵਾਰਾਂ ਦੇ ਹੱਕ ਵਿਚ ਖੁਲ੍ਹ ਕੇ ਨਿੱਤਰਨਾ ਚਾਹੀਦਾ ਹੈ।

ਬੁਲਾਰਿਆਂ ਵਿਚ ਡਾ. ਅਰਜਨ ਸਿੰਘ ਜੋਸਨ, ਮਹਿੰਦਰ ਸਿੰਘ ਸੰਧਾਵਾਲੀਆ, ਰਣਜੀਤ ਸਿੰਘ ਗਿੱਲ, ਸੁਰਿੰਦਰ ਸਿੰਘ ਗਿੱਲ, ਰਾਜਵਿੰਦਰ ਸਿੰਘ ਬਰਾੜ, ਜਸਵੰਤ ਮਹਿਮੀ, ਸੁਖਬੀਰ ਭੰਡਾਲ ਅਤੇ ਬਚਿਤਰ ਸਿੰਘ ਸ਼ਾਮਲ ਸਨ। ਗੁਰਨੇਕ ਸਿੰਘ ਬਾਗੜੀ ਨੇ ਫੰਡਰੇਜ਼ਰ ਵਿਚ ਸਹਿਯੋਗ ਲਈ ਸਭ ਦਾ, ਵਿਸ਼ੇਸ਼ ਕਰ ਗੁਰਦੁਆਰਾ ਸਿੰਘ ਸਭਾ ਦੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਨੀਟਾ ਮਾਛੀਕੇ ਨੇ ਕੀਤਾ।



*ਤਸਵੀਰ: ਸ਼ਿਆਰਾ ਸਿੰਘ ਢੀਂਡਸਾ (ਓਮਨੀ ਵੀਡੀਓ, ਬੇਕਰਜ਼ਫੀਲਡ)*

## ਨਿਊ ਯਾਰਕ ਦੇ ਗਵਰਨਰ ਵਿਰੁਧ ਡਟੇ ਪ੍ਰੀਤ ਭਰਾੜਾ

**ਨਿਊ ਯਾਰਕ:** ਭਾਰਤ ਦੀ ਡਿਪਲੋਮੈਟ ਦੇਵਯਾਨੀ ਖੋਬਰਗੜੇ ਤੇ ਵਾਲ ਸਟਰੀਟ ਦੇ ਰਜਤ ਗੁਪਤਾ ਖ਼ਿਲਾਫ਼ ਕੇਸ ਲੜਨ ਵਾਲੇ ਭਾਰਤੀ ਮੂਲ ਦੇ ਅਮਰੀਕੀ ਸਰਕਾਰੀ ਵਕੀਲ ਪ੍ਰੀਤ ਭਰਾੜਾ ਹੁਣ ਨਿਊ ਯਾਰਕ ਦੇ ਗਵਰਨਰ ਐਂਡਰਿਊ ਕਿਊਮੋ ਖ਼ਿਲਾਫ਼ ਖੜ ਗਏ ਹਨ।

ਕਿਊਮੋ ਖ਼ਿਲਾਫ਼ ਆਪਹੁਦਰੇ ਢੰਗ ਨਾਲ ਭ੍ਰਿਸ਼ਟਾਚਾਰ ਰੋਕੂ ਕਮਿਸ਼ਨ ਨੂੰ ਬੰਦ ਕਰਨ ਦਾ ਦੋਸ਼ ਹੈ।

Truck Driver's Drug Testing
ਤੁਹਾਡੇ ਕੰਮ ਦੀ ਥਾਂ 'ਤੇ ਪ੍ਰਾਈਵੇਸੀ ਵਿਚ ਡਰਗ ਟੈਸਟਿੰਗ
- DOT ਅਤੇ Non-DOT ਆਨ ਸਾਈਟ ਡਰਗ ਕੁਲੈਕਸ਼ਨ
- ਸ਼ਰਾਬ ਦੀ ਸਾਹ ਰਾਹੀਂ ਟੈਸਟਿੰਗ
- ਸਰਟੀਫਾਈਡ ਪ੍ਰੋਫੈਸ਼ਨਲ ਕੁਲੈਕਟਰ
- ਆਫ ਸਾਈਟ ਫੈਸਿਲਿਟੀ ਤੇ ਕੋਈ ਉਡੀਕ ਨਹੀਂ
- DOT ਤੋਂ ਮਾਨਤਾ ਪ੍ਰਾਪਤ ਟੈਸਟਿੰਗ ਯੰਤਰ
- MRO ਸਰਵਿਸ
- ਭਰੋਸੇਯੋਗ, ਫੌਰੀ ਅਤੇ ਵਾਜਬ ਰੇਟ
ਅਸੀਂ ਤੁਹਾਡੇ ਪਾਸ ਖੁਦ ਆ ਸਕਦੇ ਹਾਂ
ਫੋਨ: 510-470-0268
www.MDTbayarea.com
MOBILE DRUGTESTING
Mobile Drug Testing
5178 Mowry Ave., Suite #2160, Fremont, CA 94538

Quick DOT & Registration Services
Ph: 510-789-8686
Fax: 510-894-0499; e-mail: quickdrs@gmail.com
37555 Dusterberry Way, Suite# 12, Fremont, CA 94536
DMV ਦੇ ਐਨ ਸਾਹਮਣੇ
ਡੀ ਐਮ ਵੀ ਰਜਿਸਟੇਰਸ਼ਨ ਸੇਵਾਵਾਂ
- IRP License Plate
- US DOT Number
- MC ICC Authority
- UCR and Boc3
- CA Number
- Motor Carrier Permit
- BIT Enrollment
- EPN Enrollment
- Hwy Use Tax IRS 2290
- Fuel Tax Returns IFTA Quarterly
- Vin Verification
- SCAC Code
- Permits For: New Mexico, Kentucky, New York & Oregon
ਡੀ ਐਮ ਵੀ ਲਾਈਨਾਂ ਵਿਚ ਖੜ੍ਹੇ ਹੋਣ ਦੀ ਲੋੜ ਨਹੀ
ਕਾਰਾਂ, ਟਰੱਕਾਂ ਦੀ ਰਜਿਸਟਰੇਸ਼ਨ, ਰੀਨਿਊਵਲ, ਟਰਾਂਸਫਰ, ਡੁਪਲੀਕੇਟ ਟਾਈਟਲ, ਸਟਿੱਕਰ/ਟੈਗ
We also file Corporations for Individual and Small Businesses

Malwa Financial & Insurance Agency
Lic # 0D75499
ਟਰੱਕਾਂ ਦੀ ਭਰੋਸੇਮੰਦ ਅਤੇ ਵਾਜਬ ਭਾਅ 'ਤੇ ਇੰਸ਼ੋਰੈਂਸ
ਫਰੀ ਕੋਟ ਲੈਣ ਲਈ ਅੱਜ ਹੀ ਸੰਪਰਕ ਕਰੋ

- Produce & General Truckers
- Long Haul Coverage
- Intermediate & Local Radius
- Downtime Coverage
- Single deductible
- Towing & Debris Removal
- Higher Limit on Earned Freight
Kanwaljit Singh: Lic # 0B59734
Harminder Gill: Lic # 0747955
Ph: 510-651-3100, Cell: 510-364-6366
Email: malwa@malwaassociates.com
Web. www.malwaassociates.com

# ਅਮਰੀਕੀ ਕਾਂਗਰਸ 'ਚ ਵਿਸਾਖੀ ਬਾਰੇ ਮਤਾ ਪਾਸ

**ਵਾਸ਼ਿੰਗਟਨ:** ਅਮਰੀਕੀ ਕਾਂਗਰਸ ਨੇ ਵਿਸਾਖੀ ਮੌਕੇ ਇਕ ਮਤਾ ਪਾਸ ਕਰਕੇ ਅਮਰੀਕਾ ਤੇ ਦੁਨੀਆਂ ਭਰ ਦੇ ਸਿੱਖਾਂ ਨੂੰ ਵਿਸਾਖੀ ਦੀ ਵਧਾਈ ਦਿੱਤੀ। ਕੈਲੀਫੋਰਨੀਆ ਤੋਂ ਡੈਮੋਕਰੇਟਿਕ ਕਾਂਗਰਸ ਮੈਂਬਰ ਜੌਹਨ ਗਾਰਮੇਂਡੀ ਨੇ ਇਹ ਮਤਾ ਪੇਸ਼ ਕੀਤਾ ਤੇ ਦਰਜਨ ਤੋਂ ਵੱਧ ਮੈਂਬਰਾਂ, ਜਿਨ੍ਹਾਂ ਵਿਚ ਭਾਰਤੀ ਅਮਰੀਕੀ ਅਮੀ ਬੇਰਾ ਵੀ ਸ਼ਾਮਲ ਸਨ, ਨੇ ਇਸ ਦੀ ਪੁਸ਼ਟੀ ਕੀਤੀ।



*ਅਮਰੀਕੀ ਸਦਨ ਕੈਪੀਟਲ ਹਿਲ 'ਤੇ ਸਿੱਖ ਕਾਕਸ ਦੀ ਜੂਡੀ ਚੂ, ਡੇਵਿਡ ਵਾਲਾਡਾਓ, ਡਾ. ਪ੍ਰਿਤਪਾਲ ਸਿੰਘ ਅਤੇ ਹਰਪ੍ਰੀਤ ਸਿੰਘ ਸੰਧੂ ਮਤੇ ਦੀ ਕਾਪੀ ਵਿਖਾਉਂਦੇ ਹੋਏ।*

ਮਤੇ ਵਿਚ ਕਿਹਾ ਗਿਆ ਕਿ ਅਮਰੀਕਾ ਵਿਚ ਸਿੱਖ ਵੱਖੋ-ਵੱਖ ਕਿੱਤਿਆਂ-ਕਿਸਾਨੀ, ਇੰਜੀਨੀਅਰਿੰਗ, ਡਾਕਟਰੀ, ਵਿਗਿਆਨੀ ਤੇ ਕਾਰੋਬਾਰ ਰਾਹੀਂ ਦੇਸ਼ ਦੀ ਆਰਥਿਕਤਾ ਵਿਚ ਵੱਡਾ ਯੋਗਦਾਨ ਪਾ ਰਹੇ ਹਨ। ਮਤੇ ਵਿਚ ਸੇਵਾ ਤੇ ਲੰਗਰ ਦੇ ਸੰਕਲਪ ਦੀ ਗੱਲ ਵੀ ਹੋਈ। ਸਿੱਖ ਕੁਲੀਸ਼ਨ ਦੀ ਐਡਵੋਕੇਸੀ ਮੈਨੇਜਰ ਸਿਮਰਨ ਕੌਰ ਨੇ ਮਤਾ ਪਾਉਣ ਵਾਲਿਆਂ ਦਾ ਧੰਨਵਾਦ ਕੀਤਾ। ਇਸੇ ਦੌਰਾਨ ਸਿੱਖਾਂ ਤੇ ਹਿੰਦੂਆਂ ਸਮੇਤ ਹੋਰ ਕਈ ਧਰਮਾਂ ਦੇ ਧਾਰਮਿਕ ਕਾਰਜਾਂ ਲਈ ਲੋਕਾਂ ਦੀ ਇਮੀਗਰੇਸ਼ਨ ਬਾਰੇ ਅਮਰੀਕਾ ਦੇ ਪ੍ਰਤੀਨਿਧ ਸਦਨ ਵਿਚ ਇਕ ਬਿੱਲ ਪੇਸ਼ ਕੀਤਾ ਗਿਆ।

ਕਾਂਗਰਸ ਦੇ ਮਾਈਕ ਹੌਂਡਾ ਨੇ 'ਫਰੀਡਮ ਆਫ ਫੇਥ ਐਕਟ' ਨਾਮ ਹੇਠ ਇਕ ਬਿੱਲ ਪੇਸ਼ ਕੀਤਾ। ਅਜਿਹਾ ਵਰਤਮਾਨ ਪ੍ਰੋਗਰਾਮ 2015 ਵਿਚ ਸਮਾਪਤ ਹੋ ਜਾਣਾ ਸੀ। ਸਿੱਖ, ਹਿੰਦੂ, ਮੁਸਲਮਾਨ, ਕੈਥੋਲਿਕ, ਮੋਰਮੋਨ, ਜੈਨੀ, ਯਹੂਦੀ, ਈਸਾਈ ਤੇ ਬੁਧ ਧਰਮ ਦੇ ਲੋਕਾਂ ਨੂੰ ਇਸ ਦਾ ਲਾਭ ਹੋਵੇਗਾ। ਵੱਖ-ਵੱਖ ਭਾਈਚਾਰਿਆਂ ਨੇ ਇਸ ਬਿੱਲ ਦਾ ਸਵਾਗਤ ਕੀਤਾ ਹੈ।

ਇਸੇ ਦੌਰਾਨ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਮਰੀਕਨ ਸਿੱਖ ਕਾਕਸ ਵੱਲੋਂ ਅਮਰੀਕੀ ਕਾਂਗਰਸ 'ਚ ਵਿਸਾਖੀ ਮਨਾਉਣ ਸਬੰਧੀ ਮਤਾ ਪਾਸ ਕੀਤੇ ਜਾਣ ਲਈ ਧੰਨਵਾਦ ਕੀਤਾ ਹੈ। ਏਜੀਪੀਸੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਅਮਰੀਕੀ ਪ੍ਰਸ਼ਾਸਨ ਨੇ ਇਹ ਮਤਾ ਪਾਸ ਕਰਕੇ ਸਿੱਖਾਂ ਪ੍ਰਤੀ ਆਪਣਾਪਨ ਜਤਾਇਆ ਹੈ। ਉਨ੍ਹਾਂ 'ਅਮਰੀਕੀ ਸਿੱਖ ਕਾਂਗਰਸ ਕਾਕਸ' ਦੇ ਕੋ-ਚੇਅਰ ਕਾਂਗਰਸ ਵੂਮੈਨ ਜੂਡੀ ਚੂ (ਸੀਏ-27) ਅਤੇ ਕੋ-ਚੇਅਰ ਕਾਂਗਰਸ ਡੇਵਿਡ ਜੀ ਵਾਲਾਡਾਓ (ਸੀਏ-21) ਵੱਲੋਂ ਇਸ ਮਤੇ ਨੂੰ ਪਾਸ ਕਰਵਾਉਣ 'ਚ ਨਿਭਾਈ ਗਈ ਭੂਮਿਕਾ ਦੀ ਸ਼ਲਾਘਾ ਕੀਤੀ। ਉਨ੍ਹਾਂ ਜੂਡੀ ਚੂ ਤੇ ਵਾਲਾਡਾਓ ਤੋਂ ਇਲਾਵਾ ਕਾਂਗਰਸ ਦੇ ਮੈਂਬਰ ਜੋਸਫ਼ ਕਰੋਲਿਫ਼, ਡਾਓਗ ਲਾਮਾਲਫ਼ਾ, ਐਰੀਕ ਸਵਾਵਿਲ, ਰੌਓ, ਗ੍ਰੀਜਲਵਾ, ਸ਼ਿਲਾ ਜੈਕਸਨ ਲੀ, ਦੀਨਾ ਟਾਈਟਸ, ਬਾਰਬਰਾ ਲੀ, ਜੈਕੀ ਸਪਾਇਰ, ਰਸ਼ ਹੋਲਟ, ਅਮੀਬੇਰਾ ਦਾ ਵੀ ਮਤੇ ਨੂੰ ਸਮਰਥਨ ਦੇਣ 'ਤੇ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ।

## ਹਿਲੇਰੀ ਕਲਿੰਟਨ ਵੱਲ ਜੁੱਤੀ ਸੁੱਟੀ

**ਲਾਸ ਏਂਜਲਸ:** ਸਾਬਕਾ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਜਦੋਂ ਲਾਸ ਵੇਗਾਸ ਵਿਚ ਭਾਸ਼ਨ ਦੇ ਰਹੀ ਸੀ ਤਾਂ ਇਕ ਔਰਤ ਨੇ ਉਸ ਵੱਲ ਜੁੱਤੀ ਸੁੱਟੀ। ਮੀਡੀਆ ਰਿਪੋਰਟਾਂ ਅਨੁਸਾਰ ਇਸ ਔਰਤ ਨੂੰ ਗੁਪਤ ਸੇਵਾ ਅਧਿਕਾਰੀਆਂ ਨੇ ਹਿਰਾਸਤ ਵਿਚ ਲੈ ਲਿਆ।

2015 ਦੀਆਂ ਰਾਸ਼ਟਰਪਤੀ ਚੋਣਾਂ ਲਈ ਦਾਅਵੇਦਾਰ ਸਮਝੀ ਜਾ ਰਹੀ ਕਲਿੰਟਨ ਨੇ ਪਰ੍ਹਾਂ ਹੋ ਕੇ ਜੁੱਤੀ ਤੋਂ ਬਚਾਅ ਕੀਤਾ। ਹਿਲੇਰੀ ਇੰਸਟੀਚਿਊਟ ਆਫ ਸਕਰੈਪ ਰੀਸਾਈਕਲਿੰਗ ਇੰਡਸਟਰੀਜ਼ ਦੀ ਸਾਲਾਨਾ ਕਨਵੈਨਸ਼ਨ ਵਿਚ ਮੁੱਖ ਭਾਸ਼ਨ ਦੇ ਰਹੇ ਸਨ।

## ਬਰੈਂਪਟਨ ਦਾ ਪੰਜਾਬੀ ਜੋੜਾ ਬਣਿਆ ਕਰੋੜਪਤੀ

**ਟੋਰਾਂਟੋ:** ਪੰਜਾਬ ਤੋਂ ਕੈਨੇਡਾ ਆਏ ਗੁਰਭੇਜ ਸਰਾਂ ਤੇ ਜਸਪ੍ਰੀਤ ਕੌਰ ਸਰਾਂ ਦੀ ਕਿਸਮਤ ਵਿਦੇਸ਼ ਆ ਕੇ ਖੁੱਲ੍ਹੀ। ਬਰੈਂਪਟਨ ਦੇ ਇਸ ਜੋੜੇ ਦੀ 18 ਮਿਲੀਅਨ ਡਾਲਰ ਦੀ ਲਾਟਰੀ ਨਿਕਲੀ ਹੈ। ਇਹ ਕਿਸੇ ਕੈਨੇਡਿਆਈ ਪੰਜਾਬੀ ਦੀ ਨਿਕਲੀ ਸਭ ਤੋਂ ਵੱਡੀ ਲਾਟਰੀ ਹੈ। ਉਨ੍ਹਾਂ 18,799,377.90 ਡਾਲਰ ਦਾ ਚੈਕ ਹਾਸਲ ਕਰ ਲਿਆ ਹੈ। ਇਹ ਜੋੜਾ ਅਜੇ ਤਿੰਨ ਕੁ ਸਾਲ ਪਹਿਲਾਂ ਪੰਜਾਬ ਤੋਂ ਇਥੇ ਆ ਕੇ ਵਸਿਆ ਤੇ ਉਨ੍ਹਾਂ ਦੇ ਘਰ ਇਕ ਹਫ਼ਤਾ ਪਹਿਲਾਂ ਬੱਚੇ ਨੇ ਜਨਮ ਲਿਆ ਹੈ।

# ਗੁਰਦੁਆਰਾ ਫਰੀਮਾਂਟ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਵਿਸ਼ੇਸ਼ ਰੌਣਕਾਂ



**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਵਿਖੇ ਖਾਲਸਾ ਸਾਜਨਾ ਦਿਵਸ ਰਵਾਇਤੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਐਤਵਾਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਕਥਾਕਾਰ ਗਿਆਨੀ ਸਾਹਿਬ ਸਿੰਘ ਕੈਨੇਡਾ ਵਾਲਿਆਂ ਨੇ ਖਾਲਸੇ ਦੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂੰ ਕਰਵਾਉਂਦਿਆਂ ਦੱਸਿਆ ਕਿ ਦਸ਼ਮੇਸ਼ ਪਿਤਾ ਨੇ ਖਾਲਸੇ ਦੀ ਸਿਰਜਣਾ ਕਰਕੇ ਵਿਸ਼ਵ ਦੇ ਇਤਿਹਾਸ ਵਿਚ ਇਕ ਨਵਾਂ ਕੌਤਕ ਰਚਾਇਆ।



*ਭਾਈ ਗੁਰਿੰਦਰ ਸਿੰਘ*



*ਭਾਈ ਸਾਹਿਬ ਸਿੰਘ*

ਭਾਈ ਸਤਨਾਮ ਸਿੰਘ ਲੁਧਿਆਣੇ ਵਾਲਿਆਂ ਅਤੇ ਬੀਬੀ ਬਲਜੀਤ ਕੌਰ ਤਲਵਾੜੇ ਵਾਲਿਆਂ ਦੇ ਕੀਰਤਨੀ ਜਥੇ ਨੇ ਇਲਾਹੀ ਬਾਣੀ ਦਾ ਰਸਭਿੰਨਾ ਕੀਰਤਨ ਕੀਤਾ। ਸਟੇਜ ਸਕੱਤਰ ਭਾਈ ਗੁਰਿੰਦਰ ਸਿੰਘ ਸਭ ਨੂੰ ਵਿਸਾਖੀ ਦੀ ਵਧਾਈ ਦਿਤੀ। ਬੱਚਿਆਂ ਦਾ ਦਿਨ ਸਨਿਚਰਵਾਰ ਨੂੰ ਮਨਾਇਆ ਗਿਆ, ਜਿਸ ਵਿਚ ਗਤਕਾ ਵਿਸ਼ੇਸ਼ ਖਿੱਚ ਦਾ ਕੇਂਦਰ ਸੀ।

## ਗੁਰਦੁਆਰਾ ਕਲਗੀਧਰ ਵਿਖੇ ਬੱਚਿਆਂ ਦਾ ਕੀਰਤਨ ਦਰਬਾਰ 27 ਨੂੰ

**ਸੈਲਮਾ (ਬਿਊਰੋ):** ਸਥਾਨਕ ਗੁਰਦੁਆਰਾ ਕਲਗੀਧਰ ਵਿਖੇ ਖਾਲਸੇ ਦੇ ਸਿਰਜਣਾ ਦਿਵਸ ਵਿਸਾਖੀ ਸਬੰਧੀ ਬੱਚਿਆਂ ਦਾ ਕੀਰਤਨ ਦਰਬਾਰ 27 ਅਪਰੈਲ, ਐਤਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਹੋਵੇਗਾ।

ਪ੍ਰਬੰਧਕਾਂ ਅਨੁਸਾਰ ਸਮਾਗਮ ਵਿਚ ਬੱਚਿਆਂ ਵਲੋਂ ਸ਼ਬਦ ਕੀਰਤਨ, ਤਬਲਾਵਾਦਨ, ਕਥਾ ਅਤੇ ਤਕਰੀਰਾਂ ਰਾਹੀਂ ਸਿੱਖ ਧਰਮ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਵੇਗੀ। ਹੋਰ ਜਾਣਕਾਰੀ ਫੋਨ 559-316-9760 ਰਾਹੀਂ ਲਈ ਜਾ ਸਕਦੀ ਹੈ।


'ਮਹਾਂਪੁਰਸ਼ਾਂ ਦੇ ਲੜ ਜੋ ਲੱਗ ਜਾਂਦੇ, ਮੂੰਹੋਂ ਮੰਗੀਆਂ ਮੁਰਾਦਾਂ ਪਾ ਜਾਂਦੇ। ਖੇਡ-ਮੈਦਾਨਾਂ 'ਚ ਬਣ ਸ਼ੇਰ ਉਹ, ਨਾਂ ਸਦਾ ਸਦਾ ਲਈ ਚਮਕਾ ਜਾਂਦੇ।'

ਰਾਜਾ ਸਾਹਿਬ ਸਪੋਰਟਸ ਕਲੱਬ ਦੋਆਬਾ-ਨਿਊ ਯਾਰਕ

ਸਮੂਹ ਖਿਡਾਰੀਆਂ, ਖੇਡ ਪ੍ਰੇਮੀਆਂ, ਇਲਾਕਾ ਨਿਵਾਸੀਆਂ, ਸਨੇਹੀਆਂ ਨੂੰ

ਵਿਸਾਖੀ ਦੀ ਵਧਾਈ





ਰੇਸ਼ਮ ਸਿੰਘ ਰੇਸ਼ਮ
ਗਾਇਕ



ਸੰਗਾਰਾ ਸਿੰਘ ਰਾਣੂ
ਕੈਸ਼ੀਅਰ



ਇਕਬਾਲ ਸਿੰਘ ਜੱਬੋਵਾਲ
ਸਕੱਤਰ

ਹੋਰ ਜਾਣਕਾਰੀ ਲਈ ਕਾਲ ਕਰੋ: 516-603-2523 ਅਤੇ 917-375-6395

## ਭਾਰਤੀ ਮੂਲ ਦੇ ਸ਼ਾਇਰ ਨੂੰ ਪੁਲਿਟਜ਼ਰ ਪੁਰਸਕਾਰ

**ਨਿਊ ਯਾਰਕ:** ਭਾਰਤੀ ਮੂਲ ਦੇ ਸ਼ਾਇਰ ਵਿਜੇ ਸ਼ੇਸ਼ਾਦਰੀ ਨੇ ਆਪਣੀਆਂ ਕਵਿਤਾਵਾਂ ਲਈ 2014 ਦਾ ਪੁਲਿਟਜ਼ਰ ਪੁਰਸਕਾਰ ਜਿੱਤਿਆ ਹੈ। 'ਵਾਸ਼ਿੰਗਟਨ ਪੋਸਟ' ਤੇ 'ਗਾਰਜੀਅਨ' ਨੂੰ ਅਮਰੀਕਾ ਦੇ ਆਲਮੀ ਜਾਸੂਸੀ ਦੇ ਗੁਪਤ ਪ੍ਰੋਗਰਾਮ ਬਾਰੇ ਰਿਪੋਰਟਾਂ ਦੇਣ ਲਈ ਇਸ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ।

ਸ੍ਰੀ ਸ਼ੇਸ਼ਾਦਰੀ ਨੂੰ ਇਹ ਪੁਰਸਕਾਰ ਉਸ ਦੇ ਕਾਰਜ '3 ਸੈਕਸ਼ਨਜ਼' ਲਈ ਦਿੱਤਾ ਗਿਆ ਹੈ ਜੋ ਜਨਮ ਤੋਂ ਲੈ ਕੇ ਅਗਲੇਰੇ ਸਫ਼ਰ ਤੱਕ ਮਾਨਵੀ ਚੇਤਨਾ ਦੀ ਪੁਣ-ਛਾਣ ਕਰਦੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ। ਪੱਤਰਕਾਰੀ, ਡਰਾਮਾ, ਸੰਗੀਤ ਦੇ ਖੇਤਰ ਵਿਚ 98ਵੇਂ ਪੁਲਿਟਜ਼ਰ ਪੁਰਸਕਾਰਾਂ ਦਾ ਐਲਾਨ ਕੋਲੰਬੀਆ ਯੂਨੀਵਰਸਿਟੀ ਨੇ ਕੀਤਾ ਹੈ। ਕੋਲੰਬੀਆ 'ਵਰਸਿਟੀ ਤੋਂ ਪੜ੍ਹੇ 60 ਸਾਲਾ ਸ਼ੇਸ਼ਾਦਰੀ ਨੂੰ 10,000 ਡਾਲਰ ਰਾਸ਼ੀ ਪੁਰਸਕਾਰ 'ਚ ਮਿਲੇਗੀ। 1954 'ਚ ਬੰਗਲੌਰ 'ਚ ਜਨਮੇ ਸ਼ੇਸ਼ਾਦਰੀ ਪੰਜ ਸਾਲ ਦੀ ਉਮਰੇ ਅਮਰੀਕਾ ਆ ਗਏ ਸਨ।


**American Travel & Tours**
4127 Bay Street, Suite 5, Fremont, CA-94538
For best domestic and international fares
Fremont: (24/7): 510-509-8890
preety@americantravels.us
San Jose: 408-916-1234, Tracy: 209-451-2000
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਬੋਲਦੇ ਹਾਂ
Mon-Fri 9:00am-6:00pm
Saturday- 10:00am-2:00pm
Sunday- Upon Appointment
American Travel & Tours
Fax: 916-451-8656 www.americantravels.us
Sacramento office: 5246 Fruitridge Rd., Sacramento, CA 95820


# ਗੁਰਦੁਆਰਾ ਸਿੰਘ ਸਭਾ ਬੇ-ਏਰੀਆ ਮਿਲਪੀਟਸ 'ਚ ਵਿਸਾਖੀ ਦਿਹਾੜਾ ਮਨਾਇਆ



**ਮਿਲਪੀਟਸ, ਕੈਲੀਫੋਰਨੀਆ (ਬਿਊਰੋ):** ਸਥਾਨਕ ਗੁਰਦੁਆਰਾ ਸਿੰਘ ਸਭਾ ਬੇ-ਏਰੀਆ ਵਿਖੇ ਵਿਸਾਖੀ ਦਾ ਦਿਹਾੜਾ ਬੜੀ ਸ਼ਰਧਾ ਤੇ ਖੁਸ਼ੀਆਂ ਨਾਲ ਮਨਾਇਆ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਹੋਏ ਕੀਰਤਨ ਦਰਬਾਰ ਦਾ ਅਰੰਭ ਗੁਰੂ ਘਰ ਦੇ ਹਜੂਰੀ ਰਾਗੀ ਭਾਈ ਜਗਦੇਵ ਸਿੰਘ ਨੇ ਗੁਰਬਾਣੀ ਦਾ ਸ਼ਬਦ 'ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰੁ ਧਰਿ ਤਲੀ ਗਲੀ ਮੇਰੀ ਆਉ' ਸਰਵਣ ਕਰਵਾ ਕੇ ਕੀਤਾ। ਉਪਰੰਤ ਭਾਈ ਸਤਨਾਮ ਸਿੰਘ ਲੁਧਿਆਣਾ ਵਾਲਿਆਂ ਨੇ ਗੁਰਬਾਣੀ ਦਾ ਰਸਭਿਨਾ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਭਾਈ ਸਤਨਾਮ ਸਿੰਘ ਅਰਸ਼ੀ ਦੇ ਕਵੀਸ਼ਰੀ ਜਥੇ ਨੇ ਖਾਲਸੇ ਦੀ ਸਿਰਜਣਾ ਦੇ ਕੌਤਕ ਦਾ ਵਿਖਿਆਨ ਕੀਤਾ ਅਤੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਖਾਲਸਾ ਸਾਜਣ ਦੀ ਜਰੂਰਤ ਕਿਉਂ ਪਈ?


ਖਾਲਸਾ ਸਕੂਲ ਦੇ ਬੱਚਿਆਂ ਨੇ ਵੀ ਕੀਰਤਨ ਰਾਹੀਂ ਹਾਜਰੀ ਲਗਵਾਈ। ਛੋਟੀ ਬੱਚੀ ਹਰਲੀਨ ਕੌਰ ਨੇ ਖਾਲਸਾ ਸਾਜਨਾ ਦਿਵਸ ਬਾਰੇ ਆਪਣੇ ਵਿਚਾਰ ਰੱਖੇ। ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਨੇ ਸੰਗਤ ਨੂੰ ਪ੍ਰੇਰਨਾ ਕੀਤੀ ਕਿ ਸਾਨੂੰ ਦਸ਼ਮੇਸ਼ ਪਿਤਾ ਦੇ ਬਖਸ਼ੇ ਸਿੱਖੀ ਸਰੂਪ ਨੂੰ ਸੰਭਾਲਣ ਵੱਲ ਧਿਆਨ ਦੇਣਾ ਚਾਹੀਦਾ ਹੈ।

ਗੁਰਦੁਆਰਾ ਸਿੰਘ ਸਭਾ ਮਿਲਪੀਟਸ ਦਾ ਪ੍ਰਬੰਧ ਸੁਚਾਰੁ ਢੰਗ ਨਾਲ ਚਲਾਉਣ ਲਈ ਇਕ ਪ੍ਰਬੰਧਕ ਕਮੇਟੀ ਤੇ ਖਾਲਸਾ ਪੰਚਾਇਤ ਬਣਾਉਣ ਦਾ ਵੀ ਐਲਾਨ ਕੀਤਾ ਗਿਆ। ਸੰਗਤ ਨੂੰ ਸਦਾ ਦਿਤਾ ਗਿਆ ਕਿ ਕੋਈ ਵੀ ਮਾਈ-ਭਾਈ ਇਸ ਕਮੇਟੀ ਤੇ ਸਿੱਖ ਪੰਚਾਇਤ ਵਿਚ ਸ਼ਾਮਿਲ ਹੋ ਸਕਦਾ ਹੈ। ਇਸ ਮੌਕੇ ਲੰਗਰ ਦੀ ਸੇਵਾ ਬਲਵਿੰਦਰ ਸਿੰਘ ਪੰਨੂ ਦੇ ਪਰਿਵਾਰ ਵਲੋਂ ਕੀਤੀ ਗਈ।


**Indian Threads Beauty & Spa**
*Special for Vaisakhi and Mother's Day*
For a limited time from April 10 to May 18, 2014
Receive a free gift with facial, body massage & waxing

*Bring this ad and get an extra $2 off*
Jewelry & other products will also be on sale
*Call to make your appointment!*
Ph: (209) 478-8862
3008 E Hammer Lane st. 127b, Stockton, CA 95212




**Jammu Chiropractic**
ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?
ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*
Medicare & Most Private Insurances Accepted

*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545


*To Advertise with Punjab Times Call: 847-359-0746*


**M.K. Nijjar DDS**
**Ruchi Nijjar DDS**
*Laser Dentistry*
*No shots, No Drill, No Pain.*
*Family Dentistry*
*Cosmetic Dentistry*
*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*
510-794-7058
WWW.DRNIJJAR.COM
*(Across From Washigton Hospital & Bart)*
*1895 Mowry Ave. Ste 104 Fremont*




ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਸੈਲਮਾ ਸ਼ਹਿਰ 'ਚ ਸਜਿਆ 20ਵਾਂ ਮਹਾਨ ਨਗਰ ਕੀਰਤਨ

**ਸੈਲਮਾ, ਕੈਲੀਫੋਰਨੀਆ (ਬਿਊਰੋ):** ਕੇਸਰੀ, ਨੀਲੀਆਂ, ਪੀਲੀਆਂ, ਲਾਲ ਪੱਗਾਂ ਤੇ ਦੁਪੱਟਿਆਂ ਦਾ ਜਿਵੇਂ ਸ਼ਹਿਰ ਵਿਚ ਹੜ ਆਇਆ ਹੋਇਆ ਸੀ, ਗੁਰੂ ਮਹਾਰਾਜ ਦੀ ਸੁੰਦਰ ਸਜੀ ਪਾਲਕੀ ਤੋਂ ਇਲਾਹੀ ਬਾਣੀ ਦੀਆਂ ਧੁਨਾਂ ਮਾਹੌਲ ਵਿਚ ਇਕ ਅਜਬ ਰੰਗ ਭਰ ਰਹੀਆਂ ਸਨ, ਗੁਰੂ ਮਹਾਰਾਜ ਦੀ ਪਾਲਕੀ ਦੇ ਅੱਗੇ ਝਾੜੂਬਰਦਾਰ ਸ਼ਰਧਾਲੂ ਸੜਕ ਸਾਫ ਕਰ ਰਹੇ ਸਨ, ਰਵਾਇਤੀ ਪੁਸ਼ਾਕ ਵਿਚ ਸਜੇ ਪੰਜ ਪਿਆਰੇ ਗੁਰੂ ਮਹਾਰਾਜ ਦੀ ਪਾਲਕੀ ਦੀ ਅਗਵਾਨੀ ਕਰ ਰਹੇ ਸਨ ਅਤੇ ਪਿਛੇ ਪਿਛੇ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਚੱਲ ਰਹੀਆਂ ਸਨ, ਅਕਾਸ਼ ਵਿਚ ਹੈਲੀਕਾਪਟਰ ਫੁੱਲਾਂ ਦੀ ਵਰਖਾ ਕਰ ਰਿਹਾ ਸੀ, ਇਹ ਨਜ਼ਾਰਾ ਸੀ ਲੰਘੇ ਐਤਵਾਰ ਫਰਿਜ਼ਨੋ ਦੇ ਨਜ਼ਦੀਕੀ ਸੈਂਟਰਲ







ਵੈਲੀ ਦੇ ਨਗਰ ਸੈਲਮਾ ਵਿਚ ਗੁਰਦੁਆਰਾ ਸਿੱਖ ਸੈਂਟਰ ਆਫ ਪੈਸੇਫਿਕ ਕੋਸਟ ਵਲੋਂ ਖਾਲਸਾ ਜੀ ਦੇ ਸਿਰਜਣਾ ਦਿਵਸ ਵਿਸਾਖੀ ਮੌਕੇ ਸਜਾਏ ਗਏ 20ਵੇਂ ਮਹਾਨ ਨਗਰ ਕੀਰਤਨ ਦਾ।

ਨਗਰ ਕੀਰਤਨ ਦੇ ਅਰੰਭ ਤੋਂ ਪਹਿਲਾਂ ਅਖੰਡ ਪਾਠ ਦੇ ਭੋਗ ਉਪਰੰਤ ਦੀਵਾਨ ਸਜਾਏ ਗਏ ਜਿਨ੍ਹਾਂ ਵਿਚ ਹਜ਼ੂਰੀ ਰਾਗੀ ਭਾਈ ਜੁਗਿੰਦਰ ਸਿੰਘ ਚੰਦਨ, ਭਾਈ ਹਰਜੀਤ ਸਿੰਘ, ਹਜ਼ੂਰੀ ਰਾਗੀ ਗੁਰਦੁਆਰਾ ਨਾਨਕ ਪ੍ਰਕਾਸ਼ ਭਾਈ ਅਵਤਾਰ ਸਿੰਘ, ਹਜ਼ੂਰੀ ਰਾਗੀ ਗੁਰਦੁਆਰਾ ਕਰੱਦਰ, ਹਜ਼ੂਰੀ ਰਾਗੀ ਗੁਰਦੁਆਰਾ ਸਿੱਖ ਸੈਂਟਰ ਪੋਰਟਵਿਲ ਭਾਈ ਬਲਵਿੰਦਰ ਸਿੰਘ ਦੇ ਕੀਰਤਨੀ ਜਥਿਆਂ ਨੇ ਰਸਭਿੰਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਪ੍ਰਸ਼ਾਸਕੀ, ਸਿਆਸੀ, ਸਮਾਜਿਕ ਅਤੇ ਧਾਰਮਿਕ ਸ਼ਖਸੀਅਤਾਂ ਨੇ ਹਾਜ਼ਰੀ ਭਰੀ। ਇਨ੍ਹਾਂ ਸ਼ਖਸੀਅਤਾਂ ਵਿਚ ਸੈਲਮਾ ਸਿਟੀ ਦੇ ਮੇਅਰ ਕੈਂਥ ਗਰੇਅ, ਉਘੇ ਸਿੱਖ ਆਗੂ ਦੀਦਾਰ ਸਿੰਘ ਬੈਂਸ, ਏ ਜੀ ਪੀ ਸੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ, ਅਮਰੀਕ ਸਿੰਘ ਵਿਰਕ, ਸੁਰਿੰਦਰ ਸਿੰਘ ਨਿੱਝਰ, ਸਨਵਾਕੀਨ ਸਿਟੀ ਦੇ ਮੇਅਰ ਰੂਬੀ ਧਾਲੀਵਾਲ, ਸੈਲਮਾ ਸਿਟੀ ਦੇ ਫਾਇਰ ਚੀਫ ਮਿਸਟਰ ਕੈਨ ਅਤੇ ਕੌਂਸਲ ਜਿਮ ਅਵਾਲੌਸ, ਫਰਿਜ਼ਨੋ ਸਿਟੀ ਕੌਂਸਲ ਬਲੌਂਗ ਜੌਂਗ, ਕਰਮਨ ਸਿਟੀ ਕੌਂਸਲ ਬਿੱਲ ਨਿੱਝਰ, ਸੈਲਮਾ ਸਿਟੀ ਪਲੈਨਿੰਗ ਕਮਿਸ਼ਨਰ ਕਰਨੈਲ ਸਿੰਘ ਸੰਧਰ, ਸਿੱਖ ਕੁਲੀਸ਼ਨ ਤੋਂ ਸਿਮਰਨ ਕੌਰ, ਇਕਬਾਲ ਸਿੰਘ, ਡਿਸਟ੍ਰਿਕਟ ਅਟਾਰਨੀ ਲਈ ਉਮੀਦਵਾਰ ਲੀਸਾ ਸਮਿੱਥ, ਹੈਨਫੋਰਡ ਪਲੈਨਿੰਗ ਕਮਿਸ਼ਨਰ ਅਜਮੇਰ ਸਿੰਘ ਨਾਹਲ, ਸੰਗਰ ਪਲੈਨਿੰਗ ਕਮਿਸ਼ਨਰ ਬੀ ਜੇ ਭੂਟੀ, ਫਰਿਜ਼ਨੋ ਸਿਟੀ ਕੌਂਸਲ ਉਮੀਦਵਾਰ ਰਮਾਕਾਂਤ ਡਾਬਰ, ਯੂ ਐਸ ਕਾਂਗਰਸਮੈਨ ਵਲਡਿਓ ਦੇ ਦਫਤਰ ਤੋਂ ਮਿਸਟਰ ਸਵੇਸਟਨ ਸਵਰੀਆ, ਕਾਂਗਰਸਮੈਨ ਜਿਮ ਕੋਸਟਾ ਵਲੋਂ ਪਾਲ ਸਹੋਤਾ ਅਤੇ ਕਾਉਂਟੀ ਸੁਪਰਵਾਈਜ਼ਰ ਲਈ ਉਮੀਦਵਾਰ ਅਮਨਦੀਪ ਸਿੰਘ ਆਦਿ ਸ਼ਾਮਲ ਸਨ। ਸੰਗਤਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਸਮੂਹ ਸਿੱਖ ਪੰਥ ਨੂੰ ਵਿਸਾਖੀ ਦਿਹਾੜੇ ਦੀ ਵਧਾਈ ਦਿੱਤੀ। ਪ੍ਰਬੰਧਕ ਕਮੇਟੀ ਵਲੋਂ ਇਨ੍ਹਾਂ ਸ਼ਖਸੀਅਤਾਂ ਨੂੰ ਸਨਮਾਨ ਚਿੰਨ ਭੇਂਟ ਕੀਤੇ ਗਏ। ਮੰਚ ਸੰਚਾਲਨ ਦੀ ਸੇਵਾ ਮਹਿੰਦਰ ਸਿੰਘ ਸੰਧਾਵਾਲੀਆ ਅਤੇ ਹਰਨਿੰਦਰ ਸਿੰਘ ਗਿੱਲ ਨੇ ਨਿਭਾਈ।




ਇਸ ਵਾਰ ਅੰਮ੍ਰਿਤ ਸੰਚਾਰ ਪ੍ਰਵਾਹ ਦੌਰਾਨ 14 ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ।

ਅਰਦਾਸ ਉਪਰੰਤ ਜੈਕਾਰਿਆਂ ਦੀ ਗੂੰਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਨਗਰ ਕੀਰਤਨ ਅਰੰਭ ਹੋਇਆ। ਗੁਰੂ ਮਹਾਰਾਜ ਦੀ ਪਾਲਕੀ ਦੇ ਪਿਛੇ ਪਿਛੇ ਫਰਿਜ਼ਨੋ ਅਤੇ ਆਸ-ਪਾਸ ਦੇ ਗੁਰਦੁਆਰਾ ਸਾਹਿਬਾਨ ਅਤੇ ਹੋਰ ਸੰਸਥਾਵਾਂ ਦੇ ਫਲੋਟ ਚੱਲ ਰਹੇ ਸਨ। ਨਗਰ ਕੀਰਤਨ ਦੇ ਰਾਸਤੇ ਵਿਚ ਵੱਖ ਵੱਖ ਥਾਂਵਾਂ 'ਤੇ ਸ਼ਰਧਾਲੂ ਸੰਗਤਾਂ ਵਲੋਂ ਚਾਹ-ਪਾਣੀ, ਸਮੋਸਿਆਂ, ਰੂਹ ਅਫਜ਼ਾ, ਜੂਸ, ਪੀਜ਼ੇ ਅਤੇ ਹੋਰ ਭਾਂਤ-ਸੁਭਾਂਤੇ ਪਕਵਾਨਾਂ ਦੇ ਲੰਗਰ ਲਾਏ ਗਏ ਸਨ ਜਿਸ ਦਾ ਸਿੱਖ ਭਾਈਚਾਰੇ ਦੇ ਨਾਲ ਨਾਲ ਦੂਜੇ ਭਾਈਚਾਰੇ ਦੇ ਲੋਕ ਵੀ ਅਨੰਦ ਮਾਣ ਰਹੇ ਸਨ। ਗਤਕਾ ਪਾਰਟੀਆਂ ਇਸ ਮਾਰਸ਼ਲ ਆਰਟ ਦੇ ਕਰਤਬ ਦਿਖਾ ਕੇ ਸੰਗਤਾਂ ਨੂੰ ਅਚੰਭਿਤ ਕਰ ਰਹੀਆਂ ਸਨ।

ਇਸ ਮੌਕੇ ਰੇਡੀਓ ਵਤਨੋਂ ਦੂਰ ਅਤੇ ਸਾਹਿਬ ਕਵੀ ਆਈਸ ਕਰੀਮ ਡਿਸਟ੍ਰੀਬਿਊਟਰਸ ਵਲੋਂ ਦਸਤਾਰ ਸਿਖਲਾਈ ਸੇਵਾ ਸਟਾਲ ਲਾਇਆ ਗਿਆ ਜਿਥੇ ਕਈ ਗੋਰਿਆਂ ਅਤੇ ਪੰਜਾਬੀ ਭਾਈਚਾਰੇ ਦੇ ਲੋਕਾਂ ਦੇ ਦਸਤਾਰਾਂ ਸਜਾਈਆਂ ਗਈਆਂ। ਪ੍ਰਸਿੱਧ ਕਵੀਸ਼ਰ ਭਾਈ ਮਨਜੀਤ ਸਿੰਘ ਪੱਤੜ ਅਤੇ ਭਾਈ ਸੁਖਚੈਨ ਸਿੰਘ ਡੇਹਰੀਵਾਲ ਵਲੋਂ ਤਿਆਰ 'ਪੰਥ ਦੀ ਸਿਰਜਣਾ' ਸੀ ਡੀ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਰਿਲੀਜ਼ ਕੀਤੀ ਗਈ।

ਸ਼ਹਿਰ ਦੀਆਂ ਵੱਖ ਵੱਖ ਸੜਕਾਂ ਤੋਂ ਹੁੰਦਾ ਹੋਇਆ ਨਗਰ ਕੀਰਤਨ ਦੁਪਹਿਰ ਬਾਅਦ ਵਾਪਸ ਗੁਰੂ ਘਰ ਪਹੁੰਚਿਆ ਜਿਸ ਉਪਰੰਤ ਦੀਵਾਨ ਸਜਾਏ ਗਏ। ਨਗਰ ਕੀਰਤਨ ਦਾ ਸਿੱਧਾ ਪ੍ਰਸਾਰਣ ਬਲਵੰਤ ਸਿੰਘ ਮੱਲ੍ਹਾ ਵਲੋਂ ਗੈਟ ਪੰਜਾਬੀ ਟੀ ਵੀ ਰਾਹੀਂ ਕੀਤਾ ਗਿਆ।












# ਗੁਰੂਦੁਆਰਾ ਗੁਰੂ ਅੰਗਦ ਦਰਬਾਰ

## ਬੇਕਰਸਫੀਲਡ





ਖਾਲਸਾ ਪੰਥ ਦੇ ਸਿਰਜਨਾ ਦਿਵਸ, ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਅਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਵਨ ਪ੍ਰਕਾਸ਼ ਦਿਵਸ ਨੂੰ ਮੁੱਖ ਰਖਦੇ ਹੋਏ, ਸਮੂਹ ਸੰਗਤਾਂ ਦੇ ਸਹਯੋਗ ਨਾਲ ਬੜੀ ਧੂਮ ਧਾਮ ਨਾਲ

# ਮਹਾਨ ਨਗਰ ਕੀਰਤਨ

20 ਅਪ੍ਰੈਲ ਦਿਨ ਐਤਵਾਰ ਨੂੰ ਹੋ ਰਿਹਾ ਹੈ । ਜਿਸ ਵਿਚ ਸਿੱਖ ਧਰਮ ਦੇ ਮਹਾਨ ਕੀਰਤਨੀਏ, ਕਥਾਵਾਚਕ,ਢਾਡੀ, ਪ੍ਰਚਾਰਕ ਅਤੇ ਸੂਝਵਾਨ ਬੁਲਾਰੇ ਹਿੱਸਾ ਲੈਣਗੇ ।

## ਪ੍ਰੋਗਰਾਮ

19 ਅਪ੍ਰੈਲ ਦਿਨ ਸ਼ਨੀਵਾਰ ਸ਼ਾਮ ਨੂੰ 6 ਵਜੇ ਤੋਂ ਲੈਕੇ 10 ਵਜੇ ਤੱਕ ਦੀਵਾਨ ਸਜਣਗੇ ਅਤੇ 20 ਅਪ੍ਰੈਲ ਦਿਨ ਐਤਵਾਰ ਸਵੇਰ ਦੇ ਦੀਵਾਨ ਵਿਚ ਆਸਾ ਜੀ ਦੀ ਵਾਰ ਦਾ ਕੀਰਤਨ, ਕੀਰਤਨੀ ਜੱਥੇ, ਕਥਾਕਾਰ, ਢਾਡੀ, ਪੰਥਕ ਬੁਲਾਰੇ ਅਪਣੇ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਣਗੇ । ਦੀਵਾਨ ਦੀ ਸਮਾਪਤੀ ਉਪਰੰਤ ਨਗਰ ਕੀਰਤਨ ਦੀ ਅਰੰਭਤਾ ਹੋਵੇਗੀ ਜੀ ।

## ਅੰਮ੍ਰਿਤ ਸੰਚਾਰ

ਸ਼ੁੱਕਰਵਾਰ 18 ਅਪ੍ਰੈਲ 1:00 ਵਜੇ



ਭਾਈ ਅਜਮੇਰ ਸਿੰਘ ਜੀ



ਢਾਡੀ ਜੱਥਾ ਭਾਈ ਬਲਕਾਰ ਸਿੰਘ ਜੀ ਚੋਲਾ



ਭਾਈ ਸਰਬਜੀਤ ਸਿੰਘ ਜੀ



ਭਾਈ ਹਰਿਾ ਸਿੰਘ ਜੀ ਅਤੇ ਸਾਥੀ(ਹਜ਼ੂਰੀ ਜਥੇ)



ਭਾਈ ਜਸਮੇਰ ਸਿੰਘ ਜੀ

**ਨਗਰ ਕੀਰਤਨ ਦਾ ਰੂਟ** ਗੁਰਦੁਆਰਾ ਸਾਹਿਬ ਤੋਂ ਹਾਸਕਿੰਗ ਸੱਜੇ, ਐਕਰਸ ਰੋਡ ਤੋਂ ਸੱਜੇ, ਮੈਂਕੀ ਤੋਂ ਸੱਜੇ, ਸਟਾਈਨ ਰੋਡ ਤੋਂ ਸੱਜੇ, ਵਾਪਸ ਗੁਰਦੁਆਰਾ ਸਹਿਬ ਜੀ ।

**ਨਗਰ ਕੀਰਤਨ ਬਾਰੇ ਕਿਸੇ ਵੀ ਕਿਸਮ ਦੀ ਜਾਨਕਾਰੀ ਲਈ ਕਾਲ ਕਰੋ**
ਜਸਵਿੰਦਰ ਸਿੰਘ (661)345-3088
ਰਸ਼ਪਾਲ ਸਿੰਘ ਮੰਨਣ 661-900-2878

ਕਥਾ ਵਾਚਕ ਭਾਈ ਸਰਬਜੀਤ ਸਿੰਘ,ਲੁਧਿਆਣੇ ਵਾਲੇ।
ਕਥਾ ਵਾਚਕ ਭਾਈ ਅਜਮੇਰ ਸਿੰਘ, ਗੁਰੂ ਅੰਗਦ ਦਰਬਾਰ।
ਢਾਡੀ ਜੱਥਾ ਭਾਈ ਬਲਕਾਰ ਸਿੰਘ ਜੀ ਚੋਲਾ
ਭਾਈ ਹੀਰਾ ਸਿੰਘ ਜੀ(ਹਜ਼ੂਰੀ ਰਾਗੀ ਜੱਥਾ), ਹੈਡ ਗ੍ਰੰਥੀ ਭਾਈ ਜਸਮੇਰ ਸਿੰਘ ਜੀ

**ਲੰਗਰ ਸਟਾਲ ਦੀ ਸੇਵਾ**
ਜਸਵਿੰਦਰ ਸਿੰਘ 661-345-3088
ਹਰਪਿੰਦਰ ਸਿੰਘ 661-364-9883
ਰਣਬੀਰ ਸਿੰਘ ਰਾਣਾ 661-246-8280
ਜਸਵੰਤ ਸਿੰਘ 661-472-6706

**ਫਲੋਟ ਲਗਵਾਉਣ ਦੀ ਸੇਵਾ**
ਜਗਤਾਰ ਸਿੰਘ ਗਿੱਲ 661-900-7466
ਹਰਜਾਪ ਸਿੰਘ 661-201-8794
ਸੁਰਿੰਦਰ ਸਿੰਘ ਬਸਰਾ 661-444-7799

**ਗੁਰੂ ਕੇ ਲੰਗਰ ਦੀ ਸੇਵਾ**
ਪ੍ਰਿਤਪਾਲ ਸਿੰਘ 661-204-0095
ਜਗਪਾਲ ਸਿੰਘ ਸਿੱਧੂ 661-706-6339

**ਦੁਕਾਨਾਂ ਦੀ ਸੇਵਾ**
ਕਮਲਜੀਤ ਸਿੰਘ ਢਿੱਲੋ 661-247-7798
ਰਸ਼ਪਾਲ ਸਿੰਘ ਮੰਨਣ 661-900-2878

**ਫਲੋਟ ਸਜਾਉਣ ਦੀ ਸੇਵਾ**
ਦਲਜਿੰਦਰ ਸਿੰਘ ਚੌਹਾਨ 661-203-8050
ਕਮਲਜੀਤ ਸਿੰਘ ਢਿੱਲੋ 661-247-7798
ਰਣਜੀਤ ਸਿੰਘ 661-889-8200

**ਦਾਨੀ ਸੱਜਣ ਸੰਪਰਕ ਕਰਨ**
ਸੇਵਾ ਸਿੰਘ 661-204-3294
ਮਨਦੀਪ ਸਿੰਘ 661-340-6747
ਦਲਜਿੰਦਰ ਸਿੰਘ ਚੌਹਾਨ 661-203-8050

**ਪੰਜ ਪਿਆਰਿਆਂ ਦੀ ਸੇਵਾ**
ਅਮਰਜੀਤ ਸਿੰਘ 661-246-6038
ਦਲਜੀਤ ਸਿੰਘ ਖਾਲਸਾ 661-319-6039
ਗਿ:ਗੁਰਚਰਨ ਸਿੰਘ 661-472-2638

**ਸਹਿਯੋਗ**
ਸਮੂਹ ਸੰਗਤ ਬੇਕਰਸਫੀਲਡ ਸਿੱਖ ਟੈਂਪਲ । ਗੁਰ ਨਾਨਕ ਮਿਸ਼ਨ ਸਿੱਖ ਸੈਂਟਰ, ਬੇਕਰਸਫੀਲਡ, ਗੁਰਦਵਾਰਾ ਗੁਰ ਦਸਮੇਸ਼ ਦਰਬਾਰ,ਬੇਕਰਸਫੀਲਡ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਖਾਲਸਾ ਦਰਬਾਰ ਬੇਕਰਸਫੀਲਡ, ਗੁਰੂ ਰਾਮਦਾਸ ਅਕੈਡਮੀ, ਬੇਕਰਸਫੀਲਡ, ਪੰਜਾਬੀ ਅਮੇਰਿਕਨ ਸੀਨੀਅਰ ਸਿਟੀਜ਼ਨ ਸੈਂਟਰ ਆਫ ਬੇਕਰਸਫੀਲਡ।

DESIGNED & PRINTED BY NK SIGNS OF BAKERSFIELD, CA • 661-978-7319

# ਖਾਲਸਾ ਸਾਜਨਾ ਦਿਵਸ ਵਿਸਾਖੀ ਅਤੇ ਦਸਤਾਰ ਦਿਵਸ ਦੀ ਸਭਨਾਂ ਨੂੰ ਵਧਾਈ

**ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ**

# Golden State Realty

**Real Estate and Loans Under One Roof**

**ਪਿਛਲੇ 26 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ**

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**




34591 Perry Road,
Union City, CA 94587
3 Bedrooms, 2 Bathrooms,
2 Car Garage
Area: 1627 Sq. Ft.
Lot: 6000 Sq. Ft.
Asking: $588,000







199 Page Mill Drive,
San Jose, CA 95111
4 Bedrooms, 2.5 Bathrooms,
2 Car Garage
Area: 1732 Sq. Ft.
Lot: 5000 Sq. Ft.
Asking: $569,000




1498 Columbine Way,
Livermore, CA 94550
6 Bedrooms, 3 Bathrooms,
3 Car Garage
Area: 3159Sq. Ft.
Lot: 26700 Sq. Ft.




4326 San Juan Ave.,
Fremont, CA 94536
4 Bedrooms, 2 Bathrooms,
2 Car Garage
Area: 1740 Sq. Ft.
Lot: 6000 Sq. Ft.

## JUST SOLD

1. 1826 Mary Augusta St., Manteca, CA 95337
2. 1498 Columbine Way, Livermore, CA 94551
3. 1820 De Vaca Way, Livermore, CA 94550
4. 1379 Michael Dr., Tracy, CA 95377
5. 4124 Polaris Ave., Union City, CA 94587
6. 2995 Masonwood St., San Jose, CA 95148
7. 4019 Villa Comez Ln., Stockton, CA 95206
8. 2809 Glen Sharon Way, San Jose, CA 95148
9. 2385 Patricia Dr., Santa Clara, CA 95050
10. 43881 Cameron Hills Dr., Fremont CA 94539
11. 1098 Phelps Ave., San Jose, CA 95117
12. 2712 Sea Drift ln., Hayward, CA 94545
13. 27659 Persimmon Dr., Hayward, CA 94544
14. 2980 Glen Alden Ct., San Jose, CA 95148

## WE CAN SELL HUD HOMES ANY WHERE IN CALIFORNIA

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

*2004 to 2006 Award Winner
Top 1% Listing Realtor in Bay Area



Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

Cell: 510-304-9292
Cell:408-666-8279

**Jaswinder Gill** M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill**
DHMS, Loan Broker
@ 510-207-9067
CA DRE Lic.#01180969
NMLS# 352095

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



**Anu Peshawaria**
*Attorney at Law*

*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**

*Divorce *Annulment
*International Custody

**INCORPORATIONS**

*International Contracts, Mergers
*Attorney Supreme Court of India
*Bankruptcy Consultation & Filing

**Contact numbers:**
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

COMMERCIAL GRADE
SECURITY SOLUTIONS




# MORE THAN SECURITY

- LICENCE PLATE READER
- BILL READER
- LONG RANGE
- CASH REGISTER INTERFACE
- HD SERIES CAMERAS

SPECIAL OFFER 4 CAMERAS WITH 4 CH DVR — $1349 +Tax
SPECIAL OFFER 8 CAMERAS INSTALLATION INCLUDED — $2349 +Tax
SPECIAL OFFER 12 CAMERAS INSTALLATION INCLUDED — $3749 +Tax

Vista CCTV TECHNOLOGY

Buy Online : www.ezchase.com
Email : commvision@sbcglobal.net
Call Sukhpal
661-586-5080

# ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

**Punjab Truck Wash & Repair 2301 Simpson Street, Kingsburg, CA 93631**

*ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114*




*Truck Trailer Wash $55*

*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ

Oil Change Special $179.99
Labour $55 per hour
**All major and minor repairs.**

ਤਸੱਲੀਬਖਸ਼ ਕੰਮ ਵਾਜਬ ਰੇਟ

*Free Parking*





Stearing Tires
American
(set of two)
$799.99

**ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ**
**ਫੋਨ: 559-897-2323, ਸੈਲ: 209-923-1110**

# ਲਿਖਣ ਲਈ ਪੜ੍ਹਨ ਵਾਲਾ ਮਨਮੋਹਨ

ਕਲਾ ਪਰਿਕਰਮਾ

*ਅੰਮ੍ਰਿਤਸਰ ਤੋਂ ਉਠੇ ਆਈ.ਏ.ਐਸ. ਅਫਸਰ ਅਤੇ ਸ਼ਾਇਰ ਮਨਮੋਹਨ ਦੇ ਪਲੇਠੇ ਨਾਵਲ 'ਨਿਰਵਾਣ' ਨੂੰ ਸਾਲ 2013 ਲਈ ਵੱਕਾਰੀ ਸਾਹਿਤ ਅਕੈਡਮੀ ਪੁਰਸਕਾਰ ਮਿਲਿਆ। ਮਨਮੋਹਨ ਬੁਨਿਆਦੀ ਰੂਪ ਵਿਚ ਕਵੀ ਹੈ, ਰਚਨਾ ਨੂੰ ਉਹ ਵੰਨਗੀਆਂ ਵਿਚ ਵੰਡ ਕੇ ਨਹੀਂ ਦੇਖਦਾ। ਉਹਨੂੰ ਜਾਪਦਾ ਹੈ ਕਿ ਹਰ ਰਚਨਾ ਇਕ ਹਿਸਾਬ ਨਾਲ ਕਵਿਤਾ ਹੀ ਹੈ ਜਿਸ ਵਿਚ ਸੁੱਚੇ ਸ਼ਬਦ ਪਰੋਏ ਹੁੰਦੇ ਹਨ। ਆਪਣੀਆਂ ਕਵਿਤਾਵਾਂ ਅਤੇ ਨਾਵਲ ਬਾਰੇ ਉਸ ਨੇ ਕੁਝ ਵਿਚਾਰ ਸੰਜਮਪ੍ਰੀਤ ਸਿੰਘ ਨਾਲ ਸਾਂਝੇ ਕੀਤੇ ਹਨ ਜੋ ਅਸੀਂ ਛਾਪਣ ਦੀ ਖੁਸ਼ੀ ਲੈ ਰਹੇ ਹਾਂ। -ਸੰਪਾਦਕ*

ਲਿਖਾਰੀ ਲਈ ਸਭ ਤੋਂ ਔਖਾ ਕੀ ਹੈ- ਨਾਵਲ ਲਿਖਣਾ ਜਾਂ ਕਵਿਤਾ ਰਚਣੀ?

ਇਹ ਸਵਾਲ ਆਈ.ਪੀ.ਐਸ. ਅਫ਼ਸਰ ਮਨਮੋਹਨ ਨੂੰ ਕਰੋ, ਤਾਂ ਉਹ ਪੂਰਾ ਵਿਸਥਾਰ ਦੱਸੇਗਾ। ਉਹ ਆਖੇਗਾ, "ਨਾਵਲ ਲਿਖਣਾ ਤਾਂ ਭਾਈ ਕਵਿਤਾ ਰਚਣ ਜਿੰਨਾ ਹੀ ਔਖਾ ਹੈ। ਦੋਹਾਂ ਵੰਨਗੀਆਂ ਦੀ ਰਚਨਾ ਲਈ ਬਹੁਤ ਮਿਹਨਤ ਲਗਨ ਅਤੇ ਸਬਰ ਦਰਕਾਰ ਹੈ।"



ਉਂਝ, ਇਸ ਸਵਾਲ ਦਾ ਮਤਲਬ ਭਲਾ ਕੀ ਹੋਇਆ? ਹਾਂ! ਇਸ ਦਾ ਮਤਲਬ ਹੈ... ਮਨਮੋਹਨ ਨੇ ਹੁਣ ਤੱਕ ਅੱਠ ਕਾਵਿ ਸੰਗ੍ਰਹਿ ਰਚੇ ਹਨ, ਪਰ ਉਸ ਨੂੰ ਸਾਹਿਤਕ ਅਕੈਡਮੀ ਪੁਰਸਕਾਰ (2013) ਉਸ ਦੇ ਪਲੇਠੇ ਨਾਵਲ 'ਨਿਰਵਾਣ' ਲਈ ਮਿਲਿਆ ਹੈ। ਕਵਿਤਾ ਦੀਆਂ ਇੰਨੀ ਕਿਤਾਬਾਂ ਪਿੱਛੋਂ ਨਾਵਲ, ਉਹ ਵੀ ਪੌਣੇ ਤਿੰਨ ਸੌ ਸਫਿਆਂ ਦਾ, ਤੇ ਉਸੇ ਨੂੰ ਇੰਨਾ ਵੱਡਾ ਇਨਾਮ!... ਇਹ ਨਾਵਲ ਦੋ ਮੁੱਖ ਨਾਇਕਾ ਦੁਆਲੇ ਘੁੰਮਦਾ ਹੈ। ਇਕ ਅਤਿ ਖੱਬੇਪੱਖੀ ਸ਼ਖ਼ਸ ਹੈ, ਤੇ ਦੂਜਾ ਬੁੱਧਵਾਦ ਨੂੰ ਪ੍ਰਨਾਇਆ ਨੌਜਵਾਨ ਹੈ। ਇਹ ਦੋਵੇਂ ਆਪੋ ਆਪਣੀਆਂ



**ਸੰਜਮਪ੍ਰੀਤ ਸਿੰਘ**
**ਫੋਨ: 91-98720-21979**

ਜ਼ਿੰਦਗੀਆਂ ਦੇ ਤਣਾਅ ਵਿਚੋਂ ਲੰਘਣ ਅਤੇ ਜ਼ਿੰਦਗੀ ਦੀ ਇਕਸਾਰਤਾ ਜਿਹੀ ਤੋੜਨ ਲਈ ਅਹੁਲਦੇ ਹਨ ਅਤੇ ਕਈ-ਕਈ ਸਾਲ ਜ਼ਿੰਦਗੀ ਦੀ ਇਸ ਨਵੀਂ ਲੜਾਈ ਵਿਚ ਜੂਝਦੇ ਹਨ, ਲਗਾਤਾਰ; ਪਰ ਆਖਰਕਾਰ ਉਨ੍ਹਾਂ ਨੂੰ ਪਨਾਹ, ਸਿਰਫ ਪਿਆਰ ਦੀ ਬੁੱਕਲ ਵਿਚ ਹੀ ਮਿਲਦੀ ਹੈ। ਇਹੀ ਉਨ੍ਹਾਂ ਦਾ ਨਿਰਵਾਣ ਹੈ। ਮਨਮੋਹਨ ਨਾਵਲ ਦੀ ਸਮਾਪਤੀ ਬਾਰੇ ਚਰਚਾ ਛੇੜਦਾ ਹੈ ਅਤੇ ਦੱਸਦਾ ਹੈ ਕਿ ਉਸ ਸਮੇਂ ਨਿਰਵਾਣ ਮਾਨੋ ਪਿਆਰ ਵਿਚ ਪੂਰੀ ਤਰ੍ਹਾਂ ਗੜੁੱਚਿਆ ਪਿਆ ਹੈ।


ਨਾਵਲ ਦੇ ਸ਼ਬਦ ਬੀੜਦਿਆਂ ਮਨਮੋਹਨ ਆਪਣੇ ਤਜਰਬੇ ਅਤੇ ਪੜ੍ਹੀਆਂ ਹੋਈਆਂ ਵੱਖ-ਵੱਖ ਲਿਖਤਾਂ ਦੇ ਖੰਭਾਂ ਉਤੇ ਸਵਾਰ ਹੁੰਦਾ ਹੈ। ਇਨ੍ਹਾਂ ਦੋਹਾਂ ਚੀਜ਼ਾਂ ਨੂੰ ਉਹ ਲਿਖਤ ਦਾ ਆਧਾਰ ਮੰਨਦਾ ਹੈ। ਉਹ ਦੱਸਦਾ ਹੈ ਕਿ ਰੂਸੀ ਲੇਖਕ ਫਿਓਦੋਰ ਦੋਸਤੋਵਸਕੀ ਨੇ ਆਪਣੇ ਕਿਸੇ ਮਿੱਤਰ ਲੇਖਕ ਨੂੰ ਕਹਾਣੀ ਨਾ ਘੜਨ ਬਾਰੇ ਤਾਕੀਦ ਕੀਤੀ। ਨਾਲ ਹੀ ਕਿਹਾ ਸੀ ਕਿ ਆਪਣੇ ਤਜਰਬੇ ਨੂੰ ਆਧਾਰ ਬਣਾ ਕੇ ਲਿਖੋ। ਮਨਮੋਹਨ ਦਾ ਮੰਨਣਾ ਹੈ ਕਿ ਕਿਸੇ ਵੀ ਲੇਖਕ ਲਈ ਤਜਰਬਾ, ਵਿਚਾਰਾਂ ਨਾਲੋਂ ਵਧੇਰੇ ਮਹੱਤਵਪੂਰਨ ਹੁੰਦਾ ਹੈ।

ਬਿਹਾਰ ਵਿਚ ਆਪਣੀ ਨੌਕਰੀ ਦੌਰਾਨ ਮਨਮੋਹਨ ਨੇ ਮਾਓਵਾਦੀ ਲਹਿਰ ਨੂੰ ਬਹੁਤ ਨੇੜਿਉਂ ਤੱਕਿਆ। ਇਸ ਨੂੰ ਹੋਰ ਵਧੇਰੇ ਅਤੇ ਗਹਿਰੇ ਰੂਪ ਵਿਚ ਸਮਝਣ-ਬੁੱਝਣ ਲਈ ਉਸ ਨੇ ਨਿੱਠ ਕੇ ਮਾਰਕਸੀ ਸਾਹਿਤ ਦਾ ਪਾਠ ਕੀਤਾ। ਕੁਝ ਸਾਲਾਂ ਪਿੱਛੋਂ ਉਸ ਦਾ ਤਬਾਦਲਾ ਲੇਹ (ਜੰਮੂ ਕਸ਼ਮੀਰ) ਦਾ ਹੋ ਗਿਆ ਜਿੱਥੇ ਉਸ ਨੂੰ ਬੁੱਧਵਾਦ ਅਤੇ ਲਾਮਿਆਂ ਨੂੰ ਨੇੜਿਉਂ ਤੱਕਣ ਦਾ ਮੌਕਾ ਮਿਲਿਆ। ਬੋਧੀ ਦਰਸ਼ਨ ਬਾਰੇ ਉਸ ਨੇ ਪਹਿਲਾਂ ਵੀ ਬਹੁਤ ਪੜ੍ਹਿਆ ਸੀ, ਪਰ ਉਥੇ ਜਾ ਕੇ ਡੂੰਘਾ ਅਧਿਐਨ ਕਰਨ ਦਾ ਮੌਕਾ ਮਿਲ ਗਿਆ।

ਇਸ ਨਾਵਲ ਵਿਚ ਮਨਮੋਹਨ ਨੇ ਮਾਓਵਾਦ ਅਤੇ ਬੁੱਧਵਾਦ ਨੂੰ ਸਮਾਨ-ਅੰਤਰ ਰੱਖ ਕੇ ਸਮਝਣ ਦਾ ਯਤਨ ਕੀਤਾ ਹੈ। ਉਹ ਦੱਸਦਾ ਹੈ, "ਬਿਹਾਰ ਵਿਚ ਜਗੀਰਦਾਰਾਂ ਦੀ ਜਥੇਬੰਦੀ ਰਣਵੀਰ ਸੈਨਾ ਅਤੇ ਮਾਓਵਾਦੀਆਂ ਵਿਚਕਾਰ ਹਿੰਸਕ ਟੱਕਰ ਨੇ ਮੈਨੂੰ ਇਹ ਸੋਚਣ ਲਈ ਮਜਬੂਰ ਕੀਤਾ ਕਿ ਬੁੱਧ ਦੀ ਧਰਤੀ ਉਤੇ ਅਜਿਹਾ ਕਿਉਂ ਵਾਪਰ ਰਿਹਾ ਹੈ? ਬੁੱਧ ਨੇ ਤਾਂ ਚੇਤਨਾ ਦਾ ਦੀਵਾ ਜਗਾਉਣ ਦਾ ਯਤਨ ਕੀਤਾ ਸੀ! ਉਂਝ ਵੀ ਹਿੰਸਾ ਦਾ ਤਾਂ ਕਿਤੇ ਕੋਈ ਅੰਤ ਹੀ ਨਹੀਂ ਹੈ।

ਸ਼ਾਇਰ ਤੋਂ ਨਾਵਲਕਾਰ ਬਣਨ ਦੇ ਸਫ਼ਰ ਬਾਰੇ ਉਹ ਬਹੁਤ ਸਹਿਜ ਰੂਪ ਵਿਚ ਦੱਸਦਾ ਹੈ, "ਕਿਸੇ ਨੇ ਭਾਸ਼ਾ ਦੀ ਕੁਦਾਲ ਲੱਭਣ ਲਈ ਧਰਤੀ ਪੁੱਟਣੀ ਸ਼ੁਰੂ ਕੀਤੀ ਅਤੇ ਉਸ ਨੂੰ ਇਕ ਹੋਰ ਕੁਦਾਲ ਲੱਭ ਪਈ। ਫਿਰ ਇਹ ਕੁਦਾਲ ਕਿਸੇ ਹੋਰ ਨੇ ਭਾਸ਼ਾ ਦੀ ਕੁਦਾਲ ਲੱਭਣ ਲਈ ਵਰਤਣੀ ਸ਼ੁਰੂ ਕਰ ਦਿੱਤੀ।" ਇਸ ਤੋਂ ਬਾਅਦ ਉਹ ਇਸ ਕਥਾ ਦੀ ਵਿਆਖਿਆ ਕਰਦਾ ਹੈ- "ਸ਼ਾਇਰ ਤੋਂ ਨਾਵਲਕਾਰ ਬਣਨ ਦਾ ਮੇਰਾ ਸਫ਼ਰ ਭਾਸ਼ਾ ਦੀ ਕੁਦਾਲ ਲਈ ਲਲ੍ਹਕ ਦਾ ਹੀ ਹੈ। ਮੇਰਾ ਸਮੁੱਚਾ ਸਾਹਿਤਕ ਸਫ਼ਰ ਅਸਲ ਵਿਚ ਮੇਰੀ ਸ਼ਾਇਰੀ ਹੀ ਹੈ। ਮੈਨੂੰ ਤਾਂ ਆਪਣਾ ਨਾਵਲ ਵੀ ਲੰਮੀ ਕਵਿਤਾ ਹੀ ਲੱਗਦਾ ਹੈ। ਨਾਵਲ ਦੇ ਵਾਕ ਅਤੇ ਵਾਕ ਬਣਤਰ ਕਿਸੇ ਵੀ ਤਰ੍ਹਾਂ ਮੇਰੀ ਕਵਿਤਾ ਨਾਲੋਂ ਵੱਖਰੇ ਨਹੀਂ ਹਨ।"

ਨਵੇਂ ਲੇਖਕਾਂ ਲਈ ਉਹ ਸੁੱਖ-ਸੁਨੇਹਾ ਦਿੰਦਾ ਹੈ: "ਜਿੰਨਾ ਵੀ ਪੜ੍ਹ ਸਕਦੇ ਹੋ, ਪੜ੍ਹੋ।" ਉਹ ਵੱਧ ਤੋਂ ਵੱਧ ਪੜ੍ਹਨ ਉਤੇ ਜ਼ੋਰ ਦਿੰਦਾ ਹੈ। ਉਹ ਆਖਦਾ ਹੈ, "ਹਰ ਲੇਖਕ ਲਈ 'ਲਿਖਣ ਲਈ ਪੜ੍ਹਨਾ' ਮੂਲ ਮੰਤਰ ਹੋਣਾ ਚਾਹੀਦਾ ਹੈ।" 'ਨਿਰਵਾਣ' ਇਸ ਗੱਲ ਦੀ ਗਵਾਹੀ ਹੈ।




## ਆਪੇ ਦੀ ਪਛਾਣ

*ਨਿਊ ਗੀਨੀਆ ਦੇ ਕਿਸੇ ਆਦਿਵਾਸੀ ਨੂੰ ਇਕ ਵਾਰ ਕਿਸੇ ਮਾਨਵ ਵਿਗਿਆਨੀ ਨੇ ਕੈਮਰੇ ਨਾਲ ਉਸ ਦੀ ਫੋਟੋ ਖਿੱਚ ਕੇ ਵਿਖਾਈ। ਆਦਿਵਾਸੀ ਨੇ ਖੁਦ ਨੂੰ ਤਾਂ ਫੋਟੋ ਵਿਚੋਂ ਨਾ ਦੇਖਿਆ, ਪਰ ਪਿਛੇ ਖੜ੍ਹੀ ਬੱਕਰੀ ਨੂੰ ਪਛਾਣ ਲਿਆ। ਉਸ ਨੇ ਆਪਣੇ-ਆਪ ਨੂੰ ਪਹਿਲਾਂ ਜੁ ਕਦੇ ਨਹੀਂ ਸੀ ਡਿੱਠਾ, ਉਹ ਆਪਣਾ-ਆਪ ਪਛਾਣਦਾ ਕਿਵੇਂ?... ਮੇਰੇ ਨਾਲ ਵੀ ਇੰਝ ਹੀ ਵਾਪਰਿਆ, ਇਹ ਨਾਵਲ ਲਿਖਦਿਆਂ... ! ਕਿਸੇ ਲਿਖਤ ਦੀ ਸਤਹਿ ਕੋਈ ਲੇਖਕ ਤੈਅ ਨਹੀਂ ਕਰ ਸਕਦਾ। ਹਰ ਲਿਖਤ ਆਪਣੇ ਅੰਦਰ ਟੋਆ ਪੁੱਟਣ ਵਾਂਗ ਹੁੰਦੀ ਹੈ ਜਿਸ ਨੂੰ ਭਰਨ ਲਈ ਅਗਲੀ ਲਿਖਤ ਲਿਖੀ ਜਾਂਦੀ ਹੈ। -ਮਨਮੋਹਨ*

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 26 ਅਪਰੈਲ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-113



*ਗੁਰੂਆਂ ਤੋਂ ਵਰਦਾਨ ਹੈ ਮਿਲਿਆ, ਦੇਗ ਤੇਗ ਦੋਊ ਚੱਲੇ।*
*ਰੋਜ ਹੀ ਮੇਲੇ-ਪੁਰਬ ਮਨਾਈਏ, ਥਾਂ ਥਾਂ ਲੰਗਰ ਚੱਲੇ!*

## ਕੈਪਸ਼ਨ ਮੁਕਾਬਲਾ-111



ਇਹ ਦਿਨ ਮੁੜ ਕੇ ਫੇਰ ਨੀ ਆਉਣੇ,
ਨੱਚੀਏ ਟੱਪੀਏ ਲੁੱਡੀਆਂ ਪਾਈਏ।
ਲੋੜ ਨਾ ਸਾਨੂੰ ਜਿੰਮ ਦੀ ਕੋਈ,
ਪਾਵਿਆਂ ਨਾਲ ਹੀ ਝੂਟੀ ਜਾਈਏ।
ਜਦ ਤੱਕ ਘਰਦੇ ਘਰ ਨੀ ਮੁੜਦੇ,
ਮਨ ਦੀ ਮਰਜੀ ਖ਼ੂਬ ਪੁਗਾਈਏ।
**-ਜਗਮੀਤ ਸਿੰਘ ਪੰਧੇਰ**

---

ਸਭਿਆਚਾਰ ਨੇ ਰੂਪ ਬਦਲ ਲਿਆ
ਪਲੰਘ ਨੁਆਰੀ ਲਾ 'ਤੇ ਖੂੰਜੇ।
ਤਰਖਾਣ ਦੀ ਮੀਨਾਕਾਰੀ ਦਾ
ਮੁੱਲ ਨਹੀਂ ਪੈਂਦਾ
ਸਟੀਲ ਪਲਾਸਟਿਕ ਨੇ ਲਾ'ਤੇ ਭੂੰਜੇ।
ਉਲਟੇ ਸਿੱਧੇ ਦਾ ਫਸਤਾ ਵੱਢ'ਤਾ
ਪੁੱਠਾ ਖੜ੍ਹਾ ਕਰਨ 'ਤੇ
ਝਿੜਕਦੇ ਸੀ ਸਿਆਣੇ।
ਨਾ ਚੂਲ ਟੁੱਟੇ, ਨਾ ਬਾਹੀ ਤਿੜਕੇ
ਹੁਣ ਝੂਟਣ ਮੌਜਾਂ ਕਰਨ ਨਿਆਣੇ।
**-ਸੇਵਾ ਸਿੰਘ ਨੂਰਪੁਰੀ**
**ਫੋਨ: 408-912-3438**

---

ਬਚਪਨ ਦੇ ਦਿਨ ਨਹੀਂ ਲੱਭਣੇ
ਨਹੀਂ ਲੱਭਣੀਆਂ ਮੌਜ ਬਹਾਰਾਂ।
ਦੇਖ ਲਓ ਕਿੰਜ ਝੂਲ ਰਹੀਆਂ ਨੇ
ਇਹ ਖਿੜੀਆਂ ਗੁਲਜ਼ਾਰਾਂ।
**-ਗੁਰਦੇਵ ਸਿੰਘ ਵਿਰਦੀ, ਕੈਨੇਡਾ**
**ਫੋਨ: 226-345-7126**

---

ਮੰਜੇ ਉਤੇ ਕੀਤਾ ਕੇਹਾ ਤਾਲਮੇਲ ਜੀ।
ਆਪਸੀ ਲੜਾਈ ਕੀਤੀਆਂ ਸੂ ਫੇਲ੍ਹ ਜੀ।
ਬੈਠੇ ਬੈਠਿਆਂ ਨੇ ਕਿਹੜੀ ਖੇਡ ਲੱਭ ਲਈ,
ਬਾਲਪਨ ਦੀ ਇਸੇ ਤਰ੍ਹਾਂ ਚੱਲੇ ਰੇਲ ਜੀ।
**-ਪਲਵਿੰਦਰ ਸਿੰਘ**
**ਮਿਲਪੀਟਸ, ਕੈਲੀਫੋਰਨੀਆ**

---

ਇਸ ਫੋਟੋ ਵਿਚ ਸਭ ਨੂੰ ਆਪਣਾ
ਸ਼ੀਸ਼ਾ ਦਿਸ ਗਿਆ ਹੈ।
ਹਰ ਇਕ ਅੱਗੇ ਯਾਦਾਂ ਵਾਲਾ
ਪਟਾਰਾ ਵਿਛ ਗਿਆ ਹੈ।
ਚੇਤੇ ਦੇ ਵਿਚ ਘੁੰਮ ਗਈਆਂ ਨੇ
ਗੱਲਾਂ-ਬਾਤਾਂ ਦੇਰ ਦੀਆਂ।
ਬੱਚਿਆਂ ਵੱਲੇ ਦੇਖ ਕੇ ਸੱਜਣੋਂ
ਆਣ ਕੇ ਯਾਦਾਂ ਘੇਰਦੀਆਂ।
**-ਗੁਰਮਖ ਸਿੰਘ ਸ਼ਿਕਾਗੋ**

---

ਸੱਟ-ਫੇਟ ਦਾ ਫਿਕਰ ਨਾ ਕੋਈ
ਨਾ ਹੀ ਦਬਕੇ-ਘੂਰੀ ਦਾ।
ਛੁੱਟੀਆਂ ਦੇ ਵਿਚ ਮੌਜਾਂ ਲੱਗੀਆਂ
ਖੇਡਣ ਦਾ ਪੱਖ ਪੂਰੀ ਦਾ।
**-ਫਕੀਰ ਚੰਦ ਸੈਂਪਲਾ**
**ਐਲ ਏ, ਕੈਲੀਫੋਰਨੀਆ।**

## ਕੈਪਸ਼ਨ ਮੁਕਾਬਲਾ 110

ਤੋਤਿਆਂ ਦੀਆਂ ਭੀ ਚੋਣਾਂ ਦਾ
ਸ਼ਾਇਦ ਸਮਾਂ ਹੈ ਨੇੜੇ ਆਇਆ।
ਨੇਤਾ ਤੋਤਿਆਂ ਚੋਣ ਰੈਲੀ ਲਈ
ਇਸ ਦਾਅਵਤ 'ਤੇ ਹੈ ਬੁਲਾਇਆ।
ਵਾਂਗ ਭਾਰਤੀ ਹਾਕਮਾਂ ਦੇ ਜਿਨ੍ਹਾਂ
ਗੁਦਾਮ ਵੋਟਰਾਂ ਵਲ ਖੋਲ੍ਹੇ।
ਚੋਗਾ ਚੁਗਣ ਤੇ ਵੋਟਾਂ ਪਾਵਣ
ਫਿਰ ਪੰਜ ਸਾਲ ਨਾ ਕੋਈ ਬੋਲੇ।
**-ਸੇਵਾ ਸਿੰਘ ਨੂਰਪੁਰੀ**

## ਵਿਦਿਆਰਥੀਆਂ ਦੇ ਪੈਸੇ ਹੜੱਪਣ ਵਾਲੇ ਪ੍ਰੋਫੈਸਰ 'ਤੇ ਦੋਸ਼ ਤੈਅ

**ਵਾਸ਼ਿੰਗਟਨ:** ਸੰਘੀ ਗਰੈਂਡ ਜਿਊਰੀ ਨੇ ਅਮਰੀਕੀ ਸਰਕਾਰ ਤੇ ਵਿਦਿਆਰਥੀਆਂ ਨਾਲ ਫਰਾਡ ਕਰਨ ਵਾਲੇ ਭਾਰਤੀ-ਅਮਰੀਕੀ ਪ੍ਰੋਫੈਸਰ ਨੂੰ ਦੋਸ਼ੀ ਠਹਿਰਾਇਆ ਹੈ। ਉਸ 'ਤੇ ਖੋਜ ਲਈ ਰਾਖਵੀਂ 700,000 ਡਾਲਰ ਦੀ ਗਰਾਂਟ ਇਧਰ-ਉਧਰ ਕਰਨ ਦੇ ਦੋਸ਼ ਹਨ।

ਬਾਲਟੀਮੋਰ ਦੀ ਮੋਰਗਨ ਸਟੇਟ ਯੂਨੀਵਰਸਿਟੀ ਵਿਚ ਸਥਾਈ ਪ੍ਰੋਫੈਸਰ ਮਨੋਜ ਝਾਅ ਨੂੰ ਵੱਧ ਤੋਂ ਵੱਧ 20 ਸਾਲ ਕੈਦ ਹੋ ਸਕਦੀ ਹੈ। ਉਸ 'ਤੇ ਚਾਰ ਤਰ੍ਹਾਂ ਦੇ ਦੋਸ਼ ਲਾਏ ਗਏ ਹਨ ਜਿਨ੍ਹਾਂ ਵਿਚ ਫਰਜ਼ੀ ਰਿਕਾਰਡ ਤਿਆਰ ਕਰਨਾ, ਸਰਕਾਰੀ ਸੰਪਤੀ ਦੀ ਚੋਰੀ ਤੇ ਮੇਲ ਫਰਾਡ ਸ਼ਾਮਲ ਹਨ। ਇਹ ਸਜ਼ਾ 11 ਜੁਲਾਈ ਤੋਂ ਸ਼ੁਰੂ ਹੋਣੀ ਹੈ। 46 ਸਾਲਾ ਝਾਅ ਨੇ ਸਰਕਾਰੀ ਏਜੰਸੀ ਐਨ.ਐਸ.ਐਫ ਤੋਂ ਇਕ ਹਾਈਵੇਅ ਪ੍ਰਾਜੈਕਟ ਲਈ 200,000 ਡਾਲਰ ਫੰਡ ਤੇ ਫਿਰ ਉਸੇ ਪ੍ਰਾਜੈਕਟ ਤਹਿਤ 500,000 ਡਾਲਰ ਲੈਣ ਦਾ ਫਰਾਡ ਕੀਤਾ ਸੀ। ਇਹ ਫੰਡ ਉਸ ਨੇ ਨਿੱਜੀ ਹਿੱਤਾਂ ਲਈ ਵਰਤ ਲਏ ਸਨ। ਐਨ.ਐਸ.ਐਫ ਸਰਕਾਰੀ ਏਜੰਸੀ ਹੈ ਜੋ ਸਾਇੰਸ ਤੇ ਇੰਜੀਨੀਅਰਿੰਗ ਦੇ ਗ਼ੈਰ-ਡਾਕਟਰੀ ਖੇਤਰਾਂ ਲਈ ਖੋਜ ਤੇ ਸਿੱਖਿਆ ਲਈ ਫੰਡ ਦਿੰਦੀ ਹੈ।

# ਪੈਂਟਾਗਨ ਦੇ ਧਾਰਮਿਕ ਦਿਸ਼ਾ-ਨਿਰਦੇਸ਼ ਅਜੇ ਵੀ ਪੱਖਪਾਤੀ

**ਵਾਸ਼ਿੰਗਟਨ:** ਧਰਮ ਬਾਰੇ ਪੈਂਟਾਗਨ ਦੇ ਦਿਸ਼ਾ-ਨਿਰਦੇਸ਼ ਨੂੰ ਵੱਖ-ਵੱਖ ਧਾਰਮਿਕ ਜਥੇਬੰਦੀਆਂ ਨੇ ਅਜੇ ਵੀ ਪੱਖਪਾਤੀ ਦੱਸਿਆ ਹੈ। ਇਨ੍ਹਾਂ ਜਥੇਬੰਦੀਆਂ ਨੇ ਰੱਖਿਆ ਵਿਭਾਗ ਨੂੰ ਲਿਖੇ ਪੱਤਰ ਵਿਚ ਪੈਂਟਾਗਨ ਨੂੰ ਆਪਣੇ ਨੇਮ ਬਿਹਤਰ ਢੰਗ ਨਾਲ ਸੋਧ ਕੇ ਲਾਗੂ ਕਰਨ ਲਈ ਵਿਚਾਰ ਕਰਨ ਲਈ ਕਿਹਾ ਹੈ ਤਾਂ ਜੋ ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਸੈਨਾਵਾਂ ਵਿਚ ਸੇਵਾ ਨਿਭਾਉਣ ਲਈ ਸ਼ਾਮਲ ਕੀਤਾ ਜਾ ਸਕੇ। ਨਵੇਂ ਦਿਸ਼ਾ-ਨਿਰਦੇਸ਼ਾਂ ਅਧੀਨ ਵੱਖ-ਵੱਖ ਧਰਮਾਂ ਦੇ ਸੈਨਿਕਾਂ ਨੂੰ ਆਪਣੇ ਧਰਮ ਦੀਆਂ ਰਹੁ-ਰੀਤਾਂ ਨੇਪਰੇ ਚਾੜ੍ਹਨ ਤੋਂ ਵਾਂਝੇ ਰਹਿਣਾ ਪੈਂਦਾ ਹੈ, ਕਿਉਂਕਿ ਉਨ੍ਹਾਂ ਦੀਆਂ ਬੇਨਤੀਆਂ ਲੰਮਾ ਸਮਾਂ ਬਿਨਾਂ ਨਿਬੇੜੇ ਤੋਂ ਪਈਆਂ ਰਹਿੰਦੀਆਂ ਹਨ ਤੇ ਕਈ ਵਾਰ ਨਿੱਕੀਆਂ-ਨਿੱਕੀਆਂ ਆਰਜ਼ੀ ਛੋਟਾਂ ਲਈ ਉਨ੍ਹਾਂ ਨੂੰ ਵਾਰ-ਵਾਰ ਅਰਜ਼ੀ ਦੇਣੀ ਪੈਂਦੀ ਹੈ।

ਇਸ ਪੱਤਰ 'ਤੇ ਸਿੱਖ ਕੁਲੀਸ਼ਨ ਨੇ ਵੀ ਦਸਤਖ਼ਤ ਕੀਤੇ ਹਨ। ਇਸ ਵਿਚ ਕਿਹਾ ਗਿਆ ਹੈ ਕਿ ਇਹ ਸਖ਼ਤ ਕਾਇਦੇ ਤੇ ਸ਼ਰਤਾਂ ਬਿਨਾਂ ਮਤਲਬ ਤੋਂ ਕਰੀਅਰ ਦੇ ਮੌਕੇ ਸੀਮਤ ਕਰ ਰਹੇ ਹਨ ਤੇ ਕਈ ਕੇਸਾਂ ਵਿਚ ਤਾਂ ਇਹ ਕਰੀਅਰ ਖ਼ਤਮ ਵੀ ਕਰ ਰਹੇ ਹਨ। ਜੇਕਰ ਕੋਈ ਸੈਨਿਕ ਬੂਟ ਕੈਂਪ ਤੋਂ ਪਾਸ ਹੋ ਜਾਂਦਾ ਹੈ ਤੇ ਸਫਲਤਾ ਪੂਰਵਕ ਆਪਣੀਆਂ ਸੈਨਿਕ ਸੇਵਾਵਾਂ ਤੇ ਡਿਊਟੀ ਨਿਭਾਉਂਦਾ ਹੈ ਤਾਂ ਉਸ ਨੂੰ ਅੱਗੇ ਦੇਸ਼ ਦੀ ਸੇਵਾ ਦਾ ਮੌਕਾ ਦੇਣ ਸਮੇਂ ਸਿਰਫ਼ ਧਰਮ ਅੜਿੱਕਾ ਨਹੀਂ ਬਣਨਾ ਚਾਹੀਦਾ। ਸਿੱਖ ਕੁਲੀਸ਼ਨ ਲਈ ਲਾਅ ਤੇ ਪਾਲਿਸੀ ਦੇ ਡਾਇਰੈਕਟਰ ਰਾਜਦੀਪ ਸਿੰਘ ਨੇ ਕਿਹਾ ਕਿ ਜਦੋਂ 1981 ਤੋਂ ਪੈਂਟਾਗਨ ਨੇ ਸਿੱਖਾਂ 'ਤੇ ਅਮਰੀਕੀ ਸੈਨਾਵਾਂ ਵਿਚ ਕੰਮ ਕਰਨ ਉਤੇ ਰੋਕ ਲਾਈ ਸੀ, ਉਸ ਤੋਂ ਮਗਰੋਂ ਸਿਰਫ਼ ਤਿੰਨ ਸਿੱਖ ਹੀ ਆਪਣੇ ਸਿੱਖ ਕਕਾਰਾਂ ਸਮੇਤ ਅਮਰੀਕੀ ਸੈਨਾ ਵਿਚ ਸੇਵਾ ਨਿਭਾਉਣ ਦੀ ਮਨਜ਼ੂਰੀ ਲੈ ਸਕੇ ਹਨ। ਉਨ੍ਹਾਂ ਦੀਆਂ ਪ੍ਰਾਪਤੀਆਂ, ਤਰੱਕੀਆਂ, ਪੁਰਸਕਾਰਾਂ ਤੇ ਦੋ ਵਾਰ ਅਫ਼ਗਾਨਿਸਤਾਨ ਵਿਚ ਤਾਇਨਾਤ ਹੋਣ ਦੇ ਬਾਵਜੂਦ, ਉਨ੍ਹਾਂ ਨੂੰ ਧਾਰਮਿਕ ਖੁੱਲ੍ਹਾਂ ਨਵੇਂ ਦਿਸ਼ਾ-ਨਿਰਦੇਸ਼ਾਂ ਤਹਿਤ ਆਰਜ਼ੀ ਹਨ, ਸਥਾਈ ਨਹੀਂ।

ਇਹ ਖੁੱਲ੍ਹਾਂ ਕਦੀ ਵੀ ਵਾਪਸ ਲਈਆਂ ਜਾ ਸਕਦੀਆਂ ਹਨ। ਇਸ ਪੱਤਰ 'ਤੇ ਸਹੀ ਪਾਉਣ ਵਾਲਿਆਂ ਵਿਚ ਮੁਸਲਿਮ ਐਡਵੋਕੇਟਸ, ਨੈਸ਼ਨਲ ਕੌਂਸਲ ਫਾਰ ਜਿਊਇਸ਼ ਵੋਮੈਨ, ਸਿੱਖ ਅਮੈਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ, ਯੂਨਾਈਟਿਡ ਮੈਥੋਡਿਸਟ ਚਰਚ, ਜਨਰਲ ਬੋਰਡ ਆਫ ਚਰਚ ਐਂਡ ਸੁਸਾਇਟੀ ਸ਼ਾਮਲ ਹਨ।

## ਭਾਰਤ ਨੇ ਮੰਗੀ ਆਸਟਰੇਲੀਆ ਤੋਂ ਸ਼ਿਵਜੀ ਦੀ ਚੋਰੀ ਹੋਈ ਮੂਰਤੀ

**ਮੈਲਬਰਨ:** ਆਸਟਰੇਲੀਆ-ਭਾਰਤ ਦੇ ਸੱਭਿਆਚਾਰਕ ਸਬੰਧਾਂ ਨੂੰ ਢਾਹ ਲੱਗ ਸਕਦੀ ਹੈ ਜੇਕਰ ਕੈਨਬਰਾ ਵਿਚ ਬਣੀ ਨੈਸ਼ਨਲ ਗੈਲਰੀ ਆਫ਼ ਆਰਟ ਵਿਚ ਪਈ ਚੋਰੀ ਕੀਤੀ ਗਈ ਸ਼ਿਵਜੀ ਦੀ ਮੂਰਤੀ ਮੋੜਨ ਤੋਂ ਨਾਂਹ-ਨੁੱਕਰ ਕੀਤੀ ਜਾਂਦੀ ਹੈ। ਇਕ ਸਾਬਕਾ ਆਸਟਰੇਲੀਆਈ ਸਫ਼ੀਰ ਅਨੁਸਾਰ ਇਹ ਮੂਰਤੀ ਗੈਲਰੀ ਨੇ 2008 ਵਿਚ 50 ਲੱਖ ਡਾਲਰ ਵਿਚ ਖਰੀਦੀ ਸੀ।

1991 ਵਿਚ ਦਿੱਲੀ ਵਿਚ ਆਸਟਰੇਲੀਆ ਦੇ ਡਿਪਟੀ ਹਾਈ ਕਮਿਸ਼ਨਰ ਰਹੇ ਪੇਰਾ ਵੈਲਜ਼ ਜ਼ੋਰ ਦੇ ਕੇ ਆਖਦੇ ਰਹੇ ਹਨ ਕਿ 900 ਸਾਲ ਪੁਰਾਣੀ ਇਹ ਕਲਾਕ੍ਰਿਤ ਵਾਪਸ ਕਰ ਦਿੱਤੀ ਜਾਣੀ ਚਾਹੀਦੀ ਹੈ ਤੇ ਇਸ ਦੇ ਅਸਲ ਸਥਾਨ ਤਾਮਿਲਨਾਡੂ ਦੇ ਸ੍ਰੀਪੂਰਨਥਨ ਮੰਦਰ ਵਿਚ ਰੱਖ ਦਿੱਤੀ ਜਾਣੀ ਚਾਹੀਦੀ ਹੈ। ਜਦੋਂ ਉਨ੍ਹਾਂ ਨੂੰ ਕਿਹਾ ਗਿਆ ਕਿ ਜੇਕਰ ਗੈਲਰੀ ਇਹ ਮੂਰਤੀ ਮੋੜਨੋਂ ਨਾਂਹ-ਨੁੱਕਰ ਕਰੇ ਤਾਂ ਉਨ੍ਹਾਂ ਕਿਹਾ ਕਿ ਇਸ ਨਾਲ ਜ਼ਰੂਰ ਹੀ ਭਾਰਤ ਨਾਲ ਮੁਲਕ ਦੇ ਸਬੰਧ ਖ਼ਰਾਬ ਹੋਣਗੇ।ਵੈਲਜ਼ ਆਸਟਰੇਲੀਆ-ਇੰਡੀਆ ਇੰਸਟੀਚਿਊਟ (ਏ.ਆਈ.ਆਈ.) ਮੈਲਬਰਨ ਵਿਚ ਬੋਲ ਰਹੇ ਸਨ। ਉਨ੍ਹਾਂ ਕਿਹਾ ਕਿ ਹਿੰਦੂਵਾਦ 'ਤੇ ਜ਼ੋਰ ਦੇਣ ਵਾਲੀ ਭਾਜਪਾ ਜੇਕਰ ਚੋਣਾਂ ਮਗਰੋਂ ਸੱਤਾ ਵਿਚ ਆਉਂਦੀ ਹੈ ਤੇ ਆਸਟਰੇਲੀਆ ਇਹ ਮੂਰਤੀ ਮੋੜਦਾ ਹੈ ਤਾਂ ਇਹ ਗੱਲ ਹੋਰ ਵੀ ਮਹੱਤਵਪੂਰਨ ਹੋ ਜਾਂਦੀ ਹੈ। ਨ੍ਰਿਤ ਕਰਦੇ ਸ਼ਿਵਜੀ ਦੀ ਇਹ ਕਾਂਸੀ ਦੀ ਮੂਰਤੀ ਐਨ.ਜੀ.ਏ. ਨੂੰ ਇਕ ਭਾਰਤੀ ਕਲਾਡੀਲਰ ਸੁਭਾਸ਼ ਕਪੂਰ ਨੇ ਵੇਚੀ ਸੀ ਜਿਸ 'ਤੇ ਚੇਨਈ ਵਿਚ ਪੁਰਾਤਨ ਕਲਾ ਕ੍ਰਿਤਾਂ ਦੀ ਸਮਗਲਿੰਗ ਕਰਨ ਦੇ ਦੋਸ਼ਾਂ ਵਿਚ ਮੁਕਦਮਾ ਚੱਲ ਰਿਹਾ ਹੈ।

ਭਾਰਤੀ ਹਾਈ ਕਮਿਸ਼ਨ ਵੱਲੋਂ ਇਹ ਮੂਰਤੀ ਵਾਪਸ ਕੀਤੇ ਜਾਣ ਦੀ ਸਰਕਾਰ ਦੇ ਪੱਧਰ 'ਤੇ ਕੀਤੀ ਗਈ ਬੇਨਤੀ ਮਗਰੋਂ ਹਾਲ ਦੀ ਘੜੀ ਗੈਲਰੀ ਵਿਚੋਂ ਮੂਰਤੀ ਹਟਾ ਦਿੱਤੀ ਗਈ ਹੈ। ਐਨ.ਜੀ.ਏ. ਨੇ 2002 ਤੋਂ 2011 ਤੱਕ ਕੋਈ 22 ਕਲਾਕ੍ਰਿਤਾਂ ਕਪੂਰ ਤੋਂ ਇਕ ਕਰੋੜ 10 ਲੱਖ ਡਾਲਰ ਵਿਚ ਖਰੀਦੀਆਂ ਸਨ।

# ਭਾਰਤੀਆਂ 'ਚ ਵਧਿਆ ਅਮਰੀਕਾ ਘੁੰਮਣ ਦਾ ਸ਼ੌਕ

**ਵਾਸ਼ਿੰਗਟਨ:** ਅਮਰੀਕਾ ਵਿਚ 2013 ਤੋਂ 2018 ਤੱਕ ਚੀਨ ਤੇ ਕੋਲੰਬੀਆ ਮਗਰੋਂ ਭਾਰਤੀ ਸੈਲਾਨੀਆਂ ਦੀ ਗਿਣਤੀ ਵੱਧ ਰਹੀ ਹੈ ਤੇ ਆਸ ਕੀਤੀ ਜਾ ਰਹੀ ਹੈ ਕਿ ਇਹ ਗਿਣਤੀ ਅਗਲੇ ਸਾਲ 2015 ਵਿਚ 10 ਲੱਖ ਨੂੰ ਟੱਪ ਜਾਵੇਗੀ। ਅਮਰੀਕਾ



ਸਰਕਾਰ ਦੀ ਰਿਪੋਰਟ ਵਿਚ ਇਹ ਖੁਲਾਸਾ ਹੋਇਆ ਹੈ। 2013 ਵਿਚ 859,000 ਭਾਰਤੀ, ਅਮਰੀਕਾ ਘੁੰਮਣ-ਫਿਰਨ ਆਏ ਸਨ, 2018 ਲਈ ਇਹ ਅੰਕੜਾ 13 ਲੱਖ ਮਿਥਿਆ ਗਿਆ ਹੈ।

ਅਮਰੀਕਾ ਦੇ ਵਣਜ ਵਿਭਾਗ ਨੇ ਕੌਮਾਂਤਰੀ ਯਾਤਰੀਆਂ ਤੇ ਉਨ੍ਹਾਂ ਦੀ ਗਿਣਤੀ ਵਿਚ ਵਾਧੇ ਬਾਰੇ ਹਾਲੀਆ ਰਿਪੋਰਟ ਵਿਚ ਇਹ ਖੁਲਾਸੇ ਕੀਤੇ ਹਨ। ਵਣਜ ਵਿਭਾਗ ਮੁਤਾਬਕ ਛੇ ਕਰੋੜ 98 ਲੱਖ ਕੌਮਾਂਤਰੀ ਯਾਤਰੀ 2013 ਦੌਰਾਨ ਅਮਰੀਕਾ ਆਏ। ਇਨ੍ਹਾਂ ਸਦਕਾ ਦੇਸ਼ ਵਿਚ 181 ਅਰਬ ਦੇ ਬਿੱਲ ਬਣੇ ਤੇ 57 ਅਰਬ ਦਾ ਵਾਧਾ ਕਾਰੋਬਾਰ ਵਿਚ ਹੋਇਆ। ਫਰਾਂਸ ਤੋਂ ਮਗਰੋਂ ਦੁਨੀਆਂ ਭਰ ਦੇ ਵੱਡੀ ਗਿਣਤੀ ਸੈਲਾਨੀ ਅਮਰੀਕਾ ਪੁੱਜਦੇ ਹਨ। ਉਹ ਇਸ ਦੇਸ਼ ਵਿਚ ਦੁਨੀਆਂ ਵਿਚ ਹੋਰ ਕਿਧਰੋਂ ਵੀ ਜ਼ਿਆਦਾ ਧਨ ਖਰਚਦੇ ਹਨ।

20 ਸਿੱਖਰਲੇ ਮੁਲਕ ਜਿਨ੍ਹਾਂ ਤੋਂ ਯਾਤਰੀ ਘੁੰਮਣ ਫਿਰਨ ਲਈ ਨਿਕਲਦੇ ਹਨ, ਤੋਂ 2013 ਤੋਂ 2018 ਤੱਕ ਸੈਲਾਨੀਆਂ ਦੀ ਗਿਣਤੀ ਵਧਣ ਦੀ ਪੇਸ਼ੀਨਗੋਈ ਕੀਤੀ ਜਾ ਰਹੀ ਹੈ। ਜਿਨ੍ਹਾਂ ਦੇਸ਼ਾਂ ਵਿਚੋਂ ਸਭ ਤੋਂ ਵੱਧ ਸੈਲਾਨੀ ਜਾਂਦੇ ਹਨ, ਉਨ੍ਹਾਂ ਵਿਚ ਚੀਨ (139 ਫੀਸਦੀ), ਕੋਲੰਬੀਆ (56 ਫੀਸਦੀ), ਭਾਰਤ (54 ਫੀਸਦੀ), ਤਾਇਵਾਨ (52 ਫੀਸਦੀ), ਬਰਾਜ਼ੀਲ (50 ਫੀਸਦੀ) ਤੇ ਅਰਜਨਟੀਨਾ (48 ਫੀਸਦੀ) ਹਨ।

2013 ਵਿਚ ਕੌਮਾਂਤਰੀ ਸੈਲਾਨੀਆਂ ਦੇ ਸੈਰ-ਸਪਾਟੇ 'ਤੇ ਖਰਚੇ ਨਾਲੋਂ 9.1 ਫੀਸਦੀ ਵਧੇ ਤੇ 13 ਲੱਖ ਨੌਕਰੀਆਂ ਦੇ ਮੌਕੇ ਬਣੇ। ਬਿਊਰੋ ਆਫ ਇਕਨਾਮਿਕ ਐਨੇਲਸਿਜ਼ ਅਮਰੀਕੀ ਟਰੈਵਲ ਤੇ ਟੂਰਿਜ਼ਮ ਰਾਹੀਂ ਸਿੱਧੇ-ਅਸਿੱਧੇ ਢੰਗ ਨਾਲ 80 ਲੱਖ ਕੁੱਲ ਨੌਕਰੀਆਂ ਲੋਕਾਂ ਨੂੰ ਮਿਲੀਆਂ ਹੋਈਆਂ ਹਨ। ਵਣਜ ਸਕੱਤਰ ਪੈਨੀ ਪਰਿਟਜ਼ਕਰ ਦਾ ਕਹਿਣਾ ਹੈ ਕਿ ਅਗਲੇ ਪੰਜ ਸਾਲਾਂ ਦੌਰਾਨ ਅਮਰੀਕਾ ਵਿਚ ਸੈਰ-ਸਪਾਟਾ ਖੇਤਰ ਵਿਚ ਹਰ ਸਾਲ ਚਾਰ ਫੀਸਦੀ ਵਾਧਾ ਹੋਣ ਦੇ ਆਸਾਰ ਹਨ ਤੇ 2014 ਦੌਰਾਨ ਦੇਸ਼ ਵਿੱਚ 7 ਕਰੋੜ 22 ਲੱਖ ਵਿਦੇਸ਼ੀ ਸੈਲਾਨੀਆਂ ਦੇ ਆਉਣ ਦੀ ਆਸ ਹੈ।

ਵਣਜ ਵਿਭਾਗ ਦੇ ਕੌਮਾਂਤਰੀ ਟਰੇਡ ਪ੍ਰਸ਼ਾਸਨ ਵੱਲੋਂ ਹਰ ਛੇ ਮਹੀਨੇ ਬਾਅਦ ਜਾਰੀ ਕੀਤੀ ਜਾਂਦੀ ਰਿਪੋਰਟ ਦੀ ਐਤਕੀਂ ਦੀ ਪੇਸ਼ੀਨਗੋਈ ਵਿਚ ਕਿਹਾ ਗਿਆ ਹੈ ਕਿ 2018 ਤੱਕ ਲਗਾਤਾਰ ਚਾਰ ਸਾਲ ਅਮਰੀਕਾ ਵਿਚ ਸੈਲਾਨੀਆਂ ਦੀ ਗਿਣਤੀ ਵਧਦੀ ਰਹੇਗੀ ਜਿਸ ਨਾਲ ਦੇਸ਼ ਵਿਚ ਆਰਥਿਕ ਵਾਧੇ ਦੇ ਆਸਾਰ ਬਣਨਗੇ।

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on : Radio Sets (CA, WA, NV)
Dial in 832-551-5029 or 605-475-6868
Android & iPhone App
www.PunjabiRadioUSA.com
Ph: 408-272-5200

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਸਕੂਲਾਂ ਵਾਲੀਆਂ ਕਿਤਾਬਾਂ ਵਿਚ ਵੀ ਬਾਦਲਾਂ ਦੇ ਸੋਹਲੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਹੁਣ ਸਕੂਲੀ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਨ ਦੀ ਆੜ ਵਿਚ ਆਪਣੀਆਂ ਪ੍ਰਾਪਤੀਆਂ ਦਾ ਪਾਠ ਪੜ੍ਹਾਉਣ ਸ਼ੁਰੂ ਕਰ ਦਿੱਤਾ ਹੈ। ਆਪਣੇ ਮੂੰਹੋਂ ਮੀਆਂ ਮਿੱਠੂ ਬਣਨ ਦੇ ਚੱਕਰ ਵਿਚ ਸਰਕਾਰ ਨੇ ਅੱਠਵੀਂ ਜਮਾਤ ਦੀਆਂ ਸਮਾਜਿਕ ਵਿਗਿਆਨ ਦੀਆਂ ਪੁਸਤਕਾਂ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀਆਂ ਤਸਵੀਰਾਂ ਤੇ ਪ੍ਰਾਪਤੀਆਂ ਨੂੰ ਸਿਲੇਬਸ ਵਿਚ ਸ਼ਾਮਲ ਕਰ ਦਿੱਤਾ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਇਸ ਵਰ੍ਹੇ ਛਾਪੀ ਗਈ ਅੱਠਵੀਂ ਸ਼੍ਰੇਣੀ ਦੀ ਸਮਾਜਿਕ ਵਿਗਿਆਨ ਦੀ ਪੁਸਤਕ ਵਿਚ ਸਰਕਾਰ ਦੀਆਂ ਕਈ ਸਕੀਮਾਂ ਨੂੰ ਸਿਲੇਬਸ ਦਾ ਹਿੱਸਾ ਬਣਾਇਆ ਗਿਆ ਹੈ। ਇਹ ਪੁਸਤਕ ਇਨ੍ਹੀਂ ਦਿਨੀਂ ਪੰਜਾਬ ਦੇ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਮੁਫ਼ਤ ਵੰਡੀ ਜਾ ਰਹੀ ਹੈ। ਪੁਸਤਕ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀਆਂ ਦੋ ਤੇ ਨੰਨ੍ਹੀ ਛਾਂ ਮੁਹਿੰਮ ਦੇ ਲੋਗੋ ਦੀ ਇਕ ਤਸਵੀਰ ਵੀ ਛਾਪੀ ਗਈ ਹੈ।

ਸਿੱਖਿਆ ਬੋਰਡ ਵੱਲੋਂ ਇਸ ਪੁਸਤਕ ਦੇ ਨਵੇਂ ਐਡੀਸ਼ਨ ਤਹਿਤ 1,57,000 ਕਾਪੀਆਂ ਛਪਵਾਈਆਂ ਗਈਆਂ ਹਨ। ਪਹਿਲਾਂ 2008 ਵਿਚ ਸਮਾਜਿਕ ਵਿਗਿਆਨ ਦੀ ਪੁਸਤਕ ਦੀਆਂ 4,14,520 ਕਾਪੀਆਂ ਛਾਪੀਆਂ ਗਈਆਂ ਸਨ। ਪੰਜਾਬ ਸਰਕਾਰ ਦੀਆਂ ਨੀਤੀਆਂ ਨੂੰ ਸਿਲੇਬਸ ਵਿਚ ਸ਼ਾਮਲ ਕਰਨ ਲਈ ਸਮਾਜਿਕ ਤੇ ਰਾਜਨੀਤਕ ਜੀਵਨ ਅਧੀਨ ਭਾਗ ਤੀਜਾ ਦੇ ਅਖੀਰਲੇ ਤੀਹਵੇਂ 'ਸਮਾਜਿਕ ਖੇਤਰ ਵਿਚ




ਸਰਕਾਰ ਦੇ ਯਤਨ ਤੇ ਇਨ੍ਹਾਂ ਦਾ ਪ੍ਰਭਾਵ' ਸਿਰਲੇਖ ਹੇਠਲੇ ਪੁਰਾਣੇ ਪਾਠ ਦਾ ਵਿਸਤਾਰ ਕੀਤਾ ਗਿਆ ਹੈ।

'ਇਸਤਰੀਆਂ ਦਾ ਸਮਾਜਿਕ ਪੱਧਰ ਉੱਚਾ ਚੁੱਕਣ ਲਈ ਪੰਜਾਬ ਸਰਕਾਰ ਦੇ ਯਤਨ' ਸਿਰਲੇਖ ਤਹਿਤ ਸਰਕਾਰ ਦੀਆਂ ਚਾਰ ਸਕੀਮਾਂ ਨੂੰ ਬਿਆਨਿਆਂ ਗਿਆ ਹੈ ਜਿਨ੍ਹਾਂ ਵਿਚ ਗਰੀਬ ਤੇ ਹੁਸ਼ਿਆਰ ਲੜਕੀਆਂ ਨੂੰ ਬਾਰ੍ਹਵੀਂ ਜਮਾਤ ਤੱਕ ਮੁਫ਼ਤ ਸਿੱਖਿਆ ਦਾ ਪ੍ਰਬੰਧ, ਮਾਈ ਭਾਗੋ ਸਾਈਕਲ ਵੰਡ ਸਕੀਮ ਤਹਿਤ ਗਿਆਰਵੀਂ ਤੇ ਬਾਰ੍ਹਵੀਂ ਵਿਚ ਪੜ੍ਹਦੀਆਂ ਲੜਕੀਆਂ ਨੂੰ ਮੁਫ਼ਤ ਸਾਈਕਲ ਵੰਡਣ, ਗਰੀਬ ਲੜਕੀਆਂ ਦੇ ਵਿਆਹ ਲਈ ਪੰਜਾਬ ਸਰਕਾਰ ਵੱਲੋਂ ਸ਼ਗਨ ਸਕੀਮ ਤੇ ਭਰੂਣ ਹੱਤਿਆ ਨੂੰ ਰੋਕਣ ਲਈ ਵੱਲੋਂ ਨੰਨ੍ਹੀ ਛਾਂ ਮੁਹਿੰਮ ਚਲਾਉਣ ਬਾਰੇ ਉਪਰੋਕਤ ਸਿਰਲੇਖਾਂ ਅਧੀਨ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ।

ਪੁਸਤਕ ਦੇ ਇਸ ਅਖੀਰਲੇ ਪਾਠ ਦੇ ਪੰਨਾ ਨੰਬਰ 279 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਲਈ ਸ਼ਗਨ ਦਿੱਤੇ ਜਾਣ ਦੀ ਤਸਵੀਰ, ਪੁਸਤਕ ਦੇ ਪੰਨਾ ਨੰਬਰ 280 'ਤੇ ਨੰਨ੍ਹੀ ਛਾਂ ਪ੍ਰਾਜੈਕਟ ਦੇ ਲੋਗੋ ਦੀ ਤਸਵੀਰ ਤੋਂ ਇਲਾਵਾ ਮਾਈ ਭਾਗੋ ਸਕੀਮ ਤਹਿਤ ਮੁੱਖ ਮੰਤਰੀ ਵੱਲੋਂ ਸਾਈਕਲ ਵੰਡੇ ਜਾਣ ਬਾਰੇ ਫੋਟੋ ਪ੍ਰਕਾਸ਼ਿਤ ਕੀਤੀ ਗਈ ਹੈ।

## ਚੋਣ ਕਮਿਸ਼ਨ ਦੀ ਘੁਰਕੀ ਮਗਰੋਂ ਕਿਤਾਬ ਵੰਡਣ 'ਤੇ ਰੋਕ

**ਚੰਡੀਗੜ੍ਹ:** ਚੋਣ ਕਮਿਸ਼ਨਰ ਵੱਲੋਂ ਪੰਜਾਬ ਸਰਕਾਰ ਨੂੰ ਅੱਠਵੀਂ ਜਮਾਤ ਦੀ ਸਮਾਜਿਕ ਸਿੱਖਿਆ ਵਿਸ਼ੇ ਦੀ ਕਿਤਾਬ ਵੰਡਣ 'ਤੇ ਫੌਰੀ ਰੋਕ ਲਾਉਣ ਦੇ ਹੁਕਮ ਜਾਰੀ ਕਰਦਿਆਂ ਸਿੱਖਿਆ ਬੋਰਡ ਦੇ ਤਿੰਨ ਵਿਸ਼ਾ ਮਾਹਿਰਾਂ ਨੂੰ ਵੀ ਤਲਬ ਕੀਤਾ ਗਿਆ ਹੈ ਜਿਨ੍ਹਾਂ ਵਿਚ ਇਕ ਅਕਾਲੀ ਦਲ ਦੇ ਸਾਬਕਾ ਮੰਤਰੀ ਦੀ ਨੂੰਹ ਵੀ ਸ਼ਾਮਲ ਹੈ। ਇਹੀ ਨਹੀਂ ਚੋਣ ਕਮਿਸ਼ਨਰ ਨੇ ਬੋਰਡ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕਰਨ ਲਈ ਵੀ ਆਖਿਆ ਹੈ। ਇਸ ਤਰ੍ਹਾਂ ਲੋਕ ਸਭਾ ਚੋਣਾਂ ਦੇ ਐਨ ਮੌਕੇ ਸੂਬਾ ਸਰਕਾਰ ਨੂੰ ਕਾਫੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ।

ਉਧਰ, ਚੋਣ ਕਮਿਸ਼ਨਰ ਦੀ ਘੁਰਕੀ ਤੋਂ ਬਾਅਦ ਸਿੱਖਿਆ ਵਿਭਾਗ ਪੰਜਾਬ ਦੀ ਪ੍ਰਮੁੱਖ ਸਕੱਤਰ ਅੰਜਲੀ ਭਾਵੜਾ ਨੇ ਤੁਰੰਤ ਹਰਕਤ ਵਿਚ ਆਉਂਦਿਆਂ ਅੱਠਵੀਂ ਜਮਾਤ ਦੀ ਸਮਾਜਿਕ ਸਿੱਖਿਆ ਵਿਸ਼ੇ ਦੀ ਕਿਤਾਬ ਦੀ ਵੰਡ ਕਰਨ 'ਤੇ ਰੋਕ ਲਾ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਕੂਲ ਬੋਰਡ ਵੱਲੋਂ ਇਸ ਨਵੇਂ ਪਾਠਕ੍ਰਮ ਦੀਆਂ ਕਰੀਬ ਡੇਢ ਲੱਖ ਤੋਂ ਵੱਧ ਕਿਤਾਬਾਂ ਛਾਪੀਆਂ ਗਈਆਂ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਦੀ ਚੇਅਰਪਰਸਨ ਡਾ. ਤੇਜਿੰਦਰ ਕੌਰ ਧਾਲੀਵਾਲ ਦਾ ਕਹਿਣਾ ਹੈ ਕਿ ਚੋਣ ਕਮਿਸ਼ਨਰ ਦੀਆਂ ਹਦਾਇਤਾਂ ਪਿੱਛੋਂ ਸਿੱਖਿਆ ਵਿਭਾਗ ਦੀ ਪ੍ਰਮੁੱਖ ਸਕੱਤਰ ਦੇ ਹੁਕਮਾਂ ਮੁਤਾਬਕ ਫਿਲਹਾਲ ਅੱਠਵੀਂ ਜਮਾਤ ਦੀ ਸਮਾਜਿਕ ਸਿੱਖਿਆ ਦੀ ਕਿਤਾਬ ਵੰਡਣ 'ਤੇ ਰੋਕ ਲਾ ਦਿੱਤੀ ਹੈ।

# ਨਵੀਆਂ ਜੇਲ੍ਹਾਂ ਲਈ ਜ਼ਮੀਨ ਗਹਿਣੇ ਧਰੇਗੀ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਨਿਰਮਾਣ ਅਧੀਨ ਜੇਲ੍ਹਾਂ ਦੀ ਉਸਾਰੀ ਦਾ ਕੰਮ ਨੇਪਰੇ ਚਾੜ੍ਹਨ ਲਈ ਤਿੰਨ ਜੇਲ੍ਹਾਂ ਦੀ ਜ਼ਮੀਨ ਗਹਿਣੇ ਰੱਖਣ ਦਾ ਫੈਸਲਾ ਕੀਤਾ ਹੈ। ਉਂਜ ਪੰਜਾਬ ਵਿਚ ਚਾਰ ਨਵੀਆਂ ਜੇਲ੍ਹਾਂ ਬਣ ਰਹੀਆਂ ਹਨ ਜਿਨ੍ਹਾਂ ਦੀ ਉਸਾਰੀ ਲਈ ਪੈਸੇ ਦਾ ਸੰਕਟ ਬਣਿਆ ਹੋਇਆ ਹੈ। ਇਸੇ ਲਈ ਉਸਾਰੀ ਹੌਲੀ ਰਫ਼ਤਾਰ ਨਾਲ ਚੱਲ ਰਹੀ ਹੈ।

ਗ੍ਰਹਿ ਵਿਭਾਗ ਪੰਜਾਬ ਨੇ 24 ਮਾਰਚ, 2014 ਨੂੰ ਪੁੱਡਾ ਦੇ ਮੁੱਖ ਪ੍ਰਸ਼ਾਸਕ ਨੂੰ ਪੱਤਰ ਲਿਖ ਕੇ ਨਵੀਆਂ ਜੇਲ੍ਹਾਂ ਦੀ ਉਸਾਰੀ ਵਾਸਤੇ ਮੌਜੂਦਾ ਨਵੀਆਂ ਜੇਲ੍ਹਾਂ ਦੀ ਜ਼ਮੀਨ ਨੂੰ ਗਿਰਵੀ ਰੱਖਣ ਦੀ ਇਜਾਜ਼ਤ ਦੇ ਦਿੱਤੀ। ਇਹ ਹਦਾਇਤ ਕੀਤੀ ਹੈ ਕਿ ਇਸ ਬਾਰੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇ। ਗ੍ਰਹਿ ਵਿਭਾਗ ਪੰਜਾਬ ਨੇ ਪੱਤਰ ਲਿਖ ਕੇ ਬਠਿੰਡਾ, ਮੁਕਤਸਰ ਤੇ ਅੰਮ੍ਰਿਤਸਰ ਦੀਆਂ ਜੇਲ੍ਹਾਂ ਦੀ ਸੰਪਤੀ ਨੂੰ ਗਿਰਵੀ ਰੱਖਣ ਵਾਸਤੇ ਪੁੱਡਾ ਤੇ ਲੋਕ ਨਿਰਮਾਣ ਵਿਭਾਗ ਨਾਲ ਤਾਲਮੇਲ ਕਰਨ ਲਈ ਕਿਹਾ ਹੈ। ਕੇਂਦਰੀ ਜੇਲ੍ਹ ਬਠਿੰਡਾ ਦੇ ਸੁਪਰਡੈਂਟ ਰਾਜਮਹਿੰਦਰ ਸਿੰਘ ਨੇ ਬਠਿੰਡਾ ਵਿਕਾਸ ਅਥਾਰਟੀ ਨਾਲ ਸੰਪਰਕ ਕਰ ਲਿਆ ਹੈ। ਦੱਸਣਯੋਗ ਹੈ ਕਿ ਬਠਿੰਡਾ ਤੇ ਮੁਕਤਸਰ ਦੀ ਜੇਲ੍ਹ ਵਾਸਤੇ ਤਾਂ ਪੰਚਾਇਤੀ ਸ਼ਾਮਲਾਟ ਜ਼ਮੀਨ ਲਈ ਗਈ ਹੈ ਜਿਸ ਨੂੰ ਹੁਣ ਗਿਰਵੀ ਕੀਤਾ ਜਾਵੇਗਾ।

ਪੰਜਾਬ ਵਿਚ ਬਠਿੰਡਾ, ਮੁਕਤਸਰ, ਗੋਇੰਦਵਾਲ ਤੇ ਅੰਮ੍ਰਿਤਸਰ ਵਿਖੇ ਨਵੀਆਂ ਜੇਲ੍ਹਾਂ ਬਣ ਰਹੀਆਂ ਹਨ। ਇਨ੍ਹਾਂ ਦੀ ਉਸਾਰੀ ਵਾਸਤੇ ਤਕਰੀਬਨ 550 ਕਰੋੜ ਰੁਪਏ ਦੀ ਜ਼ਰੂਰਤ ਹੈ। ਜੇਲ੍ਹਾਂ ਦੀ ਉਸਾਰੀ ਵਾਸਤੇ ਪੈਸਾ ਪੁੱਡਾ ਵੱਲੋਂ ਦਿੱਤਾ ਜਾ ਰਿਹਾ ਹੈ। ਪੁੱਡਾ ਨੇ ਹੁਣ ਤੱਕ ਜੇਲ੍ਹ ਵਿਭਾਗ ਨੂੰ ਸਿਰਫ਼ 45 ਕਰੋੜ ਰੁਪਏ ਹੀ ਦਿੱਤੇ ਹਨ। ਲੋਕ ਨਿਰਮਾਣ ਵਿਭਾਗ ਪੰਜਾਬ ਦੇ ਮੁੱਖ ਇੰਜਨੀਅਰ ਏ.ਕੇ ਸਿੰਗਲਾ ਦਾ ਕਹਿਣਾ ਸੀ ਕਿ ਪੁੱਡਾ ਨੇ 45 ਕਰੋੜ ਦੇ ਦਿੱਤੇ ਹਨ ਤੇ ਇਕ-ਦੋ ਦਿਨਾਂ ਵਿਚ 30 ਕਰੋੜ ਰੁਪਏ ਹੋਰ ਮਿਲ ਜਾਣੇ ਹਨ।

ਉਨ੍ਹਾਂ ਆਖਿਆ ਕਿ ਪੁੱਡਾ ਨੇ ਹੁਣ ਵਾਅਦਾ ਕੀਤਾ ਹੈ ਕਿ ਉਹ ਪ੍ਰਤੀ ਮਹੀਨਾ 25 ਕਰੋੜ ਰੁਪਏ ਦੇਣਗੇ। ਉਨ੍ਹਾਂ ਮੰਨਿਆ ਕਿ ਫੰਡ ਸਮੇਂ ਸਿਰ ਨਾ ਮਿਲਣ ਕਰਕੇ ਉਸਾਰੀ ਦੀ ਰਫ਼ਤਾਰ ਥੋੜ੍ਹੀ ਸੁਸਤ ਹੈ। ਬਠਿੰਡਾ ਦੀ ਨਵੀਂ ਜੇਲ੍ਹ ਵਾਸਤੇ ਪਿੰਡ ਗੋਬਿੰਦਪੁਰਾ ਤੇ ਭੋਖੜਾ ਦੀ 30 ਏਕੜ ਪੰਚਾਇਤੀ ਜ਼ਮੀਨ ਲਈ ਗਈ ਸੀ, ਜਿਸ 'ਤੇ ਤਕਰੀਬਨ 170 ਕਰੋੜ ਰੁਪਏ ਖਰਚ ਆਉਣੇ ਹਨ। ਇਸ ਜ਼ਮੀਨ 'ਤੇ ਜੇਲ੍ਹ ਦੀ ਉਸਾਰੀ ਲਈ ਕਰਜ਼ਾ ਲਿਆ ਜਾ ਰਿਹਾ ਹੈ।

ਇਸੇ ਤਰ੍ਹਾਂ ਮੁਕਤਸਰ ਦੀ ਨਵੀਂ ਜੇਲ੍ਹ ਪਿੰਡ ਬੂੜਾ ਗੁਜਰ ਦੀ 23 ਏਕੜ ਪੰਚਾਇਤੀ ਜ਼ਮੀਨ 'ਤੇ ਬਣ ਰਹੀ ਹੈ, ਜਿਸ 'ਤੇ 78 ਕਰੋੜ ਰੁਪਏ ਖਰਚ ਆਉਣੇ ਹਨ। ਅੰਮ੍ਰਿਤਸਰ ਤੇ ਗੋਇੰਦਵਾਲ ਦੀਆਂ ਨਵੀਆਂ ਜੇਲ੍ਹਾਂ 'ਤੇ ਤਕਰੀਬਨ 300 ਕਰੋੜ ਰੁਪਏ ਖਰਚ ਹੋਣੇ ਹਨ। ਏ.ਡੀ.ਜੀ.ਪੀ (ਜੇਲ੍ਹਾਂ) ਰਾਜਪਾਲ ਮੀਨਾ ਮੁਤਾਬਕ ਪੁੱਡਾ ਵੱਲੋਂ ਫੰਡ ਦਿੱਤੇ ਜਾ ਰਹੇ ਹਨ ਤੇ ਉਨ੍ਹਾਂ ਕੋਲ ਇਸ ਵੇਲੇ ਵੇਰਵੇ ਨਹੀਂ ਹਨ। ਪੁੱਡਾ ਦੇ ਮੁੱਖ ਪ੍ਰਸ਼ਾਸਕ ਮਨਵੇਸ਼ ਸਿੰਘ ਸਿੱਧੂ ਮੁਤਾਬਕ ਜੋ ਨਵੀਆਂ ਜੇਲ੍ਹਾਂ ਬਣ ਰਹੀਆਂ ਹਨ, ਉਨ੍ਹਾਂ ਦੀ ਉਸਾਰੀ ਲਈ ਕਰਜ਼ਾ ਲੈਣ ਦਾ ਫੈਸਲਾ ਹੋ ਚੁੱਕਾ ਹੈ। ਕਿੰਨਾ ਕਰਜ਼ਾ ਲੈਣਾ ਹੈ, ਇਸ ਬਾਰੇ ਫੈਸਲਾ ਅਜੇ ਹੋਣਾ ਹੈ।

# ਠੱਗੀਆਂ ਰੋਕਣ ਲਈ ਕੈਨੇਡਾ ਰੈਵੇਨਿਊ ਏਜੰਸੀ ਸਰਗਰਮ

**ਵੈਨਕੂਵਰ:** ਕੈਨੇਡਾ ਰੈਵੇਨਿਊ ਏਜੰਸੀ ਦੇ ਨਾਂਅ 'ਤੇ ਫੋਨ ਕਰਕੇ ਕੈਨੇਡੀਅਨ ਲੋਕਾਂ ਨੂੰ ਬਕਾਏ ਜਮ੍ਹਾਂ ਕਰਾਉਣ ਦੀਆਂ ਧਮਕੀਆਂ ਦੇ ਕੇ ਠੱਗੀਆਂ ਮਾਰੇ ਜਾਣ ਦੀਆਂ ਖ਼ਬਰਾਂ ਤੋਂ ਬਾਅਦ ਏਜੰਸੀ ਸਰਗਰਮ ਹੋ ਗਈ ਹੈ। ਉਸ ਨੂੰ ਲੱਗਿਆ ਸੀ ਕਿ ਸ਼ਾਇਦ ਇਹ ਠੱਗ ਉਸ ਦੀ ਵੈਬਸਾਈਟ ਤੋਂ ਲੋਕਾਂ ਦੇ ਖਾਤਿਆਂ ਦੀ ਜਾਣਕਾਰੀ ਲੈਂਦੇ ਹੋਣ।

ਇਸ ਲਈ ਏਜੰਸੀ ਨੇ ਵੈਬਸਾਈਟ ਵਿਚ ਸੰਨ੍ਹ ਲਾਉਣ ਦੀਆਂ ਸੰਭਾਵਨਾਵਾਂ ਖ਼ਤਮ ਕਰਨ ਲਈ ਲੋਕਾਂ ਦੀ ਪਹੁੰਚ ਕੁਝ ਦਿਨਾਂ ਲਈ ਬੰਦ ਕਰ ਦਿੱਤੀ ਹੈ। ਏਜੰਸੀ ਵੱਲੋਂ ਵੈਬਸਾਈਟ ਵਿਚ ਸੋਧਾਂ ਕੀਤੇ ਜਾਣ ਦੀ ਗੱਲ ਕਹੀ ਗਈ ਹੈ। ਜ਼ਿਕਰਯੋਗ ਹੈ ਕਿ ਪਿਛਲੇ ਕਾਫੀ ਦਿਨਾਂ ਤੋਂ ਲੋਕਾਂ ਖਾਸਕਰ ਪੰਜਾਬੀਆਂ ਨੂੰ ਠੱਗੀ ਦਾ ਸ਼ਿਕਾਰ ਬਣਾਇਆ ਜਾ ਰਿਹਾ ਸੀ। ਉਹ ਏਜੰਸੀ ਦੇ ਨਾਂਅ 'ਤੇ ਫੋਨ ਕਰਕੇ ਕਿਸੇ ਬਕਾਏ ਦੇ ਤੁਰੰਤ ਭੁਗਤਾਨ ਬਾਰੇ ਕਹਿੰਦੇ ਹੋਏ ਤੇ ਇੰਜ ਨਾ ਕਰਨ 'ਤੇ ਪੁਲਿਸ ਕਾਰਵਾਈ ਦੀ ਧਮਕੀ ਦੇ ਕੇ ਲੋਕਾਂ ਤੋਂ ਕੁਝ ਨਾ ਕੁਝ ਬਟੋਰ ਲੈਂਦੇ ਰਹੇ ਹਨ।

ਇਹ ਵੀ ਪਤਾ ਲੱਗਾ ਹੈ ਕਿ ਠੱਗਾਂ ਨੇ ਸਰਕਾਰੀ ਫੋਨ 6136993724 ਨੂੰ ਵੀ ਸੰਨ੍ਹ ਲਾਈ ਹੋਈ ਹੈ, ਜਿਸ ਤੋਂ ਉਹ ਫੋਨ ਕਰ ਕੇ ਲੋਕਾਂ ਨੂੰ ਵਿਸ਼ਵਾਸ ਦਿਵਾ ਦਿੰਦੇ ਸਨ ਕਿ ਉਹ ਵਾਕਿਆ ਹੀ ਏਜੰਸੀ ਦਫਤਰੋਂ ਹੀ ਬੋਲਦੇ ਹਨ। ਲੋਕਾਂ ਦੀ ਏਜੰਸੀ ਤੱਕ ਇੰਟਰਨੈੱਟ ਸੇਵਾ ਬੰਦ ਹੋਣ ਕਾਰਨ ਕਈ ਦਿੱਕਤਾਂ ਪੇਸ਼ ਆ ਰਹੀਆਂ ਹਨ, ਜਿਸ ਨੂੰ ਏਜੰਸੀ ਛੇਤੀ ਸ਼ੁਰੂ ਕਰਨ ਦੇ ਭਰੋਸੇ ਦੇ ਰਹੀ ਹੈ।

ਗੌਰਤਲਬ ਹੈ ਕਿ ਲੋਕਾਂ ਨਾਲ ਪਹਿਲਾਂ ਵੀ ਇਸ ਤਰ੍ਹਾਂ ਦੀਆਂ ਠੱਗੀਆਂ ਦੀਆਂ ਖ਼ਬਰਾਂ ਆਉਂਦੀਆਂ ਰਹੀਆਂ ਹਨ। ਪੁਲਿਸ ਦਾ ਕਹਿਣਾ ਹੈ ਕਿ ਉਹ ਇਸ ਦੀ ਪੈੜ ਵੀ ਨੱਪ ਲਵੇਗੀ ਅਤੇ ਲੋਕਾਂ ਨੂੰ ਰਾਹਤ ਦੇਵੇਗੀ।

# ਬਾਦਲ ਪੰਜਾਬ ਦੇ ਪੈਸੇ ਨਾਲ ਨਿਭਾਅ ਰਿਹਾ ਹੈ ਯਾਰੀਆਂ

**ਮੁਕਤਸਰ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਹਰਿਆਣਾ ਦੇ ਚੌਟਾਲਾ ਪਰਿਵਾਰ ਨਾਲ ਦੋਸਤੀ ਪੰਜਾਬ ਸਰਕਾਰ ਦੇ ਖ਼ਜ਼ਾਨੇ ਨੂੰ ਮਹਿੰਗੀ ਪੈ ਰਹੀ ਹੈ। ਸ. ਬਾਦਲ ਦੀ ਚੌਟਾਲਾ ਪਰਿਵਾਰ ਨਾਲ ਸਾਂਝ ਕਾਰਨ ਪੰਜਾਬ ਤੇ ਹਰਿਆਣਾ ਹੱਦ 'ਤੇ ਬਣੀ ਚੌਧਰੀ ਦੇਵੀ ਲਾਲ ਯਾਦਗਾਰ ਦੀ ਚਮਕ ਦਮਕ ਬਰਕਰਾਰ ਰੱਖਣ ਦਾ ਬੀੜਾ ਪੰਜਾਬ ਸਰਕਾਰ ਨੇ ਚੁੱਕਿਆ ਹੋਇਆ ਹੈ। ਸੂਬੇ ਦੀ ਇਹ ਪਹਿਲੀ ਯਾਦਗਾਰ ਹੈ ਜਿਥੇ ਪੰਜਾਬ ਪੁਲਿਸ ਦਾ ਪਹਿਰਾ ਲੱਗਾ ਹੋਇਆ ਹੈ।

ਪੰਜਾਬ ਸਰਕਾਰ ਇਸ ਯਾਦਗਾਰ ਦੀ ਸਾਂਭ ਸੰਭਾਲ ਤੇ ਸੁਰੱਖਿਆ 'ਤੇ ਸਾਲਾਨਾ ਤਕਰੀਬਨ 25 ਲੱਖ ਰੁਪਏ ਖਰਚ ਕਰਦੀ ਹੈ। ਯਾਦਗਾਰ ਦੀ ਸੁਰੱਖਿਆ 'ਤੇ ਸਾਲ 2007 ਤੋਂ ਇਕ ਏ.ਐਸ.ਆਈ ਤੇ ਚਾਰ ਹੌਲਦਾਰ ਤਾਇਨਾਤ ਹਨ ਜਿਨ੍ਹਾਂ ਵਿਚੋਂ ਚਾਰ ਮੁਲਾਜ਼ਮ ਹਲਕਾ ਲੰਬੀ ਦੇ ਹੀ ਹਨ। ਸਰਕਾਰ ਨੇ ਪਾਵਰਕੌਮ ਦੇ ਦਫ਼ਤਰ ਨੂੰ ਢਾਹ ਕੇ ਚੌਧਰੀ ਦੇਵੀ ਲਾਲ ਦਾ ਬੁੱਤ ਲਾਇਆ ਸੀ ਜਿਸ ਦਾ ਉਦਘਾਟਨ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ 25 ਸਤੰਬਰ, 2001 ਨੂੰ ਕੀਤਾ ਸੀ।ਪਾਵਰਕੌਮ (ਉਦੋਂ ਪੰਜਾਬ ਰਾਜ ਬਿਜਲੀ ਬੋਰਡ) ਨੇ 20 ਜੁਲਾਈ, 2001 ਨੂੰ ਲੋਕ ਨਿਰਮਾਣ ਵਿਭਾਗ ਨੂੰ ਪੱਤਰ ਲਿਖ ਕੇ ਯਾਦਗਾਰ ਵਾਸਤੇ ਛੇ ਕਨਾਲ 12 ਮਰਲੇ ਜਗ੍ਹਾ ਦੇ 42.03 ਲੱਖ ਰੁਪਏ ਦੇ ਮੁਆਵਜ਼ੇ ਦੀ ਮੰਗ ਕੀਤੀ ਸੀ। ਤਿੰਨ ਸਾਲ ਪਹਿਲਾਂ 12 ਨਵੰਬਰ, 2011 ਨੂੰ ਬੋਰਡ ਨੇ ਮੁੜ ਮੁਕਤਸਰ ਦੇ ਡਿਪਟੀ ਕਮਿਸ਼ਨਰ ਨੂੰ ਪੱਤਰ ਨੰਬਰ 18,206 ਲਿਖ ਕੇ ਮੁਆਵਜ਼ੇ ਦਾ ਚੇਤਾ ਕਰਾਇਆ ਸੀ। ਬੋਰਡ ਨੂੰ ਇਹ ਮੁਆਵਜ਼ਾ ਅਦਾ ਨਹੀਂ ਕੀਤਾ ਗਿਆ। ਪੰਜਾਬ ਮੰਡੀ ਬੋਰਡ ਵੱਲੋਂ ਇਸ ਯਾਦਗਾਰ ਦੀ ਉਸਾਰੀ 'ਤੇ 66.40 ਲੱਖ ਰੁਪਏ ਖਰਚੇ ਗਏ ਸਨ ਤੇ ਹੁਣ ਬਿਜਲੀ ਖਰਚਾ ਵੀ ਮੰਡੀ ਬੋਰਡ ਹੀ ਝੱਲ ਰਿਹਾ ਹੈ। ਯਾਦਗਾਰ ਵਿਚਲੀ ਸੁਰੱਖਿਆ ਗਾਰਦ ਦੇ ਇੰਚਾਰਜ ਏ.ਐਸ.ਆਈ ਸਾਧੂ ਸਿੰਘ ਦਾ ਕਹਿਣਾ ਹੈ ਕਿ ਯਾਦਗਾਰ ਦੀ ਸੁਰੱਖਿਆ ਲਈ 2007 ਤੋਂ ਗਾਰਦ ਤਾਇਨਾਤ ਕੀਤੀ ਹੋਈ ਹੈ ਤੇ ਉਨ੍ਹਾਂ ਨੂੰ 2012 ਵਿਚ ਕਮਰੇ ਬਣਾ ਕੇ ਦਿੱਤੇ ਗਏ ਹਨ।

ਮਿਲੀ ਜਾਣਕਾਰੀ ਮੁਤਾਬਕ ਇਸ ਯਾਦਗਾਰ ਦੀ ਲਿਸ਼ਕ-ਪੁਸ਼ਕ ਵਾਸਤੇ ਹਲਕਾ ਲੰਬੀ ਦੇ ਹੀ ਚਾਰ ਮਾਲੀ ਤੇ ਚੌਕੀਦਾਰ ਤਾਇਨਾਤ ਕੀਤੇ ਹੋਏ ਹਨ ਜਿਨ੍ਹਾਂ ਨੂੰ ਡਿਪਟੀ ਕਮਿਸ਼ਨਰ ਦਫ਼ਤਰ ਤਕਰੀਬਨ 25 ਹਜ਼ਾਰ ਰੁਪਏ ਪ੍ਰਤੀ ਮਹੀਨਾ

## ਦੇਵੀ ਲਾਲ ਦੀ ਯਾਦਗਾਰ ਉਤੇ ਖਰਚੇ ਜਾ ਰਹੇ ਹਨ 25 ਲੱਖ ਰੁਪਏ ਸਾਲਾਨਾ



ਤਨਖਾਹ ਦਿੰਦਾ ਹੈ। ਪਿੰਡ ਬਾਦਲ ਦੇ ਮਾਲੀ ਗੁਰਦੀਪ ਸਿੰਘ ਤੇ ਸੁਖਜੀਤ ਸਿੰਘ ਮੁਤਾਬਕ ਉਹ ਪਹਿਲਾਂ ਬਿਰਧ ਆਸ਼ਰਮ ਵਿਖੇ ਕੰਮ ਕਰਦੇ ਸਨ। ਕਾਂਗਰਸ ਸਰਕਾਰ ਨੇ ਇਸ ਯਾਦਗਾਰ ਨੂੰ ਕੋਈ ਤਰਜੀਹ ਨਹੀਂ ਦਿੱਤੀ ਸੀ। ਅਕਾਲੀ ਸਰਕਾਰ ਨੇ ਸਾਲ 2007 ਤੋਂ ਇਸ ਯਾਦਗਾਰ ਵੱਲ ਮੁੜ ਧਿਆਨ ਦੇਣਾ ਸ਼ੁਰੂ ਕੀਤਾ।

ਯਾਦਗਾਰ ਦੀ ਥੋੜ੍ਹਾ ਸਮਾਂ ਪਹਿਲਾਂ ਰੈਨੋਵੇਸ਼ਨ ਕੀਤੀ ਗਈ ਹੈ ਜਿਸ 'ਤੇ ਲੱਖਾਂ ਰੁਪਏ ਖਰਚ ਕੀਤੇ ਗਏ ਹਨ।ਪਾਵਰਕੌਮ ਨੇ ਇਸ ਯਾਦਗਾਰ ਨੂੰ 19.98 ਕਿਲੋਵਾਟ ਲੋਡ ਦਾ ਬਿਜਲੀ ਕੁਨੈਕਸ਼ਨ ਵੀ ਦਿੱਤਾ ਹੋਇਆ ਹੈ। ਮਾਰਕੀਟ ਕਮੇਟੀ ਮਲੋਟ ਖ਼ੁਦ ਕਰਜ਼ੇ ਦੇ ਬੋਝ ਹੇਠ ਹੈ ਪਰ ਉਸ ਨੂੰ ਇਸ ਯਾਦਗਾਰ ਦਾ ਬਿਜਲੀ ਖਰਚਾ ਵੀ ਚੁੱਕਣਾ ਪੈ ਰਿਹਾ ਹੈ।

ਮਾਰਕੀਟ ਕਮੇਟੀ ਮਲੋਟ ਨੇ ਆਰ.ਟੀ.ਆਈ ਤਹਿਤ ਦੱਸਿਆ ਹੈ ਕਿ ਕਮੇਟੀ ਵੱਲੋਂ ਯਾਦਗਾਰ ਵਿਚ ਬਿਜਲੀ ਦੇ ਰੱਖ-ਰਖਾਅ ਲਈ 6.19 ਲੱਖ ਰੁਪਏ ਦਿੱਤੇ ਗਏ ਸਨ ਤੇ ਮਾਰਚ 2010 ਵਿਚ ਨਵਾਂ ਟਰਾਂਸਫਾਰਮਰ ਲਗਾਉਣ ਲਈ 81,513 ਰੁਪਏ ਦਿੱਤੇ ਸਨ। ਇਹ ਮਾਰਕਿਟ ਕਮੇਟੀ ਸਾਲ 2008 ਤੋਂ ਦਸੰਬਰ 2013 ਤੱਕ ਇਸ ਯਾਦਗਾਰ ਦਾ 8.15 ਲੱਖ ਰੁਪਏ ਬਿਜਲੀ ਬਿੱਲ ਵੀ ਤਾਰ ਚੁੱਕੀ ਹੈ। ਖ਼ੁਦ ਮਾਰਕੀਟ ਕਮੇਟੀ ਦੀ ਇਹ ਹਾਲਤ ਹੈ ਕਿ ਕਮੇਟੀ ਨੇ ਸੜਕਾਂ ਵਾਸਤੇ 3.19 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਹੈ। ਮਾਰਕੀਟ ਕਮੇਟੀ ਦੀ ਸਾਲ 2012-13 ਵਿਚ ਆਮਦਨ 17.05 ਕਰੋੜ ਰੁਪਏ ਸੀ ਜਦੋਂ ਕਿ ਖਰਚਾ 18.86 ਕਰੋੜ ਰੁਪਏ ਸੀ। ਇਸੇ ਤਰ੍ਹਾਂ 2011-12 ਵਿਚ ਆਮਦਨ 12.54 ਕਰੋੜ ਰੁਪਏ ਸੀ ਤੇ ਖ਼ਰਚ 12.65 ਕਰੋੜ ਰੁਪਏ ਸੀ। ਦੂਜੇ ਪਾਸੇ ਦੇਖਿਆ ਜਾਵੇ ਤਾਂ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਾਲ 2005 ਵਿਚ ਮੁਕਤਸਰ ਵਿਖੇ ਚਾਲੀ ਮੁਕਤਿਆਂ ਦੀ ਯਾਦ ਵਿਚ ਬਣਾਈ ਮੁਕਤੇ ਮੀਨਾਰ ਵੱਲ ਮੌਜੂਦਾ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ। ਇਸ ਨੂੰ ਸੈਰ ਸਪਾਟਾ ਕੇਂਦਰ ਦੇ ਧਾਰਮਿਕ ਕੇਂਦਰ ਵਜੋਂ ਵਿਕਸਿਤ ਕੀਤਾ ਜਾਣਾ ਸੀ ਪਰ ਇਹ ਯਾਦਗਾਰ ਅਣਗੌਲੀ ਪਈ ਹੈ।

ਮਾਰਕਫੈੱਡ ਮੁਕਤਸਰ ਦੇ ਜ਼ਿਲ੍ਹਾ ਮੈਨੇਜਰ ਐਚ.ਐਸ ਧਾਲੀਵਾਲ ਦਾ ਕਹਿਣਾ ਹੈ ਕਿ ਕਿ ਮੁਕਤੇ ਮੀਨਾਰ ਦੀ ਸਾਂਭ ਸੰਭਾਲ ਕਰ ਰਹੇ ਹਨ ਤੇ ਹੁਣ ਉਹ ਇਸ ਦੀ ਰੈਨੋਵੇਸ਼ਨ ਵਗੈਰਾ ਵੀ ਕਰਾ ਰਹੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਮੁਕਤਸਰ ਵਿਚ ਚਾਲੀ ਮੁਕਤਿਆਂ ਦੀ ਯਾਦਗਾਰ ਦਾ ਨੀਂਹ ਪੱਥਰ ਰੱਖਿਆ ਗਿਆ ਸੀ ਪਰ ਯਾਦਗਾਰ ਅੱਜ ਤੱਕ ਮੁਕੰਮਲ ਨਹੀਂ ਹੋ ਸਕੀ।

# ਬਰਤਾਨਵੀ ਸਿੱਖ ਦੇ ਘਰੋਂ ਮਿਲੇ 92 ਹਥਿਆਰ

**ਲੰਡਨ:** ਆਪਣੇ ਲੈਸਟਰ ਸਥਿਤ ਘਰ ਵਿਚ 92 ਹਥਿਆਰ ਰੱਖਣੇ ਮੰਨਣ ਵਾਲੇ 21 ਸਾਲਾ ਬਰਤਾਨਵੀ ਸਿੱਖ ਨੌਜਵਾਨ ਨੂੰ ਅਗਲੇ ਮਹੀਨੇ ਸਜ਼ਾ ਸੁਣਾਈ ਜਾਏਗੀ। ਇਹ ਸਜ਼ਾ ਪੰਜ ਸਾਲ ਤੱਕ ਦੀ ਹੋ ਸਕਦੀ ਹੈ। ਲੈਸਟਰ ਪੁਲਿਸ ਨੇ ਦੱਸਿਆ ਕਿ ਪਰਵਿੰਦਰ ਬਨਿੰਗ ਨੂੰ ਮਿਲਣ ਵਾਲੀ ਸਜ਼ਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਸ ਦੇ ਸਾਰੇ ਗੁਨਾਹਾਂ ਦੀ ਸਜ਼ਾ ਨਾਲੋ-ਨਾਲ ਚੱਲਣਗੀਆਂ ਜਾਂ ਇਹ ਸਜ਼ਾਵਾਂ ਅੱਡੋ-ਅੱਡ ਚੱਲਣਗੀਆਂ।

ਇਕ 18 ਸਾਲਾ ਮੁਟਿਆਰ ਨੂੰ ਵੀ ਪੁਲਿਸ ਦੀ ਪੁੱਛਗਿੱਛ ਵਿਚ ਸ਼ਾਮਲ ਕੀਤਾ ਗਿਆ ਸੀ ਪਰ ਮਗਰੋਂ ਉਸ ਨੂੰ ਬਿਨਾਂ ਕੋਈ ਦੋਸ਼ ਲਾਏ ਛੱਡ ਦਿੱਤਾ ਗਿਆ। ਕਿਚਨਰ ਰੋਡ ਲੈਸਟਰ ਦਾ ਬਨਿੰਗ ਲੈਸਟਰ ਕਰਾਊਨ ਅਦਾਲਤ ਵਿਚ ਪੇਸ਼ ਹੋਇਆ ਤੇ ਉਸ ਨੇ ਮੰਨਿਆ ਕਿ ਉਸ ਨੇ ਧਾਰਦਾਰ ਹਥਿਆਰ, ਤਿੰਨ ਸੈੱਟ ਧਾਤੀ ਛੱਲਿਆਂ ਦੇ ਬਾਹਰੋਂ ਮੰਗਾਏ ਸਨ।

ਖੁੱਲ੍ਹਣ ਵਾਲੀਆਂ ਡਾਂਗਾਂ, ਮਿਰਚਾਂ ਵਾਲਾ ਸਪਰੇਅ ਬਾਹਰੋਂ ਮੰਗਾਏ ਸਨ ਤੇ ਸਟੇਨ ਗਨ ਖਰੀਦੀ ਸੀ। ਉਸ ਕੋਲ ਇਕੱਠੀਆਂ ਹੋ ਸਕਣ ਵਾਲੀਆਂ ਸਟੇਨ ਗੰਨਾਂ ਵੀ ਮਿਲੀਆਂ। ਪਿਛਲੇ ਸਾਲ ਦਸੰਬਰ ਵਿਚ ਪੁਲਿਸ ਨੇ ਜਦੋਂ ਉਸ ਦੇ ਘਰ ਛਾਪਾ ਮਾਰਿਆ ਸੀ ਤਾਂ ਉਥੋਂ 37 ਚਾਕੂ-ਛੁਰੀਆਂ, ਮਾਰਸ਼ਲ ਆਰਟ ਵਰਲੀਆਂ ਕਿਰਪਾਨਾਂ, ਵਗਾਹ ਕੇ ਮਾਰੇ ਜਾ ਸਕਣ ਵਾਲੇ ਧਾਰਦਾਰ ਹਥਿਆਰ, ਸਟੇਨ ਗੰਨਾਂ ਦੀ ਰੇਂਜ, ਜਿਨ੍ਹਾਂ ਵਿਚੋਂ ਇਕ ਤਾਂ 100,000 ਵੋਲਟ ਦਾ ਸ਼ਾਕ ਵੀ ਦੇ ਸਕਦੀ ਹੈ, ਉਸ ਕੋਲੋਂ ਮਿਲੀ। ਉਸ ਨੇ ਇਹ ਹਥਿਆਰ ਬਾਹਰੋਂ ਮੰਗਾਏ ਤੇ ਇਨ੍ਹਾਂ ਲਈ ਰਕਮ ਅਦਾ ਕੀਤੀ। ਖੰਜਰ ਤੇ ਹੋਰ ਤੇਜ਼ਧਾਰ ਹਥਿਆਰ ਵੀ ਉਸ ਤੋਂ ਮਿਲੇ। ਉਸ ਕੋਲੋਂ ਕੁੱਲ 92 ਹਥਿਆਰ ਮਿਲੇ। ਤਿੰਨ ਹੋਰ ਸਟੇਨ ਗੰਨਾਂ ਦੀ ਖਰੀਦ ਦੇ ਆਰਡਰ ਤਿਆਰ ਕੀਤੇ ਜਾ ਰਹੇ ਸਨ। ਬਨਿੰਗ ਨੇ ਇਹ ਨਹੀਂ ਦੱਸਿਆ ਕਿ ਉਸ ਨੇ ਇਹ ਹਥਿਆਰ ਕਿਉਂ ਹਾਸਲ ਕੀਤੇ। ਪੁਲਿਸ ਨੂੰ ਫ਼ਿਕਰ ਹੈ ਕਿ ਇਹ ਉਸ ਵੱਲੋਂ ਆਰਡਰ ਕੀਤੇ ਸਾਰੇ ਹਥਿਆਰ ਇਕੱਠੇ ਨਹੀਂ ਕਰ ਸਕੀ।

# ਭਾਰਤ ਵਿਚ ਵਧ ਰਿਹਾ ਕੈਂਸਰ ਦਾ ਕਹਿਰ

**ਲੰਡਨ:** ਭਾਰਤ ਨੂੰ ਵੱਡੇ ਪੱਧਰ 'ਤੇ ਕੈਂਸਰ, ਸਿਗਰਟਨੋਸ਼ੀ, ਇਸ ਦੀ ਪਛਾਣ ਤੇ ਇਸ ਦੇ ਇਲਾਜ ਨਾਲ ਸਬੰਧਤ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤ ਵਿਚ ਹਰ ਸਾਲ 10 ਲੱਖ ਨਵੇਂ ਕੇਸ ਸਾਹਮਣੇ ਆਉਂਦੇ ਹਨ ਤੇ ਇਥੇ ਇਸ ਰੋਗ ਨਾਲ 6-7 ਲੱਖ ਲੋਕ ਮਰ ਜਾਂਦੇ ਹਨ। 'ਦਾ ਲੈਂਸੇਟ ਆਨਕਾਲੋਜੀ' ਵਿਚ ਪ੍ਰਕਾਸ਼ਿਤ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਾਲ 2035 ਤੱਕ ਭਾਰਤ ਵਿਚ ਹਰ ਸਾਲ ਕੈਂਸਰ ਨਾਲ ਮਰਨ ਵਾਲਿਆਂ ਦੀ ਗਿਣਤੀ ਇਕ ਕਰੋੜ 20 ਲੱਖ ਤੱਕ ਹੋ ਜਾਵੇਗੀ।

ਕਿੰਗਜ ਕਾਲਜ ਲੰਦਨ ਦੇ ਪ੍ਰੋਫੈਸਰਾਂ ਨੇ ਟਾਟਾ ਮੈਮੋਰੀਅਲ ਕੇਂਦਰ ਮੁੰਬਈ ਦੇ ਭਾਰਤੀ ਪ੍ਰੋਫੈਸਰਾਂ ਸੀ.ਐਸ. ਪ੍ਰਾਮੇਸ਼ ਤੇ ਰਾਜਨ ਬਾਦਵੇ ਦੇ ਸਹਿਯੋਗ ਨਾਲ ਇਹ ਰਿਪੋਰਟ ਤਿਆਰ ਕੀਤੀ ਹੈ। ਕਿੰਗਜ ਇੰਡੀਆ ਇੰਸਟੀਚਿਊਟ, ਕਿੰਗਜ ਕਾਲਜ ਲੰਦਨ ਦੇ ਪ੍ਰੋਫੈਸਰ ਨੇ ਕਿਹਾ ਗਿਆ ਹੈ ਕਿ ਭਾਰਤ ਕੈਂਸਰ ਪੀੜਤਾਂ ਦਾ ਸਸਤਾ ਇਲਾਜ ਮੁਹੱਈਆ ਕਰਵਾਉਣ ਵਿਚ ਬਾਕੀ ਵਿਸ਼ਵ ਨਾਲੋਂ ਬਹੁਤ ਪਿੱਛੇ ਹੈ ਤੇ ਨਾਲ ਹੀ ਇਥੇ ਇਸ ਰੋਗ ਨਾਲ ਮਰਨ ਵਾਲਿਆਂ ਲੋਕਾਂ ਦੀ ਗਿਣਤੀ ਵੀ ਉਨ੍ਹੀ ਹੀ ਹੈ ਜਿਨ੍ਹੀ ਕਿ ਉੱਚ ਆਮਦਨ ਵਾਲੇ ਦੇਸ਼ਾਂ ਵਿਚ ਹੈ। ਭਾਰਤ ਵਿਚ ਇਸ ਰੋਗ ਦੀ ਪਛਾਣ ਹੋਣ ਤੋਂ ਬਾਅਦ ਬੀਤੇ 5 ਸਾਲਾਂ ਦੌਰਾਨ ਇਕ ਤਿਹਾਈ ਤੋਂ ਵੀ ਘੱਟ ਮਰੀਜ਼ਾਂ ਦਾ ਇਲਾਜ ਸੰਭਵ ਹੋ ਸਕਿਆ ਹੈ। ਭਾਰਤ ਦੇ 95 ਫੀਸਦੀ ਮੈਡੀਕਲ ਕਾਲਜਾਂ ਵਿਚ ਕੈਂਸਰ ਦੀ ਪਛਾਣ ਤੇ ਇਲਾਜ ਆਦਿ ਲਈ ਸੇਵਾਵਾਂ ਮੁਹੱਈਆ ਨਹੀਂ।

## ਮਾਓਵਾਦੀਆਂ ਨੂੰ ਜੰਗੀ ਜੁਰਮਾਂ ਲਈ ਆਮ ਮੁਆਫੀ ਮਿਲੇਗੀ

**ਕਾਠਮੰਡੂ:** ਨੇਪਾਲ ਵਿਚ ਖ਼ਾਨਾਜੰਗੀ ਦੌਰਾਨ ਜੰਗੀ ਅਪਰਾਧ ਕਰਨ ਵਾਲੇ ਮਾਓਵਾਦੀ ਕਾਰਕੁਨਾਂ ਤੇ ਸੁਰੱਖਿਆ ਦਸਤਿਆਂ ਨੂੰ ਆਮ ਮੁਆਫ਼ੀ ਦੇਣ ਬਾਰੇ ਇਕ ਬਿੱਲ ਲਿਆਂਦਾ ਜਾ ਰਿਹਾ ਹੈ। ਸਰਕਾਰ ਨੇ ਦਹਾਕਾ ਭਰ ਚੱਲੀ ਖ਼ਾਨਾਜੰਗੀ ਦੇ ਅੱਲੇ ਜ਼ਖ਼ਮ ਭਰਨ ਦੇ ਇਰਾਦੇ ਨਾਲ ਲਾਪਤਾ ਲੋਕਾਂ ਬਾਰੇ ਸੱਚ ਤੇ ਸੁਲ੍ਹਾ ਕਮਿਸ਼ਨ ਕਾਇਮ ਕਰਨ ਲਈ ਬਿੱਲ ਪਾਰਲੀਮੈਂਟ ਵਿਚ ਲਿਆਂਦਾ ਸੀ।

ਬਿੱਲ ਤਿਆਰ ਕਰਨ ਵਾਲੇ ਨੇਪਾਲੀ ਕਾਂਗਰਸ ਦੇ ਮੈਂਬਰ ਰਮੇਸ਼ ਲੇਖਕ ਨੇ ਕਿਹਾ ਕਿ ਬਲਾਤਕਾਰ ਦੇ ਮਾਮਲਿਆਂ ਤੋਂ ਇਲਾਵਾ ਹੋਰ ਜਿੰਨੇ ਵੀ ਕੇਸ ਕਮਿਸ਼ਨ ਦੇ ਧਿਆਨ ਵਿਚ ਲਿਆਂਦੇ ਜਾਣਗੇ, ਉਨ੍ਹਾਂ ਵਿਚ ਦੋਸ਼ੀਆਂ ਨੂੰ ਆਮ ਮੁਆਫ਼ੀ ਦਿੱਤੀ ਜਾ ਸਕਦੀ ਹੈ।


**Want to Sell Your Home**

**We can sell your home fast @ best price.**

**ਵਧੀਆ ਕੀਮਤਾਂ 'ਤੇ ਘਰ ਵੇਚਣ ਦਾ ਸੁਨਹਿਰੀ ਮੌਕਾ**



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Sacramento, Stockton, Roseville area prices are on the rise.*

Please call me to find out value of your home.
If you are thinking to Buy or Sell a Home, please give us a chance

*Call: Sohanpreet 'Sam' Chahal*
**@916-612-5773**

Serving from Bay Area to Sacramento

Multi-Million Dollars Producer-2007 to 2012

**Golden State Realty**

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707



**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

**ਗੁਰਬੰਸ ਸਿੰਘ ਗਿੱਲ, ਫੋਨ: 209-815-1869**

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

*ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ*
*ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ*

*ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ*
*ਗੁਰਬੰਸ ਗਿੱਲ, ਫੋਨ: 209-815-1869*



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD® Millennium

**Gurbans Gill 209-815-1869**



**ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?**

**ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ**

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

**ਸੰਪਰਕ ਕਰੋ: ਪਾਲ ਫੋਨ 1-800-705-3863**

Trucking Companies-Improve Your Cash Flow

*Low Rates *One-Time Discounts *No Minimums

**Call Paul at 1-800-705-3863**

Transportation Funding Group, Inc.

Minneapolis , MN 55426

ਗੁਰਮਤਿ ਵਿਚਾਰ

# ਨਾਨਕ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ



ਡਾ. ਗੁਰਨਾਮ ਕੌਰ, ਕੈਨੇਡਾ

ਰਹੱਸਵਾਦ ਵਰਗੇ ਗੰਭੀਰ ਵਿਸ਼ੇ ਦੇ ਖੋਜੀ ਇਹ ਗੱਲ ਭਲੀਭਾਂਤ ਜਾਣਦੇ ਹਨ ਕਿ ਰਹੱਸਾਤਮਕ ਅਨੁਭਵ ਨੂੰ ਬੋਲ ਕੇ ਜਾਂ ਲਿਖ ਕੇ ਦੱਸ ਸਕਣਾ ਬਹੁਤ ਮੁਸ਼ਕਿਲ ਹੁੰਦਾ ਹੈ ਜਿਸ ਨੂੰ ਗੁਰੂ ਅੰਗਦ ਦੇਵ ਨੇ 'ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ' ਕਿਹਾ ਹੈ। ਇਸ ਨੂੰ ਸਿਰਫ ਅਨੁਭਵ ਹੀ ਕੀਤਾ ਜਾ ਸਕਦਾ ਹੈ। ਇਸੇ ਲਈ ਇਸ ਨੂੰ ਸ਼ਬਦਾਂ ਦਾ ਰੂਪ ਦੇਣ ਲਈ ਆਮ ਤੌਰ 'ਤੇ ਬਿੰਬਾਂ ਅਤੇ ਪ੍ਰਤੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਜੀਵ ਦੇ ਅਕਾਲ ਪੁਰਖ ਨਾਲ ਪ੍ਰੇਮ ਨੂੰ ਪ੍ਰਗਟ ਕਰਨ ਲਈ ਪਤੀ ਅਤੇ ਪਤਨੀ ਅਰਥਾਤ ਕੰਤ ਅਤੇ ਧਨ ਜਾਂ ਇਸਤਰੀ ਦੇ ਬਿੰਬ ਦੀ ਆਮ ਵਰਤੋਂ ਕੀਤੀ ਮਿਲਦੀ ਹੈ। ਇਸ ਸਲੋਕ ਵਿਚ ਵੀ ਗੁਰੂ ਅੰਗਦ ਦੇਵ ਕੰਤ ਅਤੇ ਸੁਘੜ ਇਸਤਰੀ ਦੇ ਬਿੰਬ ਰਾਹੀਂ ਦੱਸ ਰਹੇ ਹਨ ਕਿ ਜੀਵ-ਇਸਤਰੀ ਕਿਸ ਤਰ੍ਹਾਂ ਉਸ ਅਕਾਲ ਪੁਰਖ ਨੂੰ ਪਾ ਸਕਦੀ ਹੈ।

ਗੁਰੂ ਅੰਗਦ ਦੇਵ ਫੁਰਮਾਉਂਦੇ ਹਨ ਕਿ ਉਹ ਅਕਾਲ ਪੁਰਖ ਆਪਣੀ ਰਚਨਾ ਕੁਦਰਤ ਵਿਚ ਹਰ ਥਾਂ ਵਿਆਪਕ ਹੈ, ਉਸ ਦੀ ਜੀਵਨ-ਰੌਂ ਦੀ ਧੜਕਣ ਕੁਦਰਤ ਵਿਚ ਸੁਣ ਰਹੀ ਹੈ ਅਰਥਾਤ ਉਸ ਦੀ ਕੁਦਰਤ ਤੋਂ ਮਹਿਸੂਸ ਹੁੰਦਾ ਹੈ ਕਿ ਉਸ ਅਕਾਲ ਪੁਰਖ ਦੀ ਹੋਂਦ ਹੈ ਪਰ ਫਿਰ ਵੀ ਜੀਵ ਨੂੰ ਉਸ ਦੇ ਮਿਲਾਪ ਦਾ ਸੁਆਦ ਪ੍ਰਾਪਤ ਨਹੀਂ ਹੁੰਦਾ। ਇਸ ਦਾ ਕਾਰਨ ਇਹ ਹੈ ਕਿ ਇਹ ਅਨੁਭਵ ਗੁੱਝਾ ਹੈ। ਉਸ ਵਾਹਿਗੁਰੂ ਤੱਕ ਚੱਲ ਕੇ ਜਾਣ ਵਾਲੇ ਪੈਰ ਮਨੁੱਖ ਕੋਲ ਨਹੀਂ ਹਨ, ਉਸ ਨੂੰ ਮਿਲਣ ਵਾਸਤੇ ਮਨੁੱਖ ਕੋਲ ਉਹ ਹੱਥ, ਉਹ ਅੱਖਾਂ ਨਹੀਂ ਹਨ, ਕਿਵੇਂ ਉਹ ਧਾ ਕੇ ਪਰਮਾਤਮਾ ਦੇ ਗੱਲ ਲੱਗੇ।

ਗੁਰੂ ਸਾਹਿਬ ਦੱਸਦੇ ਹਨ ਕਿ ਉਸ ਨੂੰ ਕਿਸ ਤਰ੍ਹਾਂ ਮਿਲਿਆ ਜਾ ਸਕਦਾ ਹੈ? ਉਸ ਦੇ ਭੈ ਵਿਚ ਚੱਲਣਾ ਮਨੁੱਖ ਦੇ ਪੈਰ ਹੋਣੇ ਚਾਹੀਦੇ ਹਨ, ਉਸ ਪ੍ਰਭੂ ਨੂੰ ਪ੍ਰੇਮ ਕਰਨਾ ਮਨੁੱਖ ਦੇ ਹੱਥ ਹੋਣ, ਉਸ ਦੀ ਯਾਦ ਵਿਚ ਜੁੜਨਾ ਮਨੁੱਖ ਦੀਆਂ ਅੱਖਾਂ ਹੋਣ। ਗੁਰੂ ਸਾਹਿਬ ਅੱਗੇ ਕਹਿੰਦੇ ਹਨ, ਹੇ ਸਿਆਣੀ ਜੀਵ-ਰੂਪੀ ਇਸਤਰੀ ਇਸ ਤਰੀਕੇ ਨਾਲ ਉਸ ਮਾਲਕ ਅਕਾਲ ਪੁਰਖ ਨੂੰ ਮਿਲਿਆ ਜਾ ਸਕਦਾ ਹੈ। ਉਸ ਦਾ ਮਿਲਾਪ ਪ੍ਰਾਪਤ ਕਰਨ ਦਾ ਇਹ ਇੱਕ ਤਰੀਕਾ ਹੈ,

ਦਿਸੈ ਸੁਣੀਐ ਜਾਣੀਐ
ਸਾਉ ਨ ਪਾਇਆ ਜਾਇ॥
ਰੁਹਲਾ ਟੁੰਡਾ ਅੰਧੁਲਾ
ਕਿਉ ਗਲਿ ਲਗੈ ਧਾਇ॥
ਭੈ ਕੇ ਚਰਣ ਕਰ ਭਾਵ
ਕੇ ਲੋਇਣ ਸੁਰਤਿ ਕਰੇਇ॥
ਨਾਨਕੁ ਕਹੈ ਸਿਆਣੀਏ
ਇਵ ਕੰਤ ਮਿਲਾਵਾ ਹੋਇ॥੨॥
(ਪੰਨਾ ੧੩੯)

ਇਸ ਤੋਂ ਅਗਲੀ ਪਉੜੀ ਵਿਚ ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਉਹ ਅਕਾਲ ਪੁਰਖ ਇੱਕ ਅਜਿਹੀ ਹਸਤੀ ਹੈ ਜਿਸ ਦੀ ਹੋਂਦ ਸਦਾ ਰਹਿਣ ਵਾਲੀ ਹੈ (ਜਿਸ ਨੂੰ 'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥' ਕਿਹਾ ਹੈ), ਜੋ ਸਦੀਵੀ ਹੈ ਅਤੇ ਇਹ ਜੋ ਸੰਸਾਰ ਨਜ਼ਰ ਆਉਂਦਾ ਹੈ, ਅਰਥਾਤ ਸ੍ਰਿਸ਼ਟੀ ਰਚਨਾ ਦਾ ਇਹ ਖੇਲ ਜੋ ਉਸ ਤੋਂ ਵੱਖਰਾ ਨਜ਼ਰ ਆ ਰਿਹਾ ਹੈ, ਇਹ ਉਸੇ ਦਾ ਰਚਿਆ ਹੋਇਆ ਹੈ। ਉਸ ਵਾਹਿਗੁਰੂ ਨੇ ਹੀ ਮਨੁੱਖ ਅੰਦਰ ਹਉਮੈ ਪੈਦਾ ਕੀਤੀ ਹੈ (ਜੋ ਜੀਵ ਅਤੇ ਪਰਮ ਹਸਤੀ ਵਿਚ ਵਿੱਥ ਦਾ ਕਾਰਨ ਬਣਦੀ ਹੈ), ਉਸ ਨੇ ਹੀ ਗਰਬ ਅਰਥਾਤ ਮਾਣ ਅਤੇ ਲੋਭ-ਲਾਲਚ ਪੈਦਾ ਕੀਤਾ ਹੈ। ਇਸ ਸੰਸਾਰ 'ਤੇ ਸਭ ਕੁਝ ਉਸੇ ਦਾ ਹੀ ਕੀਤਾ ਹੋਇਆ ਹੋ ਰਿਹਾ ਹੈ, ਇਸ ਲਈ ਗੁਰੂ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਜਿਵੇਂ ਤੈਨੂੰ ਚੰਗਾ ਲੱਗਦਾ ਹੈ ਉਵੇਂ ਰੱਖ ਲੈ, ਸਭ ਕੁਝ ਤੇਰੇ ਭਾਣੇ ਵਿਚ ਹੀ ਵਾਪਰ ਰਿਹਾ ਹੈ। ਇੱਕ ਉਹ ਹਨ ਜਿਨ੍ਹਾਂ ਉਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ ਅਤੇ ਉਨ੍ਹਾਂ ਨੂੰ ਅਕਾਲ ਪੁਰਖ ਨੇ ਗੁਰੂ ਦੀ ਸਿੱਖਿਆ ਵੱਲ ਲਾਇਆ ਹੋਇਆ ਹੈ ਅਤੇ ਆਪਣੇ ਨਾਲ ਮੇਲ ਲਿਆ ਹੈ।

ਇੱਕ ਅਜਿਹੇ ਹਨ ਜੋ ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਉਸ ਦੀ ਸੇਵਾ ਵਿਚ ਸਦਾ ਤੱਤਪਰ ਰਹਿੰਦੇ ਹਨ, ਉਨ੍ਹਾਂ ਨੂੰ ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ ਹੋਰ ਕੁਝ ਵੀ ਚੰਗਾ ਨਹੀਂ ਲੱਗਦਾ। ਅਜਿਹੇ ਜੀਵ ਜਿਨ੍ਹਾਂ ਨੂੰ ਅਕਾਲ ਪੁਰਖ ਨੇ ਆਪਣੇ ਨਾਮ ਦੀ ਸੱਚੀ ਕਾਰ ਵੱਲ ਲਾਇਆ ਹੋਇਆ ਹੈ, ਉਨ੍ਹਾਂ ਨੂੰ ਇਸ ਤੋਂ ਬਿਨਾ ਹੋਰ ਕੋਈ ਕੰਮ ਕਰਨਾ ਮੰਦਾ ਲੱਗਦਾ ਹੈ। ਇਹ ਜੋ ਪੁੱਤਰ, ਇਸਤਰੀ ਆਦਿ ਪਰਿਵਾਰ ਹੈ ਇਸ ਤੋਂ ਉਹ ਬੰਦੇ ਨਿਰਲੇਪ ਰਹਿੰਦੇ ਹਨ ਜੋ ਅਕਾਲ ਪੁਰਖ ਨੂੰ ਪਿਆਰੇ ਹਨ। ਅਕਾਲ ਪੁਰਖ ਦੇ ਸਦਾ ਕਾਇਮ ਰਹਿਣ ਵਾਲੇ ਨਾਮ ਵਿਚ ਜੁੜੇ ਹੋਏ ਬੰਦੇ ਅੰਦਰੋਂ ਬਾਹਰੋਂ ਸੁੱਚੇ ਹੁੰਦੇ ਹਨ,

ਸਦਾ ਸਦਾ ਤੂੰ ਏਕੁ ਹੈ
ਤੁਧੁ ਦੂਜਾ ਖੇਲੁ ਰਚਾਇਆ॥
ਹਉਮੈ ਗਰਬੁ ਉਪਾਇ ਕੈ
ਲੋਭੁ ਅੰਤਰਿ ਜੰਤਾ ਪਾਇਆ॥
ਜਿਉ ਭਾਵੈ ਤਿਉ ਰਖੁ ਤੂ
ਸਭ ਕਰੇ ਤੇਰਾ ਕਰਾਇਆ॥ (ਪੰਨਾ ੧੩੯)

ਸਿੱਖ ਧਰਮ ਚਿੰਤਨ ਅਨੁਸਾਰ ਅਕਾਲ ਪੁਰਖ ਨੂੰ ਪਾਉਣ ਦਾ ਰਸਤਾ ਉਸ ਦੇ ਨਾਮ ਦਾ ਸਿਮਰਨ ਕਰਨਾ ਅਤੇ ਉਸ ਦੇ ਗੁਣਾਂ ਨੂੰ ਯਾਦ ਕਰਕੇ ਆਪਣੇ ਅੰਦਰ ਵਸਾਉਣਾ ਹੈ। ਇਸੇ ਤੱਥ ਦੀ ਪ੍ਰੋੜਤਾ ਵਿਚ ਗੁਰੂ ਨਾਨਕ ਸਾਹਿਬ ਅਗਲੇ ਸਲੋਕ ਵਿਚ ਪਰਮਾਤਮਾ ਨੂੰ ਪਾਉਣ ਲਈ ਪ੍ਰਚਲਿਤ ਪਰਿਪਾਟੀਆਂ ਵੱਲ ਸੰਕੇਤ ਕਰਦੇ ਹਨ ਕਿ ਇਹ ਸਾਰੀਆਂ ਪਰੰਪਰਾਵਾਂ ਅਸਲ ਵਿਚ ਮਨੁੱਖ ਦੇ ਅੰਦਰੋਂ ਹਉਮੈ ਨੂੰ ਖਤਮ ਨਹੀਂ ਕਰਦੀਆਂ ਜੋ ਕਿ ਪਰਮਾਤਮਾ ਤੇ ਮਨੁੱਖ ਵਿਚਾਲੇ ਵਿੱਥ ਪੈਦਾ ਕਰਦੀਆਂ ਹਨ। ਇਸ ਤਰ੍ਹਾਂ ਦੇ ਜਤਨ ਕਈ ਵਾਰ ਕਰਮਕਾਂਡ ਵਿਚ ਬਦਲ ਜਾਂਦੇ ਹਨ ਜੋ ਕਿ ਹਉਮੈ ਨੂੰ ਵਧਾਉਂਦੇ ਹਨ।

ਗੁਰੂ ਨਾਨਕ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਮੈਂ ਭਾਵੇਂ ਸੁਮੇਰ ਪਰਬਤ ਵਰਗੇ ਸੋਨੇ ਦੇ ਪਹਾੜ ਤੇ ਗੁਫਾ ਬਣਾ ਲਵਾਂ (ਜੋਗੀ ਆਮ ਤੌਰ 'ਤੇ ਸੁਮੇਰ ਪਰਬਤ ਉਤੇ ਤਪ ਕਰਦੇ ਰਹੇ ਹਨ। ਉਦਾਸੀਆਂ ਸਮੇਂ ਗੁਰੂ ਨਾਨਕ ਸਾਹਿਬ ਦੀ ਜੋਗੀਆਂ ਨਾਲ ਮੁਲਾਕਾਤ ਸੁਮੇਰ ਪਰਬਤ 'ਤੇ ਹੀ ਹੋਈ ਸੀ), ਭਾਵੇਂ ਪਾਤਾਲ ਵਿਚ ਪਾਣੀ ਵਿਚ ਰਹਿਣ ਲੱਗ ਪਵਾਂ (ਇਹ ਸਾਰੇ ਤਪ ਕਰਕੇ ਪਰਮਾਤਮਾ ਨੂੰ ਪਾਉਣ ਦੇ ਪਰੰਪਰਕ ਸਾਧਨ ਮੰਨੇ ਗਏ ਹਨ), ਭਾਵੇਂ ਧਰਤੀ ਵਿਚ ਰਹਾਂ ਅਤੇ ਭਾਵੇਂ ਆਕਾਸ਼ ਵਿਚ ਪੁੱਠਾ ਸਿਰ ਭਾਰ ਖੜਾ ਰਹਾਂ। ਭਾਵੇਂ ਆਪਣੇ ਸਰੀਰ ਨੂੰ ਚੰਗੀ ਤਰ੍ਹਾਂ ਕੱਪੜੇ ਨਾਲ ਢੱਕ ਕੇ ਰੱਖਾਂ (ਕਾਪੜੀ ਸਾਧੂਆਂ ਦੀ ਤਰ੍ਹਾਂ-ਇਹ ਵੀ ਇੱਕ ਪਰੰਪਰਾ ਹੈ) ਅਤੇ ਭਾਵੇਂ ਸਰੀਰ ਨੂੰ ਪਵਿੱਤਰ ਰੱਖਣ ਲਈ ਸਾਰਾ ਦਿਨ ਪਾਣੀ ਨਾਲ ਧੋਂਦਾ ਰਹਾਂ। ਬੇਸ਼ੱਕ ਮੈਂ ਚਿੱਟੇ, ਲਾਲ, ਪੀਲੇ ਜਾਂ ਕਾਲੇ ਕੱਪੜੇ ਪਾ ਕੇ ਚਾਰੇ ਵੇਦਾਂ ਦਾ ਉਚਾਰਨ ਕਰਾਂ (ਹਰ ਵੇਦ ਦਾ ਆਪਣਾ ਰੰਗ ਮੰਨਿਆ ਗਿਆ ਹੈ), ਚਾਹੇ ਸਰੇਵੜਿਆਂ (ਜੈਨੀ ਸਾਧੂ) ਦੀ ਤਰ੍ਹਾਂ ਗੰਦਾ ਅਤੇ ਮੈਲਾ ਰਹਾਂ- ਪਰ ਇਹ ਸਾਰੇ ਕਰਮ ਮੰਦੇ ਕਰਮ ਅਤੇ ਭੈੜੀ ਬੁੱਧੀ ਵਾਲੇ ਕਰਮ ਹੀ ਹਨ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ, ਮੇਰੀ ਇੱਛਾ ਸ਼ਬਦ ਦੀ ਵਿਚਾਰ ਕਰਕੇ ਸ਼ਬਦ ਰਾਹੀਂ ਆਪਣੀ ਹਉਮੈ ਨੂੰ ਦੂਰ ਕਰਨਾ ਹੈ, ਮੈਂ ਚਾਹੁੰਦਾ ਹਾਂ ਕਿ ਸ਼ਬਦ ਦੀ ਵਿਚਾਰ ਰਾਹੀਂ ਮੇਰੇ ਮਨ ਦੀ ਹਉਮੈ ਦੂਰ ਹੋ ਜਾਵੇ,

ਸੁਇਨੇ ਕੈ ਪਰਬਤਿ ਗੁਫਾ ਕਰੀ
ਕੈ ਪਾਣੀ ਪਇਆਲਿ॥
ਕੈ ਵਿਚਿ ਧਰਤੀ ਕੈ ਆਕਾਸੀ
ਉਰਧਿ ਰਹਾ ਸਿਰਿ ਭਾਰਿ॥
ਪੁਰੁ ਕਰਿ ਕਾਇਆ ਕਪੜੁ ਪਹਿਰਾ
ਧੋਵਾ ਸਦਾਕਾਰਿ॥
ਬਗਾ ਰਤਾ ਪੀਅਲਾ ਕਾਲਾ
ਬੇਦਾ ਕਰੀ ਪੁਕਾਰ॥
ਹੋਇ ਕੁਚੀਲੁ ਰਹਾ ਮਲੁ ਧਾਰੀ
ਦੁਰਮਤਿ ਮਤਿ ਵਿਕਾਰ॥
ਨਾ ਹਉ ਨਾ ਮੈ ਨਾ ਹਉ ਹੋਵਾ
ਨਾਨਕ ਸਬਦੁ ਵੀਚਾਰਿ॥੧॥ (ਪੰਨਾ ੧੩੯)

ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ ਦੱਸਿਆ ਹੈ ਕਿ ਜੇ ਕੱਪੜੇ ਗੰਦੇ ਹੋ ਜਾਣ ਤਾਂ ਉਨ੍ਹਾਂ ਨੂੰ ਸਾਬਣ ਨਾਲ ਧੋ ਲਈਦਾ ਹੈ ਅਤੇ ਉਹ ਸਾਫ ਹੋ ਜਾਂਦੇ ਹਨ ਪਰ ਜੇ ਮਨੁੱਖ ਦਾ ਮਨ ਅਤੇ ਬੁੱਧੀ ਪਾਪਾਂ ਦੀ ਮੈਲ ਲੱਗਣ ਨਾਲ ਗੰਦੇ ਹੋ ਜਾਣ ਤਾਂ ਉਨ੍ਹਾਂ ਦੀ ਮੈਲ ਨਾਮ ਸਿਮਰਨ ਰਾਹੀਂ ਕੱਟੀ ਜਾਂਦੀ ਹੈ। ਇੱਥੇ ਅਗਲੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਮਨੁੱਖ ਸਮਝ ਲੈਂਦਾ ਹੈ ਕਿ ਕਪੜੇ ਧੋ ਕੇ ਸੁੱਚੇ ਕਰਨ ਅਤੇ ਸਰੀਰ ਧੋਣ ਨਾਲ ਹੀ ਤਪੱਸਵੀ ਬਣ ਜਾਈਦਾ ਹੈ, ਉਹ ਗਲਤ ਹੈ। ਉਸ ਨੂੰ ਆਪਣੇ ਅੰਦਰ ਲੱਗੀ ਹੋਈ ਪਾਪਾਂ ਦੀ ਗੰਦਗੀ ਦੀ ਪਛਾਣ ਨਹੀਂ ਹੁੰਦੀ ਅਤੇ ਬਾਹਰੋਂ ਹੀ ਸਰੀਰ ਨੂੰ ਮਲ ਮਲ ਕੇ, ਧੋਂਦਾ ਅਤੇ ਸੁੱਚਾ ਬਣਦਾ ਰਹਿੰਦਾ ਹੈ। ਅਜਿਹਾ ਮਨੁੱਖ ਅਕਲ ਦਾ ਅੰਨ੍ਹਾ ਹੈ ਜੋ ਸਹੀ ਅਤੇ ਸਪਸ਼ਟ ਰਾਹ ਤੋਂ ਖੁੰਝ ਕੇ ਮੌਤ ਦਾ ਭੈ ਦਿਖਾਉਣ ਵਾਲੇ ਜਾਲ ਵਿਚ ਫਸਿਆ ਹੋਇਆ ਹੈ ਅਤੇ ਹਉਮੈ ਵਿਚ ਦੁੱਖ ਸਹਾਰ ਰਿਹਾ ਹੈ ਕਿਉਂਕਿ ਉਹ ਸਰੀਰ ਵਰਗੀ ਪਰਾਈ ਵਸਤੂ ਨੂੰ ਆਪਣੀ ਸਮਝ ਬੈਠਦਾ ਹੈ। ਗੁਰੂ ਨਾਨਕ ਅੱਗੇ ਦੱਸਦੇ ਹਨ ਕਿ ਗੁਰੂ ਦੇ ਸਨਮੁਖ ਹੋਇਆਂ ਮਨੁੱਖ ਦੇ ਅੰਦਰੋਂ ਹਉਮੈ ਦੂਰ ਹੁੰਦੀ ਹੈ। ਹਉਮੈ ਦੂਰ ਹੋਣ ਨਾਲ ਉਹ ਰੱਬ ਦੇ ਨਾਮ ਦਾ ਸਿਮਰਨ ਕਰਦਾ ਹੈ, ਨਾਮ ਜਪਦਾ ਹੈ ਅਤੇ ਨਾਮ ਨੂੰ ਹੀ ਯਾਦ ਕਰਦਾ ਹੈ। ਇਸ ਨਾਮ ਦੀ ਬਰਕਤਿ ਨਾਲ ਮਨੁੱਖ ਸਦੀਵੀ ਸੁੱਖ ਵਿਚ ਟਿਕਿਆ ਰਹਿੰਦਾ ਹੈ,

ਵਸਤ੍ਰ ਪਖਾਲਿ ਪਖਾਲੇ ਕਾਇਆ
ਆਪੇ ਸੰਜਮਿ ਹੋਵੈ॥
ਅੰਤਰਿ ਮੈਲੁ ਲਗੀ ਨਹੀ ਜਾਣੈ
ਬਾਹਰਹੁ ਮਲਿ ਮਲਿ ਧੋਵੈ॥
ਅੰਧਾ ਭੂਲਿ ਪਇਆ ਜਮ ਜਾਲੇ॥
ਵਸਤੁ ਪਰਾਈ ਅਪੁਨੀ ਕਰਿ ਜਾਨੈ
ਹਉਮੈ ਵਿਚਿ ਦੁਖੁ ਘਾਲੇ॥
ਨਾਨਕ ਗੁਰਮੁਖਿ ਹਉਮੈ ਤੁਟੈ
ਤਾ ਹਰਿ ਹਰਿ ਨਾਮੁ ਧਿਆਵੈ॥
ਨਾਮੁ ਜਪੇ ਨਾਮੋ ਆਰਾਧੇ
ਨਾਮੇ ਸੁਖਿ ਸਮਾਵੈ॥੨॥ (ਪੰਨਾ ੧੩੯)

ਇਸ ਤੋਂ ਅੱਗੇ ਚਉਥੀ ਪਉੜੀ ਵਿਚ ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਕਰਤਾ ਪੁਰਖ ਨੇ ਸਰੀਰ ਅਤੇ ਆਤਮਾ ਦਾ ਮੇਲ ਮਿਲਾ ਕੇ ਦੋਹਾਂ ਦੇ ਸੰਜੋਗ ਨਾਲ ਇਸ ਮਨੁੱਖਾ ਜਨਮ ਵਿਚ ਉਨ੍ਹਾਂ ਨੂੰ ਇਕੱਠਾ ਕਰ ਦਿੱਤਾ ਹੈ ਭਾਵ ਮਨੁੱਖ ਦੀ ਸਿਰਜਣਾ ਸਰੀਰ ਅਤੇ ਆਤਮਾ ਦੇ ਸੰਜੋਗ ਰਾਹੀਂ ਕਰ ਦਿੱਤੀ ਹੈ। ਜਿਸ ਕਰਤਾ ਪੁਰਖ ਨੇ ਇਸ ਨੂੰ ਸੰਜੋਗ ਰਾਹੀਂ ਇਕੱਠਾ ਕਰਕੇ ਮਨੁੱਖ ਦੇ ਰੂਪ ਵਿਚ ਪੈਦਾ ਕੀਤਾ ਹੈ, ਉਸ ਨੇ ਹੀ ਇਨ੍ਹਾਂ ਨੂੰ ਵਿਛੋੜ ਵੀ ਰੱਖਿਆ ਹੈ। ਮੂਰਖ ਮਨੁੱਖ ਇਸ ਸਾਰੇ ਵਰਤਾਰੇ ਨੂੰ ਨਾ ਸਮਝਦਾ ਹੋਇਆ ਭੋਗਾਂ ਵਿਚ ਵਿਅਸਤ ਹੋਇਆ ਰਹਿੰਦਾ ਹੈ ਜੋ ਸਾਰੇ ਦੁੱਖਾਂ ਦਾ ਮੂਲ ਹੈ, ਸਰੋਤ ਹੈ। ਪਾਪ ਕਮਾਉਣ ਦੇ ਕਾਰਨ ਭੋਗਾਂ ਦੇ ਸੁੱਖ ਤੋਂ ਰੋਗ ਪੈਦਾ ਹੁੰਦੇ ਹਨ। ਇਸ ਤਰ੍ਹਾਂ ਪਦਾਰਥਾਂ ਦੇ ਭੋਗ ਦੀ ਖੁਸ਼ੀ ਵਿਚ ਦੁੱਖਾਂ ਦੀ ਚਿੰਤਾ ਅਤੇ ਵਿਛੋੜਾ ਪੈਦਾ ਕਰਕੇ ਜਨਮ ਅਤੇ ਮਰਨ ਦਾ ਦੁੱਖ ਸਹੇੜ ਲੈਂਦਾ ਹੈ ਅਰਥਾਤ ਇਸ ਤਰ੍ਹਾਂ ਆਪ ਹੀ ਆਪਣੇ ਜਨਮ ਅਤੇ ਮਰਨ ਦੇ ਚੱਕਰ ਦਾ ਕਾਰਨ ਬਣ ਜਾਂਦਾ ਹੈ। ਮਨੁੱਖ ਦੇ ਇਸ ਚੁਰਾਸੀ ਦੇ ਗੇੜ ਨੂੰ ਖਤਮ ਕਰਨ ਦੀ ਸ਼ਕਤੀ ਸਿਰਫ ਸਤਿਗੁਰੂ ਦੇ ਹੱਥ ਵਿਚ ਹੈ। ਇਸ ਲਈ ਜਿਸ ਮਨੁੱਖ ਨੂੰ ਗੁਰੂ ਮਿਲ ਜਾਂਦਾ ਹੈ, ਉਸ ਦਾ ਇਹ ਗੇੜ ਮੁੱਕ ਜਾਂਦਾ ਹੈ। ਮਨੁੱਖ ਦੀ ਆਪਣੀ ਚਲਾਈ ਹੋਈ ਸਮਝ ਅਤੇ ਬੁੱਧੀ ਨਹੀਂ ਚੱਲਦੀ। ਹੁੰਦਾ ਉਹੀ ਹੈ ਜੋ ਕਰਤਾ ਪੁਰਖ ਕਰਦਾ ਹੈ,

ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ॥
ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ॥
(ਪੰਨਾ ੧੩੯)

ਅਗਲਾ ਸਲੋਕ ਵੀ ਗੁਰੂ ਨਾਨਕ ਸਾਹਿਬ ਦੀ ਰਚਨਾ ਹੈ ਜਿਸ ਵਿਚ ਉਹ ਦੱਸਦੇ ਹਨ ਕਿ ਜਿਹੜੇ ਮਨੁੱਖ ਝੂਠ ਬੋਲ ਬੋਲ ਕੇ ਹਰ ਰੋਜ਼ ਦੂਸਰਿਆਂ ਦਾ ਹੱਕ ਮਾਰਦੇ ਹਨ, ਉਹ ਦੂਸਰਿਆਂ ਨੂੰ ਮੱਤਾਂ ਦੇਣ ਜਾਂਦੇ ਹਨ, ਸਿੱਖਿਆ ਦਿੰਦੇ ਹਨ ਕਿ ਝੂਠ ਨਹੀਂ ਬੋਲਣਾ ਚਾਹੀਦਾ। ਇੱਥੇ ਇਸ਼ਾਰਾ ਧਰਮ ਦੇ ਠੇਕੇਦਾਰ ਕਹੇ ਜਾਣ ਵਾਲੇ ਲੋਕਾਂ ਵੱਲ ਹੈ। ਗੁਰੂ ਨਾਨਕ ਸਾਹਿਬ ਨੇ ਇੱਕ ਹੋਰ ਥਾਂ ਪਰਾਇਆ ਹੱਕ ਖਾਣ ਨੂੰ ਹਿੰਦੂ ਵਾਸਤੇ ਗਊ ਅਤੇ ਮੁਸਲਮਾਨ ਲਈ ਸੂਰ ਖਾਣ ਦੇ ਬਰਾਬਰ ਦੱਸਿਆ ਹੈ ਅਰਥਾਤ ਇਹ ਬਹੁਤ ਹੀ ਵਿਵਰਜਤ ਕੰਮ ਹੈ ਜੋ ਮਨੁੱਖ ਨੂੰ ਨਹੀਂ ਕਰਨਾ ਚਾਹੀਦਾ। ਅਜਿਹੇ ਆਗੂ ਫਿਰ ਇਸ ਤਰ੍ਹਾਂ ਉਜਾਗਰ ਹੁੰਦੇ ਹਨ ਕਿ ਉਹ ਆਪ ਤਾਂ ਡੁੱਬਦੇ ਹੀ ਹਨ ਪਰ ਆਪਣੇ ਨਾਲ ਵਾਲਿਆਂ ਨੂੰ ਵੀ ਡੋਬ ਦਿੰਦੇ ਹਨ,

ਕੂੜੁ ਬੋਲਿ ਮੁਰਦਾਰੁ ਖਾਇ॥
ਅਵਰੀ ਨੋ ਸਮਝਾਵਣਿ ਜਾਇ॥
ਮੁਠਾ ਆਪਿ ਮੁਹਾਏ ਸਾਥੈ॥
ਨਾਨਕ ਐਸਾ ਆਗੂ ਜਾਪੈ॥੧॥
(ਪੰਨਾ ੧੪੦)

ਅਗਲਾ ਸਲੋਕ ਚਉਥੀ ਨਾਨਕ ਜੋਤਿ ਗੁਰੂ ਰਾਮਦਾਸ ਦਾ ਹੈ। ਗੁਰੂ ਰਾਮਦਾਸ ਜੀ ਅਨੁਸਾਰ ਜਿਸ ਮਨੁੱਖ ਦੇ ਅੰਦਰ ਸੱਚ ਹੁੰਦਾ ਹੈ ਅਰਥਾਤ ਅਕਾਲ ਪੁਰਖ ਦਾ ਸੱਚਾ ਨਾਮ ਵੱਸ ਰਿਹਾ ਹੁੰਦਾ ਹੈ, ਉਹ ਮਨੁੱਖ ਆਪਣੇ ਮੂੰਹ ਤੋਂ ਵੀ ਸੱਚੇ ਨਾਮ ਦਾ ਹੀ ਉਚਾਰਨ ਕਰਦਾ ਹੈ, ਅਜਿਹਾ ਮਨੁੱਖ ਅੰਦਰੋਂ-ਬਾਹਰੋਂ ਇੱਕ ਹੁੰਦਾ ਹੈ। ਉਹ ਆਪ ਅਕਾਲ ਪੁਰਖ ਦੇ ਰਸਤੇ 'ਤੇ ਚੱਲਦਾ ਹੈ ਅਤੇ ਦੂਸਰਿਆਂ ਨੂੰ ਵੀ ਵਾਹਿਗੁਰੂ ਦੇ ਸੱਚੇ ਮਾਰਗ 'ਤੇ ਪਾਉਂਦਾ ਹੈ। ਇੱਥੇ ਗੁਰੂ ਮਹਾਰਾਜ ਸਰੋਵਰ ਅਤੇ ਛੱਪੜ ਵਿਚ ਇਸ਼ਨਾਨ ਕਰਨ ਦੀ ਉਦਾਹਰਣ ਦਿੰਦੇ ਹਨ ਕਿ ਮਨੁੱਖ ਇਸ਼ਨਾਨ ਕਰਨ ਜਾਂਦਾ ਹੈ, ਜੇ ਪਾਣੀ ਦਾ ਸਰੋਤ ਖੁੱਲ੍ਹਾ ਅਤੇ ਸਾਫ ਹੈ ਤਾਂ ਇਸ਼ਨਾਨ ਕਰਨ ਨਾਲ ਮਨੁੱਖ ਦੇ ਸਰੀਰ ਦੀ ਸਗਵੀਂ ਮੈਲ ਉਤਰ ਜਾਂਦੀ ਹੈ ਅਤੇ ਸਰੀਰ ਸਾਫ ਹੋ ਜਾਂਦਾ ਹੈ। ਪਰ ਜੇ ਪਾਣੀ ਗੰਦਾ ਹੋਵੇ ਤਾਂ ਸਰੀਰ ਸਾਫ ਹੋਣ ਦੀ ਥਾਂ ਹੋਰ ਗੰਦਾ ਹੋ ਜਾਂਦਾ ਹੈ ਕਿਉਂਕਿ ਉਸ ਨੂੰ ਉਸ ਗੰਦੇ ਪਾਣੀ ਵਿਚੋਂ ਹੋਰ ਗੰਦਗੀ ਚੰਬੜ ਜਾਂਦੀ ਹੈ। ਮਨ ਦੀ ਮੈਲ ਸਾਫ ਕਰਨ ਲਈ ਇਸ ਦਾ ਪਵਿੱਤਰ ਸਰੋਤ ਪੂਰਾ ਗੁਰੂ ਹੈ ਜੋ ਹਰ ਵੇਲੇ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦਾ ਹੈ, ਉਹ ਆਪਣੇ ਪਰਿਵਾਰ ਸਮੇਤ ਵਿਕਾਰਾਂ ਤੋਂ ਬਚਿਆ ਹੋਇਆ ਹੈ। ਪੂਰਾ ਗੁਰੂ ਦੂਸਰਿਆਂ ਨੂੰ ਅਕਾਲ ਪੁਰਖ ਦੇ ਨਾਮ ਦੀ ਦਾਤ ਬਖਸ਼ਿਸ਼ ਕਰਕੇ ਅਰਥਾਤ ਦੂਸਰੇ ਲੋਕਾਂ ਨੂੰ ਵੀ ਨਾਮ ਸਿਮਰਨ ਦੇ ਮਾਰਗ 'ਤੇ ਤੋਰ ਕੇ ਸਾਰੀ ਸ੍ਰਿਸ਼ਟੀ ਨੂੰ ਤਾਰ ਦਿੰਦਾ ਹੈ। ਗੁਰੂ ਰਾਮਦਾਸ ਕਹਿੰਦੇ ਹਨ ਕਿ ਮੈਂ ਅਜਿਹੇ ਗੁਰੂ ਤੋਂ ਸਦਕੇ ਜਾਂਦਾ ਹਾਂ ਜੋ ਆਪ ਪਰਮਾਤਮਾ ਦਾ ਨਾਮ ਸਿਮਰਨ ਕਰਦਾ ਹੈ ਅਤੇ ਹੋਰਨਾਂ ਨੂੰ ਨਾਮ ਦਾ ਸਿਮਰਨ ਕਰਾਉਂਦਾ ਹੈ,

ਜਿਸ ਦੈ ਅੰਦਰਿ ਸਚੁ ਹੈ
ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ
ਹੋਰਨਾ ਨੋ ਹਰਿ ਮਾਰਗਿ ਪਾਏ॥
ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ
ਛਪੜਿ ਨਾਤੈ ਸਗਵੀ ਮਲੁ ਲਾਏ॥
ਤੀਰਥੁ ਪੂਰਾ ਸਤਿਗੁਰੂ ਜੋ
ਅਨਦਿਨੁ ਹਰਿ ਹਰਿ ਨਾਮੁ ਧਿਆਏ॥
ਓਹੁ ਆਪਿ ਛੁਟਾ ਕੁਟੰਬ ਸਿਉ ਦੇ
ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ॥
ਜਨ ਨਾਨਕ ਤਿਸੁ ਬਲਿਹਾਰਣੈ
ਜੋ ਆਪਿ ਜਪੈ ਅਵਰਾ ਨਾਮੁ ਜਪਾਏ॥੨॥
(ਪੰਨਾ ੧੪੦)

ਗੁਰਬਾਣੀ ਗਿਆਨ

## ਜੋ ਹਰਿ ਸੇਵਹਿ ਸੰਤ ਭਗਤ

**ਧਨਾਸਰੀ ਮਹਲਾ ੪ ਘਰ ੧ ਚਉਪਦੇ**
ਜੋ ਹਰਿ ਸੇਵਹਿ ਸੰਤ ਭਗਤ
ਤਿਨ ਕੇ ਸਭਿ ਪਾਪ ਨਿਵਾਰੀ॥
ਹਮ ਊਪਰਿ ਕਿਰਪਾ ਕਰਿ ਸੁਆਮੀ
ਰਖੁ ਸੰਗਤਿ ਤੁਮ ਜੁ ਪਿਆਰੀ॥੧॥
ਹਰਿ ਗੁਣ ਕਹਿ ਨ ਸਕਉ ਬਨਵਾਰੀ॥
ਹਮ ਪਾਪੀ ਪਾਥਰ ਨੀਰਿ ਡੁਬਤ
ਕਰਿ ਕਿਰਪਾ ਪਾਖਣ ਹਮ ਤਾਰੀ॥ਰਹਾਉ॥
ਜਨਮ ਜਨਮ ਕੇ ਲਾਗੇ ਬਿਖੁ ਮੋਰਚਾ
ਲਗਿ ਸੰਗਤਿ ਸਾਧ ਸਵਾਰੀ॥
ਜਿਉ ਕੰਚਨੁ ਬੈਸੰਤਰਿ ਤਾਇਓ
ਮਲੁ ਕਾਟੀ ਕਟਿਤ ਉਤਾਰੀ॥੨॥
ਹਰਿ ਹਰਿ ਜਪਨੁ ਜਪਉ ਦਿਨੁ ਰਾਤੀ
ਜਪਿ ਹਰਿ ਹਰਿ ਹਰਿ ਉਰਿ ਧਾਰੀ॥
ਹਰਿ ਹਰਿ ਹਰਿ ਅਉਖਧੁ ਜਗਿ ਪੂਰਾ
ਜਪਿ ਹਰਿ ਹਰਿ ਹਉਮੈ ਮਾਰੀ॥੩॥
ਹਰਿ ਹਰਿ ਅਗਮ ਅਗਾਧਿ ਬੋਧਿ
ਅਪਰੰਪਰ ਪੁਰਖ ਅਪਾਰੀ॥
ਜਨ ਕਉ ਕ੍ਰਿਪਾ ਕਰਹੁ ਜਗਜੀਵਨ
ਜਨ ਨਾਨਕ ਪੈਜ ਸਵਾਰੀ॥੪॥

ਚਉਪਦੇ (ਚਾਰ ਬੰਦਾਂ ਵਾਲੇ ਸ਼ਬਦ) ਵਿਚ ਗੁਰਦੇਵ ਪਿਤਾ ਜੀ ਆਖ ਰਹੇ ਹਨ, ਹੇ ਪ੍ਰਭੂ ਜੀਓ! ਜਿਹੜੇ ਤੇਰੇ ਸੰਤ ਜਨ ਅਤੇ ਭਗਤ ਜਨ ਤੇਰੇ ਨਾਮ ਦਾ ਸਿਮਰਨ ਕਰਦੇ ਹਨ, ਤੂੰ ਉਨ੍ਹਾਂ ਆਪਣੇ ਪਿਆਰਿਆਂ ਦੇ ਪਿਛਲੇ ਕੀਤੇ ਹੋਏ ਸਾਰੇ ਪਾਪ ਕਰਮ ਦੂਰ ਕਰ ਦਿੰਦਾ ਹੈਂ; ਹਮ ਊਪਰਿ ਕਿਰਪਾ ਕਰਿ ਸੁਆਮੀ, ਹੇ ਮਿਹਰਵਾਨ ਸੁਆਮੀ! ਸਾਡੇ ਉਤੇ ਵੀ ਆਪਣੀ ਕ੍ਰਿਪਾ ਕਰ; ਰਖੁ ਸੰਗਤਿ ਤੁਮ ਜੁ ਪਿਆਰੀ, ਹੇ ਮਿਹਰਵਾਨ ਪ੍ਰਭ ਜੀਓ! ਸਾਨੂੰ ਉਸ ਸਾਧ ਸੰਗਤਿ ਵਿਚ ਰੱਖ ਜੋ ਤੈਨੂੰ ਪਿਆਰੀ ਲਗਦੀ ਹੈ, ਤਾਂ ਕਿ ਪ੍ਰਭ ਜੀਓ! ਅਸੀਂ ਵੀ ਤੇਰਾ ਸਿਮਰਨ ਕਰੀਏ।

ਹਰਿ ਗੁਣ ਕਹਿ ਨ ਸਕਉ ਬਨਵਾਰੀ॥
ਹਮ ਪਾਪੀ ਪਾਥਰ ਨੀਰਿ ਡੁਬਤ
ਕਰਿ ਕਿਰਪਾ ਪਾਖਣ ਹਮ ਤਾਰੀ॥ਰਹਾਉ॥

ਗੁਰਦੇਵ ਪਿਤਾ ਜੀ ਪ੍ਰਭੂ ਦੀ ਉਸਤਤਿ ਕਰਦੇ ਆਖਦੇ ਹਨ- ਹਰਿ ਗੁਣ ਕਹਿ ਨ ਸਕਉ ਬਨਵਾਰੀ, ਹੇ ਮੇਰੇ ਮਿਹਰਵਾਨ! ਹੇ ਮੇਰੇ ਪ੍ਰਭੂ ਜੀਓ!! ਮੈਂ ਤੇਰੇ ਗੁਣਾਂ ਦਾ ਵਰਣਨ ਨਹੀਂ ਕਰ ਸਕਦਾ; ਹਮ ਪਾਪੀ ਪਾਥਰ ਨੀਰਿ ਡੁਬਤ, ਹੇ ਪ੍ਰਭ ਜੀਓ! ਅਸੀਂ ਤਾਂ ਪਾਪੀ ਜੀਵ ਹਾਂ ਅਤੇ ਪਾਪਾਂ ਵਿਚ ਇਵੇਂ ਡੁੱਬੇ ਰਹਿੰਦੇ ਹਾਂ ਜਿਵੇਂ ਪੱਥਰ ਪਾਣੀ ਵਿਚ ਡੁੱਬੇ ਰਹਿੰਦੇ ਹਨ; ਕਰਿ ਕਿਰਪਾ ਪਾਖਣ ਹਮ ਤਾਰੀ, ਹੇ ਪ੍ਰਭੂ! ਆਪਣੀ ਮਿਹਰ ਕਰੋ ਅਤੇ ਸਾਨੂੰ ਪੱਥਰਾਂ ਵਰਗੇ ਪਾਪੀ ਜੀਵਾਂ ਨੂੰ ਸੰਸਾਰ ਸਮੁੰਦਰ ਤੋਂ ਤਾਰ ਕੇ ਪਾਰ ਲੰਘਾ ਲੈ, ਅਸੀਂ ਤੇਰੀ ਸ਼ਰਨ 'ਚ ਹਾਂ।

ਜਨਮ ਜਨਮ ਕੇ ਲਾਗੇ ਬਿਖੁ ਮੋਰਚਾ
ਲਗਿ ਸੰਗਤਿ ਸਾਧ ਸਵਾਰੀ॥
ਜਿਉ ਕੰਚਨੁ ਬੈਸੰਤਰਿ ਤਾਇਓ
ਮਲੁ ਕਾਟੀ ਕਟਿਤ ਉਤਾਰੀ॥੨॥

ਜਨਮ ਜਨਮ ਕੇ ਲਾਗੇ ਬਿਖੁ ਮੋਰਚਾ, ਗੁਰਦੇਵ ਪਿਤਾ ਆਖਦੇ ਹਨ- ਹੇ ਭਾਈ! ਜੀਵਾਂ ਨੂੰ ਅਨੇਕਾਂ ਹੀ ਜਨਮਾਂ ਦੇ ਪਾਪਾਂ ਦਾ ਜ਼ਹਿਰ ਅਤੇ ਜੰਗਾਲ ਚਿੰਬੜਿਆ ਹੋਇਆ ਹੈ; ਲਗਿ ਸੰਗਤਿ ਸਾਧ ਸਵਾਰੀ, ਉਹ ਜੰਗਾਲ ਸਾਧ ਦੀ ਸ਼ਰਨ ਵਿਚ ਪੈ ਕੇ ਇਵੇਂ ਉਤਰ ਜਾਂਦਾ ਹੈ; ਜਿਉ ਕੰਚਨੁ ਬੈਸੰਤਰਿ ਤਾਇਓ, ਜਿਵੇਂ ਸੋਨੇ ਦੀਆਂ ਚੀਜ਼ਾਂ ਨੂੰ ਅੱਗ ਵਿਚ ਪਾ ਕੇ ਉਸ ਦੀ ਸਾਰੀ ਮੈਲ ਲਾਹ ਕੇ ਸ਼ੁੱਧ ਸੋਨਾ ਬਣਾ ਲਿਆ ਜਾਂਦਾ ਹੈ; ਮਲੁ ਕਾਟੀ ਕਟਿਤ ਉਤਾਰੀ, ਇਸੇ ਤਰ੍ਹਾਂ ਜੀਵ ਸਤਿਸੰਗ ਵਿਚ ਨਾਮ ਸਿਮਰਨ ਕਰ ਕੇ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ।

ਹਰਿ ਹਰਿ ਜਪਨੁ ਜਪਉ ਦਿਨੁ ਰਾਤੀ
ਜਪਿ ਹਰਿ ਹਰਿ ਹਰਿ ਉਰਿ ਧਾਰੀ॥
ਹਰਿ ਹਰਿ ਹਰਿ ਅਉਖਧੁ ਜਗਿ ਪੂਰਾ
ਜਪਿ ਹਰਿ ਹਰਿ ਹਉਮੈ ਮਾਰੀ॥੩॥

ਗੁਰਦੇਵ ਪਿਤਾ ਉਪਦੇਸ਼ ਕਰਦੇ ਹਨ, ਹੇ ਭਾਈ! ਤਾਂ ਹੀ ਤਾਂ ਮੈਂ ਵੀ ਦਿਨ ਰਾਤ ਉਸ ਪ੍ਰਭੂ ਦੇ ਨਾਮ ਦਾ ਜਾਪ ਜਪਦਾ ਹਾਂ; ਜਪਿ ਹਰਿ ਹਰਿ ਹਰਿ ਉਰਿ ਧਾਰੀ, ਤੇ ਪ੍ਰਭੂ ਦੇ ਨਾਮ ਨੂੰ ਜਪ ਜਪ ਕੇ ਆਪਣੇ ਹਿਰਦੇ ਵਿਚ ਵੀ ਵਸਾਈ ਰੱਖਦਾ ਹਾਂ; ਹਰਿ ਹਰਿ ਹਰਿ ਅਉਖਧੁ ਜਗ ਪੂਰਾ, ਹੇ ਭਾਈ! ਹਰੀ ਪਰਮਾਤਮਾ ਦਾ ਨਾਂ ਤਾਂ ਇਸ ਜਗਤ ਵਿਚ ਐਸੀ ਦਵਾਈ ਹੈ, ਜਿਸ ਦਾ ਅਸਰ ਹਮੇਸ਼ਾ ਹੋਣਾ ਹੀ ਹੈ; ਜਪਿ ਹਰਿ ਹਰਿ ਹਉਮੈ ਮਾਰੀ, ਪਰਮਾਤਮਾ ਦਾ ਨਾਮ ਜਪ ਕੇ ਹਉਮੈ ਵੀ ਮੁੱਕ ਜਾਂਦੀ ਹੈ।

ਹਰਿ ਹਰਿ ਅਗਮ ਅਗਾਧਿ ਬੋਧਿ
ਅਪਰੰਪਰ ਪੁਰਖ ਅਪਾਰੀ॥
ਜਨ ਕਉ ਕ੍ਰਿਪਾ ਕਰਹੁ ਜਗਜੀਵਨ
ਜਨ ਨਾਨਕ ਪੈਜ ਸਵਾਰੀ॥੪॥

ਹੇ ਭਾਈ! ਉਹ ਪਰੀਪੂਰਨ ਪਰਮਾਤਮਾ ਤਾਂ ਕਿਸੇ ਵੀ ਪਹੁੰਚ ਤੋਂ ਪਰ੍ਹੇ ਹੈ, ਤੇ ਕਿਸੇ ਵੀ ਸਮਝ ਤੋਂ ਪਰ੍ਹੇ ਹੈ; ਹੇ ਪਰ੍ਹੇ ਤੋਂ ਪਰ੍ਹੇ! ਹੇ ਸਰਬ ਵਿਆਪਕ ਮਿਹਰਵਾਨ ਪ੍ਰਭ ਜੀਓ! ਸਾਡੇ 'ਤੇ ਆਪਣੀ ਮਿਹਰ ਦੀ ਨਜ਼ਰ ਕਰੋ; ਜਨ ਕਉ ਕ੍ਰਿਪਾ ਕਰਹੁ ਜਗਜੀਵਨ, ਇਹ ਨਾਨਕ ਆਖਦਾ ਹੈ, ਇਸ ਜਗਤ ਨੂੰ ਜੀਵਨ ਦੇਣ ਵਾਲੇ ਸੁਆਮੀ ਜੀਓ! ਆਪਣੇ ਦਾਸਾਂ 'ਤੇ ਕ੍ਰਿਪਾ ਕਰੋ; ਜਨ ਨਾਨਕ ਪੈਜ ਸਵਾਰੀ, ਪ੍ਰਭ ਜੀਓ! ਵਿਕਾਰਾਂ ਨਾਲ ਭਰੇ ਇਸ ਸੰਸਾਰ ਵਿਚੋਂ ਬਚ ਕੇ ਸਾਡੀ ਪੈਜ ਰੱਖ ਲਵੋ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਅਜ਼ੀਮ ਸ਼ਖਸੀਅਤਾਂ

# ਰਾਜਾ ਮ੍ਰਿਗੇਂਦਰ ਸਿੰਘ ਦੀ ਯਾਦ ਵਿਚ



ਹਰਪਾਲ ਸਿੰਘ ਪੰਨੂ
ਫੋਨ: 91-94642-51454

2004 ਵਿਚ ਅਮਰੀਕਾ ਅਤੇ ਕੈਨੇਡਾ ਦੀਆਂ ਸੰਗਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਵੱਖ-ਵੱਖ ਯੂਨੀਵਰਸਿਟੀਆਂ ਵਿਚ ਸੈਮੀਨਾਰ ਉਲੀਕੇ। ਜਿਨ੍ਹਾਂ ਅਧਿਆਪਕਾਂ ਨੂੰ ਸੱਦਾ ਮਿਲਿਆ, ਉਨ੍ਹਾਂ ਵਿਚ ਮੈਂ ਵੀ ਸਾਂ। ਨਿਊ ਯਾਰਕ ਯੂਨੀਵਰਸਿਟੀ ਵਿਚ ਮੈਂ ਆਪਣਾ ਪੇਪਰ ਸਮਾਪਤ ਕਰਕੇ ਸਰੋਤਿਆਂ ਵਿਚ ਆ ਬੈਠਾ ਤਾਂ ਛੇ ਫੁੱਟ ਲੰਮਾ ਸੁਨੱਖਾ ਜੁਆਨ ਮੇਰੇ ਕੋਲ ਆਇਆ ਤੇ ਆਖਿਆ, ਸਰ ਮੇਰੇ ਪਾਪਾ ਵ੍ਹੀਲ ਚੇਅਰ 'ਤੇ ਹੋਣ ਕਰਕੇ ਹਾਲ ਅੰਦਰ ਨਹੀਂ ਆ ਸਕੇ, ਤੁਹਾਨੂੰ ਮਿਲਣਾ ਚਾਹੁੰਦੇ ਨੇ। ਮੈਂ ਉਠ ਕੇ ਬਾਹਰ ਆਇਆ ਤਾਂ ਦੇਖਿਆ ਇਹ ਤਾਂ ਕੰਵਰ ਮ੍ਰਿਗੇਂਦਰ ਸਿੰਘ ਹਨ, ਮੇਰੀ ਯੂਨੀਵਰਸਿਟੀ ਦੇ ਫਿਲਾਸਫੀ ਵਿਭਾਗ ਦੇ ਫਾਊਂਡਰ ਪ੍ਰੋਫੈਸਰ, ਸੰਗੀਤ ਵਿਭਾਗ ਦੇ ਫਾਊਂਡਰ ਪ੍ਰੋਫੈਸਰ, ਮੇਰੇ ਅਧਿਆਪਕ। ਗੋਡੀਂ ਹੱਥ ਲਾ ਕੇ ਅਸੀਸ ਪ੍ਰਾਪਤ ਕੀਤੀ। ਬੋਲੇ, ਮੈਂ ਤੁਹਾਨੂੰ ਬਾਹਰ ਬੈਠਾ ਸੁਣਦਾ ਰਿਹਾ। ਮੈਂ ਪੁੱਛਿਆ, ਕੋਈ ਗੱਲ ਚੰਗੀ ਵੀ ਕਰ ਹੋਈ ਮੈਥੋਂ? ਬੋਲੇ, ਪਤਾ ਨਹੀਂ, ਤੁਸੀਂ ਕੀ ਆਖਦੇ ਰਹੇ ਪਤਾ ਨਹੀਂ, ਮੈਂ ਤਾਂ ਪਟਿਆਲੇ ਦੀ ਪੰਜਾਬੀ ਬੋਲੀ ਸੁਣਨ ਦਾ ਅਨੰਦ ਲੈਂਦਾ ਰਿਹਾ, ਮੈਂ ਵੀ ਪਟਿਆਲੇ ਦਾ ਹਾਂ ਨਾ ਜੀ।

ਉਨ੍ਹਾਂ ਕਿਹਾ, ਇਉਂ ਕਰੋ, ਸ਼ਾਮ ਦਾ ਖਾਣਾ ਸਾਡੇ ਘਰ ਖਾਓ। ਇਹ ਮੇਰਾ ਕਾਕਾ ਹੈ ਕਰਮੇਂਦਰ ਸਿੰਘ, ਤੁਹਾਨੂੰ ਲੈ ਵੀ ਆਵੇਗਾ, ਛੱਡ ਵੀ ਜਾਵੇਗਾ। ਮੈਂ ਕਿਹਾ, ਜੀ ਹੁਣ ਦੁਪਹਿਰ ਦਾ ਖਾਣਾ ਤਿਆਰ ਹੈ, ਆਪਾਂ ਸਾਰੇ ਇਥੇ ਛਕਦੇ ਹਾਂ, ਫਿਰ ਮੈਂ ਵਿਹਲਾ ਹਾਂ, ਹੁਣੇ ਤੁਹਾਡੇ ਨਾਲ ਚੱਲ ਪਈਏ ਤਾਂ ਵਧੀਕ ਸਮਾਂ ਮਿਲ ਜਾਵੇਗਾ ਗੱਲਾਂ ਕਰਨ ਦਾ। ਉਨ੍ਹਾਂ ਨੇ ਖੁਸ਼ੀ ਨਾਲ ਹਾਂ ਕਰ ਦਿੱਤੀ।

ਦੁਪਹਿਰ ਤੋਂ ਸ਼ੁਰੂ ਹੋਈਆਂ ਗੱਲਾਂ ਦਾ ਸਿਲਸਿਲਾ ਦੇਰ ਰਾਤ ਤੱਕ ਚਲਦਾ ਰਿਹਾ ਮੈਂ ਪੁੱਛਿਆ, ਜੀ ਜਦੋਂ ਤੁਸੀਂ ਪੰਜਾਬੀ ਯੂਨੀਵਰਸਿਟੀ ਵਿਚ ਸਾਨੂੰ ਪੜ੍ਹਾਉਣ ਆਉਂਦੇ ਸੀ, ਤੁਹਾਡੇ ਨਾਮ ਨਾਲ ਕੰਵਰ ਲਿਖਿਆ ਹੁੰਦਾ ਸੀ, ਹੁਣ ਰਾਜਾ ਲਿਖਿਆ ਹੋਇਆ ਹੈ। ਇਹ ਸਭ ਕਿਵੇਂ ਹੁੰਦਾ ਹੈ? ਉਹ ਹੱਸ ਪਏ, ਕਿਹਾ, ਆਪਣੇ ਆਪ ਹੋ ਜਾਂਦਾ ਹੈ। ਜਦੋਂ ਮੇਰੇ ਵੱਡੇ ਭਰਾਤਾ ਜੀ ਮਹਾਰਾਜਾ ਸਨ, ਮਹਾਰਾਜਾ ਯਾਦਵਿੰਦਰ ਸਿੰਘ, ਉਦੋਂ ਤੱਕ ਮੈਂ ਕੰਵਰ ਸਾਂ, ਉਨ੍ਹਾਂ ਦੇ ਦੇਹਾਂਤ ਪਿਛੋਂ ਮੇਰੇ ਭਤੀਜੇ ਅਮਰਿੰਦਰ ਸਿੰਘ ਮਹਾਰਾਜਾ ਹੋ ਗਏ ਤਾਂ ਮੇਰੀ ਆਪੇ ਕੰਵਰ ਤੋਂ ਰਾਜਾ ਦੀ ਪਦੁੱਨਤੀ ਹੋ ਗਈ। ਇਹੋ ਮਹਿਲ ਦਾ ਪ੍ਰੋਟੋਕੋਲ ਹੈ। ਦਰਬਾਰ ਬੁਲਾ ਕੇ ਇਹ ਟਾਈਟਲ ਕਾਨਵੋਕੇਸ਼ਨ ਵਾਂਗ ਵੰਡੇ ਜਾਂਦੇ ਹਨ।

ਮੈਨੂੰ ਪੁੱਛਿਆ, ਜੇ ਸੱਚ ਅਤੇ ਮਿਥਿਆ ਵਿਚ ਫਰਕ ਪਛਾਣਨਾ ਹੋਵੇ ਤਾਂ ਕਿਵੇਂ ਪਛਾਣੋਗੇ? ਮੈਂ ਹੱਥ ਜੋੜ ਲਏ, ਕਿਹਾ, ਜੀ ਮੈਂ ਤਾਂ ਤੁਹਾਡਾ ਵਿਦਿਆਰਥੀ ਰਿਹਾ ਹਾਂ, ਤੁਹਾਥੋਂ ਫਲਸਫਾ ਪੜ੍ਹਿਆ ਹੈ, ਹੁਣ ਤੁਸੀਂ ਦਸੋਗੇ ਕਿਵੇਂ ਫਰਕ ਕਰਨਾ ਹੈ। ਬੋਲੇ, ਰੱਸੀ ਨੂੰ ਸੱਪ ਸਮਝ ਕੇ ਡਰ ਜਾਣ ਦੀ ਉਪਮਾ ਨਾਲ ਬਹੁਤ ਸਾਰੀਆਂ ਦਾਰਸ਼ਨਿਕ ਗੁੰਝਲਾਂ ਹੱਲ ਕੀਤੀਆਂ ਜਾਂਦੀਆਂ ਰਹੀਆਂ ਹਨ। ਇਥੇ ਵੀ ਇਹੋ ਕੰਮ ਆਵੇਗੀ। ਆਪਾਂ ਇਸ ਘਟਨਾ ਨੂੰ ਤਿੰਨ ਕਾਲਾਂ ਵਿਚ ਵੰਡ ਲੈਂਦੇ ਹਾਂ। ਪਹਿਲ ਭੂਤਕਾਲ, ਕਿਸਾਨ ਨੇ ਖੇਤ ਜਾਂਦਿਆਂ ਰਾਤ ਨੂੰ ਰੱਸੀ ਪਈ ਦੇਖੀ ਤਾਂ ਸੱਪ ਜਾਣ ਕੇ ਡਰ ਗਿਆ। ਵਰਤਮਾਨ, ਕਿਸਾਨ ਖੇਤ ਨੂੰ ਜਾ ਰਿਹਾ ਹੈ, ਰੱਸੀ ਨੂੰ ਸੱਪ ਸਮਝ ਕੇ ਡਰ ਰਿਹਾ ਹੈ। ਭਵਿੱਖ, ਕਿਸਾਨ ਖੇਤ ਨੂੰ ਜਾਏਗਾ, ਰੱਸੀ ਨੂੰ ਸੱਪ ਜਾਣ ਕੇ ਡਰੇਗਾ। ਦੇਖੋ ਪ੍ਰੋਫੈਸਰ ਸਾਹਿਬ, ਇਨ੍ਹਾਂ ਤਿੰਨਾਂ ਕਾਲਾਂ ਵਿਚ ਰੱਸੀ ਹੈ, ਸੱਪ ਨਹੀਂ। ਜਿਹੜੀ ਚੀਜ਼ ਤਿੰਨੇ ਕਾਲਾਂ ਵਿਚ ਮੌਜੂਦ ਹੋਵੇ ਉਹ ਸੱਚ ਤੇ ਜਿਹੜੀ ਕਿਸੇ ਵੀ ਕਾਲ ਵਿਚ ਨਾ ਹੋਵੇ ਉਹ ਮਿਥਿਆ ਹੁੰਦੀ ਹੈ।

ਉਨ੍ਹਾਂ ਪੁੱਛਿਆ, ਸਾਲ 1969 ਵਿਚ ਸ਼ੁਰੂ ਕਰਕੇ 1972 ਵਿਚ ਮੁਕੰਮਲ ਜਪੁ ਨੀਸਾਣੁ ਗ੍ਰੰਥ ਮੈਂ ਪ੍ਰੋਫੈਸਰ ਹਰਬੰਸ ਸਿੰਘ ਨੂੰ ਦੇ ਕੇ ਆਇਆ ਸਾਂ ਕਿ ਛਪਵਾ ਲਵੋ। ਅੱਜ ਤੱਕ ਉਸ ਦੀ ਉਘ-ਸੁੱਘ ਨਹੀਂ ਨਿਕਲੀ। ਕੀ ਤੁਹਾਨੂੰ ਪਤਾ ਹੈ ਕੁਝ?

ਮੈਨੂੰ ਇਸ ਦਾ ਕੋਈ ਇਲਮ ਨਹੀਂ ਸੀ। ਮੈਂ ਵਾਅਦਾ ਕੀਤਾ ਕਿ ਵਾਪਸ ਜਾ ਕੇ ਇਸ ਦੀ ਹੋਣੀ ਦਾ ਪਤਾ ਕਰਾਂਗਾ।

ਪ੍ਰੋ. ਹਰਬੰਸ ਸਿੰਘ ਦੇ ਕਰੀਬੀਆਂ ਵਿਚੋਂ ਡਾ. ਜੋਧ ਸਿੰਘ ਇਥੇ ਹੀ ਸਨ ਜੋ ਉਨ੍ਹਾਂ ਨਾਲ ਲੰਮਾ ਸਮਾਂ ਸਿੱਖ ਵਿਸ਼ਵ ਕੋਸ਼ ਵਾਸਤੇ ਕੰਮ ਕਰਦੇ ਰਹੇ। ਉਨ੍ਹਾਂ ਨਾਲ ਗੱਲ ਕੀਤੀ। ਇਸ ਗ੍ਰੰਥ ਬਾਰੇ ਉਨ੍ਹਾਂ ਨੂੰ ਕੋਈ ਇਲਮ ਨਹੀਂ ਸੀ। ਉਨ੍ਹਾਂ ਕਿਹਾ, ਪ੍ਰੋਫੈਸਰ ਹਰਬੰਸ ਸਿੰਘ ਨੇ ਆਪਣੇ ਵਿਭਾਗ ਵਲੋਂ ਆਪਣੇ ਜਿਉਂਦਿਆਂ ਆਪਣੀਆਂ ਕਿਤਾਬਾਂ ਤੋਂ ਇਲਾਵਾ ਕਿਸੇ ਹੋਰ ਲੇਖਕ ਖੋਜੀ ਦੀ ਕਿਤਾਬ ਨਹੀਂ ਛਪਣ ਦਿੱਤੀ। ਉਨ੍ਹਾਂ ਦਾ ਸੁਭਾਅ ਹੀ ਅਜਿਹਾ ਸੀ। ਹੁਣ ਤਾਂ ਤਾਲਿਬ ਸਾਹਿਬ, ਡਾ. ਤਾਰਨ ਸਿੰਘ ਆਦਿਕ ਵੀ ਨਹੀਂ ਰਹੇ। ਕੇਵਲ ਡਾ. ਵਜ਼ੀਰ ਸਿੰਘ ਮੌਜੂਦ ਹਨ। ਉਹ ਵੀ ਰਿਟਾਇਰ ਹੋ ਕੇ ਕਦੋਂ ਦੇ ਦਿੱਲੀ ਜਾ ਵਸੇ ਹਨ। ਸ਼ਾਇਦ ਉਨ੍ਹਾਂ ਨੂੰ ਕੁਝ ਪਤਾ ਹੋਵੇ, ਉਨ੍ਹਾਂ ਨਾਲ ਸੰਪਰਕ ਕਰੋ। ਡਾ. ਵਜ਼ੀਰ ਸਿੰਘ ਨਾਲ ਸੰਪਰਕ ਕੀਤਾ। ਉਨ੍ਹਾਂ ਨੇ ਦੱਸਿਆ, ਮੌਤ ਤੋਂ ਕੁਝ ਸਮਾਂ ਪਹਿਲਾਂ ਪ੍ਰੋ. ਹਰਬੰਸ ਸਿੰਘ ਨੇ 42 ਫਾਈਲਾਂ ਦਾ ਇਕ ਖਰੜਾ ਮੇਰੇ ਹਵਾਲੇ ਕਰਦਿਆਂ ਕਿਹਾ ਸੀ, ਦੇਖ ਲੈਣਾ। ਮੈਂ ਦੇਖਿਆ ਤਾਂ ਮੇਰੇ ਕੁਝ ਗੇੜ ਵਿਚ ਨਾ ਆਇਆ। ਸੋ ਇਹ ਅਲਮਾਰੀ ਵਿਚ ਬੰਦ ਪਈਆਂ ਰਹੀਆਂ। ਅਲਮਾਰੀ ਜੈਨਿਜ਼ਮ ਦੇ ਮੈਡੀਟੇਸ਼ਨ ਰੂਮ ਵਿਚ ਪਈ ਹੈ ਜਿਸ ਦੀਆਂ ਚਾਬੀਆਂ ਮੈਂ ਡਾ. ਰਾਜਿੰਦਰ ਕੌਰ ਨੂੰ ਦੇ ਕੇ ਆਇਆ ਸਾਂ।

ਡਾ. ਕੌਰ ਨਾਲ ਸੰਪਰਕ ਕੀਤਾ, ਉਨ੍ਹਾਂ ਚਾਬੀਆਂ ਬਾਰੇ ਅਗਿਆਨਤਾ ਪ੍ਰਗਟਾਈ ਤਾਂ ਅਸੀਂ ਨਵੀਆਂ ਚਾਬੀਆਂ ਲਾਉਣ ਵਾਸਤੇ ਮਿਸਤਰੀ ਬੁਲਾ ਲਿਆ। ਮਿਸਤਰੀ ਨੇ ਤਾਲਾ ਖੋਲ੍ਹਿਆ, ਸਾਰੇ ਖਰੜੇ ਸਹੀ ਸਲਾਮਤ ਪਏ ਸਨ। ਰਾਈਸ ਪੇਪਰਾਂ ਉਪਰ ਪੁਰਾਣੇ ਮੈਨੁਅਲ ਟਾਈਪ ਰਾਈਟਰ ਨਾਲ ਟਾਈਪ ਕੀਤੀ ਲਿਖਤ ਸੀ। ਹੱਥ ਲਾਉਂਦਿਆਂ ਹੀ ਕਾਗਜ਼ ਭੁਰ ਜਾਂਦੇ। ਮੇਰੇ ਕੋਲ ਵਿਭਾਗ ਦੀ ਚੇਅਰਮੈਨੀ ਆ ਚੁਕੀ ਹੋਣ ਕਾਰਨ ਮੈਂ ਸਟਾਫ਼ ਤੋਂ ਕੰਮ ਲੈਣ ਜੋਗਾ ਸਾਂ। ਪੂਰੀ ਇਹਤਿਆਤ ਵਰਤਦਿਆਂ ਇਸ ਦੇ ਬਰੀਕ ਕਾਗਜ਼ਾਂ ਦੀਆਂ ਦੋ ਫੋਟੋ ਕਾਪੀਆਂ ਤਿਆਰ ਕੀਤੀਆਂ ਗਈਆਂ। ਰਾਜਾ ਜੀ ਨਾਲ ਫੋਨ ਅਤੇ ਈਮੇਲ ਉਪਰ ਨਿਰੰਤਰ ਸੰਪਰਕ ਰਿਹਾ। ਉਨ੍ਹਾਂ ਦੱਸਿਆ ਕਿ ਪਟਿਆਲੇ ਤੋਂ ਇਕ ਬੀਬੀ ਉਨ੍ਹਾਂ ਪਾਸ ਅਮਰੀਕਾ ਆ ਰਹੀ ਹੈ। ਚੰਗਾ ਹੋਵੇ ਜੇ ਇਕ ਨਕਲ ਉਨ੍ਹਾਂ ਹੱਥ ਭੇਜ ਦਿਓ, ਮੈਂ ਲੋੜੀਂਦੀਆਂ ਸੋਧਾਂ ਕਰ ਸਕਾਂਗਾ, ਨਾਲ-ਨਾਲ ਇੰਟਰੋਡਕਸ਼ਨ ਲਿਖਦਾ ਰਹਾਂਗਾ। ਇਕ ਨਕਲ ਉਨ੍ਹਾਂ ਪਾਸ ਨਿਊ ਯਾਰਕ ਪੁੱਜ ਗਈ।

ਮੈਂ ਯੂਨੀਵਰਸਿਟੀ ਪਾਸੋਂ ਇਹ ਕਿਤਾਬ ਛਾਪਣ ਦੀ ਪ੍ਰਵਾਨਗੀ ਹਾਸਲ ਕਰ ਲਈ। ਉਧਰ ਰਾਜਾ ਜੀ ਸੋਧਾਂ ਕਰਦੇ ਰਹੇ, ਮੁਖ ਬੰਧ ਲਿਖਦੇ ਰਹੇ, ਇਧਰ ਮੈਂ ਟਾਈਪ ਕਰਵਾ-ਕਰਵਾ ਪਰੂਫ ਰੀਡਿੰਗ ਕਰਦਾ। ਇਹ ਕੰਮ ਕਠਿਨ ਸੀ। ਇਕ ਤਾਂ ਪੁਰਾਣੀ ਸ਼ੈਲੀ ਦੀ ਪੰਜਾਬੀ, ਦੂਜਾ ਮੈਨੁਅਲ ਟਾਈਪ ਰਾਈਟਰ ਰਾਹੀਂ ਕੀਤਾ ਟਾਈਪ ਧੁੰਦਲਾ, ਅਸਪਸ਼ਟ, ਤੀਜੇ, ਗ੍ਰੰਥ ਵਿਚ ਸੰਸਕ੍ਰਿਤ ਸ਼ਲੋਕਾਂ ਦੀ ਭਰਮਾਰ। ਮੇਰੇ ਪਾਸ ਸੰਸਕ੍ਰਿਤ ਦਾ ਸਹਾਇਕ ਨਹੀਂ ਸੀ, ਆਪ ਮੈਨੂੰ ਇਸ ਭਾਸ਼ਾ ਦਾ ਇਲਮ ਨਹੀਂ ਸੀ ਤੇ ਕੰਮ ਇੰਨਾ ਵੱਡਾ ਕਿ ਸੰਸਕ੍ਰਿਤ ਵਿਭਾਗ ਦੀ ਸਹਾਇਤਾ ਨਹੀਂ ਮਿਲਣੀ ਸੀ। ਉਨ੍ਹਾਂ ਦੇ ਆਪਣੇ ਪ੍ਰਾਜੈਕਟ ਹਨ।

ਮੇਰੇ ਵਿਭਾਗ ਵਿਚ ਸੈਂਟਰ ਫਾਰ ਬੁਧਿਸਟ ਸਟੱਡੀ ਵਿਚ ਇਕ ਪ੍ਰਾਜੈਕਟ ਸਹਾਇਕ ਦੀ ਆਸਾਮੀ ਮਿਲ ਗਈ। ਮੈਂ ਆਪਣੀ ਲੋੜ ਸਮਝਦਿਆਂ ਸੰਸਕ੍ਰਿਤ ਦੀ ਵਿਦਿਆ ਵਾਲੇ ਉਮੀਦਵਾਰ ਦੀ ਮੰਗ ਕੀਤੀ। ਡਾ. ਦੀਪ ਸ਼ਿਖਾ ਸਾਨੂੰ ਲੱਭ ਗਈ, ਉਸ ਨੇ ਹਿੰਦੀ ਸੰਸਕ੍ਰਿਤ ਦੀਆਂ ਬਹੁਤੀਆਂ ਮੁਸ਼ਕਲਾਂ ਹੱਲ ਕਰ ਦਿੱਤੀਆਂ। ਜੇ ਉਹ ਸਾਡੇ ਨਾਲ ਪ੍ਰਾਜੈਕਟ ਸ਼ੁਰੂ ਹੋਣ ਵੇਲੇ ਤੋਂ ਹੀ ਕੰਮ ਕਰਦੀ ਹੁੰਦੀ ਤਦ ਗ੍ਰੰਥ ਹੋਰ ਵੀ ਵਧੀਆ ਹੋਣਾ ਸੀ। ਜਿਥੇ ਰਾਜਾ ਜੀ ਨੇ ਸੰਸਕ੍ਰਿਤ ਗ੍ਰੰਥਾਂ ਦੇ ਹਵਾਲੇ ਦਿੱਤੇ, ਮੂਲ ਭਾਸ਼ਾ ਦੇ ਹਵਾਲੇ ਸਨ ਪਰ ਅਸੀਂ ਬਹੁਤੀਆਂ ਥਾਂਵਾਂ ਤੇ ਉਨ੍ਹਾਂ ਸ਼ਲੋਕਾਂ ਦੇ ਪੰਜਾਬੀ ਅਰਥ ਛਾਪ ਸਕੇ ਹਾਂ, ਮੂਲ ਨਹੀਂ ਦੇ ਸਕੇ।

ਰਾਜਾ ਮ੍ਰਿਗੇਂਦਰ ਸਿੰਘ ਦੀ ਲਿਖਤ ਪੁਰਾਣੀ ਪੰਜਾਬੀ ਹੈ। ਮੈਂ ਨਵੀਨ ਬਣਾਉਣ ਖ਼ਾਤਰ ਇਸ ਵਿਚ ਸੋਧਾਂ ਨਹੀਂ ਕੀਤੀਆਂ। ਮੈਨੂੰ ਇਸ ਦਾ ਇਹੋ ਰੂਪ ਚੰਗਾ ਲੱਗਦਾ ਹੈ। ਪਹਿਲੋਂ ਪਹਿਲ ਪਾਠਕਾਂ ਨੂੰ ਇਹ ਸ਼ੈਲੀ ਕੁਝ ਅਜੀਬ ਲੱਗੇਗੀ ਪਰ ਜਦੋਂ ਉਨ੍ਹਾਂ ਨੂੰ ਪੁਰਾਣੇ ਗ੍ਰੰਥ ਪੜ੍ਹਨ ਦਾ ਮੌਕਾ ਮਿਲੇਗਾ, ਉਹ ਇਸ ਦੇ ਆਦੀ ਹੀ ਨਹੀਂ ਹੋਣਗੇ ਸਗੋਂ ਉਨ੍ਹਾਂ ਨੂੰ ਇਹ ਸ਼ੈਲੀ ਵਧੀਕ ਮਧੁਰ ਲੱਗਣ ਲੱਗੇਗੀ। ਬਹੁਤ ਸਾਰੇ ਸ਼ਬਦ ਆਪਸ ਵਿਚ ਜੁੜੇ ਹੋਏ, ਯਾਨਿ ਸੰਯੁਕਤ-ਪਦ ਹਨ, ਉਨ੍ਹਾਂ ਦਾ ਸੰਧੀ ਛੇਦ ਨਹੀਂ ਕੀਤਾ। ਪਾਠਕ ਪੁਰਾਣੀ ਪੰਜਾਬੀ ਤੋਂ ਵਾਕਫ਼ ਹੋਣਗੇ, ਇਸ ਮਨੋਰਥ ਨਾਲ ਅਜਿਹਾ ਕੀਤਾ। ਰਾਜਾ ਜੀ ਦੀ ਬੋਲੀ ਵੀ ਸਾਡੇ ਵਡੇਰਿਆਂ ਸਾਖੀਕਾਰਾਂ, ਵਿਆਖਿਆਕਾਰਾਂ ਵਰਗੀ ਹੋ ਗਈ ਹੈ। ਇਨ੍ਹਾਂ ਸਾਰੇ ਟੀਕਿਆਂ ਨੂੰ ਇਕੋ ਥਾਂ ਪੜ੍ਹਦਿਆਂ ਪਾਠਕ ਜਾਣ ਸਕਣਗੇ ਕਿ ਸਾਡੀ ਸਨਾਤਨੀ ਗੁਰਬਾਣੀ ਵਿਆਖਿਆ ਦਾ ਰਸ ਰੰਗ ਕੀ ਸੀ।

ਇਤਫ਼ਾਕ ਵਸ ਅਮਰੀਕਾ ਜਾਣਾ, ਉਥੇ ਗ੍ਰੰਥਕਾਰ ਨਾਲ ਮੇਲ ਹੋਣਾ ਤੇ ਮੇਰੇ ਪਾਸ ਵਿਭਾਗ ਦੇ ਮੁਖੀ ਦੀ ਚੇਅਰ ਹੋਣੀ, ਇਸ ਗ੍ਰੰਥ ਨੂੰ ਪਾਠਕਾਂ ਤੱਕ ਪੁਚਾਣ ਵਾਸਤੇ ਸਹਾਇਕ ਕਾਰਨ ਬਣੇ। ਜਦੋਂ ਬਤੌਰ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਆਏ, ਉਦੋਂ ਇਸ ਉਪਰ ਕੰਮ ਹੋ ਰਿਹਾ ਸੀ। ਉਨ੍ਹਾਂ ਨੇ ਇਸ ਗ੍ਰੰਥ ਦੀ ਰੂਪ ਰੇਖਾ ਅਤੇ ਮਹੱਤਵ ਜਾਣਨਾ ਚਾਹਿਆ, ਜਾਣਕਾਰੀ ਪ੍ਰਾਪਤ ਕਰਕੇ ਖੁਸ਼ੀ ਨਾਲ ਇਸ ਨੂੰ ਮੁਕੰਮਲ ਕਰਨ ਦੀ ਪ੍ਰੇਰਨਾ ਦਿੱਤੀ।

24 ਮਾਰਚ 2014 ਨੂੰ 85 ਸਾਲ ਦੀ ਉਮਰ ਬਿਤਾ ਕੇ ਕੰਵਰ ਜੀ ਸੰਸਾਰ ਵਿਚੋਂ ਵਿਦਾ ਹੋਏ। ਸ਼ੁਕਰ ਹੈ ਕਿ ਉਹ ਆਪਣੇ ਕੰਮ ਦੀ ਛਪੀ ਸੈਂਚੀ ਦੇਖ ਸਕੇ।

***ਰਾਜਾ ਮ੍ਰਿਗੇਂਦਰ ਸਿੰਘ ਪਟਿਆਣਾ ਦੇ ਸ਼ਾਹੀ ਪਰਿਵਾਰ ਸਵਰਗੀ ਮਹਾਰਾਜਾ ਭੁਪਿੰਦਰ ਸਿੰਘ ਅਤੇ ਰਾਜਮਾਤਾ ਚੰਦਰਭਾਗ ਦੇਵੀ ਦੇ ਸਭ ਤੋਂ ਵੱਡੇ ਪੁੱਤਰ ਸਨ। 24 ਮਾਰਚ 2014 ਨੂੰ ਉਨ੍ਹਾਂ ਦਾ 85 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ। ਉਹ ਪਟਿਆਲਾ ਦੇ ਸ਼ਾਹੀ ਪਰਿਵਾਰ, ਜਿਸ ਦਾ ਨਾ ਸਿਰਫ ਭਾਰਤ ਵਿਚ ਹੀ ਸਗੋਂ ਵਿਦੇਸ਼ਾਂ ਵਿਚ ਵੀ ਸਿੱਖਾਂ ਵਿਚ ਖਾਸ ਸਤਿਕਾਰ ਸੀ। ਉਹ ਯੇਲ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਸਨ ਅਤੇ ਨਿਊ ਯਾਰਕ ਵਿਚ ਕਰੀਬ 40 ਸਾਲ ਰਹੇ। ਪਟਿਆਲਾ ਘਰਾਣੇ ਦੇ ਇਕ ਵਾਰਸ ਰਾਜਾ ਮ੍ਰਿਗੇਂਦਰ ਸਿੰਘ ਭਾਰਤੀ ਕਲਾਸੀਕਲ ਸੰਗੀਤ ਦੇ ਮਹਾਨ ਸੰਗੀਤ ਸ਼ਾਸਤਰੀ ਸਨ। ਵਿਸ਼ਵ ਧਰਮਾਂ ਦੇ ਤੁਲਨਾਤਮਕ ਅਧਿਅਨ ਦੇ ਉਹ ਇਕ ਮਹਾਨ ਸ਼ਾਸਤਰੀ ਸਨ। ਰਾਜਾ ਸਾਹਿਬ ਆਪਣੇ ਪਿਛੇ ਆਪਣੀ ਧਰਮ ਪਤਨੀ ਰਾਣੀ ਹਰਿੰਦਰ ਕੌਰ, ਜੋ ਬੁਰਜ ਬਘੇਲ ਸਿੰਘ ਵਾਲੇ ਦੇ ਸ. ਗੁਰਨਾਮ ਸਿੰਘ ਸੇਖੋਂ ਅਤੇ ਸਰਦਾਰਨੀ ਹਰਦਿਆਲ ਕੌਰ ਦੀ ਸਪੁਤਰੀ ਹੈ ਅਤੇ ਚਾਰ ਧੀਆਂ-ਪੁੱਤਰ ਛੱਡ ਗਏ ਹਨ।***



ਰਾਜਾ ਮ੍ਰਿਗੇਂਦਰ ਸਿੰਘ

ਮਿੰਨੀ ਕਹਾਣੀ

## ਆਲ੍ਹਣਾ

ਲੁਧਿਆਣੇ ਰਿਹਾਇਸ਼ੀ ਮਕਾਨ ਤੋਂ ਇਲਾਵਾ ਸ਼ਹਿਰ ਦੇ ਬਾਹਰਲੇ ਪਾਸੇ ਮੇਰਾ ਦੋ ਕਨਾਲ ਦਾ ਇੱਕ ਪਲਾਟ ਸੀ ਜਿਸ ਵਿਚ ਮੈਂ ਕੁਝ ਸਫੈਦੇ ਅਤੇ ਫਲਦਾਰ ਬੂਟੇ ਲਾਏ ਸਨ। ਆਪਣਾ ਕਬਜਾ ਬਣਾਉਣ ਲਈ ਮੈਂ ਇੱਕ ਕਮਰਾ ਅਤੇ ਰਸੋਈ ਬਣਵਾ ਕੇ ਕਿਰਾਏ 'ਤੇ ਦਿੱਤਾ ਸੀ। ਇਕ ਨਿੰਬੂਆਂ ਦਾ ਬੂਟਾ ਜਦੋਂ ਕੁਝ ਵੱਡਾ ਹੋਇਆ ਤਾਂ ਉਸ ਉਪਰ ਚਿੜੀਆਂ ਨੇ ਇਕ ਆਲ੍ਹਣਾ ਬਣਾ ਲਿਆ। ਮੈਨੂੰ ਚਿੜੀਆਂ ਦੇ ਨਿੱਕੇ ਨਿੱਕੇ ਬੱਚੇ ਬਹੁਤ ਪਿਆਰੇ ਲਗਦੇ ਅਤੇ ਜਦੋਂ ਵੀ ਮੈਂ ਹਫਤੇ-ਦੋ ਹਫਤੇ ਪਿਛੋਂ ਪਲਾਟ 'ਤੇ ਜਾਂਦਾ, ਨਾਲ ਰੋਟੀ ਜਾਂ ਦਾਣੇ ਲੈ ਕੇ ਆਲ੍ਹਣੇ ਕੋਲ ਰੱਖ ਦਿੰਦਾ। ਸ਼ਾਇਦ ਉਨ੍ਹਾਂ ਨੂੰ ਮੇਰੀ ਪਛਾਣ ਆ ਗਈ। ਜਦੋਂ ਮੈਂ ਉਥੇ ਜਾਂਦਾ, ਉਹ ਚੀਂ-ਚੀਂ ਕਰਦੇ ਅਤੇ ਬਹੁਤ ਅੱਛੇ ਲਗਦੇ। ਮੈਂ ਕਿਰਾਏਦਾਰ ਨੂੰ ਵੀ ਕਹਿ ਦਿੱਤਾ ਕਿ ਕਦੀ ਕਦਾਈਂ ਉਹ ਉਨ੍ਹਾਂ ਚਿੜੀਆਂ ਨੂੰ ਰੋਟੀ ਪਾ ਦਿਆ ਕਰੇ ਅਤੇ ਕਿਰਾਇਆ 10 ਰੁਪਏ ਘੱਟ ਦੇ ਦਿਆ ਕਰੇ।

ਦੋ ਕੁ ਸਾਲ ਪਹਿਲਾਂ ਇਹ ਪਲਾਟ ਮੈਂ ਆਪਣੇ ਦੋਸਤ ਦੇ ਇੱਕ ਰਿਸ਼ਤੇਦਾਰ ਦਲਜੀਤ ਸਿੰਘ ਨੂੰ ਵੇਚ ਦਿੱਤਾ। ਇਸ ਵਾਰ ਜਦੋਂ ਮੈਂ ਪੰਜਾਬ ਗਿਆ ਤਾਂ ਪਤਾ ਲੱਗਾ ਕਿ ਉਸ ਆਦਮੀ ਨੇ ਉਸ ਪਲਾਟ ਵਿਚੋਂ ਸਾਰੇ ਬੂਟੇ ਕਟਵਾ ਦਿੱਤੇ ਹਨ ਅਤੇ ਇੱਕ ਬਹੁਤ ਸੋਹਣੀ ਕੋਠੀ ਬਣਾ ਲਈ ਸੀ। ਉਸੇ ਵੇਲੇ ਮੇਰੇ ਮਨ 'ਚ ਆਇਆ ਕਿ ਚਿੜੀਆਂ ਦਾ ਆਲ੍ਹਣਾ ਤਾਂ ਉਜੜ ਗਿਆ ਹੋਵੇਗਾ। ਮੈਂ ਸੋਚਿਆ ਕਿ ਚਲੋ ਉਸ ਆਦਮੀ ਨੂੰ ਮਿਲ ਕੇ ਨਵੀਂ ਕੋਠੀ ਬਣਾਉਣ ਦੀ ਵਧਾਈ ਹੀ ਦੇ ਆਈਏ। ਉਥੇ ਪਹੁੰਚ ਕੇ ਦਲਜੀਤ ਸਿੰਘ ਨੂੰ ਵਧਾਈ ਦਿੱਤੀ। ਅੰਦਰ ਜਾ ਕੇ ਸਾਰੇ ਕਮਰੇ ਵੇਖੇ ਅਤੇ ਫਿਰ ਅਸੀਂ ਦੋਵੇਂ ਬਾਹਰ ਬਰਾਂਡੇ ਕੋਲ ਚਾਹ ਪੀਣ ਬੈਠ ਗਏ। ਉਸ ਨਾਲ ਗੱਲਾਂ ਕਰਦਿਆਂ ਮੈਂ ਮਹਿਸੂਸ ਕੀਤਾ ਕਿ ਉਹ ਬਹੁਤ ਖੁਸ਼ ਨਹੀਂ ਸੀ। ਹਰ ਗੱਲ ਦਾ ਉਹ ਸੰਖੇਪ ਜਿਹਾ ਜਵਾਬ ਦਿੰਦਾ। ਜਿਹੜੀ ਗੱਲ ਮੈਂ ਪੁੱਛਦਾ, ਉਸੇ ਦਾ ਹੀ ਜਵਾਬ ਦਿੰਦਾ, ਆਪਣੇ ਕੋਲੋਂ ਕੋਈ ਗੱਲ ਨਾ ਕਰਦਾ। ਮੈਨੂੰ ਇਹ ਵਰਤਾਰਾ ਅਜੀਬ ਜਿਹਾ ਲੱਗਾ ਅਤੇ ਮੈਂ ਉਸ ਨੂੰ ਪੁੱਛ ਹੀ ਲਿਆ, "ਭਰਾ ਜੀ, ਮੈਨੂੰ ਇੰਜ ਜਾਪਦਾ ਏ ਜਿਵੇਂ ਅੱਜ ਤੁਹਾਡਾ ਮੂਡ ਕੁਝ ਠੀਕ ਨਹੀਂ ਏ। ਕੀ ਕੋਈ ਖਾਸ ਗੱਲ ਏ?" ਉਸ ਨੇ ਕਿਹਾ, "ਹਾਂ, ਪਿਛਲੇ ਕੁਝ ਦਿਨਾਂ ਤੋਂ ਮੇਰਾ ਮੂਡ ਕੁਝ ਠੀਕ ਨਹੀਂ ਏ।"



ਜਦੋਂ ਮੈਂ ਇਸ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ, "ਕੋਠੀ ਬਣਾਉਣ ਤੋਂ ਪਹਿਲੋਂ ਜਦੋਂ ਅਸੀਂ ਸਾਰੇ ਦਰੱਖਤ ਕਟਵਾ ਦਿੱਤੇ ਤਾਂ ਉਥੇ ਰਹਿੰਦੀਆਂ ਚਿੜੀਆਂ ਦੇ ਝੁੰਡ ਨੇ ਬਹੁਤ ਚੀਕ ਚਿਹਾੜਾ ਪਾਇਆ। ਉਹ ਦੋ-ਤਿੰਨ ਦਿਨ ਉਥੇ ਆਉਂਦੀਆਂ ਰਹੀਆਂ। ਕੁਝ ਚਿਰ ਏਧਰ-ਓਧਰ ਵੇਖਣ ਪਿੱਛੋਂ ਉਹ ਉਥੋਂ ਮੁੜ ਜਾਂਦੀਆਂ। ਹੁਣ ਜਦੋਂ ਕੋਠੀ ਬਣਾਉਣ ਦਾ ਕੰਮ ਖਤਮ ਹੋਇਆ ਤਾਂ ਵਾਧੂ ਬਚਿਆ ਲੱਕੜ ਤੰਬੜ ਅਸਾਂ ਛੱਤ ਉਪਰ ਰੱਖ ਦਿੱਤਾ। ਦੂਸਰੇ ਹੀ ਦਿਨ ਚਿੜੀਆਂ ਨੇ ਉਥੇ ਇੱਕ ਆਲ੍ਹਣਾ ਬਣਾ ਲਿਆ। ਮੇਰੇ ਕਹਿਣ 'ਤੇ ਨੌਕਰ ਨੇ ਉਹ ਆਲ੍ਹਣਾ ਤੋੜ ਦਿੱਤਾ। ਦੋ ਕੁ ਦਿਨਾਂ ਪਿਛੋਂ ਉਨ੍ਹਾਂ ਨੇ ਫਿਰ ਇੱਕ ਆਲ੍ਹਣਾ ਬਣਾਇਆ ਅਤੇ ਮੈਂ ਫਿਰ ਉਹ ਤੁੜਵਾ ਦਿੱਤਾ। ਕੁਝ ਦਿਨਾਂ ਬਾਅਦ ਉਨ੍ਹਾਂ ਨੇ ਕੋਸ਼ਿਸ਼ ਕਰਕੇ ਫਿਰ ਆਲ੍ਹਣਾ ਬਣਾਇਆ ਅਤੇ ਅਗਲੇ ਹੀ ਦਿਨ ਉਹ ਮੈਂ ਖੁਦ ਆਪਣੇ ਹੱਥੀਂ ਤੋੜ ਦਿੱਤਾ। ਅਜੇ ਮੈਂ ਉਥੇ ਹੀ ਖੜਾ ਸਾਂ ਕਿ ਚਿੜੇ-ਚਿੜੀ ਦਾ ਇੱਕ ਜੋੜਾ ਉਥੇ ਆ ਕੇ ਕੰਧ 'ਤੇ ਬੈਠ ਗਿਆ ਅਤੇ ਮੇਰੇ ਵੱਲ ਘੂਰ ਘੂਰ ਕੇ ਵੇਖਣ ਲੱਗਾ। ਮੈਨੂੰ ਜਾਪਿਆ ਜਿਵੇਂ ਉਹ ਕਹਿ ਰਿਹਾ ਹੋਵੇ, 'ਉਏ ਅਕ੍ਰਿਤਘਣਾ, ਤੂੰ ਸਾਥੋਂ ਦੋ ਕਨਾਲ ਥਾਂ ਖੋਹ ਲਿਆ, ਅਸਾਂ ਤੈਨੂੰ ਕੁਝ ਨਹੀਂ ਕਿਹਾ। ਅਸਾਂ ਤੈਥੋਂ ਸਿਰਫ ਛੇ ਕੁ ਇੰਚ ਥਾਂ ਮੰਗੀ, ਤੂੰ ਉਸ ਤੋਂ ਵੀ ਮੁੱਕਰ ਗਿਆ। ਜਾਹ, ਅੱਜ ਤੋਂ ਪਿੱਛੋਂ ਅਸੀਂ ਤੇਰੇ ਘਰ ਪੈਰ ਨਹੀਂ ਪਾਵਾਂਗੇ।' ਕੁਝ ਚਿਰ ਕੰਧ 'ਤੇ ਬੈਠ ਕੇ ਉਹ ਉਡ ਗਏ ਅਤੇ ਫਿਰ ਮੈਂ ਅੱਜ ਤੱਕ ਉਨ੍ਹਾਂ ਨੂੰ ਇੱਥੇ ਨਹੀਂ ਵੇਖਿਆ। ਉਸ ਦਿਨ ਤੋਂ ਹੀ ਮੇਰਾ ਮੂਡ ਕੁਝ ਖਰਾਬ ਏ।" ਐਨਾ ਕਹਿ ਕੇ ਉਹ ਚੁੱਪ ਕਰ ਗਿਆ।

*-ਡਾ. ਤਰਲੋਚਨ ਸਿੰਘ ਔਜਲਾ*
*ਫੋਨ: 647-532-1473*

# ਕੰਨਾਂ ਵਿਚ ਮੁੰਦਰਾਂ ਪਾਉਣ ਦਾ ਰਿਵਾਜ

ਸੰਨ 1614 ਵਿਚ ਬਾਦਸ਼ਾਹ ਜਹਾਂਗੀਰ ਅਜਮੇਰ ਵਿਚ ਸੀ। ਆਪਣੀ ਸਵੈ-ਜੀਵਨੀ ਵਿਚ ਉਸ ਨੇ ਲਿਖਿਆ ਹੈ, "18 ਜੁਲਾਈ ਨੂੰ ਮੈਨੂੰ ਆਪਣੀ ਸਿਹਤ ਕੁਝ ਢਿੱਲੀ ਮਲੂਮ ਹੋਈ। ਹੌਲੀ-ਹੌਲੀ ਬੁਖਾਰ ਅਤੇ ਸਿਰ ਦਰਦ ਹੋਣ ਲੱਗਾ। ਮੈਂ ਇਸ ਬਾਰੇ ਕਿਸੇ ਨੂੰ ਨਾ ਦੱਸਿਆ, ਤੇ ਨਾ ਹੀ ਡਾਕਟਰਾਂ ਹਕੀਮਾਂ ਤੋਂ ਦਵਾਈ ਲਈ, ਕਿਉਂਕਿ ਮੇਰੀ ਬਿਮਾਰੀ ਦੀ ਖ਼ਬਰ ਫੈਲਣ ਨਾਲ ਪਰਜਾ ਅਤੇ ਰਾਜ ਦਾ ਨੁਕਸਾਨ ਹੋਣ ਦਾ ਡਰ ਸੀ। ਕੇਵਲ ਨੂਰ ਜਹਾਂ ਨੂੰ ਮੇਰੀ ਬਿਮਾਰੀ ਦਾ ਪਤਾ ਸੀ, ਜਿਸ ਨੂੰ ਮੇਰੇ ਨਾਲ ਸਭ ਤੋਂ ਵੱਧ ਪਿਆਰ ਸੀ। ਮੈਂ ਭਾਰੀ ਖਾਣਾ ਛੱਡ ਕੇ ਥੋੜ੍ਹਾ ਜਿਹਾ ਪਰਹੇਜ਼ੀ ਖਾਣਾ ਖਾਂਦਾ ਅਤੇ ਆਮ ਦਿਨਾਂ ਵਾਂਗ ਝਰੋਖੇ ਵਿਚੋਂ ਲੋਕਾਂ ਨੂੰ ਦਰਸ਼ਨ ਦਿੰਦਾ।

ਆਖਰਕਾਰ ਮੇਰੇ ਚਿਹਰੇ ਤੋਂ ਕਮਜ਼ੋਰੀ ਦੀ ਝਲਕ ਪੈਣ ਲੱਗ ਪਈ। ਮੈਂ ਭਰੋਸੇਯੋਗ ਹਕੀਮਾਂ ਮਸੀਹ ਉਜ਼ਮਾਂ, ਹਕੀਮ ਅਬਦੁਲ ਕਾਸਿਮ ਅਤੇ ਹਕੀਮ ਅਬਦੁਲ ਸ਼ਕੂਰ ਨੂੰ ਬੁਲਾਇਆ; ਕਿਉਂਕਿ ਬੁਖਾਰ ਘਟਿਆ ਨਹੀਂ ਸੀ, ਤੇ ਮੈਂ ਦੋ-ਤਿੰਨ ਦਿਨ ਤੋਂ ਸ਼ਰਾਬ ਵੀ ਨਹੀਂ ਸੀ ਪੀਤੀ ਜਿਸ ਕਾਰਨ ਕਮਜ਼ੋਰੀ ਹੋਰ ਵਧ ਗਈ ਤੇ ਸਰੀਰ ਸੁਸਤ ਜਿਹਾ ਹੋ ਗਿਆ।

ਇਕ ਰਾਤ ਬੁਖਾਰ ਨਾਲ ਨਿਢਾਲ ਮੈਂ ਖਵਾਜਾ ਦੀ ਦਰਗਾਹ 'ਤੇ ਮੱਥਾ ਟੇਕਿਆ। ਖੁਦਾ ਅੱਗੇ ਸਿਹਤ ਦੀ ਦੁਆ ਕੀਤੀ ਕਿ ਅਰਾਮ ਆਉਣ 'ਤੇ ਮੈਂ ਗਰੀਬਾਂ ਨੂੰ ਖੂਬ ਖ਼ੈਰਾਤ ਵੰਡਾਂਗਾ। ਖੁਦਾ ਦੀ ਰਹਿਮਤ ਨਾਲ ਮੇਰੀ ਸਿਹਤ ਠੀਕ ਹੋ ਗਈ। ਬੁਖਾਰ ਹੌਲੀ-ਹੌਲੀ ਹਟ ਗਿਆ। ਸਿਰਦਰਦ ਜੋ ਬਹੁਤ ਤਕਲੀਫਦੇਹ ਸੀ, ਹਕੀਮ ਅਬਦੁਲ ਸ਼ਕੂਰ ਦੇ ਇਲਾਜ ਨਾਲ ਠੀਕ ਹੋ ਗਈ।

ਆਪਣੀ ਬਿਮਾਰੀ ਦੇ ਦਿਨਾਂ ਵਿਚ ਮੈਂ ਆਪਣੇ ਆਪ ਨੂੰ ਕਿਹਾ ਕਿ ਜੇ ਮੈਨੂੰ ਆਰਾਮ ਆ ਗਿਆ ਤਾਂ ਮੈਂ ਅੰਦਰੋਂ ਜਿਸ ਤਰ੍ਹਾਂ ਖਵਾਜਾ ਨੂੰ ਮੰਨਦਾ ਹਾਂ, ਬਾਹਰੋਂ ਵੀ ਇਸੇ ਤਰ੍ਹਾਂ ਹੀ ਮੰਨਾਂਗਾ। ਮੈਂ ਸਮਝਦਾ ਹਾਂ ਕਿ ਉਸ ਦੀ ਮਿਹਰ ਨਾਲ ਹੀ ਮੇਰੀ ਸਿਹਤ ਠੀਕ ਹੋਈ ਹੈ ਤੇ ਮੈਂ ਕੰਨ ਵਿੰਨ੍ਹਵਾ ਕੇ ਖਵਾਜਾ ਦੇ ਕੰਨ ਵਿੰਨ੍ਹੇ ਸ਼ਰਧਾਲੂਆਂ ਵਰਗਾ ਬਣ ਗਿਆ। 26 ਅਗਸਤ ਨੂੰ ਮੈਂ ਆਪਣੇ ਕੰਮ ਵਿੰਨ੍ਹਵਾਏ ਅਤੇ ਇਨ੍ਹਾਂ ਵਿਚ ਚਮਕਦੇ ਮੋਤੀਆਂ ਵਾਲੀਆਂ ਮੁੰਦਰਾਂ ਪਾ ਲਈਆਂ।

ਜਦੋਂ ਮੇਰੇ ਨੌਕਰਾਂ ਨੇ ਇਹ ਦੇਖਿਆ, ਤੇ ਜੋ ਸਰਹੱਦਾਂ 'ਤੇ ਸਨ, ਜਦੋਂ ਉਨ੍ਹਾਂ ਨੂੰ ਪਤਾ ਲੱਗਾ, ਤਾਂ ਸਭ ਇਕ-ਦੂਜੇ ਤੋਂ ਅੱਗੇ ਹੋ ਕੇ ਕੰਨ ਵਿੰਨ੍ਹਵਾਉਣ ਲੱਗ ਪਏ। ਉਨ੍ਹਾਂ ਦੀ ਵਫਾਦਾਰੀ ਲਈ ਸ਼ਾਹੀ ਖਜ਼ਾਨੇ ਵਿਚੋਂ ਉਨ੍ਹਾਂ ਨੂੰ ਮੋਤੀ ਦਿੱਤੇ ਗਏ। ਹੌਲੀ-ਹੌਲੀ ਕੰਨਾਂ ਵਿਚ ਮੁੰਦਰਾਂ ਪਾਉਣ ਦਾ ਰਿਵਾਜ ਅਹਿਦੀਆਂ ਅਤੇ ਆਮ ਲੋਕਾਂ ਵਿਚ ਚੱਲ ਪਿਆ।"

*(ਵ੍ਹੀਲਰ ਐਮ. ਟਾਕਸਟਨ ਦੀ ਕਿਤਾਬ 'ਜਹਾਂਗੀਰਨਾਮਾ' ਵਿਚੋਂ)*

*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*

ਚਿੱਤ ਚੇਤਾ



ਕਾਨਾ ਸਿੰਘ

ਫੋਨ: 91-95019-44944

# ਅਸੀਂ ਤੇ ਤੁਸੀਂ

***'ਅਸੀਂ ਤੇ ਤੁਸੀਂ' ਨਾਂ ਦੇ ਇਸ ਲੇਖ ਵਿਚ ਕਾਨਾ ਸਿੰਘ ਨੇ ਭਾਸ਼ਾ ਬਾਰੇ ਪੂਰੀ ਟੌਹਰ ਨਾਲ ਗੱਲਾਂ ਕੀਤੀਆਂ ਹਨ। ਪੋਠੋਹਾਰ ਬਾਬਤ ਬੇਸ਼ੱਕ ਉਹ ਬਹੁਤ ਖੁੱਭ ਕੇ ਅਤੇ ਲਾਡ ਨਾਲ ਦੱਸਦੀ ਹੈ ਪਰ ਉਸ ਦਾ ਇਹ ਵਿਚਾਰ ਵੀ ਹੈ ਕਿ ਵਕਤ ਨਾਲ ਬੜਾ ਕੁਝ ਬਦਲਣਾ ਹੁੰਦਾ ਹੈ। ਭਾਸ਼ਾ ਵੀ ਤਬਦੀਲੀ ਦੇ ਇਸੇ ਗੇੜ ਵਿਚ ਗੇੜੇ ਖਾਂਦੀ ਅਗਾਂਹ ਵਧਦੀ ਹੈ। ਬਦਲਦੀਆਂ ਪੀੜ੍ਹੀਆਂ ਦੀਆਂ ਗੱਲਾਂ ਤੁਰਦੀਆਂ ਹਨ। ਆਪਣੀ ਗੱਲ ਦੀ ਲੜੀ ਅਗਾਂਹ ਤੋਰਨ ਲਈ ਉਹ ਵੰਡ ਤੋਂ ਪਹਿਲਾਂ ਅਤੇ ਉਸ ਤੋਂ ਬਾਅਦ ਹੋਈਆਂ ਹਿਜਰਤਾਂ ਤੇ ਉਜਾੜਿਆਂ ਦੀਆਂ ਗੱਲਾਂ ਛੋਂਹਦੀ ਹੈ। ਉਹਦੀ ਲਿਖਤ ਦੀ ਖੂਬਸੂਰਤੀ ਇਹ ਹੈ ਕਿ ਇਹ ਪਾਠਕ ਦੇ ਮਨ ਵਿਚ ਅਗਲੀ ਗੱਲ ਲਈ ਉਤਸੁਕਤਾ ਬਣਾਈ ਰੱਖਦੀ ਹੈ। -ਸੰਪਾਦਕ***

ਸੰਨ ਉਨੀਂ ਸੌ ਉਨੰਜਾ ਜਾਂ ਪੰਜਾਹ ਜਾਂ ਇਕਵੰਜਾ... ਦਿੱਲੀ-ਸ਼ਾਹਦਰੇ ਦੀ ਰਿਹਾਇਸ਼ ਦੀ ਸ਼ੁਰੂਆਤ ਦੇ ਦਿਨ। ਭਾਂਤ-ਭਾਂਤ ਦੀ ਬੋਲੀ। ਭਾਂਤ-ਭਾਂਤ ਦੇ ਵੇਸ, ਤੇ ਭਾਂਤ-ਭਾਂਤ ਦਾ ਵਰਤਾਰਾ। ਮੁੜ ਵੱਸਣ ਦੇ ਹੰਭਲੇ ਅਤੇ ਮਿਲਵਰਤਣ ਦੀ ਤਾਂਘ। ਸਿੱਖ-ਹਿੰਦੂ ਦਾ ਕੋਈ ਨਾ ਵਿਤਕਰਾ। ਸਭ ਨੇ ਰਲ ਮਿਲ ਕੇ ਬਾਲਕਾਂ ਲਈ ਗਾਂਧੀ ਮੈਮੋਰੀਅਲ ਸਕੂਲ ਖੋਲ੍ਹਿਆ ਅਤੇ ਸਿੰਘ ਸਭਾ ਗੁਰਦੁਆਰਾ ਵੀ ਬਣਾਇਆ। ਸਮੂਹ ਪੰਜਾਬੀ ਭਾਈਚਾਰੇ ਦਾ ਗੁਰਦੁਆਰਾ ਹੀ ਕੇਂਦਰ ਸੀ। ਉਦੋਂ ਕਿਹੜਾ ਰੈਸਤੋਰਾਂ, ਕੈਫ਼ੇ ਜਾਂ ਸਾਈਬਰ ਕੈਫ਼ੇ ਹੋਣੇ ਸਨ! ਅਸਾਂ ਬਾਲ-ਕਿਸ਼ੋਰਾਂ ਦੀਆਂ ਗਤੀਵਿਧੀਆਂ ਗੁਰਦੁਆਰੇ ਨਾਲ ਹੀ ਜੁੜੀਆਂ ਹੋਈਆਂ ਸਨ।

ਕੁੜੀਆਂ-ਮੁੰਡਿਆਂ ਦੀ ਇਕ ਦੂਜੇ ਪ੍ਰਤੀ ਤਾਕ-ਝਾਕ ਸੁਭਾਵਕ ਹੀ ਹੈ। ਗੁਰਪੁਰਬ ਤੋਂ ਮਹੀਨਾ ਪਹਿਲਾਂ ਹੀ ਨਵੀਆਂ ਪੁਸ਼ਾਕਾਂ, ਚੁੰਨੀਆਂ, ਨਵੇਂ ਗਜਰੇ-ਵਾਲੀਆਂ ਅਤੇ ਕਾਂਟਿਆਂ ਦੀ ਖਰੀਦਦਾਰੀ ਵਿਚ ਹਰ ਕੁੜੀ ਦੂਜੀਆਂ ਨੂੰ ਮਾਤ ਕਰਨ ਦੇ ਆਹਰ ਵਿਚ ਹੁੰਦੀ, ਤੇ ਮੁੰਡੇ?

ਕਿਸੇ ਦਾ ਨਾਂ ਦਾੜ੍ਹੀ-ਕਟਾ ਰੱਖਿਆ ਹੁੰਦਾ, ਕਿਸੇ ਦਾ ਤੁਪੜ ਜਾਂ ਚੂਚਾ। ਕੋਈ ਜੋਗੀ, ਦੁਖੀਆ ਤੇ ਕੋਈ ਰੋਗੀ। ਜਿਹੜਾ ਅੰਦਰੋਂ ਜਿਤਨਾ ਚੰਗਾ ਲਗਦਾ ਹੋਵੇ, ਉਸ ਦਾ ਉਤਨਾ ਹੀ ਨਕਾਰਾ ਨਾਂ ਰੱਖ ਦੇਣਾ। ਇਨ੍ਹਾਂ ਵਿਚੋਂ ਇਕ ਸੀ ਮਿਲਖਾ ਸਿੰਘ। ਸਾਡੇ ਵਤਨ ਦਾ ਦੌੜਾਕ, 'ਦਿ ਸੁਪਰ ਫਲਾਇੰਗ ਮੈਨ।' ਮਿਲਖਾ ਸਿੰਘ ਨਾਲ ਸ਼ਾਹਦਰੇ ਦੀਆਂ ਬੜੀਆਂ ਦਿਲਚਸਪ ਯਾਦਾਂ ਜੁੜੀਆਂ ਹੋਈਆਂ ਹਨ।

ਪੜ੍ਹਨ ਜਾਂ ਸਿਲਾਈ ਸਿੱਖਣ ਲਈ ਘਰੋਂ ਨਿਕਲੋ ਜਾਂ ਸ਼ਾਮੀ ਭੱਠੀ 'ਤੇ ਦਾਣੇ ਭੁੰਨਾਣ ਜਾਵੋ, ਰਾਮ ਲੀਲ੍ਹਾ ਵੇਖਣ ਤੁਰੋ ਜਾਂ ਗੁਰਦੁਆਰੇ ਰਹਿਰਾਸ ਸਾਹਿਬ ਦਾ ਪਾਠ ਸੁਣਨ, ਮੁੰਡੇ ਪਹਿਲਾਂ ਹੀ ਅੱਖਾਂ ਵਿਛਾਈ ਖੜੋਤੇ ਹੁੰਦੇ ਆਪੋ-ਆਪਣੇ ਅੱਡਿਆਂ ਉਤੇ। ਝੁੰਡਾਂ ਦੇ ਝੁੰਡ। ਆਲੇ ਦੁਆਲੇ ਤੋਂ ਨਿਰੇ ਬੇਖਬਰ। ਇਕ ਟੱਕ ਨਿਹਾਰਦੇ। ਕਿਸੇ ਦੀ ਛਾਤੀ ਵਿਚ ਕੋਈ ਮੌਜ ਧੁੱਸ ਮਾਰ ਜਾਂਦੀ ਤੇ ਕਿਸੇ ਦੀ ਲੱਤ ਟੋਏ ਵਿਚ।

ਕੱਪੜੇ ਚਿਕੜੋ-ਚਿੱਕੜ ਤੇ ਚਿਹਰੇ ਛਿੱਟੋ-ਛਿੱਟ! ਹਾਸੇ ਹਾਸੇ ਹਾਸੇ ਤੇ ਹਾਸਿਆਂ ਦੇ ਮੁੜਾਸੇ!

ਸ਼ਾਮਲ ਤਾਂ ਅਸਾਂ ਕੁੜੀਆਂ ਨੇ ਗੁਰਪੁਰਬਾਂ ਦੀਆਂ ਪ੍ਰਭਾਤ ਫੇਰੀਆਂ ਵਿਚ ਵੀ ਹੋਣਾ, ਪਰ ਘੱਟ ਹੀ। ਉਹ ਜ਼ਿਆਦਾ ਕਰ ਕੇ ਵਡੇਰਿਆਂ ਦੀ ਸ਼ਰਧਾ ਦਾ ਹੀ ਮਸਲਾ ਹੁੰਦਾ ਸੀ। ਅਸੀਂ ਤਾਂ ਸ਼ਾਮੀਂ ਗੁਰਦੁਆਰੇ ਹੀ ਜਾਂਦੇ, ਨੱਢੀਆਂ ਵੀ ਤੇ ਨੱਢੇ ਵੀ। ਸਕੂਲ ਦੇ ਹੋਮਵਰਕ, ਗੀਟੇ-ਪਿੱਠੂ ਅਤੇ ਤਾਸ਼-ਪੱਤਿਆਂ ਅਰ ਬੰਟੇ ਕੰਚੇ, ਗੁੱਲੀ-ਡੰਡੇ ਤੇ ਰੱਸੀ-ਅੱਡੀ ਟੱਪਿਆਂ ਤੋਂ ਵਿਹਲੇ ਹੋ ਕੇ।

ਜਲੂਸਾਂ ਵਿਚ ਸ਼ਮੂਲੀਅਤ ਸਾਹਵੇਂ-ਸਾਹਵੇਂ ਤੇ ਸਾਵੀਂ ਸਾਵੀਂ। ਕੁੜੀਓ-ਕੁੜੀ ਤੇ ਮੁੰਡਿਓ-ਮੁੰਡਾ ਮੁਸ ਮੁਸ ਕਰਦੇ। ਤਕ-ਖਿੜ, ਤਕ-ਖਿੜ, ਖਿੜ ਖਿੜ ਹੱਸਦੇ। ਜਿਧਰ ਵੀ ਨਜ਼ਰ ਮਾਰੋ, ਖਿਲੀਆਂ ਦੀਆਂ ਖਿੱਲਾਂ ਉਡ ਉਡ ਪੈਂਦੀਆਂ। ਖਿੱਲਾਂ ਨੱਢੀਆਂ ਸੁਟਦੀਆਂ ਤੇ ਕੁੱਦ ਕੁੱਦ ਪੈਂਦੇ ਨੱਢੇ ਬੋਚਦੇ-ਪੜੁੱਛਦੇ। ਗੁਰਪੁਰਬ ਦੇ ਸਵੇਰ ਦੇ ਦੀਵਾਨ ਮਗਰੋਂ ਜਲੂਸ ਨਿਕਲਦਾ ਅਤੇ ਰਾਤ ਨੂੰ ਲੱਗਦਾ ਕਵੀ ਦਰਬਾਰ।

ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸੰਤੋਖਣ ਮਗਰੋਂ ਖੁੱਲ੍ਹੇ ਪੰਡਾਲ ਵਿਚ ਸ਼ੁਰੂ ਹੁੰਦਾ ਕਵੀ ਦਰਬਾਰ। ਮੁੰਗਫਲੀਆਂ ਤੇ ਰੇਓੜੀਆਂ ਨਾਲ ਭਰੇ ਬੋਝੇ-ਝੋਲੀਆਂ ਨਾਲ ਸਭ ਤੋਂ ਅੱਗੇ ਤੇ ਮੂਹਰੇ ਮੂਹਰੇ ਬਹਿਣ ਦੀ ਦੌੜ ਵਿਚ ਘੰਟਿਆਂ ਬੱਧੀ ਪਹਿਲਾਂ ਹੀ ਥਾਂਵਾਂ ਜਾ ਮਲਦੇ।

ਕਵੀ, ਗੀਤਕਾਰ ਤਾਂ ਬਥੇਰੇ ਹੁੰਦੇ ਸਨ, ਪਰ ਜਿਨ੍ਹਾਂ ਦੇ ਨਾਂ ਉਜ ਦੇ ਉਜ ਹੀ ਚੇਤੇ ਦੀ ਤਖ਼ਤੀ ਉਤੇ ਉਕਰੇ ਹੋਏ ਹਨ, ਸਣੇ ਉਨ੍ਹਾਂ ਦੇ ਹਾਵ-ਭਾਵ ਅਤੇ ਆਵਾਜ਼ਾਂ ਦੇ, ਉਹ ਹਨ ਸੁਰਿੰਦਰ ਕੌਰ ਅਤੇ ਆਸਾ ਸਿੰਘ ਮਸਤਾਨਾ ਦੀ ਜੋੜੀ ਦੇ ਨਾਲ ਨਾਲ ਕਵੀ ਤੇਜਾ ਸਿੰਘ ਸਾਬਰ ਅਤੇ ਬਰਕਤ ਰਾਮ ਵੀ। ਇਨ੍ਹਾਂ ਦੀ ਵਾਰੀ ਆਉਣ ਤੱਕ ਕਵੀ ਦਰਬਾਰ ਪੂਰੇ ਜੋਬਨ ਉਤੇ ਹੁੰਦਾ ਸੀ ਤੇ ਪੰਡਾਲ ਤੋਂ ਬਾਹਰ ਦੂਰ ਦੂਰ ਤੱਕ ਸਰੋਤਿਆਂ ਨੇ ਰਸਤੇ ਜਾਮ ਕੀਤੇ ਹੁੰਦੇ। ਬਰਕਤ ਤੇ ਸਾਬਰ ਨੂੰ ਜਿਨ੍ਹਾਂ ਨਜ਼ਮਾਂ ਦੀ ਵਾਰ ਵਾਰ ਫਰਮਾਇਸ਼ ਹੁੰਦੀ, ਉਹ ਕੁਝ ਇੰਜ ਸਨ,

'ਕੀ ਮਾਂ ਆਪਣੇ ਪਿੰਡ ਨੂੰ ਆਪਾਂ<br>ਫੇਰ ਕਦੀ ਵੀ ਜਾਵਾਂਗੇ...।'

ਪਹਿਲਾਂ ਬਰਕਤ ਆਪਣੀ ਬਰੀਕ ਜ਼ਨਾਨਾ ਜਿਹੀ ਆਵਾਜ਼ ਵਿਚ ਸ਼ੁਰੂ ਕਰਦਾ, ਤੇ ਫੇਰ ਉਹ ਇਸ ਨਜ਼ਮ ਵਿਚ ਸ਼ਰਨਾਰਥੀ ਕੈਂਪਾਂ ਵਿਚ ਰੁਲ ਰਹੇ ਉਜੜੇ ਲੋਕਾਂ ਦੀ ਦਰਦਨਾਕ ਹਾਲਤ ਦੀ ਪੂਰੀ ਤਸਵੀਰ ਖਿੱਚਦਾ ਹੋਇਆ ਇਕ ਬਾਲੜੀ ਵਜੋਂ ਕਹਿੰਦਾ ਕਿ ਕੈਂਪ ਦਾ ਚੌਂਕੀਦਾਰ,

'... ਮੈਨੂੰ ਬਿੱਟ ਬਿੱਟ ਵੇਂਹਦਾ ਏ<br>ਕਦੇ ਸ਼ਰਾਰਤੀ (ਸ਼ਰਨਾਰਥੀ)<br>ਕਦੇ ਫਰੂਜੀ (ਰਿਫਿਊਜੀ)<br>ਮੈਨੂੰ ਮੁੜ ਮੁੜ ਕਹਿੰਦਾ ਏ...।'

ਕੈਂਪਾਂ ਵਿਚ ਰਹਿੰਦੇ ਸ਼ਰਨਾਰਥੀਆਂ ਦੀ ਬੇਵਸੀ, ਡਰ ਅਤੇ ਤੌਖਲੇ ਉਸ ਮਾਸੂਮ ਬਾਲਿਕਾ ਦੇ ਬਿਆਨ ਰਾਹੀਂ ਸਰੋਤਿਆਂ ਨੂੰ ਰੁਆ ਮਾਰਦੇ। ਸਭ ਪਾਸਿਓਂ ਡਸਕੋਰਿਆਂ ਅਤੇ ਨੱਕ-ਸੁੜਕਣ ਦੀਆਂ ਆਵਾਜ਼ਾਂ ਕੰਨੀਂ ਪੈਂਦੀਆਂ। ਬਰਕਤ ਮਗਰੋਂ ਤੇਜਾ ਸਿੰਘ ਸਾਬਰ ਦੀ ਵਾਰੀ ਹੁੰਦੀ। ਉਸ ਦੀ ਨਜ਼ਮ ਦਾ ਮੁਖੜਾ ਹੁੰਦਾ ਸੀ,

'...ਰੱਬ ਚਾਹਿਆ ਤਾਂ ਬਰਕਤ ਚੰਨਾ<br>ਛੇਤੀ ਹੀ ਮੁੜ ਜਾਵਾਂਗੇ...।'

ਵਿਚ ਵਿਚਾਲੇ ਹੋਰ ਧਰਵਾਸਿਆਂ ਅਤੇ ਉਮੀਦਾਂ ਨਾਲ ਰੰਗ ਬੰਨ੍ਹਣ ਮਗਰੋਂ ਉਸ ਦੀ ਪੇਸ਼ੀਨਗੋਈ ਹੁੰਦੀ ਸੀ,

'...ਅਸਾਂ ਹਮਤੋਂ-ਤੁਮਤੋਂ ਕਰਨੀ ਨਹੀਂ<br>ਅਸੀਂ, ਅਸੀਂ ਤੇ ਤੁਸੀਂ ਸਿਖਾਵਾਂਗੇ।<br>ਪੰਜਾਬ ਨੇ ਦਿੱਲੀ ਬਣਨਾ ਨਹੀਂ<br>ਦਿੱਲੀ ਪੰਜਾਬ ਬਣਾਵਾਂਗੇ...।'

ਵਕਤ ਨਾਲ ਬੋਲੀ ਵਿਚ ਤਬਦੀਲੀ ਆਉਣਾ ਸੁਭਾਵਕ ਹੀ ਹੈ। ਸਕੂਲਾਂ-ਕਾਲਜਾਂ ਅਤੇ ਬੱਸਾਂ-ਬਜ਼ਾਰਾਂ ਦੇ ਵਿਹਾਰ ਵਿਚੋਂ ਲੰਘਦੀ-ਗੁਜ਼ਰਦੀ ਹਿੰਦੀ ਘਰਾਂ ਵਿਚ ਵੀ ਦਾਖ਼ਲ ਹੋਣ ਲੱਗੀ। ਲਾਹੌਰੀ, ਅੰਬਰਸਰੀ ਸਖੇ-ਸਹੇਲੀਆਂ ਦੇ ਮੇਲ-ਜੋਲ ਕਾਰਨ ਅਸੀਂ ਬਾਲਕ ਘਰ ਵਿਚ ਮਾਂ-ਦਾਦੀ ਨਾਲ ਠੇਠ ਪੰਜਾਬੀ ਵਿਚ ਗੱਲਾਂ ਕਰਨ ਲੱਗੇ। ਫੇਰ ਛੇਤੀ ਹੀ ਇਸ ਕੇਂਦਰੀ ਪੰਜਾਬੀ ਨੂੰ ਵੀ ਹਿੰਦੀ ਨੇ ਹਾਸ਼ੀਏ ਤੋਂ ਬਾਹਰ ਕੱਢ ਦਿੱਤਾ। ਹੋਰ ਤਾਂ ਹੋਰ ਚੜ੍ਹਦੇ ਪੰਜਾਬ ਵਿਚ ਟਿਕ ਵੱਸ ਗਏ ਸਾਡੇ ਸਬੰਧੀ ਪਰਿਵਾਰਾਂ ਦੀ ਵੀ ਅਗਲੀ ਪੀੜ੍ਹੀ ਹਿੰਦੀ ਨੂੰ ਮੂੰਹ ਮਾਰਨ ਲੱਗੀ।

ਜੇ ਹਨੇਰੀ ਝੁੱਲੇ ਤਾਂ ਚੂਹੇ ਦੀ ਖੁੱਡ ਵੀ ਸਲਾਮਤ ਨਹੀਂ ਰਹਿੰਦੀ। ਸ਼ੱਕ ਇਸ ਵਿਚ ਵੀ ਕੋਈ ਨਹੀਂ ਕਿ ਤੂਫਾਨ ਮਗਰੋਂ ਸ਼ਾਂਤ ਹਵਾ ਨੇ ਵੀ ਰੁਮਕਣਾ ਹੀ ਹੁੰਦਾ ਹੈ।

ਵੰਡ ਵੇਲੇ ਦੇ ਬਾਲ-ਕਿਸ਼ੋਰ ਅੱਜ ਦੇ ਵਡੇਰੇ ਤੇ ਬਜ਼ੁਰਗ ਹਨ। ਇਹ ਉਮਰ ਪਿੱਛਲ-ਝਾਤ ਦੀ ਹੁੰਦੀ ਹੈ। ਜੜ੍ਹਾਂ ਨੂੰ ਸੋਜਨ ਤੇ ਵਿਰਸਾ ਫਰੋਲਣ ਦੀ। ਹੁਣ ਕੀ ਪੰਜਾਬ, ਤੇ ਕੀ ਪੰਜਾਬੋਂ ਬਾਹਰ, ਕੀ ਪੂਰਬ ਤੇ ਕੀ ਪੱਛਮ; ਪੰਜਾਬੀ ਬੋਲੀ, ਪੰਜਾਬੀ ਵੇਸ, ਪੰਜਾਬੀ ਰੋਟੀ-ਸਾਲਨ, ਪੰਜਾਬੀ ਰਸਮ-ਰਿਵਾਜ ਸਭ ਹਰ ਪਾਸੇ ਸਹਿਜ ਸੁਭਾਅ ਹੀ ਹਾਵੀ ਹੁੰਦੇ ਜਾ ਰਹੇ ਹਨ।

ਫਿਲਮਾਂ ਅਤੇ ਮੀਡੀਆ ਉਤੇ ਪੱਛਮੀ ਸਭਿਅਤਾ ਦਾ ਨੰਗੇਜ਼ ਵਕਤੀ ਹੈ। ਫੈਸ਼ਨ ਨੇ ਆਣਾ, ਤੇ ਆ ਕੇ ਜਾਣਾ ਹੁੰਦਾ ਹੈ। ਜੁਆਨੀ ਨੇ ਬਗਾਵਤ ਕਰ ਕੇ ਪਿਛੋਕੜ ਵਲੋਂ ਉਦਾਸੀਨ ਹੋਣਾ ਹੁੰਦਾ ਹੈ ਅਤੇ ਪ੍ਰੌੜ੍ਹ ਉਮਰ ਨੇ ਸਹਿਜ ਹੋ ਕੇ ਸੰਜਮ ਨਾਲ ਟਿਕਣਾ ਅਤੇ ਵਿਰਸੇ ਨਾਲ ਜੁੜਨ-ਜੋੜਨ ਲਈ ਯਤਨਸ਼ੀਲ ਹੋਣਾ ਹੁੰਦਾ ਹੈ।

ਮੰਨੇ ਪ੍ਰਮੰਨੇ ਫਿਲਮ ਡਾਇਰੈਕਟਰ ਅਮਰੀਕ ਗਿੱਲ ਦਾ ਮੁੰਬਈ ਤੋਂ ਫੋਨ ਆਇਆ। ਉਸ ਨੇ ਆਪਣੀ ਅਗਲੀ ਫਿਲਮ ਦੀ ਸਕਰਿਪਟ ਲਈ ਬਰਤਾਨਵੀ ਪੰਜਾਬੀਆਂ ਦੇ ਕੁਝ ਸੰਵਾਦ ਪੋਠੋਹਾਰੀ ਵਿਚ ਉਲਥਾਉਣ ਲਈ ਮੇਰੀ ਮਦਦ ਮੰਗੀ।

ਬਰਤਾਨੀਆ ਵਿਚ ਬਾਹਲੇ ਪੰਜਾਬੀ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਪੋਠੋਹਾਰੀ ਹਨ। ਬੋਲਚਾਲ, ਕਾਰ ਵਿਹਾਰ ਤੋਂ ਇਲਾਵਾ ਉਹ ਆਪਣੇ ਧੰਦਿਆਂ ਦੀਆਂ ਵਸਤਾਂ ਦੀਆਂ ਮਸ਼ਹੂਰੀਆਂ ਵੀ ਪੋਠੋਹਾਰੀ ਵਿਚ ਕਰਦੇ ਹਨ। ਲਹਿੰਦੇ ਪੰਜਾਬ ਦੇ ਪੋਠੋਹਾਰ ਇਲਾਕੇ ਵਿਚ ਪ੍ਰਕਾਸ਼ਿਤ ਹੁੰਦੇ ਅਖ਼ਬਾਰ 'ਸਦਾਏ ਪੋਠੋਹਾਰ' ਸਮੇਤ ਹੋਰ ਕਿੰਨੇ ਹੀ ਪੋਠੋਹਾਰੀ ਅਖ਼ਬਾਰ ਤੇ ਰਸਾਲੇ ਪੱਛਮ ਵਿਚ ਜਾਂਦੇ ਤੇ ਪੜ੍ਹੇ ਜਾਂਦੇ ਹਨ।

ਸਪੇਨ ਤੋਂ 'ਰੇਡੀਓ ਪਾਕ ਸਿਲੋਨਾ ਡਾਟ ਕਾਮ' ਹਰ ਮੰਗਲਵਾਰ ਨਿਰੋਲ ਪੋਠੋਹਾਰੀ ਬੋਲਣ ਵਾਲਿਆਂ ਦੋਹਾਂ ਪੰਜਾਬਾਂ ਅਤੇ ਪੰਜਾਬੋਂ ਬਾਹਰ ਵਸਦੀਆਂ ਪੋਠੋਹਾਰੀ ਖ਼ਾਸ ਸ਼ਖ਼ਸੀਅਤਾਂ ਨਾਲ ਸਰੋਤਿਆਂ ਦਾ ਤਤ-ਖਤੱਤ ਰੂ-ਬ-ਰੂ ਕਰਾਉਂਦਾ ਹੈ। ਮੇਰਾ ਵੀ ਕਰਾ ਚੁੱਕਿਆ ਹੈ।

ਜੇ ਬਾਵਜੂਦ ਉਜਾੜਿਆਂ ਦੇ ਵੀ ਪੰਜਾਬੀ ਦੀ ਉਪ ਬੋਲੀ ਪੋਠੋਹਾਰੀ ਨਹੀਂ ਮੋਈ ਤਾਂ ਪੰਜਾਬੀ ਬੋਲੀ ਨੂੰ ਵੀ ਕੀ ਖ਼ਤਰਾ ਹੋ ਸਕਦਾ ਹੈ!

—

ਮੇਰੀ ਪਾਕਿਸਤਾਨ ਫੇਰੀ ਦੌਰਾਨ ਆਪਣਾ ਘਰ ਲੱਭਣ ਵਿਚ ਜਿਸ ਨੇਕ ਬੰਦੇ ਨੇ ਮੇਰੀ ਮਦਦ ਦੀ ਕੋਸ਼ਿਸ਼ ਕੀਤੀ, ਉਹ ਉਜਾੜਿਆਂ ਵਿਚ ਇਧਰੋਂ, ਜੰਮੂ ਤੋਂ ਗੁਜਰਖਾਨ ਜਾ ਟਿਕ-ਵਸਿਆ ਸੀ। ਵਾਪਸ ਆਉਣ 'ਤੇ ਉਸ ਦੇ ਪੋਤਰੇ ਦੇ ਫੋਨ ਆਉਣ ਲੱਗੇ। ਡਾਢੇ ਨਿੱਘੇ। ਮੈਂ ਠੇਠ ਪੰਜਾਬੀ ਵਿਚ ਗੱਲ ਕਰ ਰਹੀ ਸਾਂ। ਉਹ ਆਖੇ, 'ਖਾਲਾ ਜੀ ਜੇ ਗੁਜਰਖਾਨੋਂ ਹੀ ਗਏ ਹੋ ਤਾਂ ਪੋਠੋਹਾਰੀ ਵਿਚ ਕੀਹਾਂ ਨਾ ਬਾਹਣੇ? ਮਾੜ੍ਹਾ ਨਿਕਾਹ ਹੈ। ਤੁਸਾਂ ਅੱਛਣਾ ਹੋਸੀ।'

ਫੇਰ ਮੇਰੇ ਮੂੰਹੋਂ ਪੋਠੋਹਾਰੀ ਸੁਣ ਕੇ ਬੋਲੇ, 'ਕਲੇਜੇ ਠੰਢ ਪਾਈ ਛੋੜੀ ਨੇ। ਹਿੰਜ ਹੀ ਬੋਲੋ ਬੋਲੀ ਜਾਵੋ।' ਜਾਹਿਰ ਹੈ ਹੁਣ ਉਨ੍ਹਾਂ ਦੀ ਮਾਂ ਬੋਲੀ ਪੋਠੋਹਾਰੀ ਸੀ।

ਮਾਂ ਬੋਲੀ ਖ਼ੂਨ ਵਿਚ ਰਚੀ ਹੁੰਦੀ ਹੈ। ਹੋਰ ਬੋਲੀਆਂ ਸਾਡੇ ਬੱਚੇ ਤਰੱਦਦ ਨਾਲ ਸਿੱਖਦੇ ਹਨ ਪਰ ਮਾਂ ਬੋਲੀ ਸਹਿਜ ਸੁਭਾਅ ਹੀ ਅੰਦਰੋਂ ਝਰਨੇ ਵਾਂਗ ਫੁੱਟਦੀ ਹੈ।

ਸੰਨ 1990 ਦੀ ਗੱਲ ਹੈ। ਮੈਂ ਨੋਇਡਾ ਦੇ ਤੀਹ ਸੈਕਟਰ ਸਥਿਤ ਆਪਣੇ ਪਲਾਟ ਵਿਚ ਮਕਾਨ ਉਸਾਰੀ ਕਰ ਰਹੀ ਸਾਂ, ਤੇ ਪਲਾਟ ਵਿਚ ਹੀ ਆਰਜ਼ੀ ਤੌਰ 'ਤੇ ਬਣਾਏ ਇਕ ਕਮਰੇ ਵਿਚ ਰਹਿ ਵੀ ਰਹੀ ਸਾਂ। ਉਸਾਰੀ ਦੌਰਾਨ ਗੁਆਂਢ ਵੱਸਦੇ ਪਰਿਵਾਰਾਂ ਨਾਲ ਉਠਣਾ-ਬੈਠਣਾ ਸੁਭਾਵਕ ਹੀ ਸੀ। ਪਲਾਟ ਦੇ ਖੱਬੇ ਹੱਥ 'ਤੇ ਵਸਦੇ ਇਕ ਬਹਾਵਲਪੁਰੀ ਪਰਿਵਾਰ ਦੀ ਵੀਹ ਕੁ ਵਰ੍ਹਿਆਂ ਦੀ ਨੂੰਹ-ਕੁੜੀ ਅਕਸਰ ਨਿੰਮ ਦੇ ਰੁੱਖ ਹੇਠਾਂ ਡੱਠੇ ਮੰਜੇ ਉਤੇ ਮੇਰੇ ਨਾਲ ਆ ਢੁੱਕ ਬਹਿੰਦੀ। ਉਹ 'ਮੈਕੂੰ ਤੈਕੂੰ' ਸਮੇਤ ਡਾਢੀ ਸੁਹਣੀ ਲਹਿੰਦੀ ਪੰਜਾਬੀ ਵਿਚ ਗੱਲ ਕਰਦੀ। ਮੈਨੂੰ ਉਸ ਦੀਆਂ ਗੱਲਾਂ ਦਾ ਬੜਾ ਅਨੰਦ ਆਉਂਦਾ। ਵੰਡ ਮਗਰੋਂ ਦਿੱਲੀ, ਕਲਕੱਤੇ ਜਾਂ ਮੁੰਬਈ ਜਾ ਵਸੇ ਸਾਡੇ ਸਾਰੇ ਰਿਸ਼ਤੇਦਾਰ ਬਾਲਕਾਂ ਦੇ ਮੂੰਹਾਂ 'ਤੇ ਹਿੰਦੀ ਹੀ ਚੜ੍ਹ ਗਈ ਸੀ। ਮੇਰੇ ਬੱਚਿਆਂ ਦੀ ਬੋਲੀ ਵੀ ਬੰਬਈਆ ਹਿੰਦੀ ਤੇ ਅੰਗਰੇਜ਼ੀ ਦਾ ਮਿਲਗੋਭਾ ਸੀ।

ਉਸ ਕੁੜੀ ਦੀ ਸ਼ੁੱਧ ਤੇ ਸਰਾਇਕੀ ਪੁੱਠ ਦੀ ਲਹਿੰਦੀ ਸੁਣ ਕੇ ਮੈਂ ਇਸ ਦਾ ਰਾਜ਼ ਪੁੱਛਣੋਂ ਨਾ ਰਹਿ ਸਕੀ।

'...ਵਿਆਹ ਤੋਂ ਪਹਿਲਾਂ ਮੈਂ ਕਦੇ ਵੀ ਮਾਂ ਬੋਲੀ ਵਿਚ ਗੱਲ ਨਹੀਂ ਕੀਤੀ ਸੀ। ਮੇਰੇ ਮਾਪੇ ਅਸਾਂ ਭੈਣ-ਭਰਾਵਾਂ ਨਾਲ ਹਿੰਦੀ ਵਿਚ ਹੀ ਕੁਆਉਂਦੇ ਸਨ। ਇਹ ਤਾਂ ਪਿਛਲੇ ਸੱਤ-ਅੱਠ ਮਹੀਨਿਆਂ ਤੋਂ ਹੀ ਆਦਤ ਪਈ ਹੈ।' ਕੁੜੀ ਦਾ ਜੁਆਬ ਸੀ।

'ਪਰ ਇਤਨੇ ਥੋੜ੍ਹੇ ਸਮੇਂ ਵਿਚ ਤੂੰ ਇਤਨੀ ਠੁੱਕਦਾਰ ਤੇ ਰਵਾਨ ਲਹਿੰਦੀ ਕਿਸ ਤਰ੍ਹਾਂ ਬੋਲਣ ਲੱਗ ਪਈ?' ਮੇਰਾ ਅਗਲਾ ਸਵਾਲ ਸੀ।

'ਨਵੀਂ ਵਿਆਹੀ ਹੋਈ ਮੈਂ ਜਿਉਂ ਹੀ ਆਪਣੀ ਦਾਦੀ-ਸੱਸ ਨੂੰ ਪੈਰੀਂ ਪੌਣਾ ਕਰਨ ਲੱਗੀ ਤਾਂ ਮੇਰੀ ਹਿੰਦੀ ਜ਼ੁਬਾਨ ਨੂੰ ਸੁਣਦਿਆਂ ਹੀ ਉਨ੍ਹਾਂ ਨੇ ਕੰਨਾਂ 'ਤੇ ਹੱਥ ਧਰ ਕੇ ਦੋ-ਟੁੱਕ ਫੈਸਲਾ ਸੁਣਾ ਦਿੱਤਾ ਕਿ ਮੈਂ ਤੇਰੇ ਹੱਥੋਂ ਤਾਂ ਹੀ ਨਾਸ਼ਤਾ ਕਬੂਲ ਕਰਾਂਗੀ, ਜੇ ਤੂੰ ਮੇਰੇ ਨਾਲ ਆਪਣੀ ਬੋਲੀ ਵਿਚ ਅਲਾਏਂਗੀ ਤਾਂ। ...ਮੇਰੇ ਸਹੁਰੇ ਪਰਿਵਾਰ ਵਿਚ ਦਾਦੀ ਰੱਬ ਸਮਾਨ ਹੈ। ਕੋਈ ਵੀ ਉਨ੍ਹਾਂ ਨੂੰ ਸਵੇਰੇ ਪੈਰੀਂ ਪਉਣ ਬਿਨਾਂ ਮੂੰਹ ਨਹੀਂ ਜੁਠਾਲਦਾ। ਮੇਰੀ ਕੀ ਮਜਾਲ ਸੀ ਜੁ ਮੈਂ ਉਨ੍ਹਾਂ ਦੀ ਹੁਕਮ ਅਦੂਲੀ ਕਰਾਂ।' ਕੁੜੀ ਦਾ ਉਤਰ ਸੀ।

'ਇਸ ਤਰ੍ਹਾਂ ਅਚਾਨਕ ਬੋਲੀ ਬਦਲਣ ਵਿਚ ਤੈਨੂੰ ਕੋਈ ਦਿੱਕਤ ਨਹੀਂ ਆਈ?' ਮੈਂ ਪੁੱਛਿਆ।

'ਨਹੀਂ, ਬਿਲਕੁਲ ਨਹੀਂ। ਸਗੋਂ ਮੈਨੂੰ ਇੰਜ ਲਗਿਆ ਜਿਵੇਂ ਸਹਿਜ ਹੀ ਮੇਰੇ ਅੰਦਰੋਂ ਝਰਨਾ ਫੁੱਟ ਪਿਆ ਹੋਵੇ। ਮੈਨੂੰ ਤਾਂ ਇੰਜ ਵੀ ਲੱਗਿਆ ਕਿ ਇਸ ਤੋਂ ਪਹਿਲਾਂ ਮੈਂ ਹਿੰਦੀ ਜ਼ੋਰ ਲਾ ਕੇ ਬੋਲਦੀ ਰਹੀ ਸਾਂ ਤੇ ਹੁਣ ਪੰਜਾਬੀ ਆਪ-ਮੁਹਾਰੀ ਫਰਨ ਫਰਨ ਉਚਰੀਣ ਲੱਗੀ। ਆਖਰ ਕੰਨਾਂ ਵਿਚ ਤਾਂ ਹਮੇਸ਼ਾਂ ਪੈਂਦੀ ਹੀ ਰਹਿੰਦੀ ਸੀ ਨਾ...।'

ਮਕਾਨ ਉਸਾਰੀ ਦੇ ਸਮਾਨ ਲਈ ਮੈਨੂੰ ਕਦੇ ਸੈਨੇਟਰੀ ਸਟੋਰਾਂ ਦੇ ਚੱਕਰ ਲਗਾਣੇ ਪੈਂਦੇ ਤੇ ਕਦੇ ਬਜਰੀ, ਇੱਟਾਂ ਜਾਂ ਰੇਤੇ ਲਈ ਗੇੜੇ। ਹਾਰਡਵੇਅਰ ਦੇ ਧੰਦੇਦਾਰ, ਗੁਪਤਾ, ਅਗਰਵਾਲ ਜਾਂ ਜੈਨ ਪੰਜਾਬੀ ਬੋਲੀ ਰਾਹੀਂ ਹੀ ਵਿਕਰਿਆਉਂਦੇ ਦਿਸੇ। ਸਬਜ਼ੀ ਦੇ ਸਟਾਲਾਂ ਉਤੇ ਵੀ ਪੰਜਾਬੀ ਦੀ ਹੀ ਪ੍ਰਧਾਨਤਾ ਵੇਖੀ। ਪੁੱਛਣ 'ਤੇ ਕਈਆਂ ਨੇ ਦੱਸਿਆ ਕਿ ਉਹ ਤਾਂ ਪੁਸ਼ਤਾਂ ਤੋਂ ਦਿੱਲੀ ਦੇ ਮੂਲ ਵਸਨੀਕ ਹਨ। ਉਨ੍ਹਾਂ ਦੀ ਮਾਂ ਬੋਲੀ ਹਿੰਦੀ ਜਾਂ ਹਿੰਦੁਸਤਾਨੀ ਹੈ ਪਰ ਪੰਜਾਬੀ ਗਾਹਕਾਂ ਨਾਲ ਕਾਰ-ਵਿਹਾਰ ਹੋਣ ਕਾਰਨ ਉਨ੍ਹਾਂ ਦੀ ਜ਼ੁਬਾਨ 'ਤੇ ਸਹਿਜ ਹੀ ਪੰਜਾਬੀ ਚੜ੍ਹ ਗਈ ਸੀ। ...ਲੋੜ ਕਾਢ ਦੀ ਮਾਂ ਹੈ। ਕੈਨੇਡਾ ਜਾਓ ਜਾਂ ਬਰਤਾਨੀਆ, ਅੰਗਰੇਜ਼ ਵੀ ਆਪਣੇ ਗਾਹਕਾਂ ਨਾਲ ਲੋੜੀਂਦੇ ਪੰਜਾਬੀ ਸ਼ਬਦਾਂ ਨਾਲ ਕੰਮ ਸਾਰ ਲੈਂਦੇ ਹਨ।

ਫਿਲਮੀ ਮੀਡੀਆ ਦੇ ਨੰਗੇਜ਼ ਨਾਲ ਭਾਵੇਂ ਸਾਡਾ ਦਮ ਘੁੱਟਦਾ ਹੈ, ਪਰ ਇਹ ਵੀ ਸੱਚ ਹੈ ਕਿ ਪੰਜਾਬੀ ਸ਼ਬਦ ਹੀ ਨਹੀਂ, ਸਗੋਂ ਪੂਰੇ ਦੇ ਪੂਰੇ ਪੰਜਾਬੀ ਮੁਖੜਿਆਂ ਵਾਲੇ ਪੰਜਾਬੀ ਗੀਤ ਹਰ ਹਿੰਦੁਸਤਾਨੀ ਦੇ ਮੂੰਹ ਚੜ੍ਹ ਗਏ ਹਨ। ਕਿਸੇ ਵੀ ਦੇਸ ਜਾਵੋ, ਜੇ ਉਸ ਦੇ ਆਮ ਵਰਤੋਂ ਦੇ ਸੌ, ਦੋ ਸੌ ਲਫ਼ਜ਼ ਪੱਲੇ ਬੰਨ੍ਹ ਲਈਏ ਤਾਂ ਔਖਿਆਂ ਸੌਖਿਆਂ ਕੰਮ ਸਰ ਜਾਂਦਾ ਹੈ। ਅਸੀਂ ਪੰਜਾਬੀ ਭਾਵੇਂ ਦੱਖਣੀ ਭਾਸ਼ਾਵਾਂ ਨਾ ਸਮਝ ਸਕੀਏ ਪਰ ਬਾਕੀ ਸਾਰੇ ਭਾਰਤੀ ਪ੍ਰਾਂਤਾਂ ਦੇ ਵਾਸੀ ਸਾਡੇ ਮੀਡੀਆ ਕਾਰਨ ਕੁਝ ਕੁਝ ਸਾਡੀ ਗੱਲ ਸਮਝ ਜਾਂਦੇ ਹਨ।


ਉਜਾੜੇ ਮਗਰੋਂ ਸਾਡੇ ਵਡੇਰੀ ਉਮਰ ਦੇ ਲੋਕ ਜਿੱਥੇ ਵੀ ਜਾ ਵਸੇ, ਉਥੋਂ ਦੀ ਪ੍ਰਾਂਤਕ ਭਾਸ਼ਾ ਰਾਹੀਂ ਆਪਣੀ ਔਲਾਦ ਨਾਲ ਸੰਚਾਰ ਕਰਨ ਲੱਗੇ। ਦਿੱਲੀ ਵਸਦਿਆਂ ਨੇ ਹਿੰਦੀ, ਕਲਕੱਤੇ ਵਾਲਿਆਂ ਨੇ ਬੰਗਾਲੀ ਤੇ ਪੂਰਬੀ ਪੰਜਾਬ ਵਿਚ ਵੱਸਣ ਵਾਲਿਆਂ ਨੇ ਏਧਰ ਦੀ ਮਲਵਈ ਪੰਜਾਬੀ। ਪੰਜਾਬੋਂ ਬਾਹਰ ਵੱਸਦੇ ਸਾਡੇ ਹਮਉਮਰਾਂ ਦੀ ਬੋਲੀ ਵਿਚ ਲਹਿੰਦੀ ਜਾਂ ਪੋਠੋਹਾਰੀ ਰੰਗਤ ਕਾਇਮ ਰਹੀ, ਪਰ ਪੰਜਾਬ ਵਿਚ ਵਸਦਿਆਂ ਦਾ ਲਹਿਜਾ ਬਦਲ ਗਿਆ। ਇਹ ਕੁਦਰਤੀ ਵੀ ਹੈ ਕਿਉਂਕਿ ਭਾਸ਼ਾ ਦਾ ਸਿੱਧਾ ਸਬੰਧ ਰੁਜ਼ਗਾਰ ਨਾਲ ਹੈ ਤੇ ਰੁਜ਼ਗਾਰ ਸਹਿਜ ਹੀ ਮਾਂ ਬੋਲੀ ਵਿਚ ਪਰਿਵਰਤਨ ਲੈ ਆਉਂਦਾ ਹੈ।

ਬੋਲੀ ਤੇ ਸਭਿਆਚਾਰ ਅਨਿੱਖੜ ਹਨ। ਜੇ ਪੰਜਾਬੀ ਬੋਲੀ ਮੇਲ-ਜੋਲ ਅਤੇ ਮੀਡੀਆ ਰਾਹੀਂ ਸਰਬ ਪ੍ਰਵਾਨ ਹੋਈ ਹੈ ਤਾਂ ਪੰਜਾਬੀ ਲਿਬਾਸ ਵੀ ਕੋਈ ਪਿੱਛੇ ਨਹੀਂ ਰਿਹਾ। ਨਾ ਹੀ ਪਛੜਿਆ ਹੈ ਪੰਜਾਬੀ ਖਾਣ-ਪੀਣ, ਰਹਿਣ-ਸਹਿਣ। ਮੱਕੀ ਦੀ ਰੋਟੀ, ਸਰ੍ਹੋਂ ਦਾ ਸਾਗ ਜਾਂ ਦਾਲ ਮੱਖਣੀ ਨੂੰ ਚਟਕਾਰਨ ਵਾਲਿਆਂ ਬੰਗਾਲਣਾਂ, ਮਰਹੱਟਣਾਂ ਜਾਂ ਗੁਜਰਾਤਣਾਂ ਹੀ ਹੋਵਣ, ਪੰਜਾਬੀ ਸਲਵਾਰ ਕਮੀਜ਼ਾਂ ਨੇ ਉਨ੍ਹਾਂ ਦੀਆਂ ਸਾੜ੍ਹੀਆਂ ਧੋਤੀਆਂ ਦੀ ਥਾਂ ਲੈ ਲਈ ਹੈ। ਪੱਛਮੀ ਲਿਬਾਸ ਦੇ ਸਮਾਨਾਂਤਰ ਜੇ ਕੋਈ ਇਸਤਰੀ ਪਹਿਰਾਵਾ ਟਿਕ ਸਕਿਆ ਹੈ, ਤਾਂ ਉਹ ਪੰਜਾਬੀ ਹੀ ਹੈ। ਘੱਗਰਾ ਸਾੜ੍ਹੀ ਜਾਂ ਧੋਤੀ ਇੰਨੇ ਪ੍ਰੈਕਟੀਕਲ ਨਹੀਂ।

ਬੋਲੀ ਤਾਂ ਵਗਦਾ ਦਰਿਆ ਹੈ। ਇਸ ਨੇ ਬੜਾ ਕੁਝ ਛੱਡਣਾ ਤੇ ਕਾਫ਼ੀ ਕੁਝ ਨਾਲ ਲੈ ਕੇ ਤੁਰਨਾ ਹੁੰਦਾ ਹੈ। ਜਿੱਥੇ ਇਕ ਪਾਸੇ ਦਾਦੀ ਦਾ ਅਖਾਣ ਸੀ, 'ਜਾਤ ਵਟਾਈ ਚੰਗੀ ਤੇ ਬੋਲੀ ਵਟਾਈ ਮੰਦੀ', ਉਥੇ ਉਹੀ ਦਾਦੀ ਇਹ ਵੀ ਤਾਂ ਕਹਿੰਦੀ ਹੁੰਦੀ ਸੀ ਕਿ 'ਹਰ ਦਸਾਂ ਕੋਹਾਂ 'ਤੇ ਬੋਲੀ ਬਦਲ ਜਾਨੀ ਐ।' ਫਿਰ ਜੇ ਟਾਂਗਿਆਂ ਛਕੜਿਆਂ ਦੇ ਵੇਲਿਆਂ ਵਿਚ ਦਸਾਂ ਕੋਹਾਂ 'ਤੇ ਬੋਲੀ ਬਦਲਦੀ ਸੀ ਤਾਂ ਹੁਣ ਤਾਂ

(ਅਗਲੇ ਸਫੇ 'ਤੇ ਜਾਰੀ)

***ਵਕਤ ਨਾਲ ਬੋਲੀ ਵਿਚ ਤਬਦੀਲੀ ਆਉਣਾ ਸੁਭਾਵਕ ਹੀ ਹੈ। ਸਕੂਲਾਂ-ਕਾਲਜਾਂ ਅਤੇ ਬੱਸਾਂ-ਬਜ਼ਾਰਾਂ ਦੇ ਵਿਹਾਰ ਵਿਚੋਂ ਲੰਘਦੀ-ਗੁਜ਼ਰਦੀ ਹਿੰਦੀ ਘਰਾਂ ਵਿਚ ਵੀ ਦਾਖ਼ਲ ਹੋਣ ਲੱਗੀ। ਲਾਹੌਰੀ, ਅੰਬਰਸਰੀ ਸਖੇ-ਸਹੇਲੀਆਂ ਦੇ ਮੇਲ-ਜੋਲ ਕਾਰਨ ਅਸੀਂ ਬਾਲਕ ਘਰ ਵਿਚ ਮਾਂ-ਦਾਦੀ ਨਾਲ ਠੇਠ ਪੰਜਾਬੀ ਵਿਚ ਗੱਲਾਂ ਕਰਨ ਲੱਗੇ। ਫੇਰ ਛੇਤੀ ਹੀ ਇਸ ਕੇਂਦਰੀ ਪੰਜਾਬੀ ਨੂੰ ਵੀ ਹਿੰਦੀ ਨੇ ਹਾਸ਼ੀਏ ਤੋਂ ਬਾਹਰ ਕੱਢ ਦਿੱਤਾ। ਹੋਰ ਤਾਂ ਹੋਰ ਚੜ੍ਹਦੇ ਪੰਜਾਬ ਵਿਚ ਟਿਕ ਵੱਸ ਗਏ ਸਾਡੇ ਸੰਬੰਧੀ ਪਰਿਵਾਰਾਂ ਦੀ ਵੀ ਅਗਲੀ ਪੀੜ੍ਹੀ ਹਿੰਦੀ ਨੂੰ ਮੂੰਹ ਮਾਰਨ ਲੱਗੀ।... ਜੇ ਹਨੇਰੀ ਝੁੱਲੇ ਤਾਂ ਚੂਹੇ ਦੀ ਖੁੱਡ ਵੀ ਸਲਾਮਤ ਨਹੀਂ ਰਹਿੰਦੀ। ਸ਼ੱਕ ਇਸ ਵਿਚ ਵੀ ਕੋਈ ਨਹੀਂ ਕਿ ਤੂਫਾਨ ਮਗਰੋਂ ਸ਼ਾਂਤ ਹਵਾ ਨੇ ਵੀ ਰੁਮਕਣਾ ਹੀ ਹੁੰਦਾ ਹੈ।***



# ਦਰਵਾਜ਼ਾ ਤਾਂ ਖੁੱਲ੍ਹਾ ਹੀ ਹੈ!


ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353


ਬੂਹੇ ਜਾਂ ਬਾਰ ਦੇ ਮੁਕਾਬਲੇ ਵਿਚ ਦਰਵਾਜ਼ਾ ਸ਼ਬਦ ਦੀ ਆਪਣੀ ਹੀ ਸ਼ਾਨ ਹੈ। ਲੰਬਾਈ ਪੱਖੋਂ ਵੀ ਇਸ ਵਿਚ ਵਡੱਪਣ ਹੈ ਤੇ ਵਰਤੋਂ ਦੇ ਪੱਖ ਤੋਂ ਵੀ। ਬੋਲੀ ਹੈ,

ਤੂੰ ਕਾਹਦਾ ਲੰਬੜਦਾਰ ਵੇ,
ਦਰਵਾਜ਼ਾ ਹੈ ਨੀ।
ਬੈਠੇ ਕੋਲੇ ਨਾਲ ਵੇ, ਦਰਵਾਜ਼ਾ ਹੈ ਨੀ।

ਬੁਲ੍ਹੇ ਸ਼ਾਹ ਫਰਮਾਉਂਦੇ ਹਨ,

ਦੌਲਤਮੰਦਾਂ ਨੇ ਬੂਹਿਆਂ ਉਤੇ,
ਰੋਬਦਾਰ ਬਠਾਏ।
ਪਕੜ ਦਰਵਾਜ਼ਾ, ਸੱਚੇ ਦਾ,
ਜਿੱਥੋਂ ਦੁੱਖ ਦਿਲ ਦਾ ਮਿਟ ਜਾਏ।

ਪੁਰਾਣੇ ਜ਼ਮਾਨੇ ਵਿਚ ਹਰ ਨਗਰ, ਸ਼ਹਿਰ ਦੀ ਬਾਹਰੀ ਫਾਸੀਲ ਵਿਚ ਦਰਵਾਜ਼ੇ ਲੱਗੇ ਹੁੰਦੇ ਸਨ ਜਿਨ੍ਹਾਂ ਰਾਹੀਂ ਹੀ ਅੰਦਰ ਵੜਿਆ ਜਾ ਸਕਦਾ ਸੀ। ਇਹ ਦਰਵਾਜ਼ੇ ਲੰਬੇ, ਚੌੜੇ, ਉਚੇ ਤੇ ਡਾਟਦਾਰ ਹੁੰਦੇ ਸਨ। ਇਨ੍ਹਾਂ ਦੇ ਨਾਂ ਵੀ ਹੁੰਦੇ ਸਨ ਜਿਵੇਂ ਲਾਹੌਰੀ ਦਰਵਾਜ਼ਾ, ਕਸ਼ਮੀਰੀ ਦਰਵਾਜ਼ਾ। ਇਹ ਸੁਰੱਖਿਆ ਦੇ ਪੱਖ ਤੋਂ ਫਾਇਦੇਮੰਦ ਹੋਇਆ ਕਰਦੇ ਸਨ। ਇਥੇ ਪਹਿਰੇਦਾਰ ਬਿਠਾਏ ਜਾਂਦੇ ਸਨ। ਅਜਿਹੇ ਸੁਰੱਖਿਆ ਦਰਵਾਜ਼ੇ ਸੂਰਜ ਛਿਪਣ ਸਾਰ ਬੰਦ ਕਰ ਦਿੱਤੇ ਜਾਂਦੇ ਸਨ। ਕਿਲਿਆਂ ਦੇ ਵੀ ਦਰਵਾਜ਼ੇ ਹੁੰਦੇ ਸਨ ਜਿਵੇਂ ਬਹਿਰਾਮਪੁਰ ਕਿਲੇ ਦੇ ਸੱਤ ਦਰਵਾਜ਼ਿਆਂ ਵਿਚੋਂ ਕੁਝ ਦੇ ਨਾਂ ਹਨ-ਚੌਣਾਂ ਦਰਵਾਜ਼ਾ, ਬ੍ਰਾਹਮਣੀ ਦਰਵਾਜ਼ਾ, ਸੁਲਤਾਨੀ ਦਰਵਾਜ਼ਾ, ਤਾਕੀ ਦਰਵਾਜ਼ਾ, ਘਾਹ ਮੰਡੀ ਦਰਵਾਜ਼ਾ ਆਦਿ। ਅੱਜ ਵੀ ਹਰ ਪਿੰਡ ਦੇ ਬਾਹਰਵਾਰ ਦਰਵਾਜ਼ਾ ਹੁੰਦਾ ਹੈ। ਬਹੁਤਿਆਂ ਵਿਚ ਅੱਜ ਕਲ੍ਹ ਦਰਵਾਜ਼ੇ ਨਹੀਂ ਰਹੇ ਬੱਸ ਦੋਨੋਂ ਪਾਸੇ ਚੌਤਰੇ ਹੀ ਹੁੰਦੇ ਹਨ ਪਰ ਵੱਜਦੇ ਦਰਵਾਜ਼ਾ ਹੀ ਹਨ। ਪਿੰਡ ਦੇ ਬਜ਼ੁਰਗ ਤੇ ਵਿਹਲੜ ਇਸ ਥਾਂ 'ਤੇ ਬਹਿ ਕੇ ਆਪਣਾ ਝੱਟ ਲੰਘਾਉਂਦੇ ਹਨ ਤੇ ਨਾਲੇ ਲੰਘਦੇ ਵੜਦੇ ਦੀ ਬਿੜਕ ਰੱਖਦੇ ਹਨ। ਕਿਸੇ ਦੇ ਘਰ ਕੌਣ ਪ੍ਰਾਹੁਣਾ ਆਇਆ, ਦਰਵਾਜ਼ੇ ਬੈਠਿਆਂ ਨੂੰ ਸਭ ਖਬਰ ਹੁੰਦੀ ਹੈ। ਦੀਵਾਲੀ ਨੂੰ ਇਥੇ ਦੀਵੇ ਜਗਾਏ ਜਾਂਦੇ ਹਨ। ਕਈ ਜਨਤਕ ਗਤੀਵਿਧੀਆਂ ਦਰਵਾਜ਼ੇ ਵਿਚ ਹੀ ਹੁੰਦੀਆਂ ਹਨ। ਅੱਜ ਪਿੰਡ ਇਨ੍ਹਾਂ ਦਰਵਾਜ਼ਿਆਂ ਤੋਂ ਬਹੁਤ ਬਾਹਰ ਤੱਕ ਫੈਲ ਗਏ ਹਨ ਤੇ ਪਿੰਡ ਨਾਲ ਲਗਦੀ ਸੜਕ ਉਤੇ ਗੇਟ ਲਾਉਣ ਦੀ ਭੇਡ ਚਾਲ ਚੱਲ ਪਈ ਹੈ। ਉਂਜ ਇਹ ਰਿਵਾਜ ਪਿੰਡਾਂ ਵਿਚ ਵਧ ਰਹੀ ਸਵੈ-ਚੇਤਨਤਾ ਦਾ ਵੀ ਸੂਚਕ ਹੈ।

ਕਈ ਦਰਵਾਜ਼ਿਆਂ ਨੇ ਇਤਿਹਾਸਕ ਮਹੱਤਤਾ ਧਾਰਨ ਕਰ ਲਈ ਹੈ ਜਿਵੇਂ ਦਿੱਲੀ ਸਥਿਤ ਖੂਨੀ ਦਰਵਾਜ਼ਾ। ਇਹ ਦਿੱਲੀ ਦੇ ਬਚੇ ਹੋਏ ਤੇਰਾਂ ਦਰਵਾਜ਼ਿਆਂ ਵਿਚੋਂ ਇਕ ਹੈ। ਇਥੇ ਮੁਗਲ ਸਤਲਤਨਤ ਦੇ ਤਿੰਨ ਸ਼ਹਿਜ਼ਾਦੇ-ਬਹਾਦਰ ਸ਼ਾਹ ਜ਼ਫਰ ਦੇ ਬੇਟੇ ਮਿਰਜ਼ਾ ਮੁਗਲ, ਕਿਜ਼ਰ ਸੁਲਤਾਨ ਅਤੇ ਉਸ ਦੇ ਪੋਤੇ ਅਬੂ ਬਕਰ ਦੀ ਬਰਤਾਨਵੀ ਜਨਰਲ ਵਿਲੀਅਮ ਹਾਡਸਨ ਨੇ 1857 ਦੇ ਗਦਰ ਦੌਰਾਨ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਮੁਗਲ ਸਮਰਾਟ ਦੇ ਆਤਮ ਸਮਰਪਣ ਦੇ ਅਗਲੇ ਦਿਨ ਹੀ ਵਿਲੀਅਮ ਹਡਸਨ ਨੇ ਤਿੰਨਾਂ ਸ਼ਹਿਜ਼ਾਦਿਆਂ ਨੂੰ ਵੀ ਆਤਮ ਸਮਰਪਣ ਕਰਨ ਲਈ ਮਜਬੂਰ ਕਰ ਦਿੱਤਾ। ਜਦ ਹਾਡਸਨ ਤਿੰਨਾਂ ਨੂੰ ਹਮਾਯੂੰ ਦੇ ਮਕਬਰੇ ਤੋਂ ਲਾਲ ਕਿਲੇ ਲਿਜਾ ਰਿਹਾ ਸੀ ਤਾਂ ਉਸ ਨੇ ਤਿੰਨਾਂ ਨੂੰ ਰੋਕ ਕੇ ਨੰਗਿਆਂ ਕੀਤਾ ਅਤੇ ਗੋਲੀਆਂ ਮਾਰ ਕੇ ਮਾਰ ਦਿੱਤਾ। ਫਿਰ ਜਨਤਕ ਵਿਖਾਵੇ ਲਈ ਉਨ੍ਹਾਂ ਦੇ ਸਿਰਾਂ ਨੂੰ ਕੋਤਵਾਲੀ ਦੇ ਸਾਹਮਣੇ ਟੰਗਿਆ ਗਿਆ। ਦੰਦ ਕਥਾ ਹੈ ਕਿ ਜਹਾਂਗੀਰ ਨੇ ਆਪਣੇ ਇਕ ਰਤਨ ਦੇ ਦੋ ਬੇਟਿਆਂ ਨੂੰ ਇਸ ਦਰਵਾਜ਼ੇ 'ਤੇ ਮਰਵਾਇਆ ਸੀ। ਔਰੰਗਜ਼ੇਬ ਨੇ ਆਪਣੇ ਭਰਾ ਦਾਰਾ ਸ਼ਿਕੋਹ ਦੇ ਵੱਢੇ ਸਿਰ ਨੂੰ ਇਥੇ ਲਟਕਾਇਆ। ਨਾਦਰ ਸ਼ਾਹ ਨੇ ਦਿੱਲੀ 'ਤੇ ਚੜ੍ਹਾਈ ਕੀਤੀ ਤਾਂ ਇਥੇ ਖੂਨ ਦੀਆਂ ਨਦੀਆਂ ਵਹਿ ਗਈਆਂ।



ਦਰਵਾਜ਼ਾ ਸ਼ਬਦ ਵਿਚ ਅਧਿਆਤਮਕ ਪਾਸਾਰ ਵੀ ਹਨ। ਗੁਰੂ ਨਾਨਕ ਦੇਵ ਜੀ ਨੇ ਫਰਮਾਇਆ ਹੈ, "ਨਉ ਦਰਵਾਜੇ ਦਸਵਾਂ ਦੁਆਰੁ॥" ਇਥੇ ਨੌਂ ਦਰਵਾਜੇ ਗਿਆਨ ਇੰਦਰੀਆਂ ਹੀ ਹਨ। ਭਗਤ ਕਬੀਰ ਕਹਿੰਦੇ ਹਨ, "ਮੂੰਦਿ ਲੀਏ ਦਰਵਾਜੇ॥ ਬਾਜੀਅਲੇ ਅਨਹਦ ਨਾਦੇ॥" 'ਦਰਵਾਜ਼ਾ ਖੜਕਾਉਣਾ' ਮੁਹਾਵਰੇ ਦਾ ਮਤਲਬ ਕਚਹਿਰੀ ਆਦਿ ਅੱਗੇ ਇਨਸਾਫ ਲਈ ਫਰਿਆਦ ਕਰਨਾ ਹੈ। ਅੰਗਰੇਜ਼ੀ ਰਾਜ ਸਮੇਂ ਗੋਰੇ ਅਫਸਰ ਦੇ ਘਰ ਅੱਗੇ ਜੇ 'ਦਰਵਾਜ਼ਾ ਬੰਦ ਹੈ' ਲਿਖਿਆ ਹੁੰਦਾ ਸੀ ਤਾਂ ਇਸ ਦਾ ਮਤਲਬ ਸੀ, ਭਾਰਤੀ ਮੁਲਾਕਾਤੀ ਹੁਣ ਨਹੀਂ ਮਿਲ ਸਕਦੇ। ਉਰਦੂ ਵਿਚ ਦਰਵਾਜ਼ੀ ਸ਼ਬਦ ਵੀ ਹੈ ਜਿਸ ਦਾ ਮਤਲਬ ਦਰਵਾਜ਼ੇ ਦਾ ਰਖਵਾਲਾ ਜਾਂ ਦਰਬਾਨ ਹੁੰਦਾ ਹੈ।

ਪੰਜਾਬੀ ਵਿਚ ਦਰਵਾਜ਼ਾ ਤਿੰਨ ਅਰਥਾਂ ਵਿਚ ਵਰਤਿਆ ਜਾਂਦਾ ਹੈ, ਕਿਸੇ ਇਮਾਰਤ ਆਦਿ ਦਾ ਮੁਖ ਲਾਂਘਾ, ਇਸ ਲਾਂਘੇ 'ਤੇ ਲੱਗੇ ਹੋਏ ਬੂਹੇ ਅਤੇ ਲਾਂਘਾ ਤੇ ਬੂਹੇ ਦੋਵੇਂ। ਦਰਵਾਜ਼ਾ ਫਾਰਸੀ ਦਾ ਸ਼ਬਦ ਹੈ ਜੋ 'ਦਰ' ਅਤੇ 'ਵਾਜ਼' ਲਫ਼ਜ਼ਾਂ ਦੇ ਮੇਲ ਤੋਂ ਬਣਿਆ ਹੈ। ਦਰ ਦਾ ਮਤਲਬ ਤਾਂ ਸਾਰੇ ਜਾਣਦੇ ਹੀ ਹਨ ਯਾਨਿ ਬੂਹਾ, ਵਾਜ਼ ਜਾਂ ਬਾਜ਼ ਦਾ ਮਤਲਬ ਫਾਰਸੀ ਵਿਚ ਖੁੱਲ੍ਹਾ ਹੁੰਦਾ ਹੈ। ਇਸ ਤਰ੍ਹਾਂ ਦਰਵਾਜ਼ਾ ਸ਼ਬਦ ਦਾ ਮੁਢਲਾ ਅਰਥ ਖੁੱਲ੍ਹਾ ਦਰ ਹੈ। ਇਸ ਹਿਸਾਬ ਨਾਲ 'ਖੁੱਲ੍ਹਾ ਦਰਵਾਜ਼ਾ' ਕਹਿਣਾ ਅਟਪਟਾ ਜਿਹਾ ਲੱਗੇਗਾ ਪਰ ਭਾਸ਼ਾ ਇਸੇ ਤਰ੍ਹਾਂ ਹੁੰਦੀ ਹੈ।

ਦਰਅਸਲ ਖੁੱਲ੍ਹਾ ਦਰ ਹੀ ਲਾਂਘੇ ਦਾ ਪ੍ਰਭਾਵ ਦਿੰਦਾ ਹੈ, ਬੰਦ ਦਰ ਤਾਂ ਇਕ ਤਰ੍ਹਾਂ ਫਿਰ ਕੰਧ ਹੀ ਹੋਇਆ। ਦਰਵਾਜ਼ਾ ਸਮਾਸ ਦੇ 'ਦਰ' ਸ਼ਬਦ ਦਾ ਅਰਥ ਵੀ ਪ੍ਰਵੇਸ਼-ਦੁਆਰ ਹੀ ਹੁੰਦਾ ਹੈ ਜੋ ਪੰਜਾਬੀ ਵਿਚ ਖੂਬ ਵਰਤਿਆ ਜਾਂਦਾ ਹੈ ਪਰ ਇਸ ਵਿਚ ਆਮ ਤੌਰ 'ਤੇ ਬੂਹੇ ਦੇ ਭਾਵ ਨਹੀਂ ਹਨ। 'ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ॥' -ਗੁਰੂ ਨਾਨਕ। 'ਦਰ ਦਰ' ਦਾ ਮਤਲਬ ਹੈ ਹਰ ਬੂਹੇ 'ਤੇ ਜਿਵੇਂ ਦਰ ਦਰ ਮੰਗਣਾ ਜਾਂ ਦਰ ਦਰ ਦੀਆਂ ਠੁਹਕਰਾਂ ਖਾਣਾ। ਸਿਆਣੇ ਕਹਿੰਦੇ ਹਨ ਦਰ 'ਤੇ ਬੇਰੀ ਨਾ ਲਾਈਏ ਤੇ ਸਿਪਾਹੀ ਨੂੰ ਯਾਰ ਨਾ ਬਣਾਈਏ। ਬਾਬਾ ਸ਼ੇਖ ਫਰੀਦ ਦਾ ਇਹ ਸਲੋਕ ਵੀ ਕਹਾਵਤ ਦਾ ਰੂਪ ਹੀ ਧਾਰ ਚੁੱਕਾ ਹੈ, "ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆ ਭਤਿ॥ ਬੰਨ੍ਹਿ ਉਠਾਈ ਪੋਟਲੀ ਕਿਥੈ ਵੰਞਾ ਘਤਿ॥" ਦਰ ਤੋਂ ਹੀ ਫਾਰਸੀ ਵਿਚ ਹੀ ਬਣੇ ਹੋਰ ਕਈ ਸਮਾਸੀ ਰੂਪ ਪੰਜਾਬੀ ਵਿਚ ਵੀ ਪ੍ਰਚਲਤ ਹਨ। ਕੁਝ ਗਿਣਾਉਂਦੇ ਹਾਂ: ਦਰਬਾਨ-ਦਰ ਦਾ ਰਖਵਾਲਾ, ਚੌਕੀਦਾਰ; ਦਰਬਾਰ-ਕਚਹਿਰੀ, ਦੀਵਾਨ। ਦਰਗਾਹ ਫਕੀਰ ਆਦਿ ਦਾ ਮਜ਼ਾਰ। ਇਸ ਵਿਚ ਗਾਹ ਦਾ ਅਰਥ ਹੁੰਦਾ ਹੈ, ਜਗਹ। ਸ਼ਿਕਾਰਗਾਹ ਦਾ ਮਤਲਬ ਸ਼ਿਕਾਰ ਕਰਨ ਵਾਲੀ ਜਗਹ। ਬੇਨਤੀ, ਅਰਜ਼ੀ ਆਦਿ ਦੇ ਅਰਥਾਂ ਵਾਲੇ 'ਦਰਖਾਸਤ' ਸ਼ਬਦ ਵਿਚ ਖਾਸਤਨ ਦਾ ਮਤਲਬ ਹੁੰਦਾ ਹੈ, ਚਾਹੁਣਾ। ਸੋ, ਭਾਵ ਹੋਇਆ ਕਿਸੇ (ਦੇ ਦਰ) ਅੱਗੇ ਪੇਸ਼ ਕੀਤੀ ਚਾਹ ਜਾਂ ਮੰਗ। ਪੁੱਛ ਗਿੱਛ ਦੇ ਅਰਥਾਂ ਵਾਲੇ ਦਰਿਆਫਤ ਸ਼ਬਦ ਵਿਚ ਫਾਰਸੀ ਯਾਫਤਨ ਸ਼ਬਦ ਝਲਕ ਰਿਹਾ ਹੈ ਜਿਸ ਦਾ ਅਰਥ ਹੁੰਦਾ ਹੈ ਪਾਉਣਾ, ਲਭਣਾ। ਦਰੀਚਾ ਛੋਟੇ ਦਰਵਾਜ਼ੇ ਨੂੰ ਕਿਹਾ ਜਾਂਦਾ ਹੈ। 'ਚਾ' ਪਿਛੇਤਰ ਲਘੁਤਾ ਸੂਚਕ ਹੈ। ਕਿਤਾਬਚਾ ਵਿਚ ਇਹੀ ਪਿਛੇਤਰ ਹੈ ਜਿਸ ਦਾ ਅਰਥ ਬਣਿਆ ਛੋਟੀ ਕਿਤਾਬ।

ਫਾਰਸੀ 'ਦਰ' ਸ਼ਬਦ ਦਾ ਪ੍ਰਾਚੀਨ ਰੂਪ 'ਦਵਰ' ਜਿਹਾ ਸੀ। ਇਥੇ ਆ ਕੇ ਅਸੀਂ ਇਸ ਸ਼ਬਦ ਦੇ ਸੰਸਕ੍ਰਿਤ ਤੇ ਹੋਰ ਭਾਰਤੀ-ਆਰਿਆਈ ਭਾਸ਼ਾਵਾਂ ਦੇ ਸੁਜਾਤੀ ਸ਼ਬਦ ਦਵਾਰ/ ਦੁਆਰ ਦੀ ਚਰਚਾ ਛੇੜਦੇ ਹਾਂ। ਅਸੀਂ ਜਾਣਦੇ ਹੀ ਹਾਂ ਕਿ ਦੁਆਰ ਸ਼ਬਦ ਦੇ ਅਰਥ ਵੀ 'ਦਰ' ਜਿਹੇ ਹੀ ਹੁੰਦੇ ਹਨ। ਇਹ ਸ਼ਬਦ ਵਧੇਰੇ ਕਰਕੇ ਧਾਰਮਿਕ ਸੰਦਰਭ ਵਿਚ ਹੀ ਵਰਤਿਆ ਜਾਂਦਾ ਹੈ ਜਿਵੇਂ ਸਰੀਰ ਦੇ ਨੌਂ ਇੰਦਰਿਆਂ ਨੂੰ ਨੌਂ ਦੁਆਰ ਕਿਹਾ ਗਿਆ ਹੈ ਅਰਥਾਤ ਅਜਿਹੇ ਲਾਂਘੇ ਜਾਂ ਛਿੱਦਰ ਜਿਨ੍ਹਾਂ ਰਾਹੀਂ ਬਾਹਰੀ ਗਿਆਨ ਸਰੀਰ ਦੇ ਅੰਦਰ ਦਾਖਿਲ ਹੁੰਦਾ ਹੈ। ਰਹੱਸਵਾਦੀ ਸਾਧਕਾਂ ਨੇ ਪਰਮਾਤਮਾ ਦੇ ਨਿਵਾਸ ਲਈ ਇਨ੍ਹਾਂ ਨੌਂ ਛਿੱਦਰਾਂ ਤੋਂ ਵੱਖ ਸਥਾਨ ਦੀ ਕਲਪਨਾ ਕੀਤੀ ਹੈ। ਬੇਣੀ ਭਗਤ ਅਨੁਸਾਰ, "ਦਸਮ ਦੁਆਰਾ ਅਪਾਰਾ ਪਰਮ ਪੁਰਖ ਕੀ ਘਾਟੀ।" ਦਰਬਾਨ ਦੇ ਟਾਕਰੇ ਤੇ ਸੰਸਕ੍ਰਿਤ ਵਲੋਂ ਦੁਆਰਪਾਲ ਹੈ ਜੋ ਕਿ ਦਰ ਦਾ ਰਖਵਾਲਾ ਹੀ ਹੈ। ਭੁਟਾਨ ਦੇ ਆਸਪਾਸ ਉਤਰ-ਪੂਰਬੀ ਭਾਰਤ ਦੇ ਇਲਾਕੇ ਅਰਥਾਤ ਤੇਰਾਈ ਨੂੰ ਦੋਆਰ ਜਾਂ ਦੁਆਰ ਕਹਿੰਦੇ ਹਨ ਕਿਉਂਕਿ ਇਹ ਭਾਰਤ ਵਲੋਂ ਭੁਟਾਨ ਜਾਣ ਲਈ ਇਕ ਪ੍ਰਵੇਸ਼ ਮਾਤਰ ਹੈ। ਇਹ ਦੁਆਰ ਵੀ ਦੋ ਹਨ, ਪਛਮੀ ਦੁਆਰ ਜਾਂ ਬੰਗਾਲ ਦੁਆਰ ਅਤੇ ਪੂਰਬੀ ਦੁਆਰ ਜਾਂ ਆਸਾਮ ਦੁਆਰ। ਹਿੰਦੂਆਂ ਦੇ 4 ਧਾਮਾਂ 'ਚੋਂ ਇਕ ਕ੍ਰਿਸ਼ਨ ਦੀ ਨਗਰੀ ਦੁਆਰਕਾ ਦਾ ਇਹ ਨਾਂ ਇਸ ਕਰਕੇ ਪਿਆ ਕਿਉਂਕਿ ਇਹ ਸਮੁੰਦਰ ਤੋਂ ਧਰਤੀ ਦਾ ਦੁਆਰ ਸੀ। ਗੁਰੂ ਨਾਨਕ ਨੇ 'ਦੁਆਰਾ' ਸ਼ਬਦ ਦਵਾਰਕਾ ਲਈ ਵਰਤਿਆ ਹੈ, "ਕਾਸੀ ਕਾਂਤਿ ਪੁਰੀ ਦੁਆਰਾ॥"

ਇਸ ਸ਼ਬਦ ਦੀ ਪਿਛੇਤਰ ਵਜੋਂ ਵੀ ਵਰਤੋਂ ਹੁੰਦੀ ਹੈ ਜਿਵੇਂ ਹਰਿਦੁਆਰ; ਗੁਰਦਵਾਰਾ, ਠਾਕਰਦਵਾਰਾ ਆਦਿ। ਟਰਨਰ ਅਨੁਸਾਰ ਘਰ-ਬਾਰ ਸ਼ਬਦ ਘਰਦਵਾਰਾ ਤੋਂ ਬਣਿਆ ਹੈ। ਕੁਝ ਭਾਸ਼ਾਵਾਂ ਵਿਚ ਇਹ ਸ਼ਬਦ ਘਰਦਾਰ ਵੀ ਹੈ। ਇਸ ਸ਼ਬਦ ਦੇ ਦਰਵਾਜ਼ੇ ਵਾਲੇ ਅਰਥਾਂ ਕਾਰਨ ਦੁਆਰਾ ਸ਼ਬਦ ਦਾ ਅਰਥ ਜ਼ਰੀਆ, ਵਸੀਲਾ, ਸਾਧਨ, ਮਾਰਫਤ ਆਦਿ ਹੋ ਗਿਆ ਹੈ, "ਭਗਤਿ ਭਾਵ ਇਹੁ ਮਾਰਗੁ ਬਿਖੜਾ ਗੁਰ ਦੁਆਰੈ ਕੋ ਪਾਵਏ॥" -ਗੁਰੂ ਨਾਨਕ ਅਤੇ "ਗੁਰ ਦੁਆਰੈ ਹਰਿ ਕੀਰਤਨੁ ਸੁਣੀਐ" -ਗੁਰੂ ਅਰਜਨ ਦੇਵ।

ਇਹ ਸ਼ਬਦ ਹਿੰਦ-ਯੂਰਪੀ ਖਾਸੇ ਵਾਲਾ ਹੈ। ਅਨੇਕਾਂ ਭਾਸ਼ਾਵਾਂ ਵਿਚ ਇਸ ਦੇ ਸੁਜਾਤੀ ਸ਼ਬਦ ਮਿਲਦੇ ਹਨ। ਇਸ ਦਾ ਭਾਰੋਪੀ ਮੂਲ dhwer ਨਿਸ਼ਚਿਤ ਕੀਤਾ ਗਿਆ ਹੈ ਜਿਸ ਦਾ ਅਰਥ ਵੀ ਦਰਵਾਜ਼ਾ, ਗੇਟ ਆਦਿ ਹੀ ਹੈ। ਅੰਗਰੇਜ਼ੀ ਸ਼ਬਦ door ਵੀ ਇਥੋਂ ਹੀ ਤੁਰਿਆ ਹੋਵੇਗਾ। ਅੰਗਰੇਜ਼ੀ ਹਿੰਦ-ਯੂਰਪੀ ਭਾਸ਼ਾ ਪਰਿਵਾਰ ਦੀ ਜਰਮੈਨਿਕ ਸ਼ਾਖਾ ਨਾਲ ਸਬੰਧ ਰੱਖਦੀ ਹੈ। ਪ੍ਰਾਕ-ਜਰਮੈਨਿਕ ਵਿਚ ਇਸ ਸ਼ਬਦ ਦਾ ਰੂਪ ਸੀ- dur ਜੋ ਪੁਰਾਣੀ ਅੰਗਰੇਜ਼ੀ ਵਿਚ ਵਟ ਕੇ dura ਹੋ ਗਿਆ ਤੇ ਹੌਲੀ ਹੌਲੀ ਆਧੁਨਿਕ ਅੰਗਰੇਜ਼ੀ ਵਿਚ ਡੋਰ ਬਣਿਆ।

ਪੁਰਾਣੀ ਨਾਰਸ, ਡੈਨਿਸ਼, ਪੁਰਾਣੀ ਫਰੀਜ਼ੀਅਨ ਆਦਿ ਭਾਸ਼ਾਵਾਂ ਵਿਚ ਇਸ ਦੇ ਇਸੇ ਤਰ੍ਹਾਂ ਦੇ ਰੂਪ ਹਨ ਪਰ ਪੁਰਾਣੀ ਜਰਮਨ ਵਿਚ ਇਸ ਦਾ ਰੂਪ ਟੂਰ ਜਿਹਾ ਹੈ। ਰੂਸੀ ਵਿਚ ਦਵੇਰ ਸ਼ਬਦ ਦਾ ਅਰਥ ਦਰਵਾਜ਼ਾ ਹੈ। ਗਰੀਕ ਭਾਸ਼ਾ ਵਿਚ ਇਸ ਦਾ ਰੂਪ thyra ਹੈ ਤੇ ਇਸ ਦਾ ਇਕ ਅਰਥ ਮੂੰਹ ਵੀ ਹੈ। ਮੂੰਹ ਵੀ ਇਕ ਤਰ੍ਹਾਂ ਦਵਾਰ ਹੀ ਹੈ ਜਿਸ ਰਾਹੀਂ ਭੋਜਨ ਪੇਟ ਵਿਚ ਜਾਂਦਾ ਹੈ। ਅੰਗਰੇਜ਼ੀ thyroid ਸ਼ਬਦ ਇਸੇ ਤੋਂ ਬਣਿਆ ਹੈ। ਇਸ ਸ਼ਬਦ ਦਾ ਸ਼ਾਬਦਿਕ ਅਰਥ 'ਢਾਲ ਜਾਂ ਬੂਹੇ ਰੂਪੀ' ਹੈ। ਇਸ ਸ਼ਬਦ ਦੀ ਘਾੜਤ ਗਲ ਅੰਦਰ ਘੰਡੀ ਦੀ ਸ਼ਕਲ ਦਰਸਾਉਣ ਲਈ ਕੀਤੀ ਗਈ ਸੀ। ਲਾਤੀਨੀ ਵਿਚ ਚਰਚਿਤ ਸ਼ਬਦ ਲਈ foris ਸ਼ਬਦ ਹੈ।

ਬਦੇਸ਼ੀ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ ਫੌਰਨ (foreign) ਇਸੇ ਤੋਂ ਬਣਿਆ। ਇਸ ਦਾ ਸ਼ਾਬਦਿਕ ਅਰਥ ਹੈ, ਦਰੋਂ ਬਾਹਰ। ਇਹ ਫਰਾਂਸੀਸੀ ਰਾਹੀਂ ਅੰਗਰੇਜ਼ੀ ਵਿਚ ਦਾਖਲ ਹੋਇਆ। ਅਸਲ ਵਿਚ ਲਾਤੀਨੀ ਫੋਰਿਸ ਦਾ ਇਕ ਮਤਲਬ ਬਾਹਰਵਾਰ ਯਾਨਿ ਦਰੋਂ ਬਾਹਰ ਵੀ ਹੁੰਦਾ ਹੈ। ਇਸ ਸਥਿਤੀ ਨੂੰ ਅਸੀਂ ਕੁਝ ਇਸ ਤਰ੍ਹਾਂ ਸਮਝ ਸਕਦੇ ਹਾਂ ਕਿ ਜੇ ਕੋਈ ਦਰ 'ਤੇ ਖੜਾ ਹੈ ਤਾਂ ਇਸ ਦਾ ਮਤਲਬ ਉਹ ਤੁਹਾਡੇ ਦਰ ਤੋਂ ਬਾਹਰ ਹੀ ਹੈ। ਜਾਂ ਇਉਂ ਕਹਿ ਲਵੋ ਕਿ ਦਰ ਨੂੰ ਅੰਦਰ ਦੇ ਦ੍ਰਿਸ਼ਟੀਕੋਣ ਤੋਂ ਦੇਖਿਆ ਗਿਆ ਹੈ। ਅੰਗਰੇਜ਼ੀ ਸ਼ਬਦ ਫੋਰਮ ਵੀ foirs ਤੋਂ ਹੀ ਬਣਿਆ ਹੈ। ਪ੍ਰਾਚੀਨ ਰੋਮ ਵਿਚ ਫੋਰਮ ਸਭਾ ਸਥਾਨ ਨੂੰ ਆਖਦੇ ਸਨ। ਇਸ ਤੋਂ ਪਹਿਲਾਂ ਇਸ ਦਾ ਅਰਥ ਮਾਰਕਿਟ, ਮੈਦਾਨ ਜਾਂ ਸਰਵਜਨਕ ਸਥਾਨ ਹੁੰਦਾ ਸੀ। ਇਥੇ ਸਾਡੇ ਪਿੰਡਾਂ ਵਾਲੇ ਦਰਵਾਜ਼ੇ ਦਾ ਝੌਲਾ ਪੈਂਦਾ ਹੈ ਜਿਥੇ ਲੋਕਾਂ ਦੀ ਸੱਥ ਜੁੜਦੀ ਹੈ। ਸਤਾਰਵੀਂ ਸਦੀ ਵਿਚ ਇਸ ਦਾ ਅਰਥ ਗੋਸ਼ਟੀ ਕਰਨ ਵਾਲਾ ਸਥਾਨ ਬਣ ਗਿਆ।

## ਅਸੀਂ ਤੇ ਤੁਸੀਂ

(ਪਿਛਲੇ ਸਫੇ ਦੀ ਬਾਕੀ)

ਸੈਂਕੜੇ ਮੀਲਾਂ ਦੀ ਵਿੱਥ ਕੁਝ ਮਿੰਟਾਂ-ਘੰਟਿਆਂ ਦੀ ਉਡਾਣ ਦੀ ਮਾਰ ਹੈ, ਅਰ ਖਪਤ ਸੰਚਾਰ ਦੇ ਸੰਸਾਰੀਕਰਨ ਦਾ ਬੋਲਬਾਲਾ ਏ ਸਭ ਪਾਸੇ। ਹਰ ਥਾਂ 'ਤੇ ਭਾਂਤ-ਭਾਂਤ ਦੀ ਲੱਕੜੀ। ਫਿਰ ਕਿੰਨੀ ਕੁ ਸ਼ੁੱਧਤਾ ਕਾਇਮ ਰਹਿ ਸਕਦੀ ਹੈ?

ਲੋੜ ਹੈ ਸਾਹਿਤ ਕਲਾ ਤੇ ਵਿਗਿਆਨ ਦੀਆਂ ਲੋੜਾਂ ਮੁਤਾਬਕ ਸ਼ਬਦਾਂ ਨੂੰ ਤਤਸਮ ਅਤੇ ਤਦਭਵ ਰੂਪ ਵਿਚ ਅਪਨਾਉਣ, ਘੜਨ ਤੇ ਹਜ਼ਮਾਉਣ ਅਰ ਪਚਾਉਣ ਦੀ। ਸਾਡੀਆਂ ਉਪ ਬੋਲੀਆਂ ਕੋਲ ਸ਼ਬਦਾਂ ਦਾ ਬੇਪਨਾਹ ਜ਼ਖੀਰਾ ਹੈ। ਸਾਨੂੰ ਬਿਨਾਂ ਕਿਸੇ ਗੁਰੇਜ਼ ਦੇ ਉਨ੍ਹਾਂ ਨੂੰ ਅਪਨਾ ਕੇ ਆਪਣੀ ਮਾਂ ਬੋਲੀ ਨੂੰ ਹੋਰ ਸਮਰੱਥ ਤੇ ਅਸੀਮ ਕਰਨਾ ਚਾਹੀਦਾ ਹੈ।

ਜੁਆਨੀ 'ਤੇ ਵਿਦਰੋਹ ਹਾਵੀ ਹੁੰਦਾ ਹੈ। ਸਭ ਕੁਝ ਛੁਟਿਆਉਣ ਅਤੇ ਨਕਾਰਨ ਦਾ ਰੁਖ। ਜਿਉਂ ਜਿਉਂ ਬੰਦਾ ਸਿਆਣਾ-ਬਿਆਣਾ ਹੋਣ ਲੱਗਦਾ ਹੈ, ਉਹ ਆਪਣੇ ਵਿਰਸੇ ਅਤੇ ਜੜ੍ਹਾਂ ਵਲ ਪਰਤਣ ਦੀ ਕਰਦਾ ਹੈ। ਸਾਡੀ ਉਮਰ ਦੇ ਜਿਹੜੇ ਵਡੇਰਿਆਂ ਨੇ ਆਪਣੀ ਔਲਾਦ ਨਾਲ ਪੰਜਾਬੀ ਨੂੰ ਅਣਗੌਲ ਕੇ ਹਿੰਦੀ ਵਿਚ ਸੰਚਾਰ ਕਰਨਾ ਸ਼ੁਰੂ ਕੀਤਾ ਸੀ, ਹੁਣ ਉਹੀ ਆਪਣੇ ਪੋਤੇ-ਪੋਤੀਆਂ ਨਾਲ ਮਾਂ ਬੋਲੀ ਵਿਚ ਗਲਾਂਦੇ ਨੇ, ਤੇ ਅੱਗਿਉਂ ਆਪਣੇ ਬੱਚਿਆਂ ਨੂੰ ਵੀ ਪੰਜਾਬੀ ਬੋਲਣ ਲਈ ਬਜ਼ਿਦ ਹੁੰਦੇ ਨੇ।

ਵੈਨਕੂਵਰ ਰਹਿੰਦਾ ਮੈਥੋਂ ਪੰਜ ਸਾਲ ਵੱਡਾ ਮੇਰਾ ਭਰਾ ਇਸ ਦੀ ਮਿਸਾਲ ਹੈ। ਦਿੱਲੀ ਰਹਿੰਦਿਆਂ ਆਪਣੇ ਬੱਚਿਆਂ ਨਾਲ ਉਹ ਹਿੰਦੀ ਬੋਲਦਾ ਸੀ, ਤੇ ਹੁਣ ਵੈਨਕੂਵਰ ਵਿਚ ਵਸਦੇ ਆਪਣੇ ਅੱਧੋ ਅੰਗਰੇਜ਼ ਪੋਤਿਆਂ-ਦੋਹਤਿਆਂ ਨਾਲ ਪੰਜਾਬੀ ਬੋਲਦਾ ਹੈ। ਜੇ ਬੱਚੇ ਉਸ ਤੋਂ ਅੰਗਰੇਜ਼ੀ ਵਿਚ ਕੁਝ ਪੁੱਛਣ ਤਾਂ ਕਹਿੰਦਾ ਹੈ, 'ਸੌਰੀ ਮੈਨੂੰ ਨਹੀਂ ਪਤਾ, ਤੁਸੀਂ ਕੀ ਕਹਿ ਰਹੇ ਹੋ। ਮੇਰੇ ਨਾਲ ਪੰਜਾਬੀ ਵਿਚ ਗੱਲ ਕਰੋ।' ਇਹੀ ਹਾਲ ਅੱਜ ਕੱਲ੍ਹ ਸਾਡੇ ਮੁੰਬਈ, ਮਦਰਾਸ, ਕਲਕੱਤੇ ਜਾਂ ਕਾਨਪੁਰ ਰਹਿੰਦੇ ਰਿਸ਼ਤੇਦਾਰਾਂ ਦਾ ਵੀ ਹੈ ਜਿਨ੍ਹਾਂ ਦੇ ਮਾਪਿਆਂ ਨੇ ਉਨ੍ਹਾਂ ਨਾਲ ਹਿੰਦੀ, ਅੰਗਰੇਜ਼ੀ, ਤਾਮਿਲ ਤੇ ਬੰਗਾਲੀ ਵਿਚ ਸੰਚਾਰ ਕੀਤਾ, ਹੁਣ ਉਹ ਆਪਣੇ ਧੀਆਂ-ਪੁੱਤਾਂ ਅਤੇ ਦੋਹਤਰ-ਪੋਤਰ ਨਾਲ ਪੰਜਾਬੀ ਬੋਲਣ ਲੱਗ ਪਏ ਹਨ।

ਹੁਣ ਦੀ ਸਾਡੀ ਨਵੀਂ ਪੀੜ੍ਹੀ ਪੰਜਾਬੀ ਤੇ ਅੰਗਰੇਜ਼ੀ ਦਾ ਮਿਲਗੋਭਾ ਬੋਲਦੀ ਹੈ।...ਤੇ ਹੁਣ ਮੈਂ ਆਪਣੇ ਵੱਲ ਪਰਤਦੀ ਹਾਂ। ਪੋਠੋਹਾਰ ਵਿਚ ਮੇਰੀ ਪ੍ਰਾਇਮਰੀ ਸਿੱਖਿਆ ਮਾਂ ਬੋਲੀ ਪੰਜਾਬੀ ਦੀ ਦੇਣ ਸੀ। ਦਿੱਲੀ ਆ ਕੇ ਛੇਵੀਂ ਤੋਂ ਹਿੰਦੀ, ਅੰਗਰੇਜ਼ੀ ਸ਼ੁਰੂ ਹੋਈ, ਤੇ ਹੈਰਾਨੀ ਦੀ ਗੱਲ ਹੈ ਕਿ ਮਾਂ ਬੋਲੀ ਦੀ ਪੱਕੀ ਬੁਨਿਆਦ ਹੋਣ ਕਾਰਨ ਮੈਂ ਝੱਟ ਹੀ ਹਿੰਦੀ ਤੇ ਅੰਗਰੇਜ਼ੀ ਮਾਧਿਅਮ ਵਿਚ ਸਥਾਨਕ ਜਮਾਤਣਾਂ ਨੂੰ ਪਛਾੜਨ ਲੱਗੀ।

ਦਿੱਲੀ ਦੀ ਉਰਦੂਨੁਮਾ ਹਿੰਦੀ ਮੇਰੇ ਮੂੰਹ ਚੜ੍ਹ ਗਈ। ਫੇਰ ਅੱਠ ਸਾਲਾਂ ਮਗਰੋਂ ਦਿੱਲੀ ਯੂਨੀਵਰਸਿਟੀ ਤੋਂ ਪੰਜਾਬੀ ਐਮ.ਏ. ਕਰਨ ਨਾਲ ਮੁੜ ਮਾਂ ਬੋਲੀ ਦੇ ਸੰਚਾਰ ਵਲੋਂ ਸੁਚੇਤ ਹੋਈ। ਵਿਆਹ ਮਗਰੋਂ ਮੁੰਬਈ ਵੱਸ ਜਾਣ ਕਾਰਨ 'ਮੇਰੇ ਕੋ ਤੇਰੇ ਕੋ' ਵਾਲਾ ਮਰਾਠੀਨੁਮਾ ਹਿੰਦੀ ਅਤੇ ਅੰਗਰੇਜ਼ੀ ਦਾ ਮਿਲਗੋਭਾ ਵੀ ਮੂੰਹ ਚੜ੍ਹਨਾ ਸੁਭਾਵਕ ਹੀ ਸੀ। ਮੇਰੀ ਗੁਆਂਢਣ ਲਲਿਤਾ ਨਾਇਕ ਦੱਖਣ-ਭਾਰਤੀ ਸੀ। ਉਹ ਆਪਣੀ ਬਾਲੜੀ, ਕਾਮਾਕਸ਼ੀ ਨਾਲ ਅੰਗਰੇਜ਼ੀ ਵਿਚ ਹੀ ਗੱਲ ਕਰਦੀ। ਮੈਂ ਉਸ ਨੂੰ ਠਾਕਣਾ ਚਾਹਿਆ। ਉਸ ਦੱਸਿਆ ਕਿ ਉਸ ਦੀ ਬੱਚੀ ਛੇਤੀ ਹੀ ਅੰਗਰੇਜ਼ੀ ਮਾਧਿਅਮ ਦੇ ਸਕੂਲ ਵਿਚ ਜਾਣ ਲਗੇਗੀ। ਜੇ ਘਰੋਂ ਹੀ ਅੰਗਰੇਜ਼ੀ ਦੀ ਮੁਹਾਰਤ ਹੋਈ ਤਾਂ ਸਕੂਲ ਵਿਚ ਜਮਾਤੀਆਂ ਤੇ ਅਧਿਆਪਕਾਂ ਨਾਲ ਸੌਖੀ ਤਰ੍ਹਾਂ ਸੰਚਾਰ ਕਰ ਸਕੇਗੀ। ਉਸ ਮੈਨੂੰ ਵੀ ਇਹੋ ਨਸੀਹਤ ਦਿੱਤੀ ਕਿ ਮੈਂ ਵੀ ਆਪਣੇ ਡੇਢ ਸਾਲਾ ਸੰਨੀ ਨਾਲ ਪੰਜਾਬੀ, ਹਿੰਦੀ ਦੇ ਨਾਲ ਨਾਲ ਅੰਗਰੇਜ਼ੀ ਵਿਚ ਵੀ ਗੱਲਬਾਤ ਕਰਾਂ। ਮਾਂ ਬੋਲੀ ਤਾਂ ਉਹ ਮਾਪਿਆਂ ਦੀ ਗੱਲਬਾਤ ਸੁਣ ਸੁਣ ਕੇ ਹੀ ਗ੍ਰਹਿਣ ਕਰ ਲਏਗਾ।

ਮੈਂ ਲਲਿਤਾ ਦੀ ਗੱਲ ਮੰਨ ਲਈ। ਮੇਰੇ ਦੋਵੇਂ ਬੱਚੇ ਬੰਬਈਆ ਹਿੰਦੀ, ਮਰਾਠੀ, ਗੁਜਰਾਤੀ ਤੇ ਅੰਗਰੇਜ਼ੀ ਦੀ ਖਿਚੜ-ਭਾਸ਼ਾ ਨਾਲ ਵੱਡੇ ਹੋਏ। ਹਾਂ, ਮਾਪਿਆਂ ਅਤੇ ਸਬੰਧੀਆਂ ਦੇ ਸੰਪਰਕ ਕਾਰਨ ਉਹ ਪੰਜਾਬੀ ਤੋਂ ਵੀ ਅਣਭਿੱਜ ਨਾ ਰਹੇ।

ਵਕਤ ਨੇ ਪਲਟਾ ਖਾਧਾ। ਚੁਰਾਸੀ ਦੇ ਦੰਗਿਆਂ ਦੌਰਾਨ ਮੁੰਬਈ ਵਿਚ ਵੱਡੇ ਪੁੱਤਰ ਸੰਨੀ 'ਤੇ ਸ਼ਿਵ ਸੈਨਿਕਾਂ ਨੇ ਹਮਲਾ ਕੀਤਾ। ਆਰਜ਼ੀ ਤੌਰ 'ਤੇ ਮੈਂ ਮੁਹਾਲੀ ਆਣ ਟਿਕੀ।

ਹਰਿਮੰਦਰ ਸਾਹਿਬ ਉਤੇ ਹਮਲੇ ਵੇਲੇ ਸੰਨੀ ਅੰਮ੍ਰਿਤਸਰ ਹੀ ਸੀ, ਦਾਦੀ ਕੋਲ। ਉਸ ਨੇ ਉਹ ਘੱਲੂਘਾਰਾ ਅੱਖੀਂ ਡਿੱਠਾ। ਕਿਸ਼ੋਰ ਬਾਲਕ ਦੇ ਮਨ 'ਤੇ ਡਾਢੀ ਗੁੱਝੀ ਸੱਟ ਲੱਗੀ। ਮਨ ਸਥਿਰ ਨਾ ਰਿਹਾ, ਤੇ ਉਹ ਘਰ-ਬਾਹਰ ਤਿਆਗ ਕੇ ਡੇਰਿਆਂ ਵਿਚ ਜਾ ਟਿਕਿਆ। ਅੱਠ-ਦਸ ਸਾਲ ਉਸ ਦਾ ਕੋਈ ਅਤਾ-ਪਤਾ ਨਹੀਂ ਸੀ। ਜਦੋਂ ਮੁੜ ਆਣ ਮਿਲਿਆ ਤਾਂ ਉਹ ਅੰਮ੍ਰਿਤਧਾਰੀ ਸੀ, ਨੀਲੇ ਬਾਣੇ ਵਿਚ। ਮੁਹਾਲੀ ਵਿਚ ਚਿਰ ਤੋਂ ਰਹਿੰਦੀ ਹੋਈ ਵੀ ਮੈਂ ਇਥੋਂ ਦੀ ਮਲਵਈ ਭਾਸ਼ਾ ਅਤੇ ਕਿਸਾਨੀ ਨਾਲ ਜੁੜੇ ਕਈ ਸ਼ਬਦਾਂ ਤੋਂ ਅਨਜਾਣ ਸਾਂ ਪਰ ਸੰਨੀ ਭਾਸ਼ਾ ਤਾਂ ਕੀ ਇੱਥੋਂ ਦੇ ਖੇਤੀ ਪ੍ਰਧਾਨ ਸਭਿਆਚਾਰ ਦੀ ਰਗ ਰਗ ਤੋਂ ਵਾਕਿਫ਼ ਸੀ ਜਿਸ ਤੋਂ ਸਦਾ ਦੀ ਸ਼ਹਿਰਨ ਉਸ ਦੀ ਮਾਂ ਅਣਭਿੱਜ ਸੀ।

ਸੰਨੀ ਆਪ ਤਾਂ ਠੇਠ ਮਲਵਈ ਪੰਜਾਬੀ ਵਿਚ ਗੱਲ ਕਰਦਾ ਪਰ ਜੇ ਮੈਂ ਪੰਜਾਬੀ ਵਿਚ ਜੁਆਬ ਦਿਆਂ ਤਾਂ ਔਖਾ ਹੁੰਦਾ, ਵਿਦਰੋਹ ਕਰਦਾ।

'ਮੇਰੇ ਨਾਲ ਮੇਰੀ ਮਾਂ ਬੋਲੀ ਵਿਚ ਗੱਲ ਕਰੋ।' ਸੰਨੀ ਆਖਦਾ।

'ਤੇ ਮਾਂ ਬੋਲੀ ਹੀ ਬੋਲ ਰਹੀ ਹਾਂ ਨਾ।'

'ਇਹ ਤੁਹਾਡੀ ਮਾਂ ਬੋਲੀ ਹੈ, ਮੇਰੀ ਨਹੀਂ। ਮੇਰੇ ਨਾਲ ਤਾਂ ਤੁਸੀਂ ਹਮੇਸ਼ਾਂ ਬੰਬਈਆ ਹਿੰਦੀ, ਅੰਗਰੇਜ਼ੀ ਵਿਚ ਗੱਲ ਕਰਦੇ ਸੋ। ਹੁਣ ਜਦੋਂ ਪੰਜਾਬੀ ਬੋਲਦੇ ਹੋ ਤਾਂ ਕੋਈ ਹੋਰ ਹੀ ਲੱਗਦੇ ਹੋ, ਮੇਰੀ ਮਾਂ ਨਹੀਂ!' ਸੰਨੀ ਦੀ ਦਲੀਲ ਸੀ।... ਮੇਰੇ ਕੋਲ ਕੋਈ ਜੁਆਬ ਨਹੀਂ ਸੀ।

ਪਿਛਲੇ ਪੰਝੀ ਸਾਲਾਂ ਤੋਂ ਪੰਜਾਬ ਵਿਚ ਟਿਕ-ਵੱਸ ਗਏ ਮੇਰੇ ਦੋਵੇਂ ਪੁੱਤਰ ਹੁਣ ਮੈਥੋਂ ਵੱਧ ਚੰਗੀ ਤੇ ਠੇਠ ਪੰਜਾਬੀ ਬੋਲਦੇ ਹਨ। ਕਈ ਵੇਰਾਂ ਕਿਸੇ ਅੰਗਰੇਜ਼ੀ ਸ਼ਬਦ ਦਾ ਪੰਜਾਬੀ ਸਮਾਨਾਂਤਰ ਲੱਭਣ ਲਈ ਮੈਨੂੰ ਉਨ੍ਹਾਂ ਦਾ ਮਸ਼ਵਰਾ ਲੈਣਾ ਪੈਂਦਾ ਹੈ। ਮੈਂ ਬਾਹਲਾ ਘਰ ਰਹਿੰਦੀ ਹਾਂ, ਤੇ ਉਹ ਬਾਹਰ ਵਿਚਰਦੇ ਹਨ। ਮੇਰੀ ਉਮਰ ਭੁਲਣ ਦੀ ਹੈ ਤੇ ਮੇਰੇ ਪੁੱਤਰਾਂ ਦੀ ਚੇਤੇ ਦੀ। ਹੁਣ ਸਾਡਾ ਆਪਸੀ ਸੰਚਾਰ ਸ਼ੁਧ ਤੇ ਰਵਾਨ ਪੰਜਾਬੀ ਵਿਚ ਹੁੰਦਾ ਹੈ।

ਹੁਣ ਸੰਨੀ ਤੇ ਮੇਰੀ ਇਕੋ ਹੀ ਮਾਂ ਬੋਲੀ ਹੈ, ਪੰਜਾਬੀ ਜੋ ਸੌਖੀ, ਸਹਿਜ ਤੇ ਤਾਕਤਵਰ ਹੈ। ਏਸੇ ਲਈ ਹੋਰ ਸਭ ਪ੍ਰਾਂਤਕ ਭਾਸ਼ਾਵਾਂ ਨਾਲੋਂ ਵੱਧ ਪ੍ਰਚਲਿਤ ਹੈ। ਜੇ ਅਸੀਂ ਮੀਡੀਆ ਰਾਹੀਂ ਇਸ ਦੇ ਵਿਗੜਨ ਦੀ ਚਿੰਤਾ ਨਾ ਕਰੀਏ ਤਾਂ ਚੰਗਾ ਹੀ ਹੋਵੇਗਾ। ਮੀਡੀਆ ਪੰਜਾਬੀ ਦੀ ਸ਼ਬਦਾਵਲੀ ਨੂੰ ਪ੍ਰਸਾਰ ਰਿਹਾ ਹੈ। ਸਾਹਿਤਕਾਰ ਇਸ ਨੂੰ ਹਰ ਪੱਖੋਂ ਭਰਪੂਰ ਤੇ ਅਮੀਰ ਕਰ ਰਹੇ ਹਨ।

ਅੱਜ ਅਸੀਂ ਕਹਿ ਸਕਦੇ ਹਾਂ,
ਅਸਾਂ ਹਮਤੋਂ ਤੁਮਤੋਂ ਕਰਨੀ ਨਹੀਂ
ਅਸੀਂ, ਅਸੀਂ ਤੇ ਤੁਸੀਂ ਸਿਖਾਵਾਂਗੇ।

#

# ਵਿਰਕ, ਮੇਰਾ ਅਣ-ਧਾਰਿਆ ਗੁਰੂ

**ਕੁਲਵੰਤ ਸਿੰਘ ਵਿਰਕ-1**

*ਕੁਲਵੰਤ ਸਿੰਘ ਵਿਰਕ ਪੰਜਾਬੀ ਦਾ ਉਹ ਕਹਾਣੀਕਾਰ ਹੈ ਜਿਸ ਦਾ ਨਿੱਕੀ ਕਹਾਣੀ ਵਿਚ ਆਪਣਾ ਹੀ ਵੱਖਰਾ ਅਤੇ ਨਿਵੇਕਲਾ ਸਥਾਨ ਹੈ। ਉਸ ਦੀ ਕਹਾਣੀ 'ਖੱਬਲ' ਹੋਵੇ ਜਾਂ 'ਧਰਤੀ ਹੇਠਲਾ ਬਲਦ' ਜਾਂ ਫਿਰ 'ਦੋ ਆਨੇ ਦਾ ਘਾਹ'; ਜਿਸ ਕਿਸੇ ਵੀ ਸੰਵੇਦਨਸ਼ੀਲ ਪਾਠਕ ਨੇ ਪੜ੍ਹੀ ਹੈ, ਉਹ ਉਸ ਦੇ ਪ੍ਰਭਾਵ ਤੋਂ ਜ਼ਿੰਦਗੀ ਭਰ ਮੁਕਤ ਨਹੀਂ ਹੋ ਸਕਿਆ। ਕਹਾਣੀ ਸਹਿਜ ਭਾਅ ਚੱਲਦਿਆਂ ਅਖੀਰ ਵਿਚ ਅਜਿਹਾ ਸੁਨੇਹਾ ਦੇ ਜਾਂਦੀ ਹੈ, ਕਿ ਪਾਠਕ ਅਚੰਭੇ ਦੀ ਪਕੜ ਵਿਚ ਆ ਜਾਂਦਾ ਹੈ। ਗੁਰਬਚਨ ਸਿੰਘ ਭੁੱਲਰ ਖੁਦ ਵਧੀਆ ਕਹਾਣੀਕਾਰ ਹਨ ਅਤੇ ਆਪਣੀ ਇਸ ਲੇਖ ਲੜੀ ਵਿਚ ਉਨ੍ਹਾਂ ਖੁਲਾਸਾ ਕੀਤਾ ਹੈ ਕਿ ਕਿੰਜ ਉਨ੍ਹਾਂ ਕਹਾਣੀ ਵਿਰਕ ਦੀ ਉਂਗਲ ਫੜ ਕੇ ਲਿਖਣੀ ਸ਼ੁਰੂ ਕੀਤੀ। ਇਹ ਲੇਖ ਇਕ ਤਰ੍ਹਾਂ ਨਾਲ ਪੰਜਾਬੀ ਕਹਾਣੀ ਦੀ ਮੜ੍ਹਕ-ਚਾਲ ਦਾ ਦਸਤਾਵੇਜ਼ ਹੀ ਹੋ ਨਿਬੜਿਆ ਹੈ। -ਸੰਪਾਦਕ*

ਕੁਲਵੰਤ ਸਿੰਘ ਵਿਰਕ ਨੂੰ ਮੈਂ ਪੱਗ ਅਤੇ ਗਿਆਰਾਂ ਰੁਪਈਏ ਦੇ ਕੇ ਗੁਰੂ ਤਾਂ ਨਹੀਂ ਸੀ ਧਾਰਿਆ, ਪਰ ਉਹਤੋਂ ਮੈਂ ਸਿੱਖਿਆ ਬਹੁਤ ਕੁਝ। ਕਿਹਾ ਜਾ ਸਕਦਾ ਹੈ ਕਿ ਉਹ ਮੇਰਾ ਅਣਧਾਰਿਆ ਗੁਰੂ ਸੀ।

ਪਤਾ ਨਹੀਂ, ਸ਼ਾਇਦ ਹੋਰ ਭਾਸ਼ਾਵਾਂ ਵਿਚ ਵੀ ਹੋਵੇ, ਪਰ ਪੰਜਾਬੀ ਵਿਚ ਤਾਂ ਇਹ ਆਮ ਰਿਵਾਜ ਹੈ ਕਿ ਜਦੋਂ ਕਿਸੇ ਲੇਖਕ ਤੋਂ, ਸਾਧਾਰਨ ਅਤੇ ਛੋਟੇ ਲੇਖਕ ਤੋਂ ਵੀ ਪੁੱਛਿਆ ਜਾਵੇ ਕਿ ਉਹਦੀ ਪ੍ਰੇਰਨਾ ਦਾ ਸੋਮਾ ਕੌਣ ਬਣੇ, ਤਾਂ ਉਹ ਰੂਸ ਦੇ ਗੋਰਕੀ ਅਤੇ ਚੈਖ਼ਵ ਤੋਂ ਸ਼ੁਰੂ ਕਰ ਕੇ ਇੰਗਲੈਂਡ ਤੇ ਅਮਰੀਕਾ ਦੇ ਅਤੇ ਬਹੁਤ ਦਲੇਰ ਹੋਣ ਦੀ ਸੂਰਤ ਵਿਚ ਜਰਮਨੀ, ਫ਼ਰਾਂਸ ਤੇ



**ਗੁਰਬਚਨ ਸਿੰਘ ਭੁੱਲਰ**
ਫੋਨ: 01191-1165736868
bhullargs@gmail.com

ਸਪੇਨ ਦੇ ਲੇਖਕਾਂ ਦੀ ਸੂਚੀ ਦੇ ਦਿੰਦਾ ਹੈ। ਸੱਚ ਦੱਸਾਂ, ਮੈਨੂੰ ਮੁੱਢਲੀ ਸਾਹਿਤਕ ਪ੍ਰੇਰਨਾ ਪੰਜਾਬੀ ਵਿਚੋਂ ਹੀ ਮਿਲੀ। ਸਾਡੇ ਪਿੰਡਾਂ ਵਿਚ ਪੰਜਾਬੀ ਸਾਹਿਤ ਹੀ ਦੁਰਲੱਭ ਸੀ, ਹੋਰ ਭਾਸ਼ਾਵਾਂ ਦਾ ਸਾਹਿਤ ਤਾਂ ਬਹੁਤ ਦੂਰ ਦੀ ਗੱਲ ਸੀ। ਤੇ ਜਿਨ੍ਹਾਂ ਲੇਖਕਾਂ ਦੀਆਂ ਲਿਖਤਾਂ ਨੇ ਮੈਨੂੰ ਟੁੰਬਿਆ, ਉਨ੍ਹਾਂ ਵਿਚ ਵਿਰਕ ਯਕੀਨਨ ਸ਼ਾਮਲ ਸੀ।

ਵਿਰਕ ਦੀ ਕਹਾਣੀ ਪੜ੍ਹ ਕੇ ਇਉਂ ਲਗਦਾ ਸੀ ਜਿਵੇਂ ਸਰ੍ਹੋਂ ਦੇ ਖਿੜੇ ਹੋਏ ਖੇਤ ਵਿਚੋਂ ਦੀ ਲੰਘ ਕੇ ਆਏ ਹੋਈਏ। ਟਹਿਕਿਆ ਰੰਗ ਚਿਰਾਂ ਤੱਕ ਅੱਖਾਂ ਵਿਚ ਵਸਿਆ ਰਹਿੰਦਾ ਅਤੇ ਮਹਿਕਿਆ ਮਾਹੌਲ ਚਿਰਾਂ ਤੱਕ ਆਲੇ-ਦੁਆਲੇ ਬਣਿਆ ਰਹਿੰਦਾ। ਉਹਦੀਆਂ ਕਹਾਣੀਆਂ ਇਸ ਲਈ ਵੀ ਚੰਗੀਆਂ ਲਗਦੀਆਂ ਕਿ ਉਨ੍ਹਾਂ ਦੀਆਂ ਜੜਾਂ ਸੱਚ ਦੀ ਧਰਤੀ ਵਿਚ ਹੁੰਦੀਆਂ ਸਨ। ਉਹਦਾ ਕਹਿਣਾ ਸੀ, "ਜਿਸ ਗੱਲ ਦੀ ਮੇਰਾ ਦਿਲ ਸਾਖੀ ਨਾ ਭਰੇ, ਉਹ ਮੈਂ ਲਿਖਣ ਤੋਂ ਸੰਕੋਚ ਕਰਦਾ ਹਾਂ!" ਤੇ ਉਹ ਇਸ ਲਈ ਵੀ ਚੰਗੀਆਂ ਲਗਦੀਆਂ ਸਨ ਕਿ ਭੇਡ-ਚਾਲ ਉਸ ਉਤੇ ਕੋਈ ਅਸਰ ਨਹੀਂ ਸੀ ਪਾਉਂਦੀ। ਜਦੋਂ ਪੰਜਾਬੀ ਦੇ ਕੁਝ ਕਵੀ ਅਤੇ ਕਹਾਣੀਕਾਰ ਅਖੌਤੀ ਏਲੀਨੇਸ਼ਨ ਦਾ ਝੰਡਾ ਚੁੱਕ ਕੇ ਅਕਵੀ ਅਤੇ ਅਕਹਾਣੀਕਾਰ ਹੋਣ ਦਾ ਢੋਲ ਵਜਾ ਰਹੇ ਸਨ, ਵਿਰਕ ਨੇ ਆਪਣੇ ਸੁਭਾਵਿਕ ਸਹਿਜ ਨਾਲ ਉਨ੍ਹਾਂ ਲੋਕਾਂ ਨੂੰ ਸਵਾਲ ਕੀਤਾ: ਜਦੋਂ ਆਪਣੇ ਹੱਥੀਂ ਬੀਜੀਆਂ ਫਸਲਾਂ ਚੁਫੇਰੇ ਲਹਿੰਬਰੀਆਂ ਹੋਈਆਂ ਹੋਣ, ਰੁੱਖਾਂ ਨੂੰ ਫਲ ਲੱਗ ਰਿਹਾ ਹੋਵੇ, ਮੱਝਾਂ-ਗਾਂਵਾਂ ਸੂ ਰਹੀਆਂ ਹੋਣ, ਜਵਾਕ ਪਲ ਕੇ ਗੱਭਰੂ ਹੋ ਰਹੇ ਹੋਣ, ਸੱਖਣੇ ਹੱਥੀਂ ਅਜਿਹੇ ਕੌਤਕ ਵਰਤਾਉਣ ਵਾਲੇ ਬੰਦੇ ਦੇ ਜੀਵਨ ਵਿਚ ਇਕੱਲ ਜਾਂ ਨਿਰਾਰਥਕਤਾ ਲਈ ਥਾਂ ਕਿਥੇ?

ਉਹਨੇ ਕੇਵਲ ਕਹਾਣੀਆਂ ਹੀ ਲਿਖੀਆਂ। ਤੇ ਉਹਦੀਆਂ ਕਹਾਣੀਆਂ ਨੇ ਉਹਨੂੰ ਗਿਣਵੇਂ ਲੇਖਕਾਂ ਵਿਚ ਹੀ ਖੜ੍ਹਾ ਨਹੀਂ ਕੀਤਾ ਸਗੋਂ ਪੰਜਾਬੀ ਦੇ ਕੰਮ-ਸਾਰੂ ਆਲੋਚਕਾਂ ਦੇ ਸੈਂਚਿਆਂ ਵਿਚ ਪੈਣੋਂ ਇਨਕਾਰੀ ਹੋ ਕੇ ਉਨ੍ਹਾਂ ਨੂੰ ਆਪਣੇ ਸੈਂਚਿਆਂ ਬਾਰੇ ਨਵੇਂ ਸਿਰਿਉਂ ਸੋਚਣ ਲਈ ਵੀ ਮਜਬੂਰ ਕੀਤਾ। ਅਸਲ ਵਿਚ ਤਾਂ ਉਹਦੀਆਂ ਕਹਾਣੀਆਂ ਦੀਆਂ ਬਾਰੀਕੀਆਂ ਦੀ ਕਿਸੇ ਆਲੋਚਕ ਨੇ ਥਾਹ ਪਾਉਣ ਦਾ ਜਤਨ ਹੀ ਨਹੀਂ ਕੀਤਾ। ਸ਼ਾਇਦ ਉਹ ਆਪਣੀਆਂ ਸੀਮਾਵਾਂ ਤੋਂ ਡਰਦੇ ਹਨ। ਪਰ ਪਾਠਕਾਂ ਸਦਕਾ ਪੰਜਾਬੀ ਕਹਾਣੀ ਵਿਚ, ਸਗੋਂ ਸਮੁੱਚੇ ਪੰਜਾਬੀ ਸਾਹਿਤ ਵਿਚ ਮਿਲੇ ਇਕ ਪ੍ਰਮੁੱਖ ਸਥਾਨ ਉਤੇ ਖਲੋ ਕੇ ਵੀ ਉਹਦੀ ਨਿਮਰਤਾ ਬੋਲਦੀ ਸੀ, "ਮੈਨੂੰ ਸਾਹਿਤ ਵਿਚ ਅਯੋਗ ਆਦਰ ਮਿਲੇ ਹੋਣ ਦਾ ਵੀ ਕੁਝ ਅਹਿਸਾਸ ਹੈ।"

ਉਹ ਕਹਿੰਦਾ ਹੈ, "ਜਦੋਂ ਲਿਖਣ ਲਈ ਮੈਨੂੰ ਕੋਈ ਠੀਕ ਸ਼ਬਦ ਨਾ ਲਭਦੇ ਤਾਂ ਮੈਂ ਇਹ ਚਿਤਾਰਦਾ



*ਮਿੱਤਰ-ਪਿਆਰਿਆਂ ਨਾਲ: ਮਹਿੰਦਰ ਸਿੰਘ ਰੰਧਾਵਾ, ਵਿਰਕ, ਇਮਰੋਜ਼ ਤੇ ਅੰਮ੍ਰਿਤਾ*

ਕਿ ਮੇਰੇ ਪਿਤਾ ਇਸ ਗੱਲ ਨੂੰ ਕਿਨ੍ਹਾਂ ਸ਼ਬਦਾਂ ਵਿਚ ਕਹਿੰਦੇ। ਤੇ ਮੇਰਾ ਕਸ਼ਟ ਮੁੱਕ ਜਾਂਦਾ। ਨਿਰੱਖਰ ਹੋਣ ਕਰਕੇ ਉਨ੍ਹਾਂ ਦੀ ਬੋਲੀ ਉਤੇ ਕੋਈ ਬਾਹਰਲਾ ਅਸਰ ਨਹੀਂ ਸੀ। ਔਖੇ ਤੋਂ ਔਖਾ ਖਿਆਲ ਵੀ ਉਨ੍ਹਾਂ ਨੇ ਪੇਂਡੂ ਪੰਜਾਬੀ ਵਿਚ ਹੀ ਨਿਭਾਉਣਾ ਹੁੰਦਾ।" ਸਾਖਰ ਵਿਰਕ ਨੇ ਬੋਲੀ ਉਤੇ ਕੋਈ ਬਾਹਰਲਾ ਅਸਰ ਨਾ ਪੈਣ ਦੇਣ ਅਤੇ ਔਖੇ ਤੋਂ ਔਖਾ ਖਿਆਲ ਵੀ ਸਰਲ ਪੰਜਾਬੀ ਵਿਚ ਨਿਭਾਉਣ ਦੇ ਪਿਤਾ-ਪੁਰਖੀ ਗੁਣ ਖ਼ੂਬ ਉਜਾਗਰ ਕੀਤੇ।

ਉਹ ਨਿੱਤ-ਵਰਤੋਂ ਦੇ, ਦੇਖਣ ਵਿਚ ਸਰਲ-ਸਾਧਾਰਨ ਸ਼ਬਦ ਬੀੜ ਕੇ ਛੋਟੇ-ਛੋਟੇ ਵਾਕ ਬਣਾਉਂਦਾ ਅਤੇ ਉਨ੍ਹਾਂ ਵਾਕਾਂ ਤੋਂ ਛੋਟੀਆਂ-ਛੋਟੀਆਂ ਕਹਾਣੀਆਂ। ਪਰ ਉਹਦੇ ਇਕ-ਇਕ ਸ਼ਬਦ, ਇਕ-ਇਕ ਵਾਕ ਦੀ ਮਹੱਤਤਾ ਦਾ ਪਤਾ ਉਦੋਂ ਲਗਦਾ ਜਦੋਂ ਉਹਨੂੰ ਕੱਢਣ ਨਾਲ, ਕੰਧ ਵਿਚੋਂ ਕੱਢੀ ਇੱਟ ਵਾਂਗ, ਬੋੜ ਪੈ ਜਾਂਦਾ। ਆਪਣੀ ਸਹਿਜ-ਸੁਭਾਵਿਕਤਾ ਵਿਚੋਂ ਉਹ ਕੇਹਾ ਜਾਦੂ ਪੈਦਾ ਕਰਦਾ ਸੀ, ਇਹ ਉਹਦੀਆਂ ਕਹਾਣੀਆਂ ਪੜ੍ਹ ਕੇ ਹੀ ਜਾਣਿਆ ਜਾ ਸਕਦਾ ਹੈ। ਉਹਦਾ ਇਕ ਪਾਤਰ ਇਕੋ ਵਾਰ ਦੇ ਦੀਦਾਰ ਦੇ ਜਾਦੂ-ਅਸਰ ਦਾ ਜ਼ਿਕਰ ਇਉਂ ਕਰਦਾ ਹੈ, "ਮੈਥੋਂ ਆਪਣਾ ਆਪ ਹੀ ਖੁੱਸ ਗਿਆ ਸੀ।...ਮੈਂ ਉਸ ਕੁੜੀ ਵੱਲ ਚੰਗੀ ਤਰ੍ਹਾਂ ਵੇਖਿਆ ਵੀ ਨਹੀਂ ਸੀ। ਜੇ ਮੈਨੂੰ ਤਸਵੀਰਾਂ ਬਣਾਉਣੀਆਂ ਆਉਂਦੀਆਂ ਵੀ ਹੁੰਦੀਆਂ ਤਾਂ ਉਸ ਦੀ ਮਾੜੀ-ਮੋਟੀ ਤਸਵੀਰ ਵੀ ਨਹੀਂ ਬਣਾ ਸਕਦਾ ਸਾਂ। ਕਿਸੇ ਭੀੜ ਵਿਚ ਉਸ ਨੂੰ ਪੱਕੀ ਤਰ੍ਹਾਂ ਪਛਾਣ ਵੀ ਨਾ ਸਕਦਾ। ਐਵੇਂ ਝਾਉਲਾ ਜਿਹਾ ਸੀ। ਕਿਸੇ ਹੋਰ ਨੂੰ ਵੇਖ ਕੇ ਬਸ ਏਨਾ ਕਹਿ ਸਕਦਾ ਸਾਂ ਕਿ ਇਹ ਉਹ ਨਹੀਂ ਹੈ!" ਜਾਂ ਫੇਰ ਹਾਲਾਤ ਦੇ ਮਧੋਲੇ ਹੋਏ ਇਕ ਪਾਤਰ ਦੀ ਪੇਸ਼ਕਾਰੀ, "ਜੇ ਉਸ ਨੂੰ ਅਜੇ ਵੀ ਮਨੁੱਖ ਕਿਹਾ ਜਾ ਸਕਦਾ ਸੀ ਤਾਂ ਉਹ ਮਨੁੱਖਤਾ ਦਾ ਬੜਾ ਮਿੱਧਿਆ ਹੋਇਆ ਨਮੂਨਾ ਸੀ।...ਉਸ ਦੇ ਮੱਥੇ, ਬੁੱਲ੍ਹ, ਧੌਣ, ਕੱਪੜੇ, ਪੈਰ ਸਾਰਿਆਂ ਉਤੇ ਜਿਵੇਂ ਇਕ ਸਾਂਝਾ ਸੁਹਾਗਾ ਵੱਜ ਗਿਆ ਹੋਇਆ ਸੀ।...ਉਸ ਨੂੰ ਤਾਂ ਸ਼ਾਇਦ ਇਹ ਵੀ ਪਤਾ ਨਹੀਂ ਸੀ ਕਿ ਉਹ ਕੁਮਲਾ ਗਿਆ ਹੈ।"

ਜਦੋਂ ਮੈਂ ਲਿਖਣਾ ਸ਼ੁਰੂ ਕੀਤਾ, ਉਹ ਦੌਰ ਸਾਹਿਤ-ਸਭਾਵਾਂ ਅਤੇ ਸਾਹਿਤਕ ਕਾਨਫਰੰਸਾਂ ਦਾ ਸੀ। ਵਿਰਕ ਨੂੰ ਮੈਂ ਅਜਿਹੇ ਥਾਂਈਂ ਜ਼ਰੂਰ ਦੇਖਿਆ ਹੋਵੇਗਾ, ਸਤਿ ਸ੍ਰੀ ਅਕਾਲ ਵੀ ਸਾਂਝੀ ਹੁੰਦੀ ਰਹੀ ਹੋਵੇਗੀ, ਪਰ ਕੋਈ ਜ਼ਿਕਰਯੋਗ ਗੱਲ ਮੇਰੇ ਯਾਦ ਨਹੀਂ। ਅਸਲ ਵਿਚ ਤਾਂ ਮੈਂ ਪਹਿਲੀ ਵਾਰ ਉਹਨੂੰ ਕੋਈ 45 ਵਰ੍ਹੇ ਪਹਿਲਾਂ ਦਿੱਲੀ ਵਿਚ ਹੀ ਮਿਲਿਆ।

ਮੇਰਾ ਦਫ਼ਤਰ, ਸੋਵੀਅਤ ਸੂਚਨਾ ਵਿਭਾਗ, ਕਨਾਟ ਪਲੇਸ ਦੀ ਪੂਰਬ-ਦੱਖਣੀ ਗੁੱਠ ਵਿਚ ਸੀ ਅਤੇ ਮੈਨੂੰ ਪਤਾ ਲੱਗਿਆ ਕਿ ਉਤਰ-ਪੱਛਮੀ ਗੁੱਠ ਵਿਚ ਸਥਿਤ ਭਾਰਤ ਸਰਕਾਰ ਦੇ ਸੂਚਨਾ ਵਿਭਾਗ ਵਿਚ ਵਿਰਕ ਬੈਠਦਾ ਹੈ। ਇਕ ਦਿਨ ਮੈਂ ਦਫ਼ਤਰੋਂ ਉਠ ਕੇ ਉਹਨੂੰ ਮਿਲਣ ਚਲਿਆ ਗਿਆ। ਇਹ ਗੱਲ ਤਾਂ ਪ੍ਰਤੱਖ ਹੀ ਹੈ ਕਿ ਅਜਿਹੀ ਮੁਲਾਕਾਤ ਬਹੁਤ ਲੰਮੀ ਨਹੀਂ ਸੀ ਹੋ ਸਕਦੀ। ਇਹ ਇਕ ਨਵੇਂ ਲੇਖਕ ਦੀ ਇਕ ਸਥਾਪਤ ਅਤੇ ਉਹ ਵੀ ਘੱਟ-ਬੋਲੜੇ ਲੇਖਕ ਨਾਲ ਮਿਲਣੀ ਸੀ। ਇਹ ਮੇਰੇ ਵੱਲੋਂ ਸ਼ਰਧਾ ਦਾ ਪ੍ਰਗਟਾਵਾ ਸੀ ਅਤੇ ਉਸ ਵੱਲੋਂ ਥਾਪੀ ਦਿੱਤੇ ਜਾਣਾ। ਪਰ ਜ਼ਿਕਰਯੋਗ ਗੱਲ ਇਹ ਹੈ ਕਿ ਉਸ ਪਹਿਲੀ, ਜੋ ਆਮ ਨਜ਼ਰ ਨਾਲ ਦੇਖਿਆਂ ਮਹੱਤਵਹੀਣ ਸਮਝੀ ਜਾ ਸਕਦੀ ਹੈ, ਮੁਲਾਕਾਤ ਵਿਚ ਮੈਨੂੰ ਦੋ ਵਡਮੁੱਲੇ ਚੱਜ ਹੱਥ ਲੱਗੇ-ਇਕ ਆਮ ਜੀਵਨ-ਜਾਚ ਸਬੰਧੀ ਅਤੇ ਦੂਜਾ ਸਾਹਿਤ ਸਬੰਧੀ।

ਗੱਲ ਇਹ ਹੋਈ ਕਿ ਸਾਡੀ ਗੱਲਬਾਤ ਵਿਚਕਾਰ ਵਿਰਕ ਨੂੰ ਫੋਨ ਆ ਜਾਂਦਾ-ਵੱਡਾ ਅਫ਼ਸਰ ਜੋ ਹੋਇਆ। ਉਹ ਚੌਂਗਾ ਚੁੱਕ ਕੇ ਹੌਲੇ ਜਿਹੇ ਆਖਦਾ, "ਮੈਂ ਵਿਰਕ ਬੋਲਨਾਂ।" ਫੇਰ ਅਗਲੇ ਨਾਲ ਗੱਲਬਾਤ ਕਰਦਿਆਂ ਕੇਵਲ ਇਉਂ ਬੋਲਦਾ, "ਹੂੰ...ਹਾਂ...ਅੱਛਾ...ਠੀਕ ਐ..." ਤੇ ਫੋਨ ਰੱਖ ਦਿੰਦਾ। ਅਜਿਹਾ ਕਈ ਵਾਰ ਹੋਇਆ। ਇਕ ਵਾਰ ਫੋਨ ਸੁਣਨ ਮਗਰੋਂ ਉਹ ਖਿਮਾ ਯਾਚਕ ਜਿਹੇ ਢੰਗ ਨਾਲ ਬੋਲਿਆ, "ਲੋਕ ਲੰਮਾ ਸਮਾਂ ਪਤਾ ਨਹੀਂ ਕਿਵੇਂ ਤੇ ਕੀ ਗੱਲਾਂ ਕਰਦੇ ਰਹਿੰਦੇ ਨੇ, ਮੈਥੋਂ ਨਹੀਂ ਹੁੰਦੀਆਂ। ਕੰਮ ਦੀ ਗੱਲ ਕੀਤੀ ਤੇ ਬੱਸ।" ਫੇਰ ਉਹ ਦੋ ਕੁ ਪਲ ਰੁਕ ਕੇ ਬੋਲਿਆ, "ਮੈਥੋਂ ਕਹਾਣੀ ਵਿਚ ਵੀ ਵਾਧੂ ਗੱਲ ਨਹੀਂ ਕੀਤੀ ਜਾਂਦੀ। ਕਰਨੀ ਵੀ ਨਹੀਂ ਚਾਹੀਦੀ। ਮੈਂ ਤੇਰੀਆਂ ਕੁਝ ਕਹਾਣੀਆਂ ਪੜ੍ਹੀਆਂ ਨੇ, ਠੀਕ ਗੱਠਵੀਆਂ ਹੁੰਦੀਆਂ ਨੇ। ਕਹਾਣੀ 'ਚ ਵਾਧੂ ਗੱਲ ਨਹੀਂ ਹੋਣੀ ਚਾਹੀਦੀ।"

ਇਸ ਮੁਲਾਕਾਤ ਪਿਛੋਂ ਬੀਤੇ ਵਰ੍ਹਿਆਂ ਵਿਚ ਮੈਂ ਜਦੋਂ ਵੀ ਕਦੀ ਕਿਸੇ ਨੂੰ ਫੋਨ ਕੀਤਾ ਹੈ ਜਾਂ ਕਿਸੇ ਦਾ ਫੋਨ ਸੁਣਿਆ ਹੈ, ਮੇਰਾ ਪਹਿਲਾ ਵਾਕ ਇਹੋ ਹੁੰਦਾ ਹੈ, "ਮੈਂ ਭੁੱਲਰ ਬੋਲਦਾਂ।" ਕਈ ਵਾਰ ਅਜਿਹੇ ਫੋਨ ਵੀ ਆਉਂਦੇ ਹਨ ਕਿ ਅਗਲਾ ਪਹਿਲੀ ਗੱਲ ਹੀ ਇਹ ਕਰਦਾ ਹੈ, "ਮੈਨੂੰ ਪਛਾਣਿਆ?" ਅਜਿਹੇ ਮੌਕੇ ਉਤੇ "ਕੀ ਹਾਲ ਹੈ? ਕਿਥੋਂ ਬੋਲ



*ਸੂਖਮ ਕਹਾਣੀਕਾਰ*

ਰਹੇ ਹੋ? ਫੋਨ ਕਿਵੇਂ ਕੀਤਾ?" ਆਦਿ ਸਵਾਲ ਕਰ ਕੇ ਜਤਨ ਕਰੀਦਾ ਹੈ ਕਿ ਅਗਲੇ ਦੀ ਪੈੜ ਕੱਢੀ ਜਾਵੇ। ਪਰ ਅਗਲੇ ਨੇ ਵੀ ਕੋਈ ਸੰਕੇਤ ਨਾ ਦੇਣ ਦੀ ਪੱਕੀ ਧਾਰੀ ਹੋਈ ਹੁੰਦੀ ਹੈ? "ਭਲਾ ਮੈਂ ਕੌਣ ਬੋਲਦਾਂ...ਹੱਦ ਹੋ ਗਈ, ਹੁਣ ਤੂੰ ਪਛਾਣਦਾ ਹੀ ਨਹੀਂ...ਆਹੋ ਭਾਈ ਦਿੱਲੀ ਵਾਲੇ ਕਾਹਨੂੰ ਪਛਾਣਦੇ ਨੇ...ਲਿਖਦੇ ਤਾਂ, ਭਾਈ, ਅਸੀਂ ਵੀ ਥੋੜੇ ਬਰਾਬਰ ਦੇ ਹੀ ਆਂ, ਪਰ ਤੁਸੀਂ ਦਿੱਲੀ ਰਹਿੰਦੇ ਹੋ...।" ਆਖ਼ਰ ਹਾਰ ਮੰਨ ਲਈਦੀ ਹੈ ਤਾਂ ਉਹ ਦਸਦਾ ਹੈ, "ਮੈਂ ਬਹਾਦਰ ਸਿੰਘ ਭਾਂਬੜ...ਚੌਦਾਂ-ਪੰਦਰਾਂ ਸਾਲ ਹੋਏ, ਛੀਂਟਾਂਵਾਲੇ ਇਕ ਸਾਹਿਤਕ ਸਮਾਗਮ ਹੋਇਆ ਸੀ, ਉਥੇ ਮੈਂ ਆਬਦੀ ਪੁਸਤਕ 'ਪੰਜੀਰੀ ਦਾ ਪੀਪਾ' ਤੈਨੂੰ ਦਿੱਤੀ ਸੀ। ਅਮਕਾ ਲੇਖਕ ਵੀ ਕੋਲ ਖਲੋਤਾ ਸੀ।" ਅਜਿਹੇ ਮੌਕੇ ਬਹੁਤ ਖਿਝ ਚੜ੍ਹਦੀ ਹੈ ਅਤੇ ਦਿਲ ਕਰਦਾ ਹੈ ਕਿ ਫੋਨ ਕਰਨ ਅਤੇ ਸੁਣਨ ਦੀ ਜਾਚ ਸਿੱਖਣ ਲਈ ਅਗਲੇ ਨੂੰ ਧੌਣੋਂ ਫੜ ਕੇ ਵਿਰਕ ਦੀ ਗੱਲ ਸੁਣਾਵਾਂ।

ਭਾਵੇਂ ਵਿਰਕ ਨਾਲ ਇਸ ਮੁਲਾਕਾਤ ਤੋਂ ਪਹਿਲਾਂ ਦੀਆਂ ਮੇਰੀਆਂ ਕਹਾਣੀਆਂ ਵਿਚ ਵੀ, ਮੇਰੀ ਜਾਂਚੇ, ਕੁਝ ਵਾਧੂ ਨਹੀਂ ਸੀ, ਪਰ ਇਸ ਪਿਛੋਂ ਮੈਂ ਕਹਾਣੀ ਦੇ ਗੱਠਵੀਂ ਹੋਣ ਵੱਲ ਹੋਰ ਵੀ ਬਹੁਤਾ ਧਿਆਨ ਦੇਣ ਲੱਗ ਪਿਆ। ਵਿਰਕ ਦੀ ਸਿੱਖਿਆ ਨੇ ਮੇਰੀ ਇਸ ਸਾਹਿਤਕ ਜਾਚ ਨੂੰ ਪਕੇਰਾ ਕੀਤਾ।

(ਚਲਦਾ)

# ਪੰਜਾਬੀ ਸੱਭਿਆਚਾਰ ਦਾ ਦਰਪਣ-ਲੋਕ ਖੇਡਾਂ

ਪੰਜਾਬ ਦੀਆਂ ਲੋਕ ਖੇਡਾਂ ਪੰਜਾਬੀ ਲੋਕ ਜੀਵਨ ਦਾ ਅਨਿਖੜਵਾਂ ਅੰਗ ਹਨ। ਉਹ ਪੇਂਡੂ ਖੇਡਾਂ ਜਿਹੜੀਆਂ ਸਦੀਆਂ ਦਾ ਪੈਂਡਾ ਝਾਗ ਕੇ ਸਾਡੇ ਪੁਰਖਿਆਂ ਪਾਸੋਂ ਸਾਨੂੰ ਵਿਰਾਸਤੀ ਰੂਪ ਵਿਚ ਪ੍ਰਾਪਤ ਹੋਈਆਂ ਹਨ ਉਨ੍ਹਾਂ ਨੂੰ ਲੋਕ ਖੇਡਾਂ ਆਖਦੇ ਹਨ। ਇਨ੍ਹਾਂ ਵਿਚੋਂ ਪੰਜਾਬੀ ਸੱਭਿਆਚਾਰ ਦੀ ਝਲਕ ਸਾਫ ਦਿਸ ਆਉਂਦੀ ਹੈ। ਪੰਜਾਬੀਆਂ ਦਾ ਸੁਭਾਅ, ਮਰਦਉਪੁਣਾ, ਰਹਿਣ ਸਹਿਣ, ਖਾਣ ਪੀਣ, ਮੇਲੇ ਮਸਾਹਵੇ ਅਤੇ ਨੈਤਕ ਕਦਰਾਂ ਕੀਮਤਾਂ ਇਨ੍ਹਾਂ ਵਿਚ ਓਤਪੋਤ ਹਨ।



ਲੋਕ ਖੇਡਾਂ ਦੇ ਪਿੜ ਪਿੰਡ ਦੀ ਜੂਹ ਵਿਚ ਆਥਣ ਸਮੇਂ ਜੁੜਿਆ ਕਰਦੇ ਸਨ। ਸਾਰੇ ਪਿੰਡ ਦੇ ਗੱਭਰੂਆਂ ਨੇ ਰਲ ਕੇ

**ਸੁਖਦੇਵ ਮਾਦਪੁਰੀ**
ਫੋਨ: 91-94630-34472

ਖੇਡਣਾ, ਕੋਈ ਜਾਤ-ਪਾਤ ਨਹੀਂ, ਊਚ-ਨੀਚ ਨਹੀਂ, ਅਮੀਰੀ-ਗਰੀਬੀ ਦਾ ਪਾੜਾ ਨਹੀਂ। ਸਾਰੇ ਰਲ ਕੇ ਇਨ੍ਹਾਂ ਦਾ ਅਨੰਦ ਮਾਣਦੇ। ਭਾਈਚਾਰਕ ਸਾਂਝ ਇੰਨੀ ਹੋਣੀ ਕਿ ਸਾਰੇ ਪਿੰਡ ਨੇ ਰਲ ਕੇ ਗੱਭਰੂਆਂ ਦੀਆਂ ਖੁਰਾਕਾਂ ਦਾ ਪ੍ਰਬੰਧ ਕਰਨਾ। ਦੇਸੀ ਘਿਉ ਦੇ ਪੀਪਿਆਂ ਦੇ ਪੀਪੇ ਖਿਡਾਰੀਆਂ ਨੂੰ ਖਾਣ ਨੂੰ ਦਿੱਤੇ ਜਾਂਦੇ ਸਨ। ਇਹ ਗੱਭਰੂ ਵੀ ਤਾਂ ਸਮੁੱਚੇ ਪਿੰਡ ਦਾ ਮਾਣ ਹੋਇਆ ਕਰਦੇ ਸਨ। ਮੇਲਿਆਂ ਮੁਸਾਹਵਿਆਂ 'ਤੇ ਕਿਸੇ ਨੇ ਪਹਿਲਵਾਨੀ ਵਿਚ ਪਿੰਡ ਦਾ ਨਾਂ ਕੱਢਣਾ, ਕਿਸੇ ਬੋਰੀ ਚੁੱਕਣ ਵਿਚ ਨਾਂ ਚਮਕਾਉਣਾ, ਕਿਸੇ ਮੂੰਗਲੀਆਂ ਫੇਰਨ ਵਿਚ ਬਾਜ਼ੀ ਜਿੱਤਣੀ। ਰੱਸਾਕਸ਼ੀ ਤੇ ਕਬੱਡੀ ਦੀਆਂ ਟੀਮਾਂ ਨੇ ਪਿੰਡ ਨੂੰ ਪ੍ਰਸਿੱਧੀ ਦਵਾਉਣੀ। ਇਹ ਗੱਭਰੂ ਆਪਣੇ ਸਰੀਰਾਂ ਨੂੰ ਖੇਡਾਂ ਦੇ ਹਾਣ ਦਾ ਰੱਖਣ ਲਈ ਨਸ਼ਿਆਂ ਨੂੰ ਨੇੜ੍ਹੇ ਨਹੀਂ ਸੀ ਢੁਕਣ ਦਿੰਦੇ। ਪਿੰਡ ਦੀ ਸ਼ਾਨ ਲਈ ਰਲ ਕੇ ਰਹਿੰਦੇ ਤੇ ਪਿਆਰ ਨਾਲ ਖੇਡਦੇ। ਇਹ ਖੇਡਾਂ ਹੀ ਸਨ ਜਿਹੜੀਆਂ ਪਿੰਡਾਂ ਦੇ ਗੱਭਰੂਆਂ ਨੂੰ ਆਹਰੇ ਲਾਈ ਰੱਖਦੀਆਂ ਸਨ ਅਤੇ ਕੁਰਾਹੇ ਪੈਣ ਤੋਂ ਰੋਕਦੀਆਂ ਸਨ।

ਪੇਂਡੂ ਮੁੰਡੇ-ਕੁੜੀਆਂ ਦੀਆਂ ਖੇਡਾਂ ਬੜੀਆਂ ਮਨਮੋਹਨ ਹੁੰਦੀਆਂ ਹਨ-ਕਾਵਿ ਮਈ। ਉਹ ਆਮ ਕਰਕੇ ਬੁੱਢੀ ਮਾਈ, ਭੰਡਾ-ਭੰਡਾਰੀਆ, ਊਠਤ-ਬੈਠਤ, ਊਚ-ਨੀਚ, ਕੋਟਲਾ-ਛਪਾਕੀ, ਦਾਈਆਂ-ਦੂਹਕੜੇ, ਬਾਂਦਰ ਕੀਲਾ, ਕਿਣ ਮਿਣ ਕਾਣੀ ਕੌਣ ਕਣਿਆ, ਸਮੁੰਦਰ ਤੇ ਮੱਛੀ, ਲੱਕੜ ਕਾਠ, ਖਾਨ ਘੋੜੀ, ਅੰਨਾ ਝੋਟਾ, ਪੂਛ-ਪੂਛ, ਪੀਚੋ ਬੱਕਰੀ, ਅੱਡੀ-ਛੜੱਪਾ, ਕੂਕਾਂ ਕਾਂਗੜੇ, ਰੋੜੇ ਅਤੇ ਸ਼ਕਰ ਭਿੱਜੀ ਆਦਿ ਖੇਡਾਂ ਖੇਡ ਕੇ ਅਨੰਦ ਮਾਣਦੇ।

ਕਬੱਡੀ ਪੰਜਾਬੀਆਂ ਦੀ ਕੌਮੀ ਖੇਡ ਹੈ ਜਿਸ ਰਾਹੀਂ ਇਨ੍ਹਾਂ ਦੇ ਸੁਭਾਅ, ਮਰਦਉਪੁਣੇ ਅਤੇ ਤਾਕਤ ਦਾ ਪ੍ਰਗਟਾਵਾ ਹੁੰਦਾ ਹੈ। ਲੰਬੀ ਕੌਡੀ ਅਤੇ ਸੌਂਚੀ ਪੱਕੀ ਆਦਿ ਕਬੱਡੀ ਦੀਆਂ ਕਿਸਮਾਂ ਬੜੀਆਂ ਹਰਮਨ ਪਿਆਰੀਆਂ ਰਹੀਆਂ ਹਨ। ਅੱਜਕੱਲ੍ਹ ਇਹ ਖੇਡੀਆਂ ਨਹੀਂ ਜਾਂਦੀਆਂ। ਇਨ੍ਹਾਂ ਦੀ ਥਾਂ ਨੈਸ਼ਨਲ ਸਟਾਈਲ ਕਬੱਡੀ ਨੇ ਲੈ ਲਈ ਹੈ।

'ਸੌਂਚੀ ਪੱਕੀ' ਮਾਲਵੇ ਦੇ ਇਲਾਕੇ ਦੀ ਬੜੀ ਪ੍ਰਸਿੱਧ ਖੇਡ ਰਹੀ ਹੈ। ਆਮ ਤੌਰ 'ਤੇ ਨਰੋਏ ਸਰੀਰਾਂ ਵਾਲੇ ਗੱਭਰੂ ਹੀ ਇਹ ਖੇਡ ਖੇਡਦੇ ਸਨ। ਖਿਡਾਰੀਆਂ ਨੇ ਆਪਣੇ ਸਰੀਰਾਂ 'ਤੇ ਤੇਲ ਮਲ ਕੇ ਪਿੰਡੇ ਲਿਸ਼ਕਾਏ ਹੁੰਦੇ। ਪਾੜੇ ਵਿਚ ਦੋ ਖਿਡਾਰੀ ਆਪਣਾ-ਆਪਣਾ ਪਾਸਾ ਮਲ ਕੇ ਖੇਡ ਸ਼ੁਰੂ ਕਰਦੇ। ਇੱਕ ਪਾਸੇ ਦਾ ਖਿਡਾਰੀ ਦੂਜੇ ਪਾਸੇ ਜਾਂਦਾ ਤੇ ਦੂਜੇ ਖਿਡਾਰੀ ਦੀ ਛਾਤੀ 'ਤੇ ਜ਼ੋਰ ਨਾਲ ਧੱਫੇ ਮਾਰਦਾ। ਧੱਫੇ ਕੇਵਲ ਛਾਤੀ 'ਤੇ ਹੀ ਮਾਰੇ ਜਾਂਦੇ। ਦੂਜਾ ਖਿਡਾਰੀ ਪਹਿਲੇ ਖਿਡਾਰੀ ਦੀ ਬੀਣੀ ਫੜਦਾ ਤੇ ਜਾਣ ਵਾਲਾ ਆਪਣੀ ਬੀਣੀ ਛਡਾਉਣ ਦਾ ਯਤਨ ਕਰਦਾ। ਇਉਂ ਸਾਰੀ ਜ਼ੋਰ ਅਜ਼ਮਾਈ ਬੀਣੀ ਛਡਾਉਣਾ ਅਤੇ ਪਕੜਨ 'ਤੇ ਹੀ ਹੁੰਦੀ ਰਹਿੰਦੀ। ਇਸ ਖੇਡ ਵਿਚ ਕੁਸ਼ਤੀ ਵਾਂਗ ਇੱਕ-ਦੂਜੇ ਦੇ ਬਲ ਦੀ ਪ੍ਰੀਖਿਆ ਹੁੰਦੀ ਸੀ। ਜਿਹੜਾ ਬੀਣੀ ਛੁਡਾ ਕੇ ਦੂਜਿਆਂ ਨੂੰ ਜਿੱਤ ਜਾਂਦਾ, ਉਸ ਨੂੰ ਸੌਂਚੀ ਦੀ ਮਾਲੀ ਮਿਲਦੀ। ਮੇਲਿਆਂ ਉਤੇ ਸੌਂਚੀ ਪੱਕੀ ਦੇ ਮੁਕਾਬਲੇ ਆਮ ਹੋਇਆ ਕਰਦੇ ਸਨ।

ਖੁੱਦੋ ਖੂੰਡੀ ਅਤੇ ਲੂਣ ਤੇਲ ਲੱਲ੍ਹੇ, ਬੜੀਆਂ ਰੌਚਕ ਖੇਡਾਂ ਰਹੀਆਂ ਹਨ। ਲੀਰਾਂ ਦੀਆਂ ਖੁੱਦੋਆਂ ਅਤੇ ਕਿੱਕਰਾਂ ਬੇਰੀਆਂ ਦੇ ਖੂੰਡਿਆਂ ਨਾਲ ਇਹ ਖੇਡਾਂ ਖੇਡੀਆਂ ਜਾਂਦੀਆਂ ਸਨ। ਖੁਦੋ ਖੂੰਡੀ ਦੀ ਥਾਂ ਹੁਣ ਹਾਕੀ ਨੇ ਮਲ ਲਈ ਹੈ ਤੇ ਲੂਣ-ਤੇਲ ਲੱਲ੍ਹੇ ਕ੍ਰਿਕਟ ਵਿਚ ਜਾ ਸਮੋਏ ਹਨ। ਕਈ ਇਲਾਕਿਆਂ ਵਿਚ ਖੁਦੋ ਨੂੰ ਖਿਦੋ ਵੀ ਆਖਿਆ ਜਾਂਦਾ ਹੈ।

ਲੱਲ੍ਹਿਆਂ ਦੀ ਖੇਡ ਪਿੰਡੋਂ ਬਾਹਰ ਕਿਸੇ ਮੋਕਲੀ ਜਿਹੀ ਥਾਂ 'ਤੇ ਖੇਡੀ ਜਾਂਦੀ ਸੀ। ਇਸ ਦੇ ਖਿਡਾਰੀਆਂ ਦੀ ਗਿਣਤੀ ਨਿਸ਼ਚਿਤ ਨਹੀਂ ਸੀ ਹੁੰਦੀ। ਇਹ ਬੜੀ ਫੁਰਤੀ ਨਾਲ ਅਤੇ ਚੁਕੰਨਾ ਹੋ ਕੇ ਖੇਡੀ ਜਾਂਦੀ ਸੀ। ਸਾਰੇ ਖਿਡਾਰੀ ਤਿੰਨ-ਤਿੰਨ, ਚਾਰ-ਚਾਰ ਮੀਟਰ ਦੇ ਫਾਸਲੇ 'ਤੇ ਤਿੰਨ-ਤਿੰਨ ਇੰਚ ਲੰਬੇ ਚੌੜੇ ਤੇ ਡੂੰਘੇ ਟੋਏ ਪੁੱਟਦੇ ਜਿਨ੍ਹਾਂ ਨੂੰ ਲੱਲ੍ਹਾ ਆਖਦੇ ਸਨ। ਇਨ੍ਹਾਂ ਲੱਲ੍ਹਿਆਂ ਵਿਚ ਉਹ ਆਪਣੇ ਖੂੰਡਿਆਂ ਦੇ ਬਲ ਰੱਖ ਕੇ ਖੜੇ ਹੋ ਜਾਂਦੇ। ਦਾਈ ਵਾਲਾ ਲੀਰਾਂ ਦੀ ਬਣੀ ਖੁਦੋ ਨੂੰ ਨੱਸ ਕੇ ਫੜਦਾ ਤੇ ਨੇੜੇ ਦੇ ਖਿਡਾਰੀ ਦੇ ਜ਼ੋਰ ਨਾਲ ਮਾਰਦਾ। ਜੇਕਰ ਕਿਸੇ ਖਿਡਾਰੀ ਨੂੰ ਖੁੱਦੋਂ ਛੂਹ ਜਾਂਦੀ ਤਾਂ ਉਸ ਦੇ ਸਿਰ ਦਾਈ ਆ ਜਾਂਦੀ ਤੇ ਉਹ ਆਪਣਾ ਖੂੰਡਾ ਅਤੇ ਲੱਲ੍ਹਾ ਪਹਿਲੇ ਦਾਈ ਵਾਲੇ ਨੂੰ ਫੜਾ ਕੇ ਦਾਈ ਦਿੰਦਾ। ਇਸ ਖੇਡ ਨੂੰ ਮਘਾਈ ਰੱਖਣ ਲਈ ਖਿਡਾਰੀ ਆਪਣੇ ਲੱਲ੍ਹੇ ਛੱਡ ਕੇ ਖੁੱਦੋ ਨੂੰ ਦੂਰ ਸੁੱਟਣ ਲਈ ਟੱਲੇ ਮਾਰਦੇ। ਦਾਈ ਵਾਲਾ ਕਦੀ ਲੱਲ੍ਹਿਆਂ ਵੱਲ ਭੱਜਦਾ, ਕਦੀ ਖੁੱਦੋ ਮਗਰ ਦੌੜਦਾ। ਜੇਕਰ ਉਹ ਕਿਸੇ ਖਾਲੀ ਲੱਲ੍ਹੇ ਵਿਚ ਪੈਰ ਪਾ ਦੇਂਦਾ ਤਾਂ ਲੱਲ੍ਹੇ ਵਾਲੇ ਦੇ ਸਿਰ ਦਾਈ ਆ ਜਾਂਦੀ ਤੇ ਉਹ ਉਸ ਦਾ ਖੂੰਡਾ ਫੜ ਕੇ ਖੇਡਣ ਲੱਗ ਜਾਂਦਾ।

ਡੰਡਾ ਡੁਕ, ਪੀਲ ਪਲਾਂਘੜਾ ਜਾਂ ਪੀਲ ਪਲੀਂਘਣ ਨਾਂ ਦੀ ਖੇਡ ਬੜੀ ਰੌਚਕ ਹੈ। ਗਰਮੀਆਂ ਦੀ ਰੁੱਤੇ ਦੁਪਹਿਰ ਸਮੇਂ ਇਹ ਖੇਡ ਆਮ ਤੌਰ 'ਤੇ ਪਿੱਪਲਾਂ ਬਰੋਟਿਆਂ ਦੇ ਦਰੱਖਤਾਂ ਉਤੇ ਖੇਡੀ ਜਾਂਦੀ ਸੀ। ਖਿਡਾਰੀ ਦਰੱਖਤ ਉਤੇ ਚੜ੍ਹ ਜਾਂਦੇ, ਪੁੱਗ ਕੇ ਬਣਿਆਂ ਦਾਈ ਵਾਲਾ ਦਾਈ ਦੇਂਦਾ। ਦਰੱਖਤ ਦੇ ਥੱਲੇ ਇੱਕ ਗੋਲ ਚੱਕਰ ਵਿਚ ਡੇਢ -ਦੋ ਫੁੱਟ ਦਾ ਡੰਡਾ ਰੱਖਿਆ ਜਾਂਦਾ। ਦਰੱਖਤ 'ਤੇ ਚੜ੍ਹੇ ਖਿਡਾਰੀਆਂ ਵਿਚੋਂ ਇੱਕ ਜਣਾ ਥੱਲੇ ਉਤਰ ਕੇ, ਦਾਇਰੇ ਵਿਚੋਂ ਡੰਡਾ ਚੁੱਕ ਕੇ ਆਪਣੀ ਖੱਬੀ ਲੱਤ ਥੱਲਿਓਂ ਘੁਮਾ ਕੇ ਦੂਰ ਸੁੱਟ ਕੇ ਦਰੱਖਤ ਉਤੇ ਚੜ੍ਹ ਜਾਂਦਾ ਤੇ ਖੇਡ ਸ਼ੁਰੂ ਹੋ ਜਾਂਦੀ। ਦਾਈ ਵਾਲੇ ਨੂੰ ਝਕਾਨੀ ਦੇ ਕੇ ਦੂਜੇ ਖਿਡਾਰੀ ਦਾਇਰੇ ਵਿਚੋਂ ਡੰਡਾ ਚੁੱਕ ਕੇ ਚੁੰਮਦੇ। ਜਿਸ ਖਿਡਾਰੀ ਨੂੰ ਦਾਈ ਵਾਲਾ, ਡੰਡਾ ਚੁੰਮਣ ਤੋਂ ਪਹਿਲਾਂ ਹੱਥ ਲਾ ਦੇਂਦਾ ਉਸ ਦੇ ਸਿਰ ਦਾਈ ਆ ਜਾਂਦੀ। ਇਸ ਪ੍ਰਕਾਰ ਇਹ ਖੇਡ ਪਹਿਲਾਂ ਵਾਂਗ ਹੀ ਚਾਲੂ ਰਹਿੰਦੀ।

ਗੁੱਲੀ ਡੰਡਾ, ਨੂਣ ਮਿਆਣੀ, ਸ਼ਕਰ ਭੁਰਜੀ,

(ਬਾਕੀ ਅਗਲੇ ਸਫੇ 'ਤੇ)

ਕਹਾਣੀ

# ਦੁੱਧ ਦਾ ਛੱਪੜ

***ਪੇਂਡੂ ਪਾਤਰ ਉਸਾਰਨ ਅਤੇ ਪਿੰਡਾਂ ਦਾ ਮਾਹੌਲ ਪੈਦਾ ਕਰਨ ਵਿਚ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦਾ ਕੋਈ ਸਾਨੀ ਨਹੀਂ। ਉਸ ਦੀ ਹਰ ਕਹਾਣੀ ਵਿਚ ਇਸ ਰੰਗ ਦੀ ਪੂਰੀ ਤੇ ਗੂੜ੍ਹੀ ਛਾਪ ਹੈ ਅਤੇ ਉਸ ਨੇ ਆਪਣੀ ਹਰ ਕਹਾਣੀ ਵਿਚ ਹਰ ਪਾਤਰ ਨੂੰ ਵਿਲੱਖਣ ਢੰਗ ਨਾਲ ਪੇਸ਼ ਕੀਤਾ ਹੈ। ਬਾਅਦ ਵਿਚ ਜਦੋਂ ਉਹ ਪਿੰਡ ਦੀ ਥਾਂ ਸ਼ਹਿਰ ਵਿਚ ਜ਼ਿਆਦਾ ਵਿਚਰਨ ਲੱਗ ਪਿਆ ਅਤੇ ਉਸ ਦੀਆਂ ਕਹਾਣੀਆਂ ਦੇ ਪਾਤਰ ਵੀ ਸ਼ਹਿਰਾਂ ਵਿਚ ਘੁੰਮਦੇ ਲੋਕ ਬਣਨ ਲੱਗੇ, ਤਾਂ ਵੀ ਉਹ ਇਨ੍ਹਾਂ ਜਿਊਂਦੇ-ਜਾਗਦੇ ਪਾਤਰਾਂ ਨੂੰ ਲੈ ਕੇ ਪਿੰਡ ਜਾ ਵੜਦਾ ਅਤੇ ਉਹੀ ਮਾਹੌਲ ਉਸਾਰ ਕੇ ਕਹਾਣੀ ਲਿਖਦਾ ਰਿਹਾ। 'ਦੁੱਧ ਦਾ ਛੱਪੜ' ਕਹਾਣੀ ਵਿਚ ਪਿੰਡ 'ਚ ਰਹਿੰਦੇ ਦੋ ਚਚੇਰੇ ਭਰਾਵਾਂ ਦੀ ਮਾਨਸਿਕਤਾ ਨੂੰ ਜਿਸ ਢੰਗ ਨਾਲ ਵਿਰਕ ਨੇ ਸਾਹਿਤ ਦਾ ਹਿੱਸਾ ਬਣਾਇਆ ਹੈ, ਇਸ ਤਰ੍ਹਾਂ ਦੀਆਂ ਰਚਨਾਵਾਂ ਪੰਜਾਬੀ ਸਾਹਿਤ ਵਿਚ ਵਿਰਲੀਆਂ-ਟਾਂਵੀਆਂ ਹੀ ਮਿਲਦੀਆਂ ਹਨ।-ਸੰਪਾਦਕ***

ਕੁਲਵੰਤ ਸਿੰਘ ਵਿਰਕ

ਚਾਚੇ-ਤਾਏ ਦੇ ਪੁੱਤਰ ਹੋਣ ਕਰ ਕੇ ਲਾਲ ਤੇ ਦਿਆਲ ਦਾ ਆਪੋ ਵਿਚ ਬੜਾ ਪਿਆਰ ਸੀ। ਉਨ੍ਹਾਂ ਦੀ ਵਾਹੀ ਵੀ ਇਕੱਠੀ ਸੀ। ਪਿੰਡ ਵਿਚ ਇਕੱਠ ਦਾ ਬੜਾ ਰੁਹਬ ਪੈਂਦਾ ਏ, ਦੋ ਸਕੇ ਭਰਾਵਾਂ ਨਾਲੋਂ ਜੇ ਦੋ ਚਾਚੇ-ਤਾਏ ਦੇ ਪੁੱਤਰ ਰਲ ਕੇ ਟੁਰਦੇ ਹਨ ਤਾਂ ਉਨ੍ਹਾਂ ਨੂੰ ਹੋਰ ਵੱਡੀ ਤਾਕਤ ਸਮਝਿਆ ਜਾਂਦਾ ਏ, ਕਿਉਂਕਿ ਇਹੋ ਜਿਹਾ ਮੇਲ ਘੱਟ ਵੇਖਣ ਵਿਚ ਆਉਂਦਾ ਏ। ਭਰਾਵਾਂ ਨੇ ਤੇ ਭਲਾ ਰਲ ਕੇ ਟੁਰਨਾ ਈ ਹੋਇਆ। ਇਸ ਲਈ ਇਨ੍ਹਾਂ ਦੋਹਾਂ-ਲਾਲ ਤੇ ਦਿਆਲ ਦਾ ਵੀ ਪਿੰਡ ਵਿਚ ਲੋਕ ਨਾਂ ਲੈਂਦੇ ਸਨ। ਕਾਮਿਆਂ ਨੂੰ ਕੰਮ ਕਹਿਣਾ ਉਨ੍ਹਾਂ ਲਈ ਸੌਖਾ ਸੀ, ਕਿਉਂਕਿ ਉਹ ਛੇਤੀ ਆਖੇ ਲੱਗ ਜਾਂਦੇ ਸਨ। ਪਿੰਡ ਦੀਆਂ ਗਲੀਆਂ ਵਿਚ ਟੁਰਨਾ ਉਨ੍ਹਾਂ ਨੂੰ ਸਵਾਦ ਦੇਂਦਾ ਸੀ, ਕਿਉਂਕਿ ਉਥੇ ਉਨ੍ਹਾਂ ਦਾ ਆਦਰ ਸੀ।

ਇਸ ਮੁਫ਼ਤ ਦੇ ਆਦਰ ਤੋਂ ਬਿਨਾ, ਇਕੱਠਿਆਂ ਉਨ੍ਹਾਂ ਦਾ ਵਾਹੀ ਜੋਤੀ ਦਾ ਕੰਮ ਵੀ ਸੌਖਾ ਚਲਦਾ ਸੀ। ਰਲ ਕੇ ਉਹ ਦੋ ਹਲਾਂ ਦੀ ਵਾਹੀ ਕਰਦੇ ਸਨ। ਇਕ ਕਾਮਾ ਰੱਖ ਲੈਣ ਨਾਲ ਉਨ੍ਹਾਂ ਵਿਚੋਂ ਇਕ ਬੰਦਾ ਹਰ ਰੋਜ਼ ਸੌਖਾ ਰਹਿ ਸਕਦਾ ਸੀ, ਤੇ ਕੰਮ ਵੀ ਚੰਗਾ ਟੁਰਿਆ ਜਾਂਦਾ ਸੀ। ਇਕ ਹਲ ਦੀ ਵਾਹੀ ਇਕ ਤੇ ਬੇਸਵਾਦ ਹੁੰਦੀ ਹੈ, ਦੂਜਾ ਸੂਤਰ ਨਹੀਂ ਬੈਠਦੀ। ਜੇ ਇਕੱਲੇ ਹੋਵੋ ਤਾਂ ਉਹ ਬੰਦਾ ਡੰਗਰਾਂ ਨਾਲ ਡੰਗਰ ਹੋ ਜਾਂਦਾ ਏ, ਤੇ ਜੇ ਕਾਮਾ ਰੱਖੋ ਤਾਂ ਪੂਰਾ ਨਹੀਂ ਫਟਦਾ।

ਇਹ ਇਕੱਠੀ ਵਾਹੀ ਤੀਸਰੇ ਬੰਦੇ ਨੂੰ ਜਿਹੜਾ ਵਿਹਲ ਦੇ ਰਹੀ ਸੀ, ਉਹ ਸਾਰਾ ਦਿਆਲ ਹੀ ਮਾਣਦਾ। ਉਹ ਗੋਰੇ ਰੰਗ ਦਾ, ਸੁਹਣੀ ਸ਼ਕਲ ਵਾਲਾ ਭਾਰਾ ਜਿਹਾ ਗੱਭਰੂ ਸੀ। ਪਹਿਲੇ ਪਹਿਰ ਤੇ ਉਹ ਪੈਲੀਆਂ ਵਿਚ ਕੁਝ ਕੰਮ ਕਰਦਾ, ਪਰ ਪਿਛਲੇ ਪਹਿਰ ਰੋਜ਼ ਉਹ ਚਿੱਟੇ ਕੱਪੜੇ ਪਾ ਕੇ ਪਿੰਡ ਵਿਚ ਭੌਂਦਾ ਰਹਿੰਦਾ ਜਾਂ ਖੁੰਢਾਂ 'ਤੇ ਬੈਠਾ ਰਹਿੰਦਾ। ਤੇ ਲੋਕੀਂ ਉਸ ਨਾਲ ਅੱਖ ਮਿਲਾ ਕੇ, ਉਸ ਨਾਲ ਗੱਲਾਂ ਕਰ ਕੇ ਖ਼ੁਸ਼ ਹੁੰਦੇ।

ਪਰ ਪਿੰਡ ਵਾਲਿਆਂ ਦੀ ਤੇ ਦਿਆਲ ਦੀ ਇਹ ਸਾਰੀ ਖ਼ੁਸ਼ੀ ਲਾਲ ਦੇ ਸਿਰ 'ਤੇ ਸੀ ਜਿਸ ਨੂੰ ਪਿਛੋਂ ਕੰਮ ਕਰਨਾ ਪੈਂਦਾ।

"ਕੱਲ੍ਹ ਤੂੰ ਪਿੰਡੋਂ ਈ ਨਹੀਂ ਨਿਕਲਿਆ ਪਿਛਲੇ ਪਹਿਰ, ਵਾੜ ਦੇਣੀ ਸੀ ਕਣਕ ਨੂੰ। ਦੋ ਬੰਦਿਆਂ ਵਿਚ ਵਾੜ ਤੈਨੂੰ ਪਤਾ ਏ ਬੜੀ ਔਖੀ ਆਉਂਦੀ ਏ।" ਲਾਲ ਕਦੀ ਉਲ੍ਹਾਮਾ ਦਿੰਦਾ।

"ਐਵੇਂ ਈ ਆਲਸ ਕਰ ਛੱਡਿਆ। ਪਿੰਡ ਥਾਣੇਦਾਰ ਆਇਆ ਹੋਇਆ ਸੀ, ਮੈਂ ਆਖਿਆ ਕੋਈ ਗੱਲਬਾਤ ਸੁਣਾਂਗੇ।" ਦਿਆਲ ਨੀਵੀਂ ਖਿੱਚ ਛੱਡਦਾ ਤੇ ਲਾਲ ਚੁੱਪ ਹੋ ਜਾਂਦਾ।

ਲਾਲ ਦੀ ਵਹੁਟੀ ਵੀ ਦਿਆਲ ਨੂੰ ਆਪਣੇ ਘਰ ਵਿਚ ਫਿਰਦਿਆਂ ਵੇਖਦੀ। ਜਦੋਂ ਲਾਲ ਬਾਹਰ ਪੈਲੀਆਂ ਵਿਚ ਕੰਮ ਲੱਗਾ ਹੋਇਆ ਹੁੰਦਾ, ਉਨ੍ਹਾਂ ਦੇ ਘਰ ਦੀ ਸਾਂਝੀ ਕੰਧ ਤੋਂ ਪਾਰ ਉਹਦੀ ਪੱਗ ਇਧਰ-ਉਧਰ ਭੌਂਦੀ ਦਿਸਦੀ। ਕਦੀ ਉਹ ਆਪਣੇ ਮੁੰਡੇ ਨੂੰ ਚੁੱਕ ਕੇ ਘਰੋਂ ਕੋਈ ਲੱਕੜ ਫੜ ਤਰਖਾਣਾਂ ਵੱਲ ਲੈ ਜਾਂਦਾ ਅਤੇ ਉਥੇ ਬੈਠ ਕੇ ਉਸ ਨੂੰ ਗੱਡੀ ਬਣਵਾ ਦਿੰਦਾ, ਤੇ ਕਦੀ ਆਪਣੀ ਵਹੁਟੀ ਦਾ ਸਾਗ ਚੀਰਨ ਵਾਲਾ ਦਾਤਰ ਚੁੱਕ ਕੇ ਲੁਹਾਰਾਂ ਪਾਸੋਂ ਲੁਆਣ ਟੁਰ ਪੈਂਦਾ, ਅਤੇ ਕਦੇ ਸੱਤੋ ਜੁਲਾਹੀ ਨੂੰ ਚਰਖਾ ਚੁਕਵਾ ਕੇ ਉਸ ਦੀ ਤਾਣ ਕਢਵਾ ਲਿਆਉਂਦਾ। ਲਾਲ ਦੀ ਵਹੁਟੀ ਦੇ ਸਾਰੇ ਕੰਮ ਉਸੇ ਤਰ੍ਹਾਂ ਹੀ ਪਏ ਰਹਿੰਦੇ।

ਦਿਆਲ ਦੀ ਘਰ ਵਿਚ ਭੌਂਦੀ ਪੱਗ ਤੇ ਆਉਂਦੀ ਵਾਜ ਉਸ ਦੀਆਂ ਕਈ ਸੱਧਰਾਂ ਟੁੰਬਦੀ। ਜੇ ਕਦੀ ਲਾਲ ਵੀ ਇਸੇ ਵੇਲੇ ਘਰ ਆ ਸਕੇ ਤਾਂ ਉਹ ਉਸ ਨੂੰ ਦੁੱਧ ਪਾ ਕੇ ਦੇਵੇ। ਪਿੰਡ ਵਿਚ ਜਾਣ ਲਈ ਉਸ ਨੂੰ ਚਿੱਟੇ-ਚਿੱਟੇ ਕੱਪੜੇ ਪੁਆਏ, ਤੇ ਉਸ ਦੇ ਕੱਪੜੇ ਪਾਂਦਿਆਂ ਨੂੰ ਝਟ-ਪਟ ਉਸ ਦੀ ਪੱਗ ਨੂੰ ਮਾਇਆ ਲਾ ਦੇਵੇ। ਹੁਣ ਤੇ ਨਾ ਕੱਪੜੇ ਧੋਣ ਤੇ ਨਾ ਪਾਣ ਦਾ ਕੋਈ ਸਵਾਦ ਸੀ। ਅੱਠੀਂ ਦਸੀਂ ਦਿਨੀਂ ਰਾਤ ਨੂੰ ਸੌਣ ਲੱਗਿਆਂ ਉਹ ਧੋਤੇ ਹੋਏ ਕੱਪੜੇ ਸਰਹਾਣੇ ਰਖਵਾ ਲੈਂਦਾ, ਤੇ ਸਵੇਰੇ ਉਠ ਕੇ ਰਾਤ ਦੇ ਲਾਹੇ ਹੋਏ ਮੈਲੇ ਕੱਪੜੇ ਸਰਹਾਣੇ ਰੱਖ ਕੇ ਉਹ ਚਿੱਟੇ ਕੱਪੜੇ ਪਾ ਲੈਂਦਾ, ਪਰ ਛੇਤੀ ਹੀ ਇਹ ਵੀ ਮੈਲੇ ਹੋ ਜਾਂਦੇ, ਤੇ ਫਿਰ ਕਈ ਦਿਨ ਉਹ ਮੈਲੇ ਹੀ ਪਾਈ ਫਿਰਦਾ। ਜੇ ਲਾਲ ਵੀ ਦਿਆਲ ਵਾਂਗ ਸ਼ਾਮ ਘਰ ਬਿਤਾ ਸਕੇ।

ਤੇ ਫਿਰ ਰਾਤ ਨੂੰ ਜਦੋਂ ਲਾਲ ਘਰ ਆਉਂਦਾ ਤਾਂ ਉਹ ਆਖਦੀ, "ਤੂੰ ਉਹਦਾ ਕਾਮਾ ਰੱਖਿਆ ਹੋਇਆਂ ਏਂ? ਆਪ ਤੇ ਸਰਦਾਰ ਪਿੰਡ ਫਿਰਦਾ ਰਹਿੰਦਾ ਏ, ਤੇ ਤੂੰ ਉਥੇ ਮਿੱਟੀ ਨਾਲ ਘੁਲਦਾ ਰਹਿਨਾ ਏਂ।"

"ਪਿੰਡ ਫਿਰਨ ਵਿਚ ਕੀ ਪਿਆ ਏ? ਪਾਣੀ ਦੀ ਵਾਰੀ ਦੀ ਗੱਲ ਕਰਨੀ ਸੀ, ਏਸ ਕਰ ਕੇ ਆਇਆ ਸੀ ਉਹ।" ਲਾਲ ਗੱਲ ਵਲਾਂਦਾ ਤੇ ਫਿਰ ਮਰਮ ਲਾਂਦਾ।

"ਕਦੀ ਹਲ-ਫਲ ਠੀਕ ਕਰਾਣਾ ਹੁੰਦਾ ਏ, ਕੋਈ ਰੱਸਾ-ਪੈੜਾ ਵਟਣਾ ਹੁੰਦਾ ਏ ਜਾਂ ਕੋਈ ਬੰਦਾ ਦਿਹਾੜੀ ਲਈ ਆਖਣਾ ਹੁੰਦਾ ਏ, ਪਿੰਡ ਵਿਚ ਸੌ ਕੰਮ ਹੁੰਦੇ ਨੇ।"

"ਪਿੰਡ ਕੰਮ ਹੁੰਦੇ ਨੇ ਤਾਂ ਤੂੰ ਵੀ ਆ ਜਾਇਆ ਕਰ ਕਦੀ, ਜ਼ਰੂਰ ਉਸੇ ਹੀ ਕਰਨੇ ਹੁੰਦੇ ਨੇ ਪਿੰਡ ਵਾਲੇ ਕੰਮ।"

"ਹੱਲਾ ਮੈਂ ਆ ਜਾਇਆ ਕਰਾਂਗਾ, ਇਹਦੇ 'ਚ ਕਿਹੜੀ ਗੱਲ ਏ। ਉਹ ਆਂਹਦਾ ਏ, ਮੈਂ ਲਗਾ ਜਾਨਾਂ, ਮੈਂ ਆਹਨਾਂ, ਹੱਲਾ ਤੂੰ ਲਗ ਜਾ।"

ਲਾਲ ਆਉਣ ਲਈ ਕਹਿ ਤੇ ਦੇਂਦਾ, ਪਰ ਉਹ ਆਇਆ ਕਦੀ ਨਾ। ਏਸ ਵਿੜ੍ਹੀ ਵਿਚ ਅਸਲ ਵਿਚ ਉਹ ਭਿਆਲ ਦੇ ਹੇਠ ਵਗ ਰਿਹਾ ਸੀ। ਉਹ ਤਾਰੇ ਚੜ੍ਹੇ ਉਠਦਾ, ਤੇ ਕਾਮੇ ਨਾਲ ਹਲ ਜੋੜ ਕੇ ਲੈ ਜਾਂਦਾ। ਮਗਰੋਂ ਦਿਆਲ ਧੰਮੀ ਵੇਲੇ ਉਠ ਕੇ ਮੱਝੀਂ ਨੂੰ ਬਾਹਰ ਕੱਢਦਾ, ਪੱਠੇ ਪਾਂਦਾ ਤੇ ਫਿਰ ਚੋਂਦਾ। ਡੰਗਰਾਂ ਜੋਗੇ ਪੱਠੇ ਵੱਢ ਕੇ ਉਹ ਉਨ੍ਹਾਂ ਨੂੰ ਛੇੜ ਕੇ ਲੈ ਜਾਂਦਾ, ਤੇ ਥੋੜ੍ਹਾ ਜਿਹਾ ਫਿਰਾ-ਟੁਰਾ ਕੇ ਮੋੜ ਲਿਆਉਂਦਾ। ਪਿਛਲੇ ਪਹਿਰ ਉਹ ਪਿੰਡ ਕਦੀ ਕਿਸੇ ਢਾਣੀ ਨਾਲ ਸ਼ਰਾਬ ਪੀ ਛੱਡਦਾ, ਕਦੀ ਤਾਸ਼ ਖੇਡਦਾ ਰਹਿੰਦਾ, ਤੇ ਕਦੀ ਅਖ਼ਬਾਰਾਂ ਦੀਆਂ ਖ਼ਬਰਾਂ ਸੁਣਦਾ-ਸਮਝਦਾ ਰਹਿੰਦਾ। ਵਾਹੀ ਦਾ ਤੇ ਸਾਰਾ ਭਾਰ ਦਿਨੋ-ਦਿਨ ਲਾਲ 'ਤੇ ਪੈਂਦਾ ਜਾ ਰਿਹਾ ਸੀ। ਲਾਲ ਸਦਾ ਯਾਰ ਬੇਲੀ ਗੰਢਣ, ਤੇ ਆਪਣਾ ਰਸੂਖ ਬਣਾਣ 'ਤੇ ਰਹਿੰਦਾ। ਹਰ ਭਿਆਲੀ ਵਿਚ ਇਸ ਤਰ੍ਹਾਂ ਹੀ ਹੁੰਦਾ ਹੈ। ਇਕ ਧਿਰ ਬਹੁਤਾ ਕੰਮ ਕਰਦੀ ਹੈ ਤੇ ਇਕ ਥੋੜ੍ਹਾ; ਜਿੰਨਾ ਚਿਰ ਬਹੁਤਾ ਕੰਮ ਕਰਨ ਵਾਲੀ ਧਿਰ ਚੁੱਪ ਰਹੇ, ਭਿਆਲੀ ਚਲਦੀ ਜਾਂਦੀ ਹੈ, ਤੇ ਜਦੋਂ ਉਸ ਨੂੰ ਇਹ ਚੁਭਣ ਲੱਗ ਜਾਵੇ ਤਾਂ ਭਿਆਲੀ ਟੁੱਟ ਜਾਂਦੀ ਹੈ।

ਇਕ ਦਿਨ ਵਾਢੀਆਂ ਤੋਂ ਪਿਛੋਂ ਲੁਹਾਰਾਂ ਦੇ ਮੁੰਡੇ ਜੱਟਾਂ ਤੋਂ ਕਣਕ ਦੀਆਂ ਭਰੀਆਂ ਇਕੱਠੀਆਂ ਕਰ ਰਹੇ ਸਨ। ਲਾਲ ਇਕ ਹੋਰ ਜੱਟ ਦੇ ਡੇਰੇ 'ਤੇ ਬੈਠਾ ਸੀ। ਲੁਹਾਰਾਂ ਦਾ ਇਕ ਮੁੰਡਾ ਉਸ ਜੱਟ ਤੋਂ ਭਰੀ ਮੰਗਣ ਆ ਗਿਆ। ਉਸ ਨਾਲ ਦਾ ਦੂਜਾ ਮੁੰਡਾ ਕੋਲ ਸੜਕ ਤੋਂ ਭਰੀ ਚੁੱਕੀ ਲੰਘ ਰਿਹਾ ਸੀ।

"ਔਹ ਭਰੀ ਕਿਥੋਂ ਲਿਆਏ ਓ?" ਉਸ ਜੱਟ ਨੇ ਭਰੀ ਮੰਗਣ ਆਏ ਮੁੰਡੇ ਤੋਂ ਦੂਜੀ ਭਰੀ ਬਾਰੇ ਪੁੱਛਿਆ।

"ਇਹ ਤੇ ਔਥੋਂ ਦਿਆਲ ਦੇ ਖਲਵਾੜੇ ਤੋਂ ਲਿਆਏ ਆਂ।"

ਲਾਲ ਨੇ ਇਹ ਸੁਣਿਆਂ ਤਾਂ ਉਸ ਨੂੰ ਆਪਣਾ ਲਹੂ ਠੰਢਾ ਹੁੰਦਾ ਲੱਗਾ। ਖਲਵਾੜਾ ਤਾਂ ਸਾਂਝਾ ਸੀ, ਪਰ ਨਾਂ ਦਿਆਲ ਦਾ ਵੱਜ ਰਿਹਾ ਸੀ। ਕੰਮ ਵਿਚ ਰੁਕ ਲਾਲ ਦਾ, ਤੇ ਆਪਣੇ ਭੋਇੰ-ਭਾਂਡੇ ਤੋਂ ਵੀ ਨਾਂ ਮਿਟਦਾ ਜਾ ਰਿਹਾ ਸੀ। ਉਸ ਨੇ ਅੱਡਰੇ ਹੋਣ ਦਾ ਫ਼ੈਸਲਾ ਕਰ ਲਿਆ। ਵਾਢੀਆਂ ਪਿਛੋਂ ਉਂਜ ਵੀ ਇਹ ਵਾਹੀਆਂ ਬਦਲਣ ਦੇ ਦਿਨ ਸਨ।

ਦਾਣੇ ਤੇ ਉਹ ਪਹਿਲਾਂ ਹੀ ਵੰਡ ਲੈਂਦੇ ਸਨ। ਇਸ ਵਾਰੀ ਉਸ ਨੇ ਤੂੜੀ ਵੀ ਵੰਡ ਲਈ। ਮੱਝਾਂ ਆਪਣੀਆਂ ਵੱਖਰੀਆਂ ਬੰਨ੍ਹ ਲਈਆਂ। ਇਕ ਸੱਜਰ ਸੂਈ ਮੱਝ ਦਾ ਥੋੜ੍ਹਾ ਜਿਹਾ ਵਖਤ ਸੀ, ਉਸ ਦੀ ਕੱਟੀ ਮਰ ਗਈ ਹੋਈ ਸੀ, ਤੇ ਉਹ ਦਿਆਲ ਦੇ ਹੱਥ ਪਈ ਹੋਈ ਸੀ। ਕਿਸੇ ਹੋਰ ਤੋਂ ਨਹੀਂ ਸੀ ਮਿਲਦੀ। ਲਾਲ ਨੇ ਕੁਝ ਦਿਨ ਉਸ ਨੂੰ ਛੋਲਿਆਂ ਦੇ ਵੰਡ ਵਿਚ ਲੂਣ ਘੋਲ ਕੇ ਪਿਆਇਆ, ਆਪਣੇ ਹੱਥ 'ਤੇ ਆਟਾ ਚਰਾਇਆ, ਤਲੀ 'ਤੇ ਧਾਰਾਂ ਮਾਰ ਕੇ ਉਸੇ ਨੂੰ ਚਟਾਈਆਂ, ਆਪਣੇ ਮੂੰਹ ਵਿਚ ਧਾਰ ਲੈ ਕੇ ਉਸ ਦੀਆਂ ਨਾਸਾਂ 'ਤੇ ਫੁਰਕੜਾ ਮਾਰਿਆ, ਤੇ ਉਹ ਹੌਲੀ-ਹੌਲੀ ਉਸ ਤੋਂ ਵੀ ਮਿਲਣ ਲੱਗ ਪਈ, ਪਰ ਦਿਆਲ ਨਾਲੋਂ ਉਸ ਮੱਝ ਦਾ ਪਿਆਰ ਨਾ ਟੁੱਟਾ। ਜਦੋਂ ਕਦੀ ਖੁੱਲ੍ਹਦੀ, ਉਸੇ ਕੋਲ ਜਾ ਖਲੋਂਦੀ, ਜਾਂ ਉਸ ਦੀਆਂ ਮੱਝਾਂ ਵਿਚ ਰਲ ਜਾਂਦੀ।

ਮੱਝ ਦਾ ਤੇ ਦਿਆਲ ਨਾਲ ਪਿਆਰ ਬਣਿਆ ਰਿਹਾ, ਪਰ ਲਾਲ ਤੇ ਦਿਆਲ ਇਕ ਦੂਜੇ ਤੋਂ ਦੂਰ-ਦੂਰ ਹੁੰਦੇ ਗਏ। ਪੈਲੀਆਂ ਨੇੜੇ ਹੋਣ ਕਰ ਕੇ ਉਨ੍ਹਾਂ ਦੇ ਡੰਗਰ ਖੁੱਲ੍ਹ ਕੇ ਇਕ ਦੂਜੇ ਦੀ ਪੈਲੀ ਵਿਚ ਪੈ ਜਾਂਦੇ, ਤੇ ਇਸ ਵਿਚੋਂ ਕਈ ਉਲ੍ਹਾਮੇ ਨਿਕਲਦੇ। ਹਰ ਇਹੋ ਜਿਹੇ ਮੌਕੇ 'ਤੇ ਦੋਵੇਂ ਇਕ ਦੂਜੇ ਤੋਂ ਵਧ ਕੇ ਗੱਲਾਂ ਕਰਦੇ, ਤੇ ਕੋਈ ਧਿਰ ਨੀਵੀਂ ਨਾ ਖਿੱਚਦੀ। ਜਦੋਂ ਦਿਆਲ ਦੀ ਨਿੱਕੀ ਜਿਹੀ ਕੱਟੀ ਲੱਕੜਾਂ ਦੀ ਵਿਰਲ ਵਿਚੋਂ ਨਿਕਲ ਕੇ ਸਾਰੀ ਰਾਤ ਲਾਲ ਦੇ ਬੀਜੇ ਹੋਏ ਗੋਗਲੂਆਂ ਵਿਚ ਫਿਰਦੀ ਰਹੀ, ਤਾਂ ਦਿਆਲ ਨੇ ਅੱਗਿਉਂ ਉਲਟਾ ਕਿਹਾ, "ਮੈਂ ਕੋਈ ਕੱਟੀ ਦੇ ਨਾਲ ਤਾਂ ਨਹੀਂ ਨਾ ਬੱਝ ਜਾਣਾ। ਇਹ ਨਿੱਕੇ ਨਿੱਕੇ ਜੀਅ ਸੱਜਿਓਂ-ਖੱਬਿਓਂ ਕਿਧਰੋਂ ਨਿਕਲ ਈ ਜਾਂਦੇ ਨੇ।"

ਤੇ ਫਿਰ ਅਗਲੇ ਦਿਨ ਜਦੋਂ ਲਾਲ ਦੀ ਘੋੜੀ ਸੰਗਲ ਲੱਗੇ ਹੋਣ ਨਾਲ ਦਿਆਲ ਦੀ ਫਲੀ ਹੋਈ ਕਪਾਹ ਵਿਚ ਬੂਟੇ ਭੰਨਦੀ ਤੇ ਫਲ ਕੇਰਦੀ ਰਹੀ, ਤਾਂ ਲਾਲ ਨੇ ਕਹਿ ਛੱਡਿਆ, "ਘੋੜੀ ਤੇ ਕਪਾਹ ਨੂੰ ਮੂੰਹ ਨਹੀਂ ਲਾਂਦੀ। ਬੂਟੇ ਤੇ ਉਦੋਂ ਭੱਜਦੇ ਨੇ ਜਦੋਂ ਸੰਗਲੀ ਹੋਈ ਘੋੜੀ ਨੂੰ ਤੂੰ ਮਗਰੋਂ ਤ੍ਰਾਹਨਾ ਏਂ ਚਾ। ਆਰਾਮ ਨਾਲ ਕੱਢੇਂ ਤਾਂ ਆਪੇ ਬੂਟੇ ਨਾ ਭੱਜਣ।" ਦਿਆਲ ਨੂੰ ਇਸ ਦਾ ਬੜਾ ਗੁੱਸਾ ਸੀ। ਗੋਗਲੂ ਤੇ ਆਖਰ ਪੱਠੇ ਹੀ ਸਨ, ਪਰ ਕਪਾਹ ਤੇ ਪੈਸੇ ਵਾਲੀ ਫਸਲ ਸੀ। ਇਕ ਬਚਾਅ ਸੀ। ਨਾ ਲਾਲ ਤੇ ਨਾ ਦਿਆਲ ਨੇ ਕਦੀ ਇਕ ਦੂਜੇ ਦੇ ਹੱਥੀਂ ਪੈਣ ਲਈ ਸੋਚਿਆ ਸੀ। ਇਸ ਤੋਂ ਕੁਝ ਦਿਨ ਪਿਛੋਂ ਮੀਂਹ ਪਿਆ। ਦਿਆਲ ਕੋਲ ਤੇ ਬਾਹਰ ਇਕ ਕੋਠਾ ਹੈ ਹੀ ਸੀ, ਪਰ ਲਾਲ ਨੇ ਅਜੇ ਕੁਝ ਨਹੀਂ ਸੀ ਛੱਤਿਆ। ਫਿਰ ਵੀ ਉਹ ਦਿਆਲ ਦੇ ਕੋਠੇ ਵਿਚ ਆ ਕੇ ਸਿਰ ਨਹੀਂ ਲੁਕਾਣਾ ਚਾਹੁੰਦਾ ਸੀ। ਉਸ ਦੇ ਤੂਤ ਹੇਠਾਂ ਥੋੜ੍ਹਾ ਜਿਹਾ ਬਚਾ ਹੋ ਸਕਦਾ ਸੀ। ਚਾਦਰ ਦੀ ਬੁੱਕਲ ਮਾਰ ਕੇ ਉਹ ਆਪਣੇ ਤੂਤ ਥੱਲੇ ਬੈਠਾ ਰਿਹਾ, ਤੇ ਉਤੇ ਮੀਂਹ ਪੈਂਦਾ ਰਿਹਾ। ਇਹ ਗੱਲ ਪਿੰਡ ਵੀ ਅੱਪੜ ਗਈ। ਉਸ ਦੇ ਤੂਤ ਵਿਚ ਬਗਲਿਆਂ ਦੇ ਆਲ੍ਹਣੇ ਸਨ। ਲੋਕੀਂ ਕਹਿੰਦੇ ਫਿਰਨ, "ਉਤੇ ਬਗਲੇ ਨ੍ਹਾਉਂਦੇ ਰਹੇ ਅਤੇ ਹੇਠਾਂ ਲਾਲ ਨਹਾਉਂਦਾ ਰਿਹਾ।"

ਇਸ ਮੀਂਹ ਤੋਂ ਪਿਛੋਂ ਇਹ ਗੱਲ ਆਮ ਸੀ ਕਿ ਇਕ ਨਾ ਇਕ ਦਿਨ ਲਾਲ ਤੇ ਦਿਆਲ ਦੀ ਲੜਾਈ ਹੋਵੇਗੀ। ਕੋਈ ਕਹਿੰਦਾ ਸੀ ਦਿਆਲ ਤਕੜਾ ਹੈ, ਉਹ ਮਾਰੇਗਾ। ਕੋਈ ਕਹਿੰਦਾ ਸੀ ਲਾਲ ਵਿਚ ਗੁੱਸਾ ਬਹੁਤਾ ਏ, ਇਸ ਲਈ ਉਹ ਮਾਰੇਗਾ।

ਇਹ ਗੱਲਾਂ ਲਾਲ ਦੀ ਵਹੁਟੀ ਤੀਕਰ ਵੀ ਅੱਪੜਦੀਆਂ, ਤੇ ਕਦੀ-ਕਦੀ ਉਹ ਘਾਬਰ ਕੇ ਪੁੱਛਦੀ,

"ਸੁਣਿਐਂ, ਦਿਆਲ ਤੇਰੇ ਗਲ ਪੈਣ ਨੂੰ ਫ਼ਿਰਦਾ ਏ?"

"ਮੇਰੇ ਗਲ ਪੈ ਕੇ ਮਰਨੈ ਓਸ। ਉਹ ਤੇ ਕੁਸਕ ਨਹੀਂ ਸਕਦਾ ਮੇਰੇ ਸਾਹਮਣੇ।" ਲਾਲ ਅੱਗਿਉਂ ਚੌੜਾ ਹੋ ਕੇ ਆਖਦਾ।

ਆਪਣੇ ਆਪ ਨੂੰ ਉਚੇਰਾ ਵਿਖਾਣ ਲਈ ਇਕ ਦਿਨ ਲਾਲ ਨੇ ਹੱਦ ਹੀ ਕਰ ਦਿੱਤੀ। ਨਵੀਂ ਕਣਕ ਬੀਜਣ ਤੋਂ ਪਹਿਲਾਂ ਦਿਆਲ ਆਪਣੀ ਇਕ ਪੈਲੀ ਵਿਚ ਰੂੜੀ ਪਾਉਣੀ ਚਾਹੁੰਦਾ ਸੀ। ਗੱਡੇ ਦਾ ਰਾਹ ਲਾਲ ਦੀ ਪੈਲੀ ਵਿਚੋਂ ਦੀ ਹੀ ਸੀ, ਪਰ ਇਹ ਪੈਲੀ ਕਿਉਂਕਿ ਅੱਖੜ ਪਈ ਹੋਈ ਸੀ, ਇਸ ਲਈ ਇਸ ਵਿਚੋਂ ਗੱਡਾ ਲੰਘਾਣ ਦਾ ਕੋਈ ਹਰਜ ਨਹੀਂ ਸੀ, ਪਰ ਜਦੋਂ ਦਿਆਲ ਗੱਡਾ ਭਰ ਕੇ ਲਿਆਇਆ ਤਾਂ ਲਾਲ ਡਾਂਗ ਫੜ ਕੇ ਆਪਣੀ ਵੱਟ 'ਤੇ ਖਲੋ ਗਿਆ, ਤੇ ਉਸ ਨੇ ਦਿਆਲ ਦਾ ਗੱਡਾ ਪਿਛਾਂਹ ਮੋੜ ਦਿੱਤਾ।

ਰਾਤ ਨੂੰ ਜਦੋਂ ਲਾਲ ਨੇ ਇਹ ਗੱਲ ਆਪਣੀ ਵਹੁਟੀ ਨੂੰ ਦੱਸੀ, ਤਾਂ ਉਸ ਨੂੰ ਵਿਸ਼ਵਾਸ ਜਿਹਾ ਹੋ ਗਿਆ ਕਿ ਦਿਆਲ ਉਸ ਦੇ ਪਤੀ ਤੋਂ ਕੁਝ ਤ੍ਰਹਿੰਦਾ ਸੀ। ਦਿਆਲ ਨੂੰ ਵੀ ਆਪਣੀ ਹਾਲਤ ਕੁਝ ਚੁੱਭਣ ਲੱਗ ਪਈ ਸੀ। ਬਿਨਾ ਕੁਝ ਪੱਜ ਬਣਾਣ ਦੇ ਉਹ ਉਸ ਨਾਲ ਖਹਿਣ-ਖਹਿਣ ਕਰਦਾ ਸੀ।

ਇਕ ਦਿਨ ਖਾਓ ਪੀਏ ਨਾਲ ਲਾਲ ਆਪਣੀ ਘੋੜੀ 'ਤੇ ਚੜ੍ਹ ਕੇ ਪਿੰਡ ਆ ਰਿਹਾ ਸੀ। ਰਾਹ ਵਿਚ ਇਕ ਖਾਲ 'ਤੇ ਦਿਆਲ ਤੇ ਇਕ ਹੋਰ ਬੰਦਾ ਸ਼ਰਾਬ ਪੀ ਰਹੇ ਸਨ। ਉਨ੍ਹਾਂ ਲਾਲ ਨੂੰ ਵੇਖ ਲਿਆ, ਤੇ ਲਾਲ ਨੇ ਉਨ੍ਹਾਂ ਨੂੰ। ਖਾਲ ਤੋਂ ਲੰਘਣ ਲਈ ਘੋੜੀ ਨੇ ਹੌਲੀ ਹੋਣਾ ਹੀ ਸੀ। ਲਾਲ ਦੇ ਹੱਥ ਵਿਚ ਕੇਵਲ ਸੱਖਣਾ ਗੜਵਾ ਸੀ।

"ਕਿਹੜਾ ਏ?" ਦਿਆਲ ਨੇ ਜ਼ਰਾ ਲਮਕਾ ਕੇ ਕਿਹਾ।

"ਮੈਂ ਆਂ, ਲਾਲ", ਲਾਲ ਨੇ ਤਕੜੇ ਹੋ ਕੇ ਕਿਹਾ, ਤੇ ਫਿਰ "ਤਰ੍ਹਹੋ-ਤਰ੍ਹਹੋ" ਕਰ ਕੇ ਘੋੜੀ ਨੂੰ ਪਾਣੀ ਪਿਆਣ ਲੱਗ ਪਿਆ ਜਿਸ ਤਰ੍ਹਾਂ ਕਹਿ ਰਿਹਾ ਹੋਵੇ, "ਆ ਜਾਓ ਮੈਂ ਤੇ ਖਲ੍ਹਾ ਵਾਂ", ਪਰ ਆਇਆ ਕੋਈ ਨਾ, ਤੇ ਲਾਲ ਨੇ ਪਾਣੀ ਪਿਆ ਕੇ ਘੋੜੀ ਟੋਰ ਲਈ।



ਘਰ ਆ ਕੇ ਲਾਲ ਨੇ ਵਹੁਟੀ ਨੂੰ ਦੱਸਿਆ, "ਮੈਂ ਸੋਚਿਆ ਜਿਹੜਾ ਆਇਆ, ਗੜਵਾ ਮਾਰਾਂਗਾ ਸਿਰ ਵਿਚ। ਘੋੜੀ 'ਤੇ ਚੜ੍ਹਿਆ ਬੰਦਾ ਉਂਜ ਵੀ ਚਹੁੰ ਬੰਦਿਆਂ 'ਤੇ ਭਾਰੂ ਹੁੰਦਾ ਏ। ਜਿਸ ਨੂੰ ਮਰਜ਼ੀ ਹੋਵੇ, ਹੇਠ ਲੈ ਕੇ ਮਾਰ ਦਏ।

"ਸ਼ਾਬਾਸ਼!" ਲਾਲ ਦੀ ਵਹੁਟੀ ਦੀਆਂ ਚਮਕਦੀਆਂ ਅੱਖਾਂ ਨੇ ਕਿਹਾ, "ਮੇਰਾ ਪਤੀ ਇਸ ਤੋਂ ਘੱਟ ਕੀ ਕਰ ਸਕਦਾ ਸੀ।"

ਲਾਲ ਡਾਢਾ ਖ਼ੁਸ਼ ਸੀ। ਅੱਜ ਉਹਦੀ ਗੱਲ ਵਿਚ ਵਧੇਰੇ ਠਰ੍ਹੰਮਾ ਸੀ, ਉਸ ਦਾ ਪੈਰ ਬੜਾ ਫੱਬ ਕੇ ਭੋਇੰ 'ਤੇ ਟਿਕਦਾ ਸੀ, ਤੇ ਉਸ ਦੇ ਬੱਚੇ ਉਸ ਨੂੰ ਡਾਢੇ ਪਿਆਰੇ ਲਗਦੇ ਸਨ।

ਫਿਰ ਇਕ ਰਾਤ ਕੁਝ ਕਿਣਮਿਣ ਜਿਹੀ ਰਹੀ। ਕਿਣਮਿਣ ਦੇ ਆਲਮ ਤੋਂ ਲਾਲ ਨੇ ਧੰਮੀ ਵੇਲੇ ਉਠ ਕੇ ਮੱਝ ਨੂੰ ਪੱਠੇ ਨਾ ਪਾਏ। ਪੱਠਿਆਂ ਦੀ ਹਿਰਸ ਵਿਚ ਮੱਝ ਸੰਗਲ ਖਿੱਚ ਕੇ ਮੀਂਹ ਨਾਲ ਢਿੱਲਾ ਹੋਇਆ ਕਿੱਲਾ ਪੁਟਾ ਗਈ। ਚੰਗੇ ਦਿਨ ਚੜ੍ਹੇ ਉਠ ਕੇ ਲਾਲ ਬਾਹਰੋਂ ਸੜਕ ਤੋਂ ਮੱਝ ਲੱਭ ਕੇ, ਤੇ ਅੱਗੇ ਵੰਡ ਪਾ ਕੇ ਚੋਣ ਬਹਿ ਗਿਆ।

ਮੱਝ ਦਾ ਪਸਮਾ ਅੱਜ ਬਹੁਤ ਢਿੱਲਾ ਸੀ। ਕਿਸੇ ਪਹਿਲਾਂ ਚੋ ਲਈ ਹੋਈ ਜਾਪਦੀ ਸੀ। ਐਵੇਂ ਵੰਡ ਦੇ ਲਾਲਚ ਨੂੰ ਹੀ ਦੂਜੀ ਵਾਰ ਮਿਲ ਰਹੀ ਸੀ।

ਪਰ ਕੋਈ ਕੌਣ ਇਹਨੂੰ ਚੋ ਸਕਦਾ ਸੀ? ਦਿਆਲ ਤੋਂ ਬਿਨਾਂ ਤੇ ਇਹ ਕਿਸੇ ਤੋਂ ਮਿਲਦੀ ਹੀ ਨਹੀਂ ਸੀ। ਬੱਸ ਦਿਆਲ ਨੇ ਹੀ ਚੋਈ ਸੀ। ਚਾਰ-ਚਾਰ ਧਾਰਾਂ ਮਾਰਨ ਪਿਛੋਂ ਸਾਰੇ ਥਣ ਖਾਲੀ ਹੋ ਗਏ।

ਗੜਵੇ ਵਿਚ ਤਿੰਨ-ਚਾਰ ਛੰਨਿਆਂ ਦੀ ਥਾਂ ਮਸਾਂ ਇਕ ਛੰਨਾ ਦੁੱਧ ਸੀ। ਹੁਣ ਕੀ ਬਣੇਗਾ? ਦਿਆਲ ਨੇ ਤੇ ਬਹੁਤ ਹੀ ਮੂਰਖਤਾ ਕੀਤੀ ਸੀ। ਆਪਣੀ ਵਹੁਟੀ ਨੂੰ ਲਾਲ ਹੁਣ ਕੀ ਕਹੇ? ਉਹ ਜਾਣਦੀ ਸੀ ਕਿ ਦਿਆਲ ਤੋਂ ਬਿਨਾਂ ਇਹ ਮੱਝ ਕਿਸੇ ਤੋਂ ਮਿਲਦੀ ਹੀ ਨਹੀਂ ਸੀ, ਤੇ ਦਿਆਲ ਤੋਂ ਆਪਣੀ ਮੱਝ ਚਵਾ ਕੇ ਉਹ ਆਪਣੀ ਵਹੁਟੀ ਦੇ ਸਾਹਮਣੇ ਚੁੱਪ ਕਰ ਕੇ ਕਿਸ ਤਰ੍ਹਾਂ ਬੈਠ ਸਕਦਾ ਸੀ? ਹੋ ਸਕਦਾ ਸੀ ਕਿ ਲਾਲ ਉਸ ਨਾਲ ਉਚੇਚੀ ਨੀਵੀਂ ਗੱਲ ਕਰੇ, ਤੇ ਦਿਆਲ ਅੱਗੇ ਵਾਂਗ ਨੀਵੀਂ ਖਿੱਚ ਜਾਵੇ, ਤੇ ਇਸ ਤਰ੍ਹਾਂ ਲਾਲ ਦੀ ਇੱਜ਼ਤ ਬਚ ਜਾਵੇ। ਸ਼ਾਇਦ ਉਹ ਡਾਂਗ ਸੋਟੇ ਨਾਲ ਉਸ ਦਾ ਬੂਹਾ ਵੀ ਠਕੋਰ ਸਕੇ, ਪਰ ਘਰ ਤੇ ਉਸ ਦੇ ਦੋ ਜਵਾਨ ਸਾਲੇ ਆਏ ਹੋਏ ਸਨ। ਉਹ ਤੇ ਉਸ ਨੂੰ ਬੂਹੇ ਦੇ ਨੇੜੇ ਵੀ ਨਹੀਂ ਆਉਣ ਦੇਣ ਲੱਗੇ। ਲਾਲ ਬੈਠਾ ਮੱਝ ਨੂੰ ਹੋਰ ਪਸਮਾਂਦਾ ਰਿਹਾ, ਪਰ ਕੋਈ ਬਹੁਤੀਆਂ ਧਾਰਾਂ ਥਣਾਂ ਵਿਚ ਨਾ ਆਈਆਂ। ਅਖ਼ੀਰਲੇ ਡੋਕੇ ਵੀ ਹੁਣ ਮੁੱਕ ਚੁੱਕੇ ਸਨ।

ਅਚਨਚੇਤ ਲਾਲ ਨੂੰ ਫੁਰਨਾ ਫੁਰਿਆ। ਡੁੱਲ੍ਹੇ ਹੋਏ ਦੁੱਧ ਬਾਰੇ ਇਹ ਅੰਦਾਜ਼ਾ ਲਾਉਣਾ ਔਖਾ ਹੁੰਦਾ ਹੈ ਕਿ ਇਹ ਕਿੰਨਾ ਕੁ ਸੀ। ਥੋੜ੍ਹਾ ਦੁੱਧ ਵੀ ਡੁੱਲ੍ਹਿਆ ਹੋਇਆ ਬਹੁਤ ਜ਼ਿਆਦਾ ਲਗਦਾ ਏ। ਜੇ ਉਹ ਗੜਵੇ ਵਾਲਾ ਦੁੱਧ ਡੋਲ੍ਹ ਦੇਵੇ, ਤਾਂ ਉਹ ਆਪਣੀ ਵਹੁਟੀ ਨੂੰ ਕਹਿ ਸਕਦਾ ਸੀ ਕਿ ਮੱਝ ਨੇ ਲੱਤ ਮਾਰ ਕੇ ਡੋਲ੍ਹ ਦਿੱਤਾ ਹੈ। ਹੱਥ ਵਿਚ ਫੜਿਆ ਗੜਵਾ ਉਸ ਨੇ ਮੂਧਾ ਕਰ ਦਿੱਤਾ। ਮੀਂਹ ਨਾਲ ਸਾਰੇ ਥਾਂ ਚਿੱਕੜ ਹੋਇਆ ਹੋਇਆ ਸੀ, ਤੇ ਕਿਧਰੇ-ਕਿਧਰੇ ਪਾਣੀ ਦੀਆਂ ਨਿੱਕੀਆਂ ਛੱਪੜੀਆਂ ਵੀ ਬਣੀਆਂ ਹੋਈਆਂ ਸਨ। ਇਸ ਗਿੱਲ 'ਤੇ ਪਾਣੀ ਕਰ ਕੇ ਡੁੱਲ੍ਹਿਆ ਦੁੱਧ ਬਹੁਤ ਸਾਰਾ ਲਗਦਾ ਸੀ। ਲਾਲ ਆਪਣੇ ਕੰਮ 'ਤੇ ਸੰਤੁਸ਼ਟ ਸੀ।

"ਦੁੱਧ 'ਤੇ ਡੁਲ੍ਹਾ ਦਿੱਤਾ ਏ ਅੱਜ ਪੀਤ ਜੋਗੀ ਨੇ", ਉਸ ਆ ਕੇ ਵਹੁਟੀ ਨੂੰ ਕਿਹਾ।

"ਹਾਏ ਹਾਏ! ਕਿਸ ਤਰ੍ਹਾਂ!"

"ਬੱਸ ਲੱਤ ਚੁੱਕ ਕੇ ਮਾਰੀ ਸੂ ਗੜਵੇ 'ਤੇ, ਗੜਵਾ ਮੂਧਾ ਹੋ ਗਿਆ।"

"ਦੋ ਸੋਟੇ ਨਹੀਂ ਮਾਰੀਦੇ ਇਹੋ ਜਿਹੀ ਮੱਝ ਨੂੰ!" ਵਹੁਟੀ ਨੂੰ ਅੱਠ ਪਹਿਰ ਦੁੱਧੋਂ ਸੱਖਣੇ ਰਹਿਣ ਤੋਂ ਖਿਝ ਆ ਰਹੀ ਸੀ।

"ਨਹੀਂ, ਮਾਰਨਾ ਕੀ ਏ। ਕਿਤੇ ਮੱਖੀ ਡੰਗ ਚਾ ਮਾਰੇ ਤਾਂ ਡੰਗਰ ਕਾਹਲਾ ਪੈ ਜਾਂਦਾ ਏ, ਹੈ ਤੇ ਵਿਚਾਰੀ ਅਸੀਲ।"

ਚੁੱਲ੍ਹੇ ਅੱਗਿਉਂ ਉਠ ਕੇ ਉਹ ਮੱਝ ਕੋਲ ਗਈ। ਅਸਧਾਰਨ ਹਾਲਤ ਵਿਚ ਚੀਜ਼ ਵੇਖਣ ਨੂੰ ਹਰ ਇਕ ਦਾ ਜੀਅ ਕਰਦਾ ਏ। ਜਿਵੇਂ ਡਿੱਗੇ ਹੋਏ ਜਹਾਜ਼, ਜਾਂ ਉਲਟੇ ਹੋਏ ਟਰੱਕ, ਜਾਂ ਡੁੱਲ੍ਹੇ ਹੋਏ ਦੁੱਧ ਨੂੰ।

"ਹਾਅ...! ਕਿੰਨਾ ਦੁੱਧ ਸੀ। ਛੱਪੜ ਲੱਗਾ ਹੋਇਆ ਏ ਦੁੱਧ ਦਾ।" ਉਸ ਕਹਿ ਕੇ ਲਾਲ ਨੂੰ ਠੰਢ ਪਾ ਦਿੱਤੀ।

## ਲੋਕ ਖੇਡਾਂ

*(ਪਿਛਲੇ ਸਫੇ ਦੀ ਬਾਕੀ)*

ਟਿਬਲਾ-ਟਿਬਲੀ ਆਦਿ ਗੱਭਰੂਆਂ ਦੀਆ ਬੜ੍ਹੀਆਂ ਰੌਚਕ ਖੇਡਾਂ ਹਨ। ਬਾਰਾਂ ਬੀਕਰੀ, ਬਾਰਾਂ ਟਾਹਣੀ, ਸਤਰੰਜ, ਚੌਪੜ, ਤਾਸ਼, ਬੋੜਾ ਖੂਹ ਤੇ ਖੱਡਾ ਆਦਿ ਬੈਠ ਕੇ ਖੇਡਣ ਵਾਲੀਆਂ ਖੇਡਾਂ ਹਨ ਜਿਨ੍ਹਾਂ ਨੂੰ ਸਾਡੇ ਵਡੇਰੇ ਉਤਸ਼ਾਹ ਨਾਲ ਖੇਡਿਆ ਕਰਦੇ ਸਨ।

ਇਹ ਖੇਡਾਂ ਸਾਡੇ ਲੋਕ ਜੀਵਨ ਵਿਚੋਂ ਗੁਆਚ ਰਹੀਆਂ ਹਨ। ਨਾ ਹੁਣ ਪਿੰਡਾਂ ਵਿਚ ਉਹ ਜੂਹਾਂ ਰਹੀਆ ਹਨ ਜਿੱਥੇ ਖੇਡਾਂ ਦੇ ਪਿੜ ਜੁੜਦੇ ਸਨ ਤੇ ਨਾ ਹੀ ਹੁਣ ਕਿਸੇ ਕੋਲ ਖੇਡਣ ਲਈ ਵਿਹਲ ਹੈ। ਬੱਸ ਖੇਡਾਂ ਦੇ ਨਾਂ ਹੀ ਚੇਤੇ ਰਹਿ ਗਏ ਹਨ। ਪੰਜਾਬੀ ਅਖਾਣ ਹੈ-ਖੇਡਾਂ ਤੇ ਮਾਂਵਾਂ ਮੁਕਣ ਤੇ ਹੀ ਚੇਤੇ ਆਉਂਦੀਆਂ ਹਨ।

# ਆਮ ਆਦਮੀ ਦੀ ਜੈ-ਜੈਕਾਰ

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਪਾਰਕ ਵਿਚ ਬਾਬਿਆਂ ਦੀ ਢਾਣੀ ਜੁੜੀ ਹੋਈ ਸੀ। ਮੈਂ ਵੀ ਕਾਰ ਪਾਰਕਿੰਗ ਵਿਚ ਲਾ ਦਿੱਤੀ। ਕਈ ਬਾਬੇ ਮੈਨੂੰ ਜਾਣਦੇ ਸਨ, ਤੇ ਕਈਆਂ ਨੂੰ ਮੈਂ ਜਾਣਦਾ ਸਾਂ। ਮਿੰਟ ਕੁ ਦੀ ਚੁੱਪ ਬਾਅਦ ਬਾਬਿਆਂ ਨੇ ਗੱਲਾਂ ਦੀ ਕੀਲੀ ਫਿਰ ਦੱਬ ਲਈ।

"ਪੰਜਾਬ ਨੂੰ ਤਾਂ ਵੋਟਾਂ ਨੇ ਈ ਮਾਰ ਛੱਡਿਐ।" ਇਕ ਬਾਬਾ ਬੋਲਿਆ।

"ਨਿਆਣਾ ਜੰਮਣ ਤੋਂ ਪਹਿਲਾਂ ਵੋਟਾਂ ਆ ਜਾਂਦੀਆਂ। ਕਦੇ ਸਰਪੰਚੀ ਦੀਆਂ, ਕਦੀ ਨਗਰ ਨਿਗਮ, ਕਦੀ ਵਿਧਾਨ ਸਭਾ ਤੇ ਕਦੇ ਲੋਕ ਸਭਾ ਦੀਆਂ।" ਦੂਜਾ ਬਾਬਾ ਕਿਹੜਾ ਘੱਟ ਸੀ।

"ਬਾਬਾ ਨਿਆਣਾ ਜੰਮਣ ਦਾ ਕੀ ਮਤਲਬ?" ਮੈਂ ਵੀ ਹਾਜ਼ਰੀ ਲਵਾਈ।

"ਸ਼ੇਰਾ! ਤੀਵੀਂ ਨਿਆਣਾ ਜੰਮਣ ਲਈ ਨੌਂ ਮਹੀਨੇ ਦਾ ਸਮਾਂ ਲਾਉਂਦੀ ਐ, ਤੇ ਵੋਟਾਂ ਆ ਜਾਂਦੀਆਂ ਸੱਤੀਂ ਮਹੀਨੀਂ।" ਬਾਬੇ ਦਾ ਜਵਾਬ ਸੀ।

"ਬਾਬਾ ਜੀ! ਤੁਹਾਨੂੰ ਕਿਵੇਂ ਲੱਗਦੈ, ਅਕਾਲੀ ਫਿਰ ਬਾਜ਼ੀ ਮਾਰ ਜਾਣਗੇ ਕਿ ਨਹੀਂ।" ਮੈਂ ਬਾਬੇ ਨੂੰ ਪੁੱਛਿਆ।

"ਸ਼ੇਰਾ! ਤਕੜੇ ਦਾ ਸੱਤੀਂ ਵੀਹੀਂ ਸੌ ਹੁੰਦਾ, ਤੇ ਮਾੜੇ ਦਾ ਸੌ ਬਣਦਾ ਹੀ ਨਹੀਂ। ਸਿਆਸਤ ਬੜੀ ਭੈੜੀ ਖੇਡ ਹੈ। ਕੋਈ ਪਤਾ ਨਹੀਂ ਲੋਕਾਂ ਨੇ ਕਿੱਧਰ ਨੂੰ ਹੋ ਜਾਣਾ। ਕੁੜ-ਕੁੜ ਕਿਤੇ, ਤੇ ਆਂਡਾ ਕਿਤੇ।" ਬਾਬੇ ਨੇ ਕਹਾਣਾ ਪਾਇਆ।

"ਐਤਕੀਂ ਲੋਕ ਜਾਗਰੂਕ ਹੋਏ ਪਏ ਨੇ। ਅਕਾਲੀਆਂ ਲਈ ਬਾਜ਼ੀ ਮਾਰਨੀ ਸੁਖਾਲੀ ਨਹੀਂ।" ਸਾਬਕਾ ਫੌਜੀ ਬੋਲਿਆ।

"ਅਕਾਲੀਆਂ ਨੇ ਤਾਂ ਵਿਕਾਸ ਦੇ ਸਿਰ 'ਤੇ ਜਿੱਤਣਾ ਜੋ ਉਨ੍ਹਾਂ ਸੱਤਾਂ ਸਾਲਾਂ ਵਿਚ ਕੀਤਾ ਹੈ।" ਮੈਂ ਜਾਣ-ਬੁੱਝ ਕੇ ਬਾਬਿਆਂ ਨੂੰ ਛੇੜਿਆ।

"ਉਹ ਭਾਈ! ਤੂੰ ਕਿਹੜੇ ਵਿਕਾਸ ਦੀ ਗੱਲ ਕਰਦਾਂ... ਸ਼ਰਾਬ ਦੇ ਠੇਕੇ ਪਿੰਡ ਦੇ ਚਾਰੇ ਪਾਸੇ ਖੁੱਲ੍ਹ ਗਏ। ਸਮੈਕ ਆਮ ਮਿਲਣ ਲੱਗ ਗਈ ਆ।" ਬਹਿਸ ਲਈ ਤਿਆਰ-ਬਰ-ਤਿਆਰ ਫੌਜੀ ਬੋਲਿਆ।

"ਬਾਈ! ਤੁਸੀਂ ਭਗਵੰਤ ਮਾਨ ਦੀ ਸਪੀਚ ਨਹੀਂ ਸੁਣੀ ਹੋਣੀ। ਆਹ ਫੋਨ 'ਤੇ 'ਯੂ-ਟਿਊਬ' ਲਾ ਕੇ ਸੁਣੋ, ਸਭ ਪਤਾ ਲੱਗ ਜਾਊ ਪੰਜਾਬ ਦੇ ਵਿਕਾਸ ਦਾ।" ਮੇਰਾ ਹਮ-ਉਮਰ ਇਕ ਬਾਈ ਬੋਲਿਆ।

"ਬਾਈ ਕੀ ਆਖਦਾ ਭਗਵੰਤ ਮਾਨ, ਮੈਨੂੰ ਵੀ ਦੱਸ ਦੇ। ਨਾਲੇ ਬਾਬੇ ਵੀ ਸੁਣ ਲੈਣਗੇ।" ਮੈਂ ਬਾਈ ਦੇ ਅੰਦਰੋਂ 'ਅਸਲੀ ਵਿਕਾਸ' ਕਢਵਾਉਣ ਦੇ ਇਰਾਦੇ ਨਾਲ ਕਿਹਾ।

"ਦੇਖ ਬਾਈ! ਭਗਵੰਤ ਮਾਨ ਨਾ ਤਾਂ ਮੇਰੇ ਮਾਮੇ ਦਾ ਪੁੱਤ ਐ, ਨਾ ਭੂਆ ਦਾ। ਪਰ ਮੈਂ ਉਸ ਨੂੰ ਪੰਜਾਬ ਵਿਚੋਂ ਸਭ ਤੋਂ ਵੱਧ ਦਲੇਰ ਬੰਦਾ ਸਮਝਦਾਂ। ਉਹ ਜਿੱਤੇ, ਚਾਹੇ ਨਾ ਜਿੱਤੇ ਪਰ ਉਸ ਬੰਦੇ ਦੀ ਬੋਲੀ ਇਕ ਵੀ ਗੱਲ ਝੂਠ ਨਹੀਂ। ਉਹ ਕਹਿੰਦੇ ਕਿ ਅਕਾਲੀਆਂ ਨੇ ਵਿਕਾਸ ਕੀਤਾ... ਤੁਹਾਨੂੰ ਰੇਤਾ ਬਜਰੀ ਬਲੈਕ ਵਿਚ ਮਿਲਣ ਲੱਗ ਗਈ, ਸਮੈਕ ਚਾਹ ਦੀ ਰੇਹੜੀ ਤੋਂ ਮਿਲਦੀ ਐ। ਦੁੱਧ ਲੈਣ ਲਈ ਦੂਰ ਜਾਣਾ ਪੈਂਦਾ, ਪਰ ਸ਼ਰਾਬ ਘਰ ਦੇ ਨੇੜਿਉਂ ਈ ਮਿਲ ਜਾਂਦੀ ਐ। ਲੀਡਰਾਂ ਤੋਂ ਗਰਾਂਟ ਮੰਗੋ, ਤਾਂ ਕਹਿ ਦਿੰਦੇ ਆ, 'ਅਸੀਂ ਤੁਹਾਡੇ ਪਿੰਡ ਦੇ ਸ਼ਮਸ਼ਾਨਘਾਟ ਦੀਆਂ ਕੰਧਾਂ ਉਚੀਆਂ ਕਰਵਾ ਦੇਣੀਆਂ।' ਇਨ੍ਹਾਂ ਲੀਡਰਾਂ ਨੂੰ ਪੁੱਛੋ ਕਿ ਮੁਰਦਿਆਂ ਨੇ ਕੰਧਾਂ ਟੱਪ ਕੇ ਬਾਹਰ ਆਉਣੈ, ਜਾਂ ਤੁਸੀਂ ਕੰਧਾਂ ਟੱਪ ਕੇ ਅੰਦਰ ਜਾਣਾ। ਹਰ ਪਿੰਡ ਦੇ ਵਾਸੀ ਦੋ-ਫਾੜ ਨਹੀਂ, ਤਿੰਨ-ਫਾੜ ਕਰ ਦਿੱਤੇ। ਪਹਿਲਾਂ ਅਕਾਲੀ ਤੇ ਕਾਂਗਰਸੀ, ਹੁਣ ਰਾਮਦਾਸੀਆਂ ਨੂੰ ਵੰਡ ਦਿੱਤਾ। ਉਨ੍ਹਾਂ ਨੂੰ ਕਹਿੰਦੇ, ਤੁਸੀਂ ਜੱਟਾਂ ਦੇ ਸਿਵਿਆਂ ਵਿਚ ਮੁਰਦੇ ਨਹੀਂ ਫੂਕ ਸਕਦੇ। ਪਿੰਡਾਂ ਦੀ ਭਾਈਚਾਰਕ ਸਾਂਝ ਉਤੇ ਲੀਡਰਾਂ ਵਾਲੀ ਆਰੀ ਚੱਲੀ ਐ। ਕਿਸੇ ਦਾ ਵਿਆਹ ਹੁੰਦਾ, ਉਥੇ ਵੀ ਅਕਾਲੀ-ਕਾਂਗਰਸੀ ਭਿੜ ਪੈਂਦੇ ਆ। ਹਰ ਪਿੰਡ ਦੋ-ਦੋ ਟੂਰਨਾਮੈਂਟ। ਇਕ ਅਕਾਲੀਆਂ ਦਾ, ਦੂਜਾ ਕਾਂਗਰਸੀਆਂ ਦਾ। ਗਰੀਬ ਬੰਦਾ ਦਵਾਈ ਖੁਣੋਂ ਮਰ ਰਿਹੈ, ਇਹ ਖੇਡਾਂ 'ਤੇ ਮੰਤਰੀ ਬੁਲਾਉਣ ਦੇ ਮਾਰੇ ਰੁਪਏ ਬਰਬਾਦ ਕਰੀ ਜਾਂਦੇ ਆ... ਮਾਨ ਤਾਂ ਕਹਿੰਦੈ, ਮੈਨੂੰ ਆਪਣੀ ਮਸ਼ਹੂਰੀ ਦੀ ਲੋੜ ਨਹੀਂ, ਤੁਸੀਂ ਪਹਿਲਾਂ ਹੀ ਵੀਹ ਸਾਲ ਤੋਂ ਮਸ਼ਹੂਰੀ ਵਾਲੀ ਲਾਲ ਬੱਤੀ ਮੇਰੇ ਸਿਰ 'ਤੇ ਲਾਈ ਹੋਈ ਹੈ। ਹੁਣ ਮੈਂ ਐਮ.ਪੀ. ਬਣ ਕੇ ਕੋਈ ਜ਼ਿਆਦਾ ਮਸ਼ਹੂਰ ਨਹੀਂ ਹੋ ਜਾਣਾ। ਮੈਂ ਤਾਂ ਆਪਣਾ ਪੰਜਾਬ ਬਚਾਉਣ ਲਈ ਘਰੋਂ ਸਿਰ 'ਤੇ ਕਫ਼ਨ ਬੰਨ੍ਹ ਕੇ ਤੁਰਿਆ ਹਾਂ; ਕਿ ਜੇ ਮੈਂ ਭ੍ਰਿਸ਼ਟਾਚਾਰ, ਬੇਈਮਾਨੀ, ਰਿਸ਼ਵਤਖੋਰੀ ਨਾਲ ਲੜਦਾ ਮਰ ਵੀ ਗਿਆ, ਤਾਂ ਵੀ ਕੋਈ ਗੱਲ ਨਹੀਂ। ਅੱਜ ਦੀ ਸਿਆਸਤ 'ਚ ਪਰਿਵਾਰਵਾਦ ਭਾਰੂ ਹੋ ਰਿਹੈ। ਚਾਰ ਕੁ ਪਰਿਵਾਰ ਹੀ ਸਾਰੇ ਪੰਜਾਬ ਨੂੰ ਮੂਰਖ ਬਣਾ ਕੇ ਆਪਣਾ ਉਲੂ ਸਿੱਧਾ ਕਰੀ ਜਾਂਦੇ ਆ। ਪੜ੍ਹੇ-ਲਿਖੇ ਨੌਜਵਾਨਾਂ ਨੂੰ ਨੌਕਰੀਆਂ ਨਹੀਂ ਮਿਲਦੀਆਂ। ਕੁੜੀਆਂ ਟੈਂਕੀਆਂ 'ਤੇ ਚੜ੍ਹ ਕੇ ਖੁਦਕੁਸ਼ੀ ਕਰ ਰਹੀਆਂ ਨੇ। ਇਹ ਕਹਿੰਦੇ ਆ, ਅਸੀਂ ਵਿਕਾਸ ਕੀਤਾ; ਲੋਕਾਂ ਨੂੰ ਆਟਾ-ਦਾਲ ਦੇ ਕੇ ਭਿਖਾਰੀ ਬਣਾ ਦਿੱਤਾ ਇਨ੍ਹਾਂ ਨੇ। ਪੰਜਾਬ ਦਾ ਅੰਨਦਾਤਾ ਕਹਾਉਣ ਵਾਲਾ ਕਿਸਾਨ ਹੁਣ ਡਾਂਗਾਂ ਖਾਣ ਜੋਗਾ ਰਹਿ ਗਿਐ।" ਬਾਈ ਪੂਰੇ ਜੋਸ਼ 'ਚ ਸੀ।

"ਪਰ ਬਾਈ, ਭਗਵੰਤ ਮਾਨ ਨੇ ਪਹਿਲਾਂ ਪੀ.ਪੀ.ਪੀ. ਨਾਲ ਮੋਢੇ ਨਾਲ ਮੋਢਾ ਜੋੜ ਕੇ ਤੁਰਨ ਦੀ ਸਹੁੰ ਖਾਧੀ ਸੀ, ਹੁਣ 'ਆਪ' ਨਾਲ ਜੁੜ ਗਿਆ... ਮੈਨੂੰ ਇਸ ਗੱਲ ਦੀ ਸਮਝ ਨਹੀਂ ਆਈ।" ਮੈਂ ਬਾਈ ਨੂੰ ਕੁਰੇਦਿਆ।

"ਪੀ.ਪੀ.ਪੀ. ਨਾਲੋਂ ਭਗਵੰਤ ਮਾਨ ਨੇ ਨਾਤਾ ਨਹੀਂ ਤੋੜਿਆ, ਸਗੋਂ ਪੀ.ਪੀ.ਪੀ. ਦਾ ਮੁਖੀ ਮਾਨ ਨੂੰ ਛੱਡ ਗਿਆ। ਮਾਨ ਕਹਿੰਦਾ, ਮੇਰੀ ਜ਼ਮੀਰ ਆਗਿਆ ਨਹੀਂ ਦਿੰਦੀ ਕਿ ਜਿਨ੍ਹਾਂ ਨੂੰ ਅਸੀਂ ਤਿੰਨ ਸਾਲ ਭੰਡਦੇ ਰਹੇ, ਉਨ੍ਹਾਂ ਨਾਲ ਹੀ ਹੱਥ ਮਿਲਾ ਲਈਏ। ਇਸੇ ਦੁੱਖੋਂ ਮਾਨ ਨੇ 'ਆਪ' (ਆਮ ਆਦਮੀ ਪਾਰਟੀ) ਨਾਲ ਹੱਥ ਮਿਲਾਇਆ, ਕਿ ਅਸੀਂ ਸਾਰੇ ਰਲ ਕੇ ਗੰਧਲੀ ਸਿਆਸਤ ਨੂੰ ਨਿਤਾਰ ਸਕੀਏ, ਨਸ਼ਿਆਂ ਵੱਲ ਰੁੜ੍ਹ ਰਹੀ ਜਵਾਨੀ ਨੂੰ ਮੋੜ ਲਿਆਈਏ, ਭ੍ਰਿਸ਼ਟਾਚਾਰ ਨੂੰ ਨੱਥ ਪਾ ਸਕੀਏ। ਇਹੀ ਗੱਲਾਂ ਮਾਨ ਜ਼ੋਰ ਨਾਲ ਕਹਿੰਦਾ। ਬਾਈ, ਜੇ ਲੋਕਾਂ ਨੇ ਐਤਕੀਂ ਅਕਾਲੀਆਂ ਨੂੰ ਨਾ ਹਰਾਇਆ, ਤਾਂ ਸਮਝੋ ਪੰਜਾਬ ਚਾਰ ਕੁ ਬੰਦਿਆਂ ਦੀ ਜਾਇਦਾਦ ਬਣ ਕੇ ਰਹਿ ਜਾਵੇਗਾ।" ਬਾਈ ਬੋਲਿਆ।

"ਬਾਈ ਜੀ! ਇਕ ਗੱਲ ਤਾਂ ਮੈਂ ਵੀ ਮੰਨਦਾਂ ਕਿ ਭਗਵੰਤ ਮਾਨ ਨੇ ਆਪਣਾ ਕਾਮੇਡੀਅਨ ਵਾਲਾ ਕੈਰੀਅਰ ਛੱਡ ਕੇ ਲੋਕਾਂ ਦੇ ਦਰਦਾਂ ਦਾ ਹਾਣੀ ਬਣਨ ਦਾ ਉਪਰਾਲਾ ਕੀਤਾ। ਉਸ ਨੂੰ ਤਾਂ ਦੋਵੇਂ ਹੱਥ ਜੋੜ ਕੇ ਸਲਾਮ ਹੈ।" ਮੈਂ ਵੀ ਦਿਲ ਦੀ ਕਹਿ ਦਿੱਤੀ।

"ਬਾਈ! ਮਾਨ ਤਾਂ ਕਹਿੰਦਾ ਕਿ ਫਿਲਮਾਂ ਵਾਲੇ ਉਹਨੂੰ ਆਵਾਜ਼ਾਂ ਮਾਰਦੇ ਆ। ਉਹ ਵੀ ਮੁੰਬਈ ਜਾ ਕੇ ਸੈਟ ਹੋ ਸਕਦਾ ਸੀ। ਬਾਹਰਲੇ ਕਿਸੇ ਵੀ ਦੇਸ਼ ਵਿਚ ਸੈਟ ਹੋ ਸਕਦਾ ਸੀ, ਪਰ ਉਹਦੇ ਕੋਲੋਂ ਬਜ਼ੁਰਗਾਂ ਦੇ ਮੋਢਿਆਂ ਉਤੇ ਵੱਜਦੀਆਂ ਡਾਂਗਾਂ ਝੱਲ ਨਹੀਂ ਹੁੰਦੀਆਂ। ਵੀਰਾਂ ਦੀਆਂ ਰੁਲਦੀਆਂ ਪੱਗਾਂ, ਤੇ ਭੈਣਾਂ ਦੀਆਂ ਲਹਿੰਦੀਆਂ ਚੁੰਨੀਆਂ ਨਹੀਂ ਦੇਖੀਆਂ ਗਈਆਂ। ਉਹ ਕਹਿੰਦੈ, ਮੈਂ ਰੁਲਦੀਆਂ ਪੱਗਾਂ ਮੋਦੀ ਦੇ ਸਿਰ ਨਹੀਂ ਟਿਕਾਉਣੀਆਂ, ਸਗੋਂ ਇਹ ਪੱਗਾਂ ਲਹਿਣੋਂ ਹਟਾਉਣੀਆਂ ਨੇ। ਇਕ ਗੱਲ ਮਾਨ ਹੋਰ ਕਹਿੰਦਾ ਹੈ ਕਿ ਮੰਡੀਆਂ ਵਿਚ ਜ਼ਿਮੀਦਾਰਾਂ ਦਾ ਝੋਨਾ ਵਿਕਦਾ ਨਹੀਂ ਤਾਂ ਜ਼ਿਮੀਦਾਰ ਧਰਨੇ 'ਤੇ ਬੈਠਦੇ ਆ; ਫਿਰ ਇਲਾਕੇ ਦੇ ਮੰਤਰੀ ਦੇ ਕੰਨ 'ਤੇ ਜੂੰ ਸਰਕਦੀ ਹੈ। ਉਹ ਲਾਲ ਬੱਤੀ ਵਾਲੀ ਗੱਡੀ ਵਿਚ ਆਉਂਦਾ ਹੈ। ਕਾਰ ਅੱਗੇ ਕਮਾਂਡੋ ਵਾਲਿਆਂ ਦੀ ਜਿਪਸੀ ਹੈ। ਉਨ੍ਹਾਂ ਨੇ ਸੋਟੀਆਂ ਫੜੀਆਂ ਹੋਈਆਂ ਹੁੰਦੀਆਂ ਨੇ, ਤੇ ਪਸ਼ੂਆਂ ਵਾਂਗ ਲੋਕਾਂ ਦੇ ਮੋਢੇ ਕੁੱਟਦੇ ਮੰਤਰੀ ਦੀ ਕਾਰ ਵਾਸਤੇ ਲਾਂਘਾ ਬਣਾਉਂਦੇ ਹਨ। ਤੁਹਾਡੀਆਂ ਪਾਈਆਂ ਵੋਟਾਂ ਨਾਲ ਬਣਿਆ ਮੰਤਰੀ ਤੁਹਾਨੂੰ ਹੀ ਕੁਟਵਾ ਰਿਹਾ ਹੈ। ਫਿਰ ਮੰਤਰੀ ਮੰਡੀ ਵਿਚ ਮੁੱਠੀ ਚੋਲਾਂ ਦੀ ਚੁੱਕ ਕੇ ਉਪਰ ਵੱਲ ਸੁੱਟਦਾ ਹੈ, ਤੇ ਨਾਲ ਲਿਆਂਦੇ ਹੋਏ ਪੱਤਰਕਾਰ ਫੋਟੋਆਂ ਖਿਚਦੇ ਹਨ। ਦੂਜੇ ਦਿਨ ਅਖ਼ਬਾਰਾਂ ਭਰੀਆਂ ਪਈਆਂ ਹੁੰਦੀਆਂ ਕਿ ਮੰਤਰੀ ਦਾ ਵੀਹ ਮੰਡੀਆਂ ਦਾ ਤੂਫ਼ਾਨੀ ਦੌਰਾ! ਪਰ ਕਿਸਾਨ ਵੀਰੋ! ਜੇ ਮੈਂ ਮੰਤਰੀ ਬਣਿਆ, ਲਾਲ ਬੱਤੀ ਵਾਲੀ ਗੱਡੀ ਨਹੀਂ, ਮੋਟਰ ਸਾਇਕਲ 'ਤੇ ਆ ਕੇ ਤੁਹਾਡੇ ਬਰਾਬਰ ਬੈਠਾਂਗਾ। ਤੁਸੀਂ ਸ਼ਰਾਬ ਦੀ ਬੋਤਲ ਅਤੇ ਮੁੱਠੀ ਭੁੱਕੀ 'ਤੇ ਵੋਟਾਂ ਪਾ ਕੇ ਦੇਖ ਲਈਆਂ, ਐਤਕੀਂ ਸੁੱਚੇ ਮੂੰਹ ਤੇ ਸੁੱਚੇ ਹੱਥੀਂ ਵੋਟਾਂ ਪਾ ਕੇ ਦੇਖੋ, ਫਿਰ ਤੁਹਾਨੂੰ ਕਿਸੇ ਅੱਗੇ ਹੱਥ ਨਹੀਂ ਜੋੜਨੇ ਪੈਣਗੇ।" ਬਾਈ ਦੱਸਦਾ ਗਿਆ।

"ਬਈ ਸ਼ੇਰਾ! ਐਤਕੀਂ ਕਪਤਾਨ ਗੁਰੂ ਕੀ ਨਗਰੀ ਜਾ ਵੜਿਆ।" ਬਾਬਾ ਬੋਲਿਆ।

"ਬਾਬਾ ਜੀ! ਜਾ ਨਹੀਂ ਵੜਿਆ, ਵਾੜਿਆ ਹੈ। ਅਕਾਲੀਆਂ ਨੇ ਭਾਜਪਾ ਦੇ ਸਾਂਝੇ ਉਮੀਦਵਾਰ ਨੂੰ ਦਿੱਲੀਉਂ ਲਿਆਂਦਾ, ਤੇ ਦਿੱਲੀ ਵਾਲਿਆਂ ਨੇ ਉਸ ਦੇ ਬਰਾਬਰ ਦਾ ਪਟਿਆਲਿਉਂ ਜਾ ਲਿਆਂਦਾ। ਦੋਵਾਂ ਦੀ ਫਸਵੀਂ ਟੱਕਰ ਲੁਆ ਦਿੱਤੀ। ਹੁਣ ਦਿੱਲੀ ਵਾਲਿਆਂ ਨੂੰ ਵੀ ਪਤਾ ਲੱਗ ਜਾਊ ਕਿ ਕਪਤਾਨ ਕਿੰਨੇ ਕੁ ਪਾਣੀ ਵਿਚ ਹੈ, ਤੇ ਇੱਧਰ ਪੰਜਾਬ ਵਾਲਿਆਂ ਨੂੰ ਵੀ ਪਤਾ ਲੱਗ ਜਾਊ ਕਿ ਲੋਕਾਂ ਦੇ ਦਿਲਾਂ ਵਿਚ ਕਿੰਨੀ ਕੁ ਜਗ੍ਹਾ ਬਣਾਈ ਹੈ।"

"ਬਾਬਾ ਜੀ! ਸਮਾਂ ਹੀ ਦੱਸੇਗਾ, ਪਰ ਪੰਜਾਬ ਵਾਸੀਆਂ ਨਾਲੋਂ ਸਾਨੂੰ ਪਰਦੇਸੀਆਂ ਨੂੰ ਪੰਜਾਬ ਦਾ ਮੋਹ ਜ਼ਿਆਦਾ ਹੋਣ ਕਰ ਕੇ ਸਾਨੂੰ ਚੌਵੀ ਘੰਟੇ ਹੀ ਚਿੰਤਾ ਲੱਗੀ ਰਹਿੰਦੀ ਹੈ ਕਿ ਉਥੋਂ ਕੋਈ ਬੁਰੀ ਖ਼ਬਰ ਨਾ ਆਵੇ।" ਇਕ ਬਾਈ ਬੋਲਿਆ।

"ਬਾਈ ਜੀ! ਵੱਡੇ ਬਾਦਲ ਦਾ ਭਤੀਜਾ ਸਹੁੰ ਖਾ ਕੇ ਫਿਰ ਕਾਂਗਰਸ ਦੇ ਪੰਜੇ ਨਾਲ ਆਪਣਾ ਹੱਥ ਮਿਲਾ ਗਿਆ। ਗੱਲ ਖਾਨੇ ਨਹੀਂ ਪਈ।" ਮੈਂ ਪੁੱਛਿਆ।

"ਭਤੀਜਾ ਜਦੋਂ ਪਾਰਟੀ ਵਿਚੋਂ ਨਿਕਲਿਆ ਸੀ, ਉਦੋਂ ਤਾਂ ਸ਼ਰਮ ਦਾ ਮਾਰਿਆ ਪੰਜੇ ਵਾਲੇ ਪਾਸੇ ਨਹੀਂ ਹੋਇਆ। ਹੁਣ ਚੋਣ ਸਮਝੌਤਾ ਕਰਦਾ ਖੜ੍ਹਨ ਨੂੰ ਜਗ੍ਹਾ ਬਣਾ ਗਿਆ। ਹੁਣ ਜੇ ਇਹ ਹਾਰਦਾ ਵੀ ਹੈ, ਤਾਂ ਵੀ ਕਾਂਗਰਸ ਦਾ ਪੱਲਾ ਨਹੀਂ ਛੱਡਦਾ। ਹੌਲੀ-ਹੌਲੀ ਕਾਂਗਰਸ ਤੋਂ ਪੰਜਾਬ ਦੀ ਪ੍ਰਧਾਨੀ ਲੈਣ ਦੀ ਦੌੜ ਵਿਚ ਹੈ; ਜਿਵੇਂ ਕੈਪਟਨ ਨੇ ਲਈ ਸੀ। ਬਾਕੀ ਲੋਕਾਂ ਨੇ ਭਤੀਜੇ 'ਤੇ ਬਹੁਤਾ ਇਤਬਾਰ ਇਸ ਕਰ ਕੇ ਨਹੀਂ ਕੀਤਾ ਕਿ ਨਾ ਪਿੱਛੇ ਬਾਦਲ ਜੁ ਲੱਗਦਾ ਸੀ। ਤੇ ਐਤਕੀਂ ਲੋਕਾਂ ਦਾ ਇਤਬਾਰ ਸਾਰੇ ਬਾਦਲਾਂ ਤੋਂ ਉਠ ਗਿਆ ਹੈ।" ਫੌਜੀ ਆਪਣੀ ਸੁਣਾ ਗਿਆ।

"ਸ਼ੇਰਾ! ਸੁਣਿਐ, ਸਰਕਾਰ ਨੇ ਐਤਕੀਂ ਟੈਕਸ ਬਹੁਤ ਲਾਏ ਆ। ਰਿਕਾਰਡ ਈ ਤੋੜ ਦਿੱਤੇ।" ਇਕ ਹੋਰ ਬਾਬਾ ਬੋਲਿਆ।

"ਬੱਸ ਬਾਬਾ ਸ਼ਮਸ਼ਾਨਘਾਟ ਤੇ ਹੱਡਾ-ਰੋੜੀ ਉਤੇ ਟੈਕਸ ਲਾਉਣਾ ਬਾਕੀ ਐ ਹੁਣ। ਬਾਕੀ ਕੋਈ ਥਾਂ ਨਹੀਂ ਛੱਡੀ। ਪਿਤਾ-ਪੁਰਖਿਆਂ ਦੇ ਘਰਾਂ ਵਿਚ ਹੀ ਸਾਨੂੰ ਕਿਰਾਏਦਾਰ ਬਣਾ ਦਿੱਤਾ। ਰੰਗਲੇ ਪੰਜਾਬ ਨੂੰ ਗੰਧਲਾ ਪੰਜਾਬ ਬਣਾ ਦਿੱਤਾ। ਉਥੇ ਜਾ ਕੇ ਰੋਣ ਨਿਕਲਦਾ।" ਲੋਕਾਂ ਦੇ ਦੁੱਖ ਸੁਣ ਕੇ ਫੌਜੀ ਬੋਲਿਆ।

"ਬਾਈ, ਆਹ ਭਗਵੰਤ ਮਾਨ ਨੂੰ ਵੱਡਾ ਬਾਦਲ ਤਮਾਸ਼ਬੀਨ ਦੱਸਦਾ ਹੈ। ਕਹਿੰਦਾ, ਇਹਨੂੰ ਪੈਸੇ ਦੇ ਕੇ ਭਲਾ ਮੁਸਲਿਮ ਲੀਗ ਵਾਲੇ ਲੈ ਜਾਣ।" ਮੈਂ ਬਾਈ ਨੂੰ ਪੁੱਛਿਆ।

"ਬਾਈ! ਸੋਲਾਂ ਮਈ ਤੋਂ ਬਾਅਦ ਹੀ ਪਤਾ ਲੱਗੂ ਕੌਣ ਤਮਾਸ਼ਬੀਨ ਐ। ਮਾਨ ਦੀ ਫੋਟੋ ਦੇਖ-ਦੇਖ ਰੋਇਆ ਕਰਨਗੇ, ਕਿ ਸਾਨੂੰ ਨਹੀਂ ਪਤਾ ਸੀ, ਤੂੰ ਸਾਡੇ ਨਾਲ ਇੰਜ ਕਰਨੀ ਐ।" ਬਾਈ ਬੋਲਿਆ।

"ਇਕ ਗੱਲ ਤਾਂ ਪੱਕੀ ਐ, ਅਕਾਲੀਆਂ ਨੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਛੇਵੇਂ ਦਰਿਆ ਵਿਚ ਡਬੋ ਦਿੱਤਾ। ਲੋਕਾਂ ਦੇ ਘਰਾਂ ਦੇ ਘਰ ਖਾਲੀ ਹੋ ਗਏ।" ਫੌਜੀ ਨੇ ਫਿਰ ਹਾਜ਼ਰੀ ਲਵਾਈ।

"ਜੇ ਐਤਕੀਂ ਵੀ ਲੋਕ ਅਕਾਲੀਆਂ ਨੂੰ ਜਿਤਾਉਂਦੇ ਆ, ਤਾਂ ਸਮਝੋ ਲੋਕਾਂ ਦੀ ਜ਼ਮੀਰ ਮਰ ਚੁੱਕੀ ਐ, ਤੇ ਜੋ ਕੁਝ ਉਨ੍ਹਾਂ ਨਾਲ ਹੋ ਰਿਹਾ ਹੈ, ਉਹਦੇ ਇਹ ਆਪ ਜ਼ਿੰਮੇਦਾਰ ਆ। ਫਿਰ ਸਾਨੂੰ ਵੀ ਉਨ੍ਹਾਂ ਲਈ ਤੜਫਣ ਦੀ ਲੋੜ ਨਹੀਂ।" ਕਾਮਰੇਡ ਨੇ ਵੀ ਚੁੱਪ ਤੋੜੀ।

"ਬਾਈ! ਆਮ ਆਦਮੀ ਪਾਰਟੀ ਦਾ ਕਿੰਨਾ ਕੁ ਪ੍ਰਭਾਵ ਹੈ ਹੁਣ?" ਮੈਂ ਬਾਈ ਨੂੰ ਪੁੱਛਿਆ।

"ਲੋਕ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਆ, ਪਰ ਅਜੇ ਸਮਾਂ ਲੱਗੂ। ਉਂਜ ਇੰਨਾ ਤਾਂ ਜ਼ਰੂਰ ਹੈ ਕਿ ਹੁਣ ਲੀਡਰਾਂ ਨੂੰ ਪਤਾ ਲੱਗ ਗਿਐ ਕਿ ਵੋਟਾਂ ਲੈਣੀਆਂ ਸੁਖਾਲੀਆਂ ਨਹੀਂ। ਬਾਕੀ ਆਮ ਆਦਮੀ ਪਾਰਟੀ ਨੇ ਲੋਕਾਂ ਨੂੰ ਜਾਗਰੂਕ ਤਾਂ ਕਰ ਈ ਦਿੱਤਾ। ਲੋਕ ਅੱਖਾਂ ਮਲਦੇ ਉਠੇ ਆ। ਜਦੋਂ ਲੋਕਾਂ ਦੀਆਂ ਪੂਰੀਆਂ ਅੱਖਾਂ ਖੁੱਲ੍ਹ ਗਈਆਂ, ਫਿਰ ਆਮ ਆਦਮੀ ਦੀ ਸਰਕਾਰ ਹੋ ਜਾਵੇਗੀ।" ਬਾਈ ਨੇ ਦੱਸਿਆ।

ਬਾਬਿਆਂ ਦੀ ਢਾਣੀ ਵਿਚੋਂ ਪੰਜਾਬ ਦਾ ਦਰਦ ਅੱਖਾਂ ਵਿਚ ਆਏ ਹੰਝੂਆਂ ਵਾਂਗ ਸਾਫ਼ ਝਲਕ ਰਿਹਾ ਸੀ। ਪਰਦੇਸੀਂ ਬੈਠੇ ਵੀ ਆਪਣੀ ਜੰਮਣ ਭੋਇੰ ਲਈ ਫਿਕਰਮੰਦ ਸਨ। ਪਰਮਾਤਮਾ ਕ੍ਰਿਪਾ ਕਰੇ! ਚੰਗੀ ਪਾਰਟੀ ਤੇ ਚੰਗੇ ਬੰਦੇ ਚੁਣੇ ਜਾਣ, ਤੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵਲੋਂ ਮੋੜਿਆ ਜਾਵੇ। ਅੱਜ ਕੱਲ੍ਹ ਤਾਂ 'ਰੋਟੀ ਦਾ ਨਸ਼ਾ' ਵੀ ਬਹੁਤ ਮਹਿੰਗਾ ਹੋ ਗਿਆ ਹੈ। ਮਹਿੰਗਾਈ ਨੇ ਲੱਕ ਭੰਨਿਆ ਪਿਆ ਹੈ। ਸ਼ਾਲਾ! ਭਾਈਚਾਰਕ ਸਾਂਝ ਮਜ਼ਬੂਤ ਹੋਵੇ, ਤੇ ਆਮ ਆਦਮੀ ਦੀ ਸਰਕਾਰ ਬਣੇ।

---

## ਆ ਬਾਬਾ

*(ਸਿੱਖ ਪੰਥ ਵਿਚਲੀ ਜਾਤ-ਪਾਤ ਨੂੰ ਸਮਰਪਿਤ)*

ਲਿਖਤੁਮ ਚੰਨ ਲਿਖੇ ਸਿਰਨਾਵਾਂ
ਆ ਬਾਬਾ, ਤੇਰਾ ਪੰਥ ਵਿਖਾਵਾਂ
ਇਹ ਜੋ ਬੈਠੀ ਏ ਵੱਖਰੀ ਢਾਣੀ
ਇਹ ਸਿੱਖ ਹਨ ਅੰਮ੍ਰਿਤ ਧਾਰੀ
ਇਹ ਮਿਲੋ ਸਿੱਖ ਸੰਧੂ, ਭੁੱਲਰ
ਇਹ ਸਿੱਖ ਨੇ ਜਾਤ ਦੇ ਖੁੱਲਰ
ਤੂੰ ਹੈਂ ਕਿਹੜੀ ਮੂੰਹੀ ਦਾ ਭਾਈ
ਅਸੀਂ ਹਾਂ ਰਾਜੇ ਜਾਤ ਦੇ ਨਾਈ
ਤੁਸੀਂ ਵੀ ਭਾਈ ਦੱਸੋਗੇ ਹਾਲ
ਆਹਲੂ-ਵਾਲੀਏ ਸਿੱਖ ਕਲਾਲ
ਤੁਸੀਂ ਵੀ ਦੱਸੋਗੇ ਕੁਝ ਪਿਆਰੇ
ਅਸੀਂ ਹੁੰਨੇ ਆਂ ਸਿੱਖ ਸੁਨਿਆਰੇ
ਤੇਰਾ ਪਿਛਾ ਹੈ ਕਿਹੜੇ ਘਰ ਦਾ
ਮੈਂ ਹਾਂ ਖੱਤ੍ਰੀ ਸਿੱਖ ਹੱਟੀ ਕਰਦਾ
ਤੁਸੀਂ ਵੀ ਲਾਉਗੇ ਅੱਟੀ ਸੱਟੀ
ਅਸੀਂ ਹਾਂ ਰਾਜਪੂਤ ਸਿੱਖ ਭੱਟੀ
ਕੀ ਦਸਦੈ ਭਾਈ ਤੇਰਾ ਦਾਮਨ
ਅਸੀਂ ਸਦਾਈਏ ਸਿੱਖ ਬ੍ਰਾਹਮਣ
ਆ ਭਾਈ ਤੂੰ ਵੀ ਦੱਸ ਵਿਚਾਰ
ਹਾਂ ਰਵਿਦਾਸੀਏ ਸਿੱਖ ਚੁਮਾਰ
ਤੂੰ ਦੱਸ ਭਾਈ ਆਪਣੀ ਖਾਸੀ
ਅਸੀਂ ਸਿੱਖ ਬਿਲੋਕੁੱਟ ਸਾਂਹਸੀ
ਤੁਸੀਂ ਸਿੱਖਾਂ ਕਵਣ ਕੁਲ ਤਾਰੇ
ਲੱਖੀ ਸ਼ਾਹੀਏ ਅਸੀਂ ਵਣਜਾਰੇ
ਤੁਸੀਂ ਨੀਂ ਸਿੱਖਾ ਦੱਸੀ ਪਛਾਣ
ਅਸੀਂ ਆਂ, ਕਾਰੀਗਰ ਤਰਖਾਣ
ਤੂੰ ਭਾਈ ਕਿਉਂ ਖਲੋਤਾ ਪਰੇਡਾ
ਮੈਂ ਆਂ ਮਜ਼ਹਬੀ ਸਿੱਖ ਰੰਗਰੇਟਾ
ਤੂੰ ਵੀ ਸੱਜਣਾ, ਜ਼ਰਾ ਉਚਰ ਦੇ
ਮਹਿਰੇ ਸਿੱਖ ਆਂ ਪਾਣੀ ਭਰਦੇ
ਤੁਸਾਂ ਦੀ ਭਗਤਾ ਕੌਣ ਸੀ ਧੂਣੀ
ਸਾਡੀ ਉਦਾਸੀ ਸਿੱਖਾਂ ਦੀ ਪੂਣੀ
ਤੁਸੀਂ ਵੀ ਅਰਜ਼ ਸੁਣੋਗੇ ਸਾਡੀ
ਬੇਦੀ ਬਾਵੇ ਸਿੱਖ ਕੁਲ ਅਸਾਡੀ
ਤੁਹਾਡੀ ਗੁਰਮੁਖੋ ਕੀਹ ਪਹਿਚਾਨ
ਅਸੀਂ ਨਿਰਮਲੇ ਸਿੱਖ ਵਿਦਵਾਨ
ਤੁਸੀਂ ਵੀ ਦੱਸੋਗੇ ਰਹਿਣੀ ਬਹਿਣੀ
ਅਸੀਂ ਹਾਂ ਦੁਆਬੇ ਦੇ ਸਿੱਖ ਸੈਣੀ
ਤੁਹਾਡੇ ਸਿੱਖਾ ਕਿਹੜੇ ਹਨ ਮੋਢੀ
ਅਸੀਂ ਆਂ ਗੁਰੂ ਕੇ ਵੰਸ਼ ਦੇ ਸੋਢੀ
ਤੁਹਾਨੂੰ ਸਿੱਖਾ ਕੋਈ ਕਿਵੇਂ ਪਛਾਣੇ
ਬਚਿੱਤਰ ਸਿੰਘੀਏ ਅਸੀਂ ਲੁਬਾਣੇ
ਤੁਹਾਡਾ ਵਾਸਾ ਹੈ ਕਿਹੜੇ ਘਰ ਦਾ
ਮੈਂ ਹਾਂ ਜੱਟ ਸਿੱਖ ਵਾਹੀ ਕਰਦਾ
ਤੁਸੀਂ ਨਈਂ ਦੱਸਿਆ ਭਾਈ ਕੁਝ
ਨਾਮਦੇਵੀਏ ਸਿੱਖ ਸਾਨੂੰ ਲੈ ਬੁੱਝ
ਤੁਸੀਂ ਵੀ ਦੱਸ ਦਿਉ ਕੁਝ ਆਪੇ
ਰਾਵਲ ਪਿੰਡੀਏ ਅਸੀਂ ਹਾ ਭਾਪੇ
ਤੁਹਾਡੇ ਦੁੱਧ ਦੀ ਕੀਹ ਏ ਖਾਸੀ
ਅਸੀਂ ਹੁੰਨੇ ਆਂ ਸਿੱਖ ਮਿਰਾਸੀ
ਤੁਹਾਡਾ ਭਾਈਆ ਕੀ ਏ ਗ੍ਰਹਜ
ਅਸੀਂ ਅਖਵਾਈਏ ਸਿੱਖ ਕੰਬੋਜ
ਤੁਸੀਂ ਨਈਂ ਬੋਲੇ ਕੁਝ ਵੀ ਭਾਅ
ਮਹਾਤਮ ਸਿੱਖ ਅਸੀਂ ਆਂ ਰਾਅ
ਤੁਸੀਂ ਦੱਸੋ ਸਿੱਖਾ ਕੀਹਦੇ ਜੋਗਰੇ
ਅਸੀਂ ਅਖਵਾਈਏ ਸਿੱਖ ਡੋਗਰੇ
ਤੁਸੀਂ ਭਾਈ ਜੀ ਕੁਝ ਉਚਾਰੀਏ
ਕੂਕੇ ਸਿੱਖ ਅਸੀਂ ਨਾਮਧਾਰੀਏ
ਤੁਸੀਂ ਭਾਈ ਜੀ ਕਵਣ ਮੁਕਾਮੀਂ
ਸਾਨੂੰ ਬੋਲੋ ਸਿੱਖ ਰਾਧਾ-ਸੁਆਮੀ
ਤੁਹਾਨੂੰ ਭਾਈ ਜੀ, ਕੀ ਪੁਕਾਰੀਏ
ਸਾਨੂੰ ਕਹੀਏ ਸਿੱਖ ਨਿਰੰਕਾਰੀਏ
ਤੁਸੀਂ ਦੱਸੋ ਤੁਹਾਨੂੰ ਕੀਹ ਕਹੀਏ
ਅਸੀਂ ਕਹਾਈਏ ਸਿੱਖ ਰਹਿਤੀਏ
ਤੁਸੀਂ ਹੋ ਸਿੱਖਾ ਕਿਸ ਦੇ ਕਾਕੜੇ
ਇਹ ਭਾਵੜੇ ਸਿੱਖ ਅਸੀਂ ਭਾਟੜੇ
ਤੁਸੀਂ ਭਾਈ ਜੀ ਕੁਝ ਬੋਲੋ ਜ਼ਰੂਰ
ਜਾਣੀਏ ਨਿਰੰਜਨੀਏ ਸਿੱਖ ਹਜ਼ੂਰ
ਤੁਹਾਡਾ ਘਰਾਣਾ ਕਿਹੜਾ ਗਾਖੀਏ
ਅਸੀਂ ਆਂ ਸਿੱਖ ਗੁਲਾਬ ਦਾਸੀਏ
ਲੱਭੈ ਬਾਬਾ? ਕੋਈ ਗੁਰੂ ਕਾ ਸਿੱਖ
ਰਹਿਤੋਂ ਬਿੱਪਰੇ ਸਭ ਚੱਟਣ ਬਿੱਖ
ਜਿਹੜੀਆਂ ਵੰਡਾਂ, ਤੂੰ ਮੁਕਾਈਆਂ
ਅਸੀਂ ਦੁਬਾਰਾ ਫੇਰ ਚਾ ਪਾਈਆਂ
ਰਹਿਤ ਬਹਿਤ ਸਭ ਵਿਸਰ ਗਈ
ਸਿੱਖਿਆ ਤੇਰੀ ਯਾਦ ਨਹੀਂ ਰਹੀ।

*-ਚੰਨ*
*ਫੋਨ: 908-788-8427*

---

## ਯਾਰਾ!

ਦਿਲ ਦੀ ਗੱਲ ਸੁਣਾਉਣੀ ਚਾਹੁੰਦਾਂ।
ਹੁਣ ਮੈਂ ਜਾਨ ਛਡਾਉਣੀ ਚਾਹੁੰਦਾਂ।

ਦੇਖ ਲਈ ਮੈਂ ਤੇਰੀ ਯਾਰੀ,
ਹੋਰ ਨਾ ਅਗ੍ਹਾਂ ਵਧਾਉਣੀ ਚਾਹੁੰਦਾਂ।

ਮੁਆਫ਼ ਕਰੀਂ ਤੂੰ ਮੇਰੇ ਯਾਰਾ,
ਨਾ ਕੋਈ ਗੱਲ ਜਤਾਉਣੀ ਚਾਹੁੰਦਾਂ।

ਜੋ ਵੀ ਹੋਇਆ, ਅੱਗੇ-ਪਿੱਛੇ,
ਉਸ 'ਤੇ ਮਿੱਟੀ ਪਾਉਣੀ ਚਾਹੁੰਦਾਂ।

ਜਿਹੜੀ ਗੱਲ ਤੋਂ ਖਾਧਾ ਧੋਖਾ,
ਮੁੜ ਕੇ ਨਾ ਦੁਹਰਾਉਣੀ ਚਾਹੁੰਦਾਂ।

ਮੁਬਾਰਕ ਤੈਨੂੰ ਤੇਰੀ ਦੁਨੀਆਂ,
ਹੁਣ ਮੈਂ ਗੱਲ ਮੁਕਾਉਣੀ ਚਾਹੁੰਦਾਂ।

*-ਰਾਠੇਸ਼ਵਰ ਸਿੰਘ ਸੂਰਾਪੁਰੀ*
*ਫੋਨ: 916-969-9337*

---

## ਗਜ਼ਲ

ਰੁੱਖਾਂ ਕੋਲੋਂ ਰੁੱਸੀਆਂ ਛਾਂਵਾਂ।
ਤਾਂ ਹੀ ਆਈਆਂ ਗਰਮ ਹਵਾਵਾਂ।
ਪੰਛੀ ਦੇ ਪਰ ਖੂਨ 'ਚ ਲਿਬੜੇ,
ਜ਼ਖ਼ਮੀ ਲੱਗਣ ਚਾਰ ਦਿਸ਼ਾਵਾਂ।

ਉਸ ਦੀ ਚੁੱਪ 'ਚ ਸ਼ੋਰ ਬੜਾ ਸੀ,
ਘਰ ਆ ਕੇ ਮੈਂ ਸੋਚੀ ਜਾਵਾਂ।
ਸਵਰੂਪ ਨਖਾਂ ਦੀ ਇੱਜ਼ਤ ਦਾ,
ਸੀਤਾ ਬਣ ਕੇ ਕਰਜ਼ ਚੁਕਾਵਾਂ।

ਲੋਕੀ ਸੌ ਸੌ ਗੱਲਾਂ ਕਰਦੇ,
ਤੇਰੇ ਵੱਲ ਜਦ ਆਵਾਂ ਜਾਵਾਂ।
ਝੂਠੇ ਨੂੰ ਸਨਮਾਨ ਮਿਲੇ ਨੇ,
ਸੱਚੇ ਨੂੰ ਕਿਉਂ ਸਖ਼ਤ ਸਜ਼ਾਵਾਂ।

---

## ਕਾਵਿ-ਜਗਤ

ਤੂੰ ਖ਼ਤ ਪਾਈਂ ਜਾਂ ਨਾ ਤਨਵੀਰ,
ਲਿਖ ਲੈ ਪਰ ਮੇਰਾ ਸਿਰਨਾਵਾਂ।

*-ਅਜੇ ਤਨਵੀਰ*

---

## ਪਛਤਾਵਾ

ਤਿੰਨ ਚੀਜ਼ਾਂ
ਕਿਸਮਤ ਬਣਾਉਂਦੀਆਂ ਹਨ,
ਬੋਤਲ, ਨੋਟ ਤੇ ਕਲਮ।
ਬੋਤਲ ਸਾਰੇ ਅਮਲੀ ਦਾ ਡੰਗ,
ਜਨਤਾ ਦੀ ਕਿਸਮਤ ਭੰਗ,
ਨੋਟ ਟੱਬਰ ਨੂੰ ਲੁਭਾਉਂਦੇ ਹਨ,
ਜਦ ਕਲਮ ਭਾਰੇ ਪਾਸੇ ਦਾ,
ਪੱਖ ਪੂਰਦੀ ਹੈ।
ਝੂਠ ਦੇ ਪੁਲੰਦੇ ਲਿਖਦੀ ਹੈ,
ਝੂਠੇ ਗਾਣੇ, ਝੂਠੇ ਨਾਚ,
ਝੂਠੇ ਸਬਜ਼ਬਾਗ
ਕਲਮ ਉਘਾੜਦੀ ਏ
ਫਿਰ ਨਿਕੰਮੀਆਂ
ਸਰਕਾਰਾਂ ਬਣਦੀਆਂ ਹਨ,
ਤਾਂ ਹਰ ਵਾਰ
ਬੋਤਲ, ਨੋਟ ਤੇ ਕਲਮਾਂ
ਪਛਤਾਉਂਦੀਆਂ ਹਨ,
ਤੇ ਪਛਤਾਵਾ ਹੀ ਰਹਿ ਜਾਂਦਾ ਹੈ।

*-ਪ੍ਰਮਿੰਦਰ ਸਿੰਘ ਪ੍ਰਵਾਨਾ*
*ਫੋਨ: 510-781-0487*

# ਮੇਰੀ ਕਸ਼ਮੀਰ ਯਾਤਰਾ

***ਬਲਰਾਜ ਸਾਹਨੀ (ਪਹਿਲੀ ਮਈ 1913-13 ਅਪਰੈਲ 1973) ਨੇ ਹਿੰਦੀ ਫਿਲਮ ਜਗਤ ਨੂੰ ਕਈ ਅਹਿਮ ਅਤੇ ਅਮਰ ਫਿਲਮਾਂ ਦਿੱਤੀਆਂ ਹਨ। ਬਲਰਾਜ ਸਿਰਫ ਉਮਦਾ ਅਦਾਕਾਰ ਹੀ ਨਹੀਂ ਸੀ, ਵਧੀਆ ਲੇਖਕ ਵੀ ਸੀ। ਵਧੀਆ ਲੇਖਕ ਹੋਣ ਦੇ ਨਾਲ-ਨਾਲ ਵਧੀਆ ਇਨਸਾਨ ਵੀ ਸੀ; ਇਸੇ ਕਰ ਕੇ ਉਹਦੀਆਂ ਫਿਲਮਾਂ ਅਤੇ ਲਿਖਤਾਂ ਵਿਚ ਦੁਸ਼ਵਾਰੀਆਂ ਨਾਲ ਜੂਝਦੇ ਲੋਕਾਂ ਦੀਆਂ ਗੱਲਾਂ-ਬਾਤਾਂ ਸਹਿਜੇ ਹੀ ਆ ਜਾਂਦੀਆਂ ਹਨ। ਜ਼ਿੰਦਗੀ ਨਾਲ ਉਸ ਨੂੰ ਲੋਹੜੇ ਦਾ ਪਿਆਰ ਸੀ ਅਤੇ ਉਹ ਹਰ ਸ਼ੈਅ ਨੂੰ ਇਸੇ ਲਾਡ ਵਿਚੋਂ ਦੇਖਦਾ ਸੀ। 'ਮੇਰੀ ਕਸ਼ਮੀਰ ਯਾਤਰਾ' ਵਾਲਾ ਲੇਖ ਉਸ ਨੇ 1967 ਵਿਚ ਲਿਖਿਆ ਸੀ। ਉਦੋਂ ਦੇਸ਼ ਨੂੰ ਆਜ਼ਾਦ ਹੋਇਆਂ ਵੀਹ ਵਰ੍ਹੇ ਲੰਘ ਚੁੱਕੇ ਸਨ, ਪਰ ਲੋਕਾਂ ਦੀ ਗੁਲਾਮ-ਮਾਨਸਿਕਤਾ ਖਹਿੜਾ ਨਹੀਂ ਸੀ ਛੱਡ ਰਹੀ। ਇਸ ਲੇਖ ਵਿਚ ਉਸ ਨੇ ਤੋੜਾ ਇਸੇ ਗੁਲਾਮ-ਮਾਨਸਿਕਤਾ ਉਤੇ ਝਾੜਿਆ ਹੈ। -ਸੰਪਾਦਕ***



*ਆਪਣੀ ਪਤਨੀ ਦਮਯੰਤੀ ਨਾਲ ਅਦਾਕਾਰ/ਲੇਖਕ ਬਲਰਾਜ ਸਾਹਨੀ।*

ਚਾਲੀ ਸਾਲ ਪਹਿਲਾਂ ਦੀ ਗੱਲ ਹੈ (ਇਹ ਸਮਾਂ 1927 ਦੇ ਨੇੜੇ-ਤੇੜੇ ਬਣਦਾ ਹੈ-ਸੰਪਾਦਕ), ਮੈਂ ਆਪਣੇ ਮਾਤਾ-ਪਿਤਾ ਤੇ ਭਰਾ-ਭੈਣਾਂ ਨਾਲ ਰਾਵਲਪਿੰਡੀ ਤੋਂ ਕਸ਼ਮੀਰ ਜਾ ਰਿਹਾ ਸਾਂ। ਸਿਆਲ ਦੀ ਰੁੱਤ ਰਾਵਲਪਿੰਡੀ ਵਿਚ, ਤੇ ਹੁਨਾਲ ਦੀ ਰੁੱਤ ਕਸ਼ਮੀਰ ਵਿਚ ਬਿਤਾਉਣੀ ਸਾਡੇ ਪਰਿਵਾਰ ਦਾ ਦਸਤੂਰ ਸੀ। ਦੋਹੀਂ ਥਾਂਈਂ ਸਾਡੇ ਆਪਣੇ ਘਰ ਸਨ, ਤੇ ਦੋਹੀਂ ਥਾਂਈਂ ਪਿਤਾ ਜੀ ਦਾ ਕਾਰੋਬਾਰ ਸੀ।

ਕਿਹੋ ਜਿਹੀ ਹੈਰਾਨੀ ਭਰੀ ਤਬਦੀਲੀ ਵਿਚੋਂ ਲੰਘਿਆ ਹੈ ਜ਼ਮਾਨਾ ਵੀ। ਰਾਵਲਪਿੰਡੀ, ਮੇਰੀ ਮਾਤ-ਭੂਮੀ, ਹੁਣ ਪਰਾਏ ਮੁਲਕ ਦੀ ਰਾਜਧਾਨੀ ਬਣ ਚੁੱਕੀ ਹੈ, ਤੇ ਹੁਣ ਜਦ ਮੈਂ ਸ੍ਰੀਨਗਰ ਤੋਂ ਹਵਾਈ ਜਹਾਜ਼ ਵਿਚ ਬੈਠ ਕੇ ਲਗਭਗ ਚਾਰ ਘੰਟਿਆਂ ਵਿਚ ਮੁੰਬਈ ਪਹੁੰਚ ਜਾਂਦਾ ਹਾਂ, ਤਾਂ ਉਸ ਜ਼ਮਾਨੇ ਨੂੰ ਯਾਦ ਕਰ ਕੇ ਅਚੰਭਾ ਹੁੰਦਾ ਹੈ ਜਦ ਸ੍ਰੀਨਗਰ ਤੋਂ ਰਾਵਲਪਿੰਡੀ ਤੱਕ ਦਾ ਡੇਢ-ਪੌਣੇ ਦੋ ਸੌ ਮੀਲ ਦਾ ਫਾਸਲਾ ਤੈਅ ਕਰਨ ਵਿਚ ਕਈ-ਕਈ ਦਿਨ ਲੱਗ ਜਾਂਦੇ ਸਨ।

ਹਾਂ, ਇਹ ਚਾਲੀ ਸਾਲ ਪਹਿਲਾਂ ਦੀ ਗੱਲ ਹੈ, ਜਦ ਮੈਂ ਲਾਹੌਰ ਬੀ.ਏ. ਵਿਚ ਪੜ੍ਹਦਾ ਸਾਂ। ਗਰਮੀ ਦੀਆਂ ਛੁੱਟੀਆਂ ਹੋਈਆਂ, ਤਾਂ ਮੈਂ ਪਹਿਲਾਂ ਰਾਵਲਪਿੰਡੀ ਗਿਆ, ਤੇ ਉਥੋਂ ਪਰਿਵਾਰ ਨਾਲ ਕਸ਼ਮੀਰ ਲਈ ਰਵਾਨਾ ਹੋਇਆ। ਅਸੀਂ ਬੱਸ ਵਿਚ ਅਗਲੀਆਂ ਸੀਟਾਂ



**ਬਲਰਾਜ ਸਾਹਨੀ**


'ਤੇ ਬੈਠੇ ਹੋਏ ਸਾਂ, ਪਿਛਲੀਆਂ ਸੀਟਾਂ 'ਤੇ ਡਰਾਈਵਰ ਨੇ ਸਮਾਨ ਰੱਖਿਆ ਹੋਇਆ ਸੀ। ਸਫ਼ਰ ਵਿਚ ਇਕ ਰਾਤ ਲਈ ਕਿਤੇ ਪੜਾਅ ਕਰਨਾ ਪੈਂਦਾ ਸੀ। ਇਸ ਵਾਰ ਦੁਮੇਲ ਪਹੁੰਚ ਕੇ ਪੜਾਅ ਕੀਤਾ। ਉਸ ਥਾਂ ਨੂੰ ਮੁਜ਼ੱਫਰਾਬਾਦ ਵੀ ਕਹਿੰਦੇ ਹਨ। ਉਥੇ ਮੇਰੇ ਫੁੱਫੜ ਜੀ ਰਿਆਸਤੀ ਪੁਲਿਸ ਥਾਣੇਦਾਰ ਲੱਗੇ ਹੋਏ ਸਨ। ਅਸੀਂ ਉਨ੍ਹਾਂ ਦੇ ਘਰ ਠਹਿਰੇ। ਖਾਣਾ ਖਾਣ ਪਿਛੋਂ ਅਸੀਂ ਬਿਸਤਰਿਆਂ 'ਤੇ ਲੰਮੇ ਪਏ ਤਾਂ ਮੋਹਲੇਧਾਰ ਮੀਂਹ ਵਰ੍ਹਨ ਲੱਗਾ। ਰਾਤ ਭਰ ਮੀਂਹ ਵਰ੍ਹਦਾ ਰਿਹਾ। ਸਵੇਰ ਹੋਣ 'ਤੇ ਵੀ ਬੰਦ ਨਾ ਹੋਇਆ। ਫੁੱਫੜ ਜੀ ਨੇ ਰਾਏ ਦਿੱਤੀ ਕਿ ਅਜਿਹੇ ਮੌਸਮ ਵਿਚ ਅਸੀਂ ਅੱਗੇ ਨਾ ਜਾਈਏ। ਕਿਤੇ ਕੋਈ ਦੁਰਘਟਨਾ ਨਾ ਹੋ ਜਾਵੇ, ਪਰ ਬੱਸ ਦਾ ਡਰਾਈਵਰ ਉਥੇ ਰੁਕਣ ਲਈ ਤਿਆਰ ਨਹੀਂ ਸੀ। ਉਸ ਨੂੰ ਯਕੀਨ ਸੀ ਕਿ ਦੋ-ਤਿੰਨ ਘੰਟਿਆਂ ਵਿਚ ਕੱਚੇ ਪਹਾੜੀ ਰਾਹ ਤੋਂ ਹੋ ਕੇ ਉੜੀ ਪਹੁੰਚ ਜਾਵਾਂਗੇ। ਜੇ ਰੁਕੇ ਰਹੇ, ਤਾਂ ਕੀ ਪਤਾ ਮਗਰੋਂ ਅੱਗੇ ਜਾ ਹੀ ਨਾ ਸਕੀਏ।

ਕਿਸੇ ਹੱਦ ਤੱਕ ਉਸ ਦਾ ਅੰਦਾਜ਼ਾ ਠੀਕ ਸਾਬਿਤ ਹੋਇਆ, ਤੇ ਕਿਸੇ ਹੱਦ ਤੱਕ ਮੇਰੇ ਫੁੱਫੜ ਜੀ ਦਾ ਵੀ। ਚਿਨਾਰੀ ਤੱਕ ਅਸੀਂ ਬੜੇ ਆਰਾਮ ਨਾਲ ਗਏ। ਉਥੋਂ ਉੜੀ ਤੱਕ ਦਾ ਫਾਸਲਾ ਲਗਭਗ ਅਠਾਰਾਂ ਮੀਲ ਸੀ। ਮੀਂਹ ਲਗਾਤਾਰ ਵਰ੍ਹੀ ਜਾ ਰਿਹਾ ਸੀ, ਪਰ ਅਸੀਂ ਨਿਸ਼ਚਿੰਤ ਜਾਂਦੇ ਸੋਚ ਰਹੇ ਸਾਂ, ਕਿ ਅਗਾਂਹ ਦਾ ਸਫ਼ਰ ਵੀ ਇਸੇ ਤਰ੍ਹਾਂ ਬਿਨਾਂ ਕਿਸੇ ਰੁਕਾਵਟ ਦੇ ਤੈਅ ਹੋ ਜਾਏਗਾ। ਕੁਝ ਅੱਗੇ ਜਾਣ 'ਤੇ ਅਸੀਂ ਇਕ ਸੜਕ ਉਤੇ ਬਹੁਤ ਸਾਰੀਆਂ ਬੱਸਾਂ ਰੁਕੀਆਂ ਵੇਖੀਆਂ। ਅਸੀਂ ਨੇੜੇ ਪਹੁੰਚੇ ਤਾਂ ਫੁੱਫੜ ਜੀ ਦੀ ਭਵਿਖਵਾਣੀ ਸੱਚ ਹੁੰਦੀ ਪ੍ਰਤੀਤ ਹੋਈ। ਪਹਾੜ ਦਾ ਇਕ ਹਿੱਸਾ ਟੁੱਟ ਕੇ ਥੱਲੇ ਬਿਫਰੇ ਹੋਏ ਜਿਹਲਮ ਦਰਿਆ ਵਿਚ ਡਿੱਗ ਪਿਆ ਸੀ। ਚੰਗੇ ਭਾਗਾਂ ਨੂੰ ਉਸ ਵੇਲੇ ਕੋਈ ਬੱਸ ਉਥੇ ਸੜਕ ਉਤੇ ਨਹੀਂ ਸੀ, ਵਰਨਾ ਉਹ ਵੀ ਮੁਸਾਫਰਾਂ ਸਮੇਤ ਜਿਹਲਮ ਵਿਚ ਡਿੱਗ ਪਈ ਹੁੰਦੀ। ਸਾਡਾ ਡਰਾਈਵਰ ਅਕਲਮੰਦ ਸੀ। ਇਸ ਤੋਂ ਪਹਿਲਾਂ ਕਿ ਪਿਛੋਂ ਆਉਣ ਵਾਲੀਆਂ ਬੱਸਾਂ ਸਾਡਾ ਰਾਹ ਰੋਕਦੀਆਂ, ਉਹ ਬੱਸ ਨੂੰ ਮੋੜ ਕੇ ਵਾਪਸ ਦੁਮੇਲ ਵੱਲ ਰਵਾਨਾ ਹੋ ਗਿਆ। ਉਸ ਦਾ ਖਿਆਲ ਸੀ ਕਿ ਸੜਕ ਮੁਰੰਮਤ ਹੋਣ ਵਿਚ ਛੇ-ਸੱਤ ਦਿਨ ਜ਼ਰੂਰ ਲੱਗ ਜਾਣਗੇ। ਜਦ ਅਸੀਂ ਚਿਨਾਰੀ ਪਹੁੰਚੇ, ਤਾਂ ਪਤਾ ਲੱਗਾ ਕਿ ਅੱਗੇ ਪਹਾੜ ਦਾ ਇਕ ਹੋਰ ਹਿੱਸਾ ਟੁੱਟ ਕੇ ਡਿੱਗ ਪਿਆ ਹੈ। ਹੁਣ ਦੁਮੇਲ ਦਾ ਰਾਹ ਵੀ ਬੰਦ ਹੋ ਗਿਆ ਸੀ। ਸਾਨੂੰ ਮਜਬੂਰ ਹੋ ਕੇ ਚਿਨਾਰੀ ਵਿਚ ਹੀ ਰੁਕਣਾ ਪਿਆ।

ਚਿਨਾਰੀ ਪਿੰਡ ਵਿਚ ਲਗਭਗ ਸੌ ਕੁ ਘਰ ਸਨ। ਵਧੇਰੇ ਕਰ ਕੇ ਸੜਕ ਦੇ ਦੋਹੀਂ ਪਾਸੀਂ ਬਣੇ ਹੋਏ ਕੱਚੇ ਮਕਾਨ। ਸਾਨੂੰ ਉਹੋ ਜਿਹਾ ਇਕ ਮਕਾਨ ਰਹਿਣ ਲਈ ਮਿਲ ਗਿਆ। ਕੱਚਾ ਹੋਣ ਦੇ ਬਾਵਜੂਦ ਉਹ ਬੜਾ ਰੁਮਾਂਟਿਕ ਸੀ। ਉਸ ਦੀ ਹੇਠਲੀ ਮੰਜ਼ਿਲ 'ਤੇ ਉਸ ਦੇ ਮਾਲਕ ਦਾ ਢਾਬਾ ਸੀ। ਡਰਾਈਵਰ ਤੇ ਮੁਸਾਫ਼ਰ ਉਸ ਢਾਬੇ ਦਾ ਖਾਣਾ ਬਹੁਤ ਪਸੰਦ ਕਰਦੇ ਸਨ।

ਮਕਾਨ ਦੀ ਉਪਰਲੀ ਮੰਜ਼ਿਲ 'ਤੇ ਨਾਲ-ਨਾਲ ਦੋ ਕਮਰੇ ਸਨ, ਤੇ ਦੋਹਾਂ ਦੇ ਅੱਗੇ ਤੇ ਪਿੱਛੇ ਵਰਾਂਡਾ ਸੀ। ਅੱਗੇ ਦਾ ਵਰਾਂਡਾ ਸੜਕ ਵੱਲ ਖੁੱਲ੍ਹਦਾ ਸੀ, ਤੇ ਪਿਛਲੇ ਵਰਾਂਡੇ ਵਿਚ ਖੜ੍ਹੋ ਕੇ ਪਹਾੜਾਂ, ਧਾਨ ਦੇ ਖੇਤਾਂ ਅਤੇ ਲਹਿਰਾਉਂਦੇ ਹੋਏ ਜਿਹਲਮ ਦਰਿਆ ਨੂੰ ਵੇਖਿਆ ਜਾ ਸਕਦਾ ਸੀ। ਇਕ ਕਮਰੇ ਵਿਚ ਢਾਬੇ ਵਾਲਾ ਆਪਣੀ ਜਵਾਨ ਤੇ ਚੰਚਲ ਪਤਨੀ ਨਾਲ ਰਹਿੰਦਾ ਸੀ। ਦੂਜਾ ਕਮਰਾ ਉਸ ਨੇ ਸਾਨੂੰ ਦੇ ਦਿੱਤਾ। ਅਸੀਂ ਜਿਵੇਂ-ਤਿਵੇਂ ਕਰ ਕੇ ਉਥੇ ਦਿਨ ਕੱਢਣ ਲੱਗੇ।

ਇਸ ਤਰ੍ਹਾਂ ਅਚਾਨਕ ਰੁਕਣ 'ਤੇ ਪੜਾਅ ਕਰਨ ਦਾ ਆਪਣਾ ਖਾਸ ਮਜ਼ਾ ਸੀ। ਢਾਬੇ ਵਾਲੇ ਦੀ ਪਤਨੀ ਚੋਰੀ-ਚੋਰੀ ਮੇਰੇ ਨਾਲ ਅੱਖਾਂ ਚਾਰ ਕਰਨ ਲੱਗੀ। ਵੇਖਣ ਨੂੰ ਉਹ ਬਹੁਤ ਸੁਹਣੀ ਤਾਂ ਨਹੀਂ ਸੀ, ਪਰ ਪੇਂਡੂ ਲਿਬਾਸ ਵਿਚ ਉਸ ਦੇ ਅੰਗਾਂ ਦੀ ਸੁਡੌਲਤਾ ਗਜ਼ਬ ਢਾਉਂਦੀ ਸੀ। ਉਸ ਦਾ ਅਧਖੜ ਉਮਰ ਦਾ ਪਤੀ ਦਿਨ ਭਰ ਢਾਬੇ 'ਤੇ ਰੋਟੀਆਂ ਬਣਾਉਂਦਾ, ਤੇ ਕਦੇਂ-ਕਦਾਈਂ ਹੀ ਕਮਰ ਸਿੱਧੀ ਕਰਨ ਲਈ ਕੁਝ ਚਿਰ ਲਈ ਉਪਰ ਆਉਂਦਾ। ਮੈਂ ਪਿਛਲੇ ਵਰਾਂਡੇ ਵਿਚ ਮੰਜਾ ਡਾਹ ਕੇ ਦਿਨ ਭਰ ਕਿਤਾਬਾਂ ਪੜ੍ਹਨਾ, ਆਪਣਾ ਸ਼ੁਗਲ ਬਣਾ ਲਿਆ ਸੀ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਉਥੇ ਲੰਮਿਆਂ ਪੈ ਕੇ ਮੈਂ ਸੌਖੀ ਤਰ੍ਹਾਂ ਦੂਜੇ ਕਮਰੇ ਵਿਚ ਝਾਕ ਸਕਦਾ ਸਾਂ। ਢਾਬੇ ਵਾਲੇ ਦੀ ਪਤਨੀ ਇਸ ਗੱਲ ਨੂੰ ਜਾਣਦੀ ਸੀ, ਤੇ ਆਪਣੀਆਂ ਚੰਚਲ ਅਦਾਵਾਂ ਨਾਲ ਮੇਰੇ ਉਤੇ ਬਿਜਲੀਆਂ ਸੁੱਟਦੀ ਰਹਿੰਦੀ ਸੀ; ਪਰ ਮੈਂ ਬੇਹੱਦ ਡਰਾਕਲ ਤੇ ਨਾ-ਤਜਰਬੇਕਾਰ ਹੋਣ ਕਰ ਕੇ ਉਸ ਜਾਦੂ ਭਰੇ ਰੁਮਾਂਸ ਨੂੰ ਅੱਖੀਂ ਸੇਕਣ ਦੀ ਹੱਦ ਤੋਂ ਅੱਗੇ ਨਾ ਲਿਜਾ ਸਕਿਆ। ਅਜੀਬ ਗੱਲ ਹੈ ਕਿ ਉਹ ਨਾਕਾਮ ਹਸਰਤ ਅੱਜ ਵੀ ਮੇਰੇ ਦਿਲ ਵਿਚ ਤਿੱਖੀ ਟੀਸ ਪੈਦਾ ਕਰਦੀ ਹੈ। ਮੈਂ ਅੱਜ ਵੀ ਕਦੇ-ਕਦੇ ਆਪਣੇ-ਆਪ ਨੂੰ ਕੋਸਣ ਲੱਗਦਾ ਹਾਂ ਕਿ ਮੈਂ ਤਦ ਹਿੰਮਤ ਤੋਂ ਕੰਮ ਕਿਉਂ ਨਾ ਲਿਆ! ਉਸ ਪੇਂਡੂ ਮੁਟਿਆਰ ਦੀਆਂ ਨਿਡਰ, ਮਨਮੋਹਣੀਆਂ ਤੇ ਮਾਸੂਮ ਅਦਾਵਾਂ ਨੂੰ ਮੈਂ ਭੁਲਾ ਨਹੀਂ ਸਕਦਾ, ਤੇ ਰਹਿ-ਰਹਿ ਕੇ ਸੋਚਣ ਲੱਗਦਾ ਹਾਂ, ਕੀ ਉਹ ਅੱਜ ਵੀ ਜਿਉਂਦੀ ਹੋਵੇਗੀ? ਤੇ ਕਿਥੇ ਹੋਵੇਗੀ? ਮੁਲਕ ਦੀ ਵੰਡ 'ਤੇ ਜੋ ਕਤਲੇਆਮ ਹੋਇਆ ਸੀ, ਉਸ ਵਿਚ ਉਸ ਵਿਚਾਰੀ ਦਾ ਕੀ ਬਣਿਆ ਹੋਵੇਗਾ?



*ਚਰਚਿਤ ਕਿਤਾਬ 'ਮੇਰਾ ਪਿੰਡ' ਦੇ ਲੇਖਕ ਗਿਆਨੀ ਗੁਰਦਿੱਤ ਸਿੰਘ ਨਾਲ ਬਲਰਾਜ ਸਾਹਨੀ।*

ਸੜਕ ਦਾ ਟੁੱਟਾ ਹੋਇਆ ਪਿਛਲਾ ਹਿੱਸਾ ਛੇਤੀ ਹੀ ਠੀਕ ਹੋ ਗਿਆ, ਤੇ ਕਈ ਹੋਰ ਬੱਸਾਂ ਚਿਨਾਰੀ ਆ ਕੇ ਜਮ੍ਹਾਂ ਹੋ ਗਈਆਂ। ਅਗਲੇ ਟੁੱਟੇ ਹੋਏ ਹਿੱਸੇ ਦੀ ਮੁਰੰਮਤ ਪੀ.ਡਬਲਯੂ.ਡੀ. ਦੇ ਓਵਰਸੀਅਰ ਦੀ ਨਿਗਰਾਨੀ ਵਿਚ ਦਿਨ-ਰਾਤ ਹੋ ਰਹੀ ਸੀ। ਛੇ ਦਿਨ ਬੀਤ ਗਏ ਸਨ, ਪਰ ਸੜਕ ਦੇ ਚਾਲੂ ਹੋਣ ਦੀ ਕੋਈ ਆਸ ਨਜ਼ਰ ਨਹੀਂ ਸੀ ਆ ਰਹੀ। ਡਰਾਈਵਰ ਤੇ ਮੁਸਾਫ਼ਿਰ ਰੋਜ਼ ਉਥੇ ਜਾਂਦੇ ਤੇ ਓਵਰਸੀਅਰ ਨੂੰ ਛੇਤੀ ਸੜਕ ਠੀਕ ਕਰਾਉਣ ਲਈ ਕਹਿੰਦੇ। ਸਾਰੇ ਬਹੁਤ ਤੰਗ ਹੋ ਚੁੱਕੇ ਸਨ, ਤੇ ਸ੍ਰੀਨਗਰ ਪਹੁੰਚਣ ਲਈ ਬੇਹੱਦ ਉਤਾਵਲੇ ਸਨ। ਮੇਰੇ ਪਿਤਾ ਜੀ ਵੀ ਵਿਹਲੇ ਬੈਠੇ ਤੰਗ ਆ ਗਏ ਸਨ, ਪਰ ਮੈਨੂੰ ਉਥੋਂ ਜਾਣ ਦੀ ਕੋਈ ਕਾਹਲ ਨਹੀਂ ਸੀ; ਸਗੋਂ ਮੈਂ ਤਾਂ ਚਾਹੁੰਦਾ ਸਾਂ ਕਿ ਸੜਕ ਠੀਕ ਨਾ ਹੀ ਹੋਵੇ ਤਾਂ ਚੰਗਾ ਹੈ। ਪਿੰਡ ਵਿਚ ਆਟੇ-ਦਾਲ ਦੀ ਘਾਟ ਹੋਣ ਲੱਗੀ ਸੀ। ਪਿੰਡ ਵਾਲੇ ਵੀ ਸ਼ਹਿਰੀ ਪ੍ਰਾਹੁਣਿਆਂ ਤੋਂ ਤੰਗ ਆਏ ਹੋਏ ਸਨ। ਇਕ ਦਿਨ ਸੜਕ ਦੇ ਉਸ ਪਾਰ ਉਚੀ ਥਾਂ 'ਤੇ ਬਣੇ ਹੋਏ ਇਕ ਘਰ ਦੀ ਛੱਤ ਤੋਂ ਪਿੰਡ ਦੀਆਂ ਕੁੜੀਆਂ ਨੇ ਪਰਦੇਸੀ ਦਾ ਪੁਤਲਾ ਬਣਾ ਕੇ ਜਲਾਉਣ ਦੀ ਖੇਡ ਖੇਡੀ। ਇਹ ਇਕ ਕਿਸਮ ਦਾ ਟੂਣਾ ਸੀ, ਤਾਂ ਜੋ ਪਰਦੇਸੀਆਂ ਦੇ ਰੂਪ ਵਿਚ ਆਈ ਹੋਈ ਬਲਾ ਛੇਤੀ ਟਲ ਜਾਏ। ਮੇਰੀ ਉਸ ਪ੍ਰੀਤਮਾ ਨੇ ਵੀ ਉਸ ਟੂਣੇ ਵਿਚ ਹਿੱਸਾ ਲਿਆ ਹੈ, ਇਹ ਜਾਣ ਕੇ ਮੈਨੂੰ ਬੇਹੱਦ ਗੁੱਸਾ ਆਇਆ।

ਅਖੀਰ, ਦਸਵੇਂ ਜਾਂ ਗਿਆਰ੍ਹਵੇਂ ਦਿਨ ਸੜਕ ਚਾਲੂ ਹੋਈ। ਉਹ ਦ੍ਰਿਸ਼ ਵੀ ਵੇਖਣ ਲਾਇਕ ਸੀ। ਅਣਗਿਣਤ ਬੱਸਾਂ ਤੇ ਮੋਟਰਾਂ ਦੀਆਂ ਪਾਲਾਂ ਖੜ੍ਹੀਆਂ ਸਨ। ਪੀ.ਡਬਲਯੂ.ਡੀ. ਦੇ ਕਰਮਚਾਰੀ ਹੱਥ ਹਿਲਾ-ਹਿਲਾ ਕੇ ਡਰਾਈਵਰਾਂ ਨੂੰ ਅੱਗੇ ਵਧਣ ਲਈ ਕਹਿ ਰਹੇ ਸਨ, ਪਰ ਡਰਾਈਵਰ ਸਨ ਕਿ ਅੱਗੇ ਵਧਣ ਦਾ ਨਾਂ ਹੀ ਨਹੀਂ ਸਨ ਲੈਂਦੇ। ਮੁਸਾਫ਼ਿਰ ਵੀ, ਜੋ ਉਥੋਂ ਜਾਣ ਲਈ ਇਤਨੇ ਉਤਾਵਲੇ ਬਣੇ ਹੋਏ ਸਨ, ਉਸ ਵੇਲੇ ਚੁੱਪ ਕੀਤੇ ਖੜ੍ਹੇ ਸਨ। ਬੱਸਾਂ ਵਿਚ ਜਾ ਕੇ ਬੈਠਣਾ ਤਾਂ ਇਕ ਪਾਸੇ, ਕੋਈ ਪੈਦਲ ਤੁਰ ਕੇ ਵੀ ਅੱਗੇ ਵਧਣ ਲਈ ਤਿਆਰ ਨਹੀਂ ਸੀ। ਸੱਜੇ ਹੱਥ ਕੱਚਾ ਪਹਾੜ ਸੀ, ਤੇ ਖੱਬੇ ਹੱਥ ਖੱਡ ਦੀ ਸਪਾਟ ਕੰਧ ਸੀ ਜੋ ਥੱਲੇ ਜਿਹਲਮ ਦੇ ਕੰਢੇ ਨੂੰ ਛੂੰਹਦੀ ਸੀ। ਮਲਬੇ ਵਿਚੋਂ ਕੱਟ ਕੇ ਬਣਾਈ ਗਈ ਸੜਕ ਦੇ ਕੰਢੇ ਨਾ ਕੋਈ ਜੰਗਲਾ ਸੀ, ਨਾ ਪੱਥਰਾਂ ਦੀ ਕੰਧ। ਉਸ 'ਤੇ ਖਲੋਣ 'ਤੇ ਵੀ ਡਰ ਲੱਗਦਾ ਸੀ।

ਅੱਧਾ ਘੰਟਾ ਇਸੇ ਤਰ੍ਹਾਂ ਬੀਤ ਗਿਆ। ਸਾਰੇ ਹੈਰਾਨ ਪ੍ਰੇਸ਼ਾਨ ਹੋਏ ਇਕ-ਦੂਜੇ ਦਾ ਮੂੰਹ ਵੇਖ ਰਹੇ ਸਨ। ਓਵਰਸੀਅਰ ਇਹ ਯਕੀਨ ਦਿਵਾ-ਦਿਵਾ ਕੇ ਥੱਕ ਗਿਆ ਸੀ ਕਿ ਸੜਕ ਮਜ਼ਬੂਤ ਹੈ, ਤੇ ਉਸ ਉਤੇ ਤੁਰਨ ਵਿਚ ਕੋਈ ਖਤਰਾ ਨਹੀਂ ਹੈ। ਅਖੀਰ ਅੱਕ ਕੇ ਉਹ ਇਕ ਪੱਥਰ 'ਤੇ ਜਾ ਕੇ ਚੁੱਪ-ਚਾਪ ਬੈਠ ਗਿਆ ਸੀ। ਇਤਨੇ ਵਿਚ ਪਿੱਛੋਂ ਇਕ ਛੋਟੀ ਜਿਹੀ, ਹਰੇ ਰੰਗ ਦੀ ਮੋਟਰ ਆਉਂਦੀ ਹੋਈ ਦਿਸੀ। ਉਸ ਵਿਚ ਸਿਰਫ਼ ਇਕੋ ਬੰਦਾ ਬੈਠਾ ਹੋਇਆ ਸੀ ਜੋ ਉਸ ਨੂੰ ਚਲਾ ਰਿਹਾ ਸੀ। ਉਹ ਇਕ ਅੰਗਰੇਜ਼ ਸੀ। ਨੇੜੇ ਆਉਣ 'ਤੇ ਜਦ ਉਸ ਨੇ ਲੋਕਾਂ ਅਤੇ ਬੱਸਾਂ ਦੀ ਇਤਨੀ ਭੀੜ ਵੇਖੀ, ਤਾਂ ਸਫ਼ਰ ਰੋਕ ਕੇ ਕੁਝ ਹੈਰਾਨੀ ਨਾਲ ਵੇਖਣ ਪਿਛੋਂ, ਮੈਨੂੰ ਪੁੱਛਿਆ, "ਕੀ ਹੋਇਆ ਏ ਇਥੇ?"

"ਕੁਝ ਨਹੀਂ।" ਮੈਂ ਕਿਹਾ, "ਮੀਂਹ ਕਰ ਕੇ ਸੜਕ ਟੁੱਟ ਕੇ ਥੱਲੇ ਵਹਿ ਗਈ ਸੀ। ਦਸਾਂ ਦਿਨਾਂ ਦੀ ਮੁਰੰਮਤ ਪਿੱਛੋਂ ਹੁਣ ਠੀਕ ਹੋਈ ਹੈ, ਪਰ ਕੋਈ ਡਰਾਈਵਰ ਅੱਗੇ ਵਧਣ ਦਾ ਹੌਸਲਾ ਨਹੀਂ ਕਰ ਰਿਹਾ ਹੈ।"

ਸੁਣ ਕੇ ਉਹ ਜ਼ੋਰ ਨਾਲ ਹੱਸਿਆ, ਤੇ ਉਸੇ ਵੇਲੇ ਮੋਟਰ ਚਲਾ ਕੇ ਅੱਗੇ ਵਧਿਆ। ਵੇਖਦੇ-ਵੇਖਦੇ ਉਹ ਉਸ ਹਿੱਸੇ ਨੂੰ ਪਾਰ ਕਰ ਕੇ ਕਾਫ਼ੀ ਅੱਗੇ ਨਿਕਲ ਗਿਆ। ਉਸ ਦੇ ਉਥੋਂ ਲੰਘਣ ਦੀ ਦੇਰ ਸੀ ਕਿ ਡਰਾਈਵਰਾਂ ਵਿਚ ਹਲਚਲ ਮਚ ਗਈ। ਦੋਹਾਂ ਪਾਸਿਆਂ ਤੋਂ ਹਰ ਕੋਈ ਉਸ ਹਿੱਸੇ ਨੂੰ ਪਾਰ ਕਰਨ ਲਈ ਜਲਦਬਾਜ਼ੀ ਕਰਨ ਲੱਗਾ। ਨਾ ਉਧਰ ਵਾਲੇ ਇਧਰ ਵਾਲਿਆਂ ਦੀ ਕੋਈ ਗੱਲ ਸੁਣਨ ਲਈ ਤਿਆਰ ਸਨ, ਤੇ ਨਾ ਹੀ ਇਧਰ ਵਾਲੇ ਉਧਰ ਵਾਲਿਆਂ ਦੀ ਕੋਈ ਗੱਲ ਮੰਨਣ ਲਈ ਤਿਆਰ ਸਨ। ਲੜਾਈ ਝਗੜਾ ਹੋਣ ਲੱਗਾ। ਉਸ ਬੌਖਲਾਹਟ ਵਿਚ ਇਕ ਬੱਸ ਦੀ ਛੱਤ 'ਤੇ ਲੱਦਿਆ ਹੋਇਆ, ਬਹੁਤ ਸਾਰਾ ਸਮਾਨ-ਬਿਸਤਰੇ, ਟਰੰਕ, ਟੋਕਰੀਆਂ ਆਦਿ ਖੱਡ ਵਿਚ ਡਿੱਗ ਪਿਆ। ਲੋਕਾਂ ਲਈ ਇਹ ਵੀ ਇਕ ਤਮਾਸ਼ਾ ਬਣ ਗਿਆ। ਇੱਕੜ-ਦੁੱਕੜ ਸਿਪਾਹੀਆਂ ਲਈ ਮੋਟਰਾਂ-ਬੱਸਾਂ ਨੂੰ ਕਿਸੇ ਤਰਤੀਬ ਵਿਚ ਅਗਾਂਹ ਵਧਾਉਣਾ ਬਹੁਤ ਔਖਾ ਹੋ ਗਿਆ। ਜੇ ਸਭ ਕੁਝ ਕਿਸੇ ਨੇਮ ਸਿਰ ਹੁੰਦਾ, ਤਾਂ ਅੱਧੇ-ਪੌਣੇ ਘੰਟੇ ਵਿਚ ਭੀੜ ਘਟ ਜਾਂਦੀ, ਪਰ ਉਸ ਹਾਲਤ ਵਿਚ ਸਾਨੂੰ ਉਹ ਹਿੱਸਾ ਪਾਰ ਕਰਨ ਵਿਚ ਦੋ ਘੰਟੇ ਲੱਗ ਗਏ।

ਉਸ ਦਿਨ ਆਜ਼ਾਦ ਕੌਮ ਤੇ ਗੁਲਾਮ ਕੌਮ ਦਾ ਫਰਕ ਮੈਨੂੰ ਬਹੁਤ ਸਾਫ਼ ਤੌਰ 'ਤੇ ਵਿਖਾਈ ਦਿੱਤਾ। ਮੈਂ ਜੋ ਕੁਝ ਕਿਤਾਬਾਂ ਵਿਚ ਨਹੀਂ ਸੀ ਪੜ੍ਹ ਸਕਦਾ, ਉਹ ਮੈਨੂੰ ਉਸ ਘਟਨਾ ਨੇ ਵਿਖਾ ਦਿੱਤਾ। ਅੰਗਰੇਜ਼, ਆਜ਼ਾਦ ਕੌਮ ਦਾ ਬੰਦਾ ਸੀ। ਆਜ਼ਾਦ ਕੌਮ ਦੇ ਲੋਕਾਂ ਵਿਚ ਖੁਦ ਸੋਚਣ ਤੇ ਫੈਸਲਾ ਕਰਨ ਦੀ ਹਿੰਮਤ ਹੁੰਦੀ ਹੈ। ਗੁਲਾਮ ਕੌਮ ਦੇ ਲੋਕਾਂ ਦਾ ਸੁਭਾਅ ਅਜਿਹਾ ਬਣ ਜਾਂਦਾ ਹੈ ਕਿ ਉਹ ਭੇਡਾਂ ਵਾਂਗ ਕਿਸੇ ਦੇ ਪਿਛੇ ਹੀ ਤੁਰਨਾ ਪਸੰਦ ਕਰਦੇ ਸਨ।

ਇਸ ਘਟਨਾ ਨੂੰ ਮੈਂ ਕਦੇ ਨਹੀਂ ਭੁੱਲ ਸਕਿਆ, ਕਿਉਂਕਿ ਇਸ ਰਾਹੀਂ ਪ੍ਰਾਪਤ ਕੀਤੀ ਸਿੱਖਿਆ ਦੀ ਸੱਚਾਈ ਦੇ ਸਬੂਤ ਮੈਨੂੰ ਆਪਣੇ ਮੁਲਕ ਦੀ ਸਮਾਜਕ ਜ਼ਿੰਦਗੀ ਵਿਚ ਅੱਜ ਤੱਕ ਹਮੇਸ਼ਾ ਮਿਲਦੇ ਰਹੇ ਹਨ। ਜਦ ਮੈਂ ਸਰਕਾਰੀ ਦਫ਼ਤਰਾਂ ਵਿਚ ਵੇਖਦਾ ਹਾਂ ਕਿ ਮੰਤਰੀਆਂ ਤੋਂ ਲੈ ਕੇ ਕਲਰਕਾਂ ਤੱਕ, ਕੋਈ ਵੀ ਬੰਦਾ ਫੈਸਲਾ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਣ ਲਈ ਤਿਆਰ ਨਹੀਂ ਹੁੰਦਾ, ਤਾਂ ਮੈਨੂੰ ਇਹ ਘਟਨਾ ਯਾਦ ਆ ਜਾਂਦੀ ਹੈ। ਜਦ ਮੈਂ ਵੇਖਦਾ ਹਾਂ ਕਿ ਲੋਕ ਲੀਡਰਾਂ ਦੇ ਬਹਿਕਾਵੇ ਵਿਚ ਆ ਕੇ ਇਕ-ਦੂਜੇ ਦੇ ਘਰ ਸਾੜਦੇ ਹਨ, ਇਕ-ਦੂਜੇ ਦੀ ਜਾਨ ਲੈਂਦੇ ਹਨ, ਤੇ ਆਪਣੇ ਹੱਥੀਂ ਪੈਦਾ ਕੀਤੀਆਂ ਮੁਸੀਬਤਾਂ ਦਾ ਖੁਦ ਸ਼ਿਕਾਰ ਬਣਦੇ ਹਨ, ਤਾਂ ਮੈਨੂੰ ਇਹ ਘਟਨਾ ਯਾਦ ਆ ਜਾਂਦੀ ਹੈ।

ਆਖਿਰ ਇਹ ਗੁਲਾਮਾਂ ਵਰਗੀ ਭੇਡ-ਚਾਲ ਕਦ ਖਤਮ ਹੋਵੇਗੀ? ਕਦ ਸਾਡੇ ਮੁਲਕ ਦੇ ਲੋਕ ਆਪਣਾ ਨਫ਼ਾ-ਨੁਕਸਾਨ ਖੁਦ ਸੋਚਣ ਦੇ ਯੋਗ ਹੋਣਗੇ? ਕਦ ਉਹ ਸਮਝਣਗੇ ਕਿ ਮੁਲਕ ਦਾ ਤੇ ਆਪਣਾ ਫਾਇਦਾ ਏਕਤਾ ਤੇ ਜਥੇਬੰਦੀ ਵਿਚ ਹੈ, ਘਿਰਣਾ ਵਿਚ ਨਹੀਂ। ਤੇ ਧਰਮ ਦੇ ਨਾਂ 'ਤੇ ਲੜਨ ਵਾਲੇ ਲੋਕ ਅੱਜ ਵੀ ਉਹੋ ਹਨ ਜੋ ਪਹਿਲਾਂ ਸਾਮਰਾਜ ਦੇ ਪਿੱਠੂ ਸਨ।

ਭਾਸ਼ਾ, ਸੰਸਕ੍ਰਿਤੀ, ਭਾਵਨਾਤਮਕ ਏਕਤਾ, ਪੁਰਾਣੇ ਇਤਿਹਾਸ ਆਦਿ ਨਾਲ ਸਬੰਧਤ ਕਿੰਨੀਆਂ ਹੀ ਅਜਿਹੀਆਂ ਸਮੱਸਿਆਵਾਂ ਹਨ, ਜਿਨ੍ਹਾਂ ਦਾ ਹੱਲ ਸਾਨੂੰ ਸੌਖੀ ਤਰ੍ਹਾਂ ਮਿਲ ਸਕਦਾ ਹੈ, ਬਸ਼ਰਤੇ ਕਿ ਅਸੀਂ ਗੁਲਾਮੀ ਦੇ ਦੌਰ ਵਿਚ ਸਿੱਖੀਆਂ ਗ਼ਲਤ ਗੱਲਾਂ ਛੱਡ ਕੇ ਨਵੇਂ ਸਿਰਿਉਂ, ਨਵੇਂ ਢੰਗ ਨਾਲ, ਸੁਤੰਤਰ ਹੋ ਕੇ ਸੋਚੀਏ, ਤੇ ਨਿਰਪੱਖ ਹੋ ਕੇ ਫੈਸਲਾ ਕਰੀਏ। ਪਰ ਮੈਂ ਆਮ ਤੌਰ 'ਤੇ ਇਹ ਵੇਖਦਾ ਹਾਂ ਕਿ ਆਜ਼ਾਦੀ ਮਿਲਣ ਦੇ ਵੀਹ ਸਾਲ ਬਾਅਦ ਵੀ ਅਸੀਂ ਉਨ੍ਹਾਂ ਹੀ ਲੀਹਾਂ 'ਤੇ ਸੋਚ ਰਹੇ ਹਾਂ ਜੋ ਅੰਗਰੇਜ਼ਾਂ ਨੇ ਪਾਈਆਂ ਸਨ। ਉਨ੍ਹਾਂ ਲੀਹਾਂ ਨੂੰ ਛੱਡਣ ਦੀ ਹਿੰਮਤ ਸਾਡੇ ਵਿਚ ਨਹੀਂ ਹੈ। ਇਸੇ ਲਈ ਸਾਡਾ ਇੰਨਾ ਸਾਰਾ ਸਮਾਂ ਦੇਸ਼ ਕਲਿਆਣ ਦੀ ਥਾਂ ਆਪਸੀ ਲੜਾਈ-ਝਗੜਿਆਂ ਅਤੇ ਵਿਅਰਥ ਦੀ ਨੱਸ-ਭੱਜ ਵਿਚ ਬਰਬਾਦ ਹੋ ਰਿਹਾ ਹੈ।


***ਉਸ ਦਿਨ ਆਜ਼ਾਦ ਕੌਮ ਤੇ ਗੁਲਾਮ ਕੌਮ ਦਾ ਫਰਕ ਮੈਨੂੰ ਬਹੁਤ ਸਾਫ਼ ਤੌਰ 'ਤੇ ਵਿਖਾਈ ਦਿੱਤਾ। ਮੈਂ ਜੋ ਕੁਝ ਕਿਤਾਬਾਂ ਵਿਚ ਨਹੀਂ ਸੀ ਪੜ੍ਹ ਸਕਦਾ, ਉਹ ਮੈਨੂੰ ਉਸ ਘਟਨਾ ਨੇ ਵਿਖਾ ਦਿੱਤਾ। ਅੰਗਰੇਜ਼, ਆਜ਼ਾਦ ਕੌਮ ਦਾ ਬੰਦਾ ਸੀ। ਆਜ਼ਾਦ ਕੌਮ ਦੇ ਲੋਕਾਂ ਵਿਚ ਖੁਦ ਸੋਚਣ ਤੇ ਫੈਸਲਾ ਕਰਨ ਦੀ ਹਿੰਮਤ ਹੁੰਦੀ ਹੈ। ਗੁਲਾਮ ਕੌਮ ਦੇ ਲੋਕਾਂ ਦਾ ਸੁਭਾਅ ਅਜਿਹਾ ਬਣ ਜਾਂਦਾ ਹੈ ਕਿ ਉਹ ਭੇਡਾਂ ਵਾਂਗ ਕਿਸੇ ਦੇ ਪਿਛੇ ਹੀ ਤੁਰਨਾ ਪਸੰਦ ਕਰਦੇ ਸਨ।***




*ਭਾਰਤ ਸਰਕਾਰ ਵੱਲੋਂ 2013 ਵਿਚ ਬਲਰਾਜ ਸਾਹਨੀ ਦੀ ਜਨਮ ਸ਼ਤਾਬਦੀ ਮੌਕੇ ਜਾਰੀ ਡਾਕ ਟਿਕਟ।*

# ਖੁਸ਼ਵੰਤ ਸਿੰਘ ਦੀਆਂ ਮਹਿਫਿਲਾਂ

***ਮਾਰਚ ਦੀ 20 ਤਾਰੀਖ ਨੂੰ ਲੇਖਕ-ਪੱਤਰਕਾਰ ਖੁਸ਼ਵੰਤ ਸਿੰਘ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। 'ਪੰਜਾਬ ਟਾਈਮਜ਼' ਨੇ ਉਨ੍ਹਾਂ ਦੀਆਂ ਕੁਝ ਲਿਖਤਾਂ ਅਤੇ ਉਨ੍ਹਾਂ ਦੀ ਸ਼ਖਸੀਅਤ ਦੇ ਕੁਝ ਪੱਖ ਆਪਣੇ ਪਾਠਕਾਂ ਨਾਲ ਸਾਂਝੇ ਕੀਤੇ। ਖੁਸ਼ਵੰਤ ਸਿੰਘ ਬਾਰੇ ਬਹੁਤ ਸਾਰੇ ਲੋਕਾਂ ਨੇ ਲਿਖਿਆ ਹੈ। ਉਸ ਦੇ ਸਮਕਾਲੀ ਪੰਜਾਬੀ ਲੇਖਕ ਕਰਤਾਰ ਸਿੰਘ ਦੁੱਗਲ ਨੇ ਆਪਣੀ ਸਵੈ-ਜੀਵਨੀ 'ਕਿਸੁ ਪਹਿ ਖੋਲਿਉ ਗੰਠੜੀ' ਵਿਚ ਖੁਸ਼ਵੰਤ ਸਿੰਘ ਦੇ ਲਾਹੌਰ ਦੇ ਦਿਨਾਂ ਦਾ ਜ਼ਿਕਰ ਕੀਤਾ ਹੈ। ਸਾਡੇ ਇਕ ਸੰਜੀਦਾ ਪਾਠਕ ਕੁਲਦੀਪ ਸਿੰਘ ਨੇ ਸਵੈ-ਜੀਵਨੀ ਦਾ ਉਹ ਹਿੱਸਾ ਪਰਚੇ ਵਿਚ ਛਪਣ ਲਈ ਭੇਜਿਆ ਹੈ। ਅਸੀਂ ਆਪਣੇ ਪਿਆਰੇ ਪਾਠਕ ਕੁਲਦੀਪ ਸਿੰਘ ਦੇ ਇਸ ਉਚੇਚ ਲਈ ਉਨ੍ਹਾਂ ਦਾ ਧੰਨਵਾਦ ਕਰਦੇ ਹੋਏ ਕਰਤਾਰ ਸਿੰਘ ਦੁੱਗਲ ਦੇ ਖੁਸ਼ਵੰਤ ਸਿੰਘ ਬਾਰੇ ਲਿਖੇ ਵਿਚਾਰ ਸਾਂਝੇ ਕਰ ਰਹੇ ਹਾਂ। -ਸੰਪਾਦਕ***



**ਕਰਤਾਰ ਸਿੰਘ ਦੁੱਗਲ**

'ਪੰਜ ਦਰਿਆ' ਦਾ ਪੰਜਾਬੀ ਵਿਚ ਪ੍ਰਵੇਸ਼ ਪੰਜਾਬੀ ਪੱਤਰਕਾਰੀ ਦਾ ਮਹੱਤਵਪੂਰਨ ਮੀਲ ਪੱਥਰ ਹੀ ਨਹੀਂ, ਇਹ ਮਾਸਕ ਉਹ ਸਾਹਿਤਕ ਗਤੀਵਿਧੀ ਦਾ ਲਖਾਇਕ ਸੀ, ਜਿਹੜੀ ਪੰਜਾਬ ਦੇ ਅਦਬੀ ਹਲਕਿਆਂ ਵਿਚ ਇਸ ਸ਼ਤਾਬਦੀ ਦੇ ਤੀਜੇ ਦਹਾਕੇ ਦੇ ਅੰਤ ਵਿਚ ਦਿਨ ਪ੍ਰਤੀ ਦਿਨ ਜ਼ੋਰ ਪਕੜ ਰਹੀ ਸੀ। ਉਰਦੂ ਵਿਚ 'ਅਦਬੀ ਦੁਨੀਆ', 'ਅਦਬੋ ਲਤੀਫ਼', 'ਹੁਮਾਯੂੰ' ਵਰਗੇ ਸਾਹਿਤਕ ਮਾਸਕ ਨਵੀਆਂ ਲੀਹਾਂ ਉਡੀਕ ਰਹੇ ਸਨ, ਨਵੇਂ ਤੋਂ ਨਵੇਂ ਲੇਖਕਾਂ ਨੂੰ ਪੇਸ਼ ਕਰ ਰਹੇ ਸਨ। ਪੰਜਾਬੀ ਪਾਠਕ ਦੀ ਇਸ ਨਵੀਂ ਸਾਹਿਤਕ ਰੁਚੀ ਨੂੰ 'ਪ੍ਰੀਤਮ' ਤੇ 'ਫੁਲਵਾੜੀ' ਆਦਿ ਦਕਿਆਨੂਸੀ ਪਰਚੇ ਸੰਤੁਸ਼ਟ ਕਰਨੋਂ ਅਸਮਰਥ ਸਨ। ਮੋਹਨ ਸਿੰਘ ਵਰਗੇ ਪ੍ਰਤਿਭਾਸ਼ਾਲੀ ਸਾਹਿਤਕਾਰ ਦੇ ਸੰਪਾਦਤ ਕੀਤੇ ਰਸਾਲੇ ਨੇ ਪੰਜਾਬੀ ਦੀ ਨਵੀਂ ਲੇਖਣੀ ਨੂੰ ਭਾਰਤ ਦੀਆਂ ਬਾਕੀ ਪ੍ਰਦੇਸ਼ਕ ਬੋਲੀਆਂ ਨਾਲ ਕਦਮ ਮੇਚ ਕੇ ਚੱਲਣਾ ਸਿਖਾਇਆ। ਮੇਰੀ ਜਾਚੇ ਮੋਹਣ ਸਿੰਘ ਦੀਆਂ ਪ੍ਰਾਪਤੀਆਂ ਵਿਚੋਂ ਇਹ ਇਕ ਮਹੱਤਵਪੂਰਨ ਪ੍ਰਾਪਤੀ ਹੈ ਜਿਸ ਵੱਲ ਮੁਨਾਸਿਬ ਧਿਆਨ ਨਹੀਂ ਦਿੱਤਾ ਗਿਆ ਜਾਪਦਾ। ਸਾਹਿਤਕਾਰ ਦੇ ਤੌਰ 'ਤੇ ਮੋਹਣ ਸਿੰਘ ਦਾ ਕੱਦ ਇਤਨਾ ਉਚਾ ਸੀ ਕਿ ਕੋਈ ਵੀ ਸਾਹਿਤਕਾਰ ਭਾਵੇਂ ਉਹ ਤੇਜਾ ਸਿੰਘ ਸੀ, ਭਾਵੇਂ ਸੰਤ ਸਿੰਘ ਸੇਖੋਂ, ਤੇ ਭਾਵੇਂ ਗੁਰਬਚਨ ਸਿੰਘ ਤਾਲਿਬ, ਉਸ ਦੇ ਪਰਚੇ ਲਈ ਲਿਖ ਕੇ ਖੁਸ਼ ਹੁੰਦਾ ਸੀ। ਮੋਹਣ ਸਿੰਘ ਦਾ ਸੁਹਜ-ਸੁਆਦ, ਉਹ ਕਦੀ ਆਪਣੇ ਸਹਿਯੋਗੀਆਂ ਅਤੇ ਪਾਠਕਾਂ ਨੂੰ ਸ਼ਰਮਿੰਦਾ ਨਹੀਂ ਸੀ ਹੋਣ ਦਿੰਦਾ। ਖਬਰੇ ਇਹੀ ਕਾਰਨ ਸੀ ਕਿ 'ਪੰਜ ਦਰਿਆ' ਇਤਨਾ ਮਕਬੂਲ ਨਹੀਂ ਹੋਇਆ, ਜਿਤਨਾ 'ਮੌਜੀ' ਆਦਿ ਪਰਚੇ ਆਪਣੇ-ਆਪਣੇ ਵਕਤਾਂ ਵਿਚ ਹੁੰਦੇ ਰਹੇ, ਪਰ ਇਹ ਬਹਿਸ ਵੱਖਰੀ ਹੈ।

ਇਹ ਉਹ ਦਿਨ ਸਨ ਜਦੋਂ ਤਾਸੀਰ ਤੇ ਫੈਜ਼, ਕ੍ਰਿਸ਼ਨ ਚੰਦਰ, ਬੇਦੀ, ਮੰਟੋ ਤੇ ਮੀਰਾਜੀ ਅਸ਼ਕ ਤੇ ਹਰੀ ਕ੍ਰਿਸ਼ਨ ਪ੍ਰੇਮੀ, ਤੇਜਾ ਸਿੰਘ, ਤਾਲਿਬ, ਗੁਰਬਖਸ਼ ਸਿੰਘ ਤੇ ਸੇਖੋਂ ਲਾਹੌਰ ਦੇ ਸਾਹਿਤਕ ਦਿਸਹੱਦੇ ਉਤੇ ਛਾਏ ਹੋਏ ਸਨ। ਇਨ੍ਹਾਂ ਵਿਚੋਂ ਕੁਝ ਲਾਹੌਰ ਵਿਚ ਸਨ, ਕੁਝ ਅੰਮ੍ਰਿਤਸਰ; ਪਰ ਲਾਹੌਰ ਤੇ ਅੰਮ੍ਰਿਤਸਰ ਇਤਨੇ ਨੇੜੇ ਹੋਣ ਕਰ ਕੇ ਸਾਹਿਤਕ ਹਲਕਿਆਂ ਵਿਚ ਇਸ ਦਾ ਵਿਸ਼ੇਸ਼ ਫਰਕ ਨਹੀਂ ਮਹਿਸੂਸ ਕੀਤਾ ਜਾਂਦਾ ਸੀ।

ਉਨ੍ਹਾਂ ਦਿਨਾਂ ਵਿਚ ਹੀ ਖੁਸ਼ਵੰਤ ਸਿੰਘ ਵਲਾਇਤੋਂ ਪੜ੍ਹ ਕੇ ਲਾਹੌਰ ਵਿਚ ਵਕਾਲਤ ਲਈ ਆ ਵਸਿਆ ਸੀ। ਮਾਲ ਰੋਡ 'ਤੇ ਹਾਈ ਕੋਰਟ ਦੇ ਸਾਹਮਣੇ ਇਕ ਫਲੈਟ ਵਿਚ ਉਹ ਰਹਿ ਰਿਹਾ ਸੀ। ਇਕ ਦਿਨ ਮੇਰੇ ਅਖਬਾਰ ਦੇਣ ਵਾਲੇ ਸਿੱਖ ਮੁੰਡੇ ਨੇ ਮੈਨੂੰ ਦੱਸਿਆ, "ਮਾਲ ਰੋਡ 'ਤੇ ਇਕ ਸਰਦਾਰ ਬੈਰਿਸਟਰ ਆਇਆ ਹੈ ਜਿਸ ਦੀ ਵਹੁਟੀ ਕਮਾਲ ਦੀ ਸੋਹਣੀ ਹੈ।" ਮੈਂ ਉਹਦੇ ਮੂੰਹ ਵੱਲ ਵੇਖਦਾ ਰਹਿ ਗਿਆ। ਇਹ ਵੀ ਕੋਈ ਕਾਰਨ ਵਾਲੀ ਗੱਲ ਸੀ?

ਕੁਝ ਦਿਨ ਪਿਛੋਂ ਖੁਸ਼ਵੰਤ ਨਾਲ ਮੇਰੀ ਮੁਲਾਕਾਤ ਹੋ ਗਈ। ਜਦੋਂ ਮੈਂ ਉਹਦੀ ਤ੍ਰੀਮਤ ਕਵਲ ਨੂੰ ਵੇਖਿਆ ਤਾਂ ਮੈਂ ਆਪਣੇ ਆਪ ਨੂੰ ਕਿਹਾ- 'ਸਚਮੁੱਚ ਮੇਰਾ ਅਖ਼ਬਾਰ ਵਾਲਾ ਮੁੰਡਾ ਕਰਨ ਵਾਲੀ ਗੱਲ ਕਰ ਰਿਹਾ ਸੀ'। ਕਵਲ ਖੁਸ਼ਵੰਤ ਦਾ ਹੁਸਨ... ਉਸ ਵੱਲ ਵੇਖਿਆ ਨਹੀਂ ਸੀ ਜਾਂਦਾ।

ਮੈਂ ਖੁਸ਼ ਸਾਂ, ਮੈਂ ਹਮੇਸ਼ਾ ਪੋਠੋਹਾਰਨਾਂ ਦੇ ਹੁਸਨ ਦਾ ਜ਼ਿਕਰ ਕਰਦਾ ਸਾਂ, ਪਰ ਮੈਨੂੰ ਆਪਣੇ ਨੇੜੇ-ਤੇੜੇ ਕੋਈ ਹੁਸੀਨ ਪੋਠੋਹਾਰਨ ਨਜ਼ਰ ਨਹੀਂ ਆਂਦੀ ਸੀ ਜਿਸ ਵੱਲ ਮੈਂ ਇਸ਼ਾਰਾ ਕਰ ਸਕਾਂ। ਹੁਣ ਮਿਸਾਲ ਦੇਣ ਵਾਲੀ ਮੈਨੂੰ ਪੋਠੋਹਾਰਨ ਮਿਲ ਗਈ ਸੀ। ਇਕ ਖੂਬਸੂਰਤੀ ਕੱਦ-ਬੁੱਤ, ਨਖ-ਸਿਖ ਦੀ ਹੁੰਦੀ ਹੈ; ਇਕ ਖੂਬਸੂਰਤੀ ਕਿਰਦਾਰ ਹੁੰਦੀ ਹੈ। ਕਵਲ ਖੁਸ਼ਵੰਤ ਵਿਚ ਦੋਵੇਂ ਖੂਬਸੂਰਤੀਆਂ ਕੁੱਟ-ਕੁੱਟ ਕੇ ਭਰੀਆਂ ਹੋਈਆਂ ਸਨ। ਇਤਨੀ ਸੋਹਣੀ ਤੇ ਇਤਨੀ ਮਿਲਣਸਾਰ, ਕੁਝ ਦਿਨਾਂ ਵਿਚ ਹੀ ਸਾਰੇ ਲਾਹੌਰ ਵਿਚ ਇਸ ਨਵੇਂ ਜੋੜੇ ਦੀ ਚਰਚਾ ਹੋਣ ਲੱਗ ਪਈ।

ਫੇਰ ਪੰਜਾਬੀ ਦੇ ਚੋਣਵੇਂ ਲੇਖਕ ਸਾਰੇ ਹੀ ਹਫ਼ਤੇ ਦਸ ਦਿਨਾਂ ਵਿਚ ਇਕ ਵਾਰ ਖੁਸ਼ਵੰਤ ਸਿੰਘ ਦੇ ਮਾਲ ਰੋਡ ਵਾਲੇ ਫਲੈਟ ਵਿਚ ਰਲ ਬੈਠਦੇ। ਖਾਂਦੇ-ਪੀਂਦੇ। ਆਪਣੀਆਂ ਨਵੀਆਂ ਲਿਖਤਾਂ ਪੜ੍ਹਦੇ। ਹੋਰਨਾਂ ਦੀਆਂ ਸੁਣਦੇ। ਬਹਿਸ ਕਰਦੇ। ਖੁਸ਼-ਖੁਸ਼ੀਆਂ ਸ਼ਾਮ ਗੁਜ਼ਾਰਦੇ। ਇਨ੍ਹਾਂ ਵਿਚ ਮੋਹਣ ਸਿੰਘ ਹੁੰਦਾ ਸੀ, ਦੇਵਿੰਦਰ ਸਤਿਆਰਥੀ ਹੁੰਦਾ ਸੀ, ਤਾਲਿਬ ਹੁੰਦਾ ਸੀ, ਸੇਖੋਂ ਹੁੰਦਾ ਸੀ, ਤੇ ਇਕ-ਅੱਧ ਵਾਰ ਖ਼ਬਰੇ ਅੰਮ੍ਰਿਤਾ ਪ੍ਰੀਤਮ ਵੀ ਆਈ ਸੀ। ਉਦੋਂ ਉਹ ਅੰਮ੍ਰਿਤ ਕੌਰ ਦੇ ਨਾਂ ਨਾਲ ਜਾਣੀ ਜਾਂਦੀ ਸੀ।

ਲਾਹੌਰ ਵਿਚ ਕਵਲ ਅਤੇ ਖੁਸ਼ਵੰਤ ਦੀ ਜੋੜੀ ਆਦਰਸ਼ਕ ਜੋੜੀ ਗਿਣੀ ਜਾਣ ਲੱਗ ਪਈ ਸੀ। ਦੋਵੇਂ ਨੌਜਵਾਨ ਸਨ, ਦੋਵੇਂ ਸੋਹਣੇ ਸਨ, ਦੋਵੇਂ ਮਿਲਣਸਾਰ ਸਨ। ਮਾਲ ਰੋਡ ਤੋਂ ਗੁਜ਼ਰਦੇ ਕਦੀ ਵੀ ਬੰਦਾ ਉਨ੍ਹਾਂ ਦੇ ਜਾ ਸਕਦਾ ਸੀ। ਖੁਸ਼ਵੰਤ ਸਿੰਘ ਦੀ ਲਾਇਬ੍ਰੇਰੀ ਵਿਚ ਸੱਜਰੀਆਂ ਤੋਂ ਸੱਜਰੀਆਂ ਕਿਤਾਬਾਂ ਹੁੰਦੀਆਂ ਸਨ। ਖੁਸ਼ਵੰਤ ਸਿੰਘ ਹਮੇਸ਼ਾ ਆਪਣੇ ਮਿਲਣ ਵਾਲਿਆਂ ਨੂੰ ਚੰਗੀ ਕਿਤਾਬ ਪੜ੍ਹਾ ਕੇ ਖੁਸ਼ ਹੁੰਦਾ ਸੀ। ਉਨ੍ਹਾਂ ਦੇ ਘਰ ਗੋਸ਼ਟੀਆਂ ਵਿਚ ਜੇ ਤ੍ਰੀਮਤ-ਖਾਵੰਦ ਵੇਖਦੇ ਕਿ ਬੈਠਕ ਬੇਜਾਨ ਹੁੰਦੀ ਜਾ ਰਹੀ ਹੈ, ਤਾਂ ਉਹ ਝੱਟ ਜਾਣ-ਬੁਝ ਕੇ ਆਪ ਵੱਖੋ-ਵੱਖਰੇ ਪੱਖ ਲੈ ਕੇ ਬਹਿਸ ਸ਼ੁਰੂ ਕਰ ਦਿੰਦੇ। ਇਹ ਵੇਖ ਕੇ ਬਾਕੀ ਸਾਹਿਤਕਾਰ ਵੀ ਬਹਿਸ ਵਿਚ ਸ਼ਾਮਲ ਹੋ ਜਾਂਦੇ, ਤੇ ਵਿਚਾਰ-ਵਟਾਂਦਰੇ ਵਿਚ ਗਰਮੀ ਪੈਦਾ ਹੋ ਜਾਂਦੀ।

ਇਕ ਗੋਸ਼ਟੀ ਵਿਚ ਮੋਹਣ ਸਿੰਘ ਨੇ 'ਪੀਰ ਬਖ਼ਸ਼' ਨਾਂ ਦੀ ਆਪਣੀ ਸੱਜਰੀ ਕਹਾਣੀ ਸੁਣਾਈ। ਕਹਾਣੀ ਤੋਂ ਬਾਅਦ ਹੋਈ ਬਹਿਸ ਵਿਚ ਮੈਂ ਹਿੱਸਾ ਨਹੀਂ ਲਿਆ। ਹਰ ਕੋਈ ਮੁੜ-ਮੁੜ ਮੇਰੇ ਵੱਲ ਵੇਖਦਾ ਸੀ। ਅਖ਼ੀਰ ਮੈਥੋਂ ਰਿਹਾ ਨਾ ਗਿਆ, ਤੇ ਮੈਂ ਕਿਹਾ, "ਮੈਂ ਨਹੀਂ ਸੋਚਦਾ ਇਹ ਕਹਾਣੀ ਮੋਹਣ ਸਿੰਘ ਦੀ ਮੌਲਿਕ ਰਚਨਾ ਹੈ।" ਜਿਵੇਂ ਬੰਬ ਫਟਿਆ ਹੋਵੇ, ਸਾਰੇ ਕਮਰੇ ਵਿਚ ਖਾਮੋਸ਼ੀ ਛਾ ਗਈ। ਮੋਹਣ ਸਿੰਘ ਨੇ ਇਕਦਮ ਆਵੇਸ਼ ਵਿਚ ਆ ਕੇ ਮੇਰੇ ਬਿਆਨ ਨੂੰ ਚੁਣੌਤੀ ਦਿੱਤੀ। ਮੋਹਣ ਸਿੰਘ ਲਈ ਮੇਰਾ ਆਦਰ... ਮੈਂ ਕਿਹਾ- "ਜਿਸ ਕਹਾਣੀ ਦੇ ਆਧਾਰ 'ਤੇ ਇਹ ਕਹਾਣੀ ਲਿਖੀ ਗਈ ਹੈ, ਮੈਂ ਉਹ ਕਹਾਣੀ ਅਗਲੀ ਵਾਰ ਗੋਸ਼ਟੀ ਦੇ ਸਾਹਮਣੇ ਪੇਸ਼ ਕਰ ਦਿਆਂਗਾ।"

ਮੋਹਣ ਸਿੰਘ ਅਜੇ ਵੀ ਗੁੱਸੇ ਵਿਚ ਸੀ; ਤਾਂ ਜੋ ਬਦਮਜ਼ਗੀ ਨਾ ਵਧੇ, ਖੁਸ਼ਵੰਤ ਨੇ ਰਾਏ ਦਿੱਤੀ ਕਿ ਅੰਗਰੇਜ਼ੀ ਦੀ ਜਿਸ ਕਹਾਣੀ ਵੱਲ ਮੇਰਾ ਇਸ਼ਾਰਾ ਸੀ, ਉਹ ਕਹਾਣੀ ਕਵਲ ਨੂੰ ਪੜ੍ਹਾਈ ਜਾਏ ਤੇ ਫੈਸਲਾ ਉਸ ਉਤੇ ਛੱਡ ਦਿੱਤਾ ਜਾਏ। ਮੈਂ ਅਗਲੇ ਦਿਨ ਉਹ ਕਹਾਣੀ ਜਿਸ ਨੂੰ ਮੋਹਣ ਸਿੰਘ ਨੇ ਆਪਣੀ ਕਹਾਣੀ ਦਾ ਆਧਾਰ ਬਣਾਇਆ ਸੀ, ਕਵਲ ਨੂੰ ਪਹੁੰਚਾ ਦਿੱਤੀ।

ਕਵਲ ਨੇ ਅੰਗਰੇਜ਼ੀ ਦੀ ਕਹਾਣੀ 'ਦਿ ਟਿਕਟ' ਪੜ੍ਹੀ, ਤੇ ਉਹ ਮੇਰੇ ਨਾਲ ਸਹਿਮਤ ਸੀ ਕਿ ਬੇਸ਼ੱਕ ਮੋਹਣ ਸਿੰਘ ਦੀ ਕਹਾਣੀ 'ਪੀਰ ਬਖ਼ਸ਼' ਅਤਿਅੰਤ ਜ਼ੋਰਦਾਰ ਰਚਨਾ ਹੈ; ਇਸ ਵਿਚ ਮੌਲਿਕ ਰਚਨਾ ਦੇ ਸਾਰੇ ਗੁਣ ਹਨ, ਲੇਖਕ ਦੀ ਕਲਮ ਦਾ ਇਹ ਕਮਾਲ ਹੈ ਕਿ ਕਿਤੇ ਵੀ ਇਹ ਮਹਿਸੂਸ ਨਹੀਂ ਹੁੰਦਾ ਕਿ ਇਹ ਕਹਾਣੀ ਕਿਸੇ ਪਰਾਈ ਰਚਨਾ ਦੇ ਆਧਾਰ 'ਤੇ ਰਚੀ ਗਈ ਹੈ, ਪਰ ਇਸ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ 'ਪੀਰ ਬਖ਼ਸ਼' ਅੰਗਰੇਜ਼ੀ ਕਹਾਣੀ 'ਦਿ ਟਿਕਟ' ਦਾ ਚਰਬਾ ਹੈ।

ਪਰ ਇਤਨੇ ਵੱਡੇ ਸਾਹਿਤਕਾਰ ਨੂੰ ਇਹ ਗੱਲ ਕਿਵੇਂ ਕਹੀ ਜਾਏ? ਤੇ ਫੇਰ ਖੁਸ਼ਵੰਤ ਦੇ ਘਰ ਅਗਲੀ ਗੋਸ਼ਟੀ ਟਲ ਗਈ। ਇੰਜ ਟਲਦੀ-ਟਲਦੀ ਪੰਜਾਬੀ ਲੇਖਕਾਂ ਦੀ ਬੈਠਕ ਜਿਹੜੀ ਖੁਸ਼ਵੰਤ ਦੇ ਘਰ ਹੁੰਦੀ ਸੀ, ਉਹ ਖ਼ਤਮ ਹੋ ਗਈ। ਇਸ ਦੀ ਬਜਾਏ ਅੰਗਰੇਜ਼ੀ ਵਿਚ ਲਿਖਣ ਵਾਲੇ ਲਾਹੌਰ ਦੇ ਸਾਹਿਤਕਾਰ ਖੁਸ਼ਵੰਤ ਦੇ ਘਰ ਮਿਲ-ਬਹਿਣ ਲੱਗ ਪਏ। ਇਨ੍ਹਾਂ ਵਿਚ ਈ. ਮੰਗਤ ਰਾਏ, ਕ੍ਰਿਸ਼ਨ ਸ਼ੰਗਲੂ, ਇਕਬਾਲ ਸਿੰਘ, ਚੰਪਾ ਸਿੰਘਾ ਆਦਿ ਲੋਕੀਂ ਹੁੰਦੇ ਸਨ।



***ਮੈਨੂੰ ਯਾਦ ਹੈ, ਖੁਸ਼ਵੰਤ ਨੇ ਜਦੋਂ ਆਪਣੀ ਪਹਿਲੀ ਕਹਾਣੀ ਅੰਗਰੇਜ਼ੀ ਵਿਚ ਲਿਖੀ, ਉਹਨੂੰ ਕਿਤਨੀ ਘਬਰਾਹਟ ਹੋ ਰਹੀ ਸੀ। ਕਹਾਣੀ ਲਿਖ ਕੇ ਉਸ ਟਾਈਪ ਤੇ ਕਰਵਾ ਲਈ ਸੀ, ਪਰ ਕਿਸੇ ਨੂੰ ਵਿਖਾ ਨਹੀਂ ਰਿਹਾ ਸੀ। ਜਿਹੜਾ ਖੁਸ਼ਵੰਤ ਸਿੰਘ ਵਕਤ ਪਾ ਕੇ ਭਾਰਤ ਦਾ ਮੁੱਖ ਪੱਤਰਕਾਰ ਬਣਿਆ, ਉਹਦੀ ਸ਼ੁਰੂਆਤ ਸਾਡੇ ਸਾਹਮਣੇ ਉਨ੍ਹਾਂ ਦਿਨਾਂ ਵਿਚ ਹੋ ਰਹੀ ਸੀ। ਖੁਸ਼ਵੰਤ ਜਿਹੜੀ ਕਿਤਾਬ ਲੈਂਦਾ, ਉਹਨੂੰ ਸ਼ੌਕ ਨਾਲ ਪੜ੍ਹਦਾ।***

ਮੈਨੂੰ ਯਾਦ ਹੈ, ਖੁਸ਼ਵੰਤ ਨੇ ਜਦੋਂ ਆਪਣੀ ਪਹਿਲੀ ਕਹਾਣੀ ਅੰਗਰੇਜ਼ੀ ਵਿਚ ਲਿਖੀ, ਉਹਨੂੰ ਕਿਤਨੀ ਘਬਰਾਹਟ ਹੋ ਰਹੀ ਸੀ। ਕਹਾਣੀ ਲਿਖ ਕੇ ਉਸ ਟਾਈਪ ਤੇ ਕਰਵਾ ਲਈ ਸੀ, ਪਰ ਕਿਸੇ ਨੂੰ ਵਿਖਾ ਨਹੀਂ ਰਿਹਾ ਸੀ। ਜਿਹੜਾ ਖੁਸ਼ਵੰਤ ਸਿੰਘ ਵਕਤ ਪਾ ਕੇ ਭਾਰਤ ਦਾ ਮੁੱਖ ਪੱਤਰਕਾਰ ਬਣਿਆ, ਉਹਦੀ ਸ਼ੁਰੂਆਤ ਸਾਡੇ ਸਾਹਮਣੇ ਉਨ੍ਹਾਂ ਦਿਨਾਂ ਵਿਚ ਹੋ ਰਹੀ ਸੀ। ਖੁਸ਼ਵੰਤ ਜਿਹੜੀ ਕਿਤਾਬ ਲੈਂਦਾ, ਉਹਨੂੰ ਸ਼ੌਕ ਨਾਲ ਪੜ੍ਹਦਾ। ਹਰ ਨਵੇਂ ਸ਼ਬਦ, ਹਰ ਨਵੇਂ ਮੁਹਾਵਰੇ, ਹਰ ਨਵੀਂ ਬਣਤ ਦੀ ਨਿਸ਼ਾਨਦੇਹੀ ਕਰਦਾ, ਤੇ ਪੁਸਤਕ ਦੀ ਜਿਲਦ ਦੇ ਖਾਲੀ ਪੰਨਿਆਂ 'ਤੇ ਇਸ ਸਭ ਕੁਝ ਨੂੰ ਅੰਕਿਤ ਕਰਦਾ ਰਹਿੰਦਾ। ਜਿਸ ਲੇਖਕ ਨੂੰ ਲੈਂਦਾ ਵਸੋਂ-ਵਸੋਂ ਉਸ ਦੀ ਹਰ ਰਚਨਾ ਪੜ੍ਹਦਾ। ਉਨ੍ਹਾਂ ਦਿਨਾਂ ਵਿਚ ਆਲਡੁਅਸ ਹਕਸਲੇ ਦਾ ਬੜਾ ਚਰਚਾ ਸੀ। ਖੁਸ਼ਵੰਤ ਦੀ ਲਾਇਬਰੇਰੀ ਵਿਚ ਹਕਸਲੇ ਦੀਆਂ ਸਾਰੀਆਂ ਰਚਨਾਵਾਂ ਸਨ। ਹਰ ਕਿਤਾਬ ਉਹਨੇ ਪੜ੍ਹੀ ਹੋਈ ਸੀ। ਉਹਦੀ ਲਾਇਬ੍ਰੇਰੀ ਵਿਚ ਹਰ ਕਿਤਾਬ 'ਤੇ ਇਸ ਦੀ ਗਵਾਹੀ ਮੌਜੂਦ ਸੀ।

ਕਹਾਣੀ ਲੇਖਕ ਦੇ ਤੌਰ 'ਤੇ ਖੁਸ਼ਵੰਤ ਮੇਰਾ ਕਾਇਲ ਸੀ ਪਰ ਉਹ ਚਾਹੁੰਦਾ ਸੀ, ਮੈਂ ਨਾਟਕ ਵੀ ਕਹਾਣੀਆਂ ਵਰਗੇ ਵਧੀਆ ਲਿਖਾਂ। ਤਾਹੀਉਂ ਉਸ ਵਰ੍ਹੇ ਨਵੇਂ ਸਾਲ ਦੀ ਸੁਗਾਤ ਉਸ ਮੈਨੂੰ ਅੰਗਰੇਜ਼ੀ ਵਿਚ ਸ੍ਰੇਸ਼ਟ ਨਾਟਕਾਂ ਦਾ ਸੰਗ੍ਰਹਿ ਭੇਟ ਕੀਤਾ। ਮੈਂ ਉਸ ਦਾ ਇਸ਼ਾਰਾ ਸਮਝ ਗਿਆ, ਤੇ ਨਾਟਕਾਂ ਵੱਲ ਵਧੇਰੇ ਧਿਆਨ ਦੇਣ ਲੱਗ ਪਿਆ। ਉਨ੍ਹਾਂ ਦਿਨਾਂ ਵਿਚ ਰੇਡੀਓ ਤੋਂ ਮੇਰੇ ਨਾਟਕ ਪ੍ਰਸਾਰਿਤ ਹੋਣ ਲੱਗ ਪਏ ਸਨ। ਇਕ-ਅੱਧ ਵਿਚ ਕਵਲ ਨੇ ਵੀ ਭਾਗ ਲਿਆ ਸੀ।

**ਪੇਸ਼ਕਸ਼: ਕੁਲਦੀਪ ਸਿੰਘ**

# ਸੋਨੇ ਦੇ ਕਲਿੱਪ ਬਣਵਾ ਦੇ...

ਕਲਿੱਪ ਗਹਿਣਿਆਂ ਦੇ ਖੇਤਰ ਵਿਚ ਆਪਣਾ ਅਹਿਮ ਸਥਾਨ ਰੱਖਦੇ ਹਨ। ਕਲਿੱਪਾਂ ਨੂੰ ਜੇ ਪੰਜਾਬੀ ਮੁਟਿਆਰ ਦਾ ਮਨਭਾਉਂਦਾ ਗਹਿਣਾ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਕਲਿੱਪ ਜੋੜੀ ਦੇ ਰੂਪ ਵਿਚ ਹੁੰਦੇ ਹਨ ਜਿਹੜੇ ਇੱਕ-ਦੂਜੇ ਨਾਲ ਲੰਮੇ ਕਾਲੇ ਧਾਗੇ ਨਾਲ ਬੰਨ੍ਹੇ ਹੋਏ ਹੁੰਦੇ ਹਨ। ਪਹਿਲੇ ਸਮਿਆਂ ਵਿਚ ਕਲਿੱਪ ਪਹਿਨਣ ਦਾ ਸ਼ੌਕ ਸਿਖ਼ਰਾਂ 'ਤੇ ਸੀ। ਮੁਟਿਆਰ ਕਲਿੱਪਾਂ ਨੂੰ ਆਪਣੇ ਸਿਰ ਦੇ ਦੋਵੇਂ ਪਾਸੇ ਜੜਦੀ ਸੀ। ਕਲਿੱਪ ਮੁਟਿਆਰ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦੇ ਸਨ।

ਕਲਿੱਪਾਂ (ਜਿਹੜੇ ਪਹਿਲਾਂ ਸੋਨੇ ਦੀ ਛੋਟੀ ਜਿਹੀ ਡਲੀ ਦੇ ਰੂਪ ਵਿਚ ਹੁੰਦੇ ਹਨ), ਨੂੰ ਕੁਠਾਲੀ ਵਿਚ ਪਾ ਕੇ ਢਾਲ ਲਿਆ ਜਾਂਦਾ ਹੈ, ਤੇ ਫਿਰ ਉਸ ਨੂੰ ਵੇਲਣੇ ਰਾਹੀਂ ਵੇਲ ਕੇ ਪੱਤਰੇ ਦੀ ਸ਼ਕਲ ਦਾ ਬਣਾ ਲਿਆ ਜਾਂਦਾ ਹੈ। ਇਸ ਪੱਤਰੇ ਨੂੰ ਫਿਰ ਮਸ਼ੀਨ ਵਿਚ ਪਾਇਆ ਜਾਂਦਾ ਹੈ ਜਿਹੜੀ ਕਲਿੱਪਾਂ ਨੂੰ ਡਿਜ਼ਾਈਨ ਮੁਤਾਬਕ ਕੱਟ ਦਿੰਦੀ ਹੈ। ਫਿਰ ਇਨ੍ਹਾਂ ਨੂੰ ਕੋਲੇ 'ਤੇ ਰੱਖ ਕੇ ਮਸਾਲੇ ਅਤੇ ਟਾਂਕੇ ਦੀ ਸਹਾਇਤਾ ਨਾਲ ਬਣਾਇਆ ਜਾਂਦਾ ਹੈ।

ਕਲਿੱਪਾਂ ਉੱਪਰ ਜ਼ਿਆਦਾਤਰ ਮੋਰਨੀਆਂ ਦੀ ਛਿਲਾਈ ਕੀਤੀ ਜਾਂਦੀ ਹੈ। ਕਲਿੱਪਾਂ ਦੀ ਖਾਸੀਅਤ ਇਹ ਹੈ ਕਿ ਇਨ੍ਹਾਂ 'ਤੇ ਜਿਹੜੀਆਂ ਮੋਰਨੀਆਂ ਪਾਈਆਂ ਹੁੰਦੀਆਂ ਹਨ, ਉਨ੍ਹਾਂ ਦੀ ਅੱਖ ਵਿਚ ਲਾਲ ਰੰਗ ਦਾ ਨਗ ਪਾਇਆ ਜਾਂਦਾ ਹੈ। ਇਹ ਨਗ ਇਨ੍ਹਾਂ ਦੀ ਸੁੰਦਰਤਾ ਨੂੰ ਚਾਰ-ਚੰਨ ਲਾਉਂਦਾ ਹੈ।

ਪੁਰਾਣੇ ਸਮੇਂ ਦੌਰਾਨ ਮੇਲਿਆਂ, ਵਿਆਹਾਂ ਜਿਹੇ ਖੁਸ਼ੀ ਦੇ ਮੌਕਿਆਂ 'ਤੇ ਮੁਟਿਆਰਾਂ ਆਪਣੇ ਸਿਰਾਂ 'ਤੇ ਕਲਿੱਪ ਸਜਾ ਕੇ ਆਉਂਦੀਆਂ ਸਨ। ਇਹ ਇਕੱਲਾ ਬਹੁਤ ਘੱਟ ਡਿੰਗਦਾ ਹੈ। ਜੇ ਇਹ ਕਦੇ ਡਿੰਗਦਾ ਵੀ ਹੈ, ਤਾਂ ਆਪਣੇ ਨਾਲ ਦੇ ਦੂਜੇ ਕਲਿੱਪ ਨੂੰ ਨਾਲ ਲੈ ਕੇ ਡਿੰਗਦਾ ਹੈ। ਵੈਸੇ ਪੱਕੇ ਧਾਗੇ ਨਾਲ ਬੰਨ੍ਹਿਆ ਹੋਣ ਕਰ ਕੇ ਇਨ੍ਹਾਂ ਦੀ ਜੋੜੀ ਦੇ ਡਿੰਗਣ ਦੀ ਸੰਭਾਵਨਾ ਬਹੁਤ ਹੀ ਘੱਟ ਹੁੰਦੀ ਹੈ।

ਹੁਣ ਮਹਿੰਗਾਈ ਵਾਲੇ ਅਤੇ ਤੇਜ਼ ਰਫ਼ਤਾਰ ਜ਼ਮਾਨੇ ਵਿਚ ਮੁਟਿਆਰਾਂ ਵਿਚ ਕਲਿੱਪ ਪਾਉਣ ਦਾ ਸ਼ੌਕ ਖੰਭ ਲਾ ਕੇ ਉੱਡ ਗਿਆ ਹੈ। ਸੋਨਾ ਦੇ ਭਾਅ ਅਸਮਾਨੀਂ ਚੜ੍ਹਨ ਕਰ ਕੇ ਬਹੁਤ ਸਾਰੇ



ਲੋਕਾਂ ਨੇ ਆਪਣੀਆਂ ਕੁੜੀਆਂ ਨੂੰ ਕਲਿੱਪ ਪਾਉਣੇ ਛੱਡ ਦਿੱਤੇ ਹਨ। ਉਂਝ ਇਸ ਦਾ ਮਤਲਬ ਇਹ ਨਹੀਂ ਕਿ ਕਲਿੱਪਾਂ ਦੀ ਹੋਂਦ ਹੀ ਖ਼ਤਮ ਹੋ ਗਈ ਹੈ। ਕਈ ਪਿੰਡਾਂ ਵਿਚ ਅੱਜ ਵੀ ਬਹੁਤ ਸਾਰੀਆਂ ਮੁਟਿਆਰਾਂ ਅਤੇ ਔਰਤਾਂ ਨੇ ਕਲਿੱਪ ਪਾਏ ਹੋਏ ਹੁੰਦੇ ਹਨ। ਹੋਰ ਗਹਿਣਿਆਂ ਵਾਂਗ ਕਲਿੱਪਾਂ ਨੂੰ ਵੀ ਲੋਕ ਗੀਤਾਂ, ਲੋਕ ਬੋਲੀਆਂ ਅਤੇ ਬਾਲੋ ਮਾਹੀਆ ਆਦਿ ਵਿਚ ਖਾਸ ਮਹੱਤਤਾ ਹਾਸਲ ਹੈ। ਇਹ ਸਾਹਿਤ ਦਾ ਅਮੁੱਲ ਖਜ਼ਾਨਾ ਹੈ। ਕੋਈ ਮੁਟਿਆਰ ਆਪਣੇ ਪ੍ਰੇਮੀ ਨੂੰ ਕਲਿੱਪ ਬਣਵਾ ਕੇ ਦੇਣ ਲਈ ਉਸ ਦੇ ਤਰਲੇ ਪਾਉਂਦੀ ਹੈ:

ਮੈਨੂੰ ਸੋਨੇ ਦੇ ਕਲਿੱਪ ਬਣਵਾ ਦੇ,
ਮੈਂ ਗਿੱਧੇ ਵਿਚ ਜਾਣਾ ਮਿੱਤਰਾ।

ਪ੍ਰੇਮੀ ਆਪਣੀ ਪ੍ਰੇਮਿਕਾ ਨੂੰ ਆਪਣੀ ਗੁਰਬਤ ਦਾ ਜ਼ਿਕਰ ਕਰਨ ਤੋਂ ਡਰਦਾ ਹੈ। ਉਹ ਹਰ ਤਰ੍ਹਾਂ ਨਾਲ ਆਪਣੀ ਗੁਰਬਤ 'ਤੇ ਪਰਦਾ ਹੀ ਪਿਆ ਰਹਿਣ ਦੇਣਾ ਚਾਹੁੰਦਾ ਹੈ। ਇਸੇ ਲਈ ਉਹ ਪ੍ਰੇਮਿਕਾ ਕਹਿੰਦਾ ਹੈ:

ਕੀ ਕਰਨੇ ਕਲਿੱਪ ਬਣਵਾ ਕੇ,
ਨੀ ਸਿਰ ਵੱਢ-ਵੱਢ ਖਾਣਗੇ।

ਇਸ ਤੋਂ ਇਲਾਵਾ ਉਹ ਆਪਣੀ ਪ੍ਰੇਮਿਕਾ ਨੂੰ ਹਰ ਵਾਰ ਹੀ ਕਲਿੱਪ ਬਣਵਾ ਕੇ ਦੇਣ ਦੇ ਲਾਰੇ-ਲੱਪੇ ਲਾਉਂਦਾ ਹੈ, ਤੇ ਅਖ਼ੀਰ ਉਸ ਦੇ ਲਾਰਿਆਂ ਤੋਂ ਤੰਗ ਆ ਕੇ ਉਸ ਦੀ ਪ੍ਰੇਮਿਕਾ ਉਸ ਨੂੰ ਤਾਅਨਾ ਜਿਹਾ ਮਾਰਦੀ ਹੈ:

ਮੇਰੇ ਸੋਨੇ ਦੇ ਕਲਿੱਪ ਨਾ ਆਏ,
ਵੇ ਹਾੜ੍ਹੀ ਅਤੇ ਸਾਉਣੀ ਲੰਘ ਗਈ।

ਕਈ ਵਾਰੀ ਕੋਈ ਮੁਟਿਆਰ ਆਪਣੇ ਅਮਲੀ ਪਤੀ ਤੋਂ ਤੰਗ ਆ ਕੇ ਆਪਣੀਆਂ ਸਹੇਲੀਆਂ ਕੋਲ ਉਸ ਦੀਆਂ ਕਰਤੂਤਾਂ ਦੱਸਦੀ ਹੈ ਜਿਹੜਾ ਉਹਦੇ ਮਾਪਿਆਂ ਵੱਲੋਂ ਪਾਏ ਹੋਏ ਸੋਨੇ ਦੇ ਕਲਿੱਪ ਵੇਚ ਕੇ ਨਸ਼ਾ ਖਾ ਗਿਆ ਹੁੰਦਾ ਹੈ। ਇਸ ਸਬੰਧੀ ਉਹ ਆਪਣੇ ਜਜ਼ਬਾਤ ਇਸ ਤਰ੍ਹਾਂ ਪ੍ਰਗਟ ਕਰਦੀ ਹੈ:

ਮੇਰਾ ਅਮਲੀ ਸਈਓ ਘਰਵਾਲਾ,
ਵੇਚ ਕੇ ਕਲਿੱਪ ਖਾ ਗਿਆ।

ਕਲਿੱਪ ਪੇਂਡੂ ਸਭਿਆਚਾਰ ਨਾਲ ਖਾਸ ਸਬੰਧ ਰੱਖਦੇ ਹਨ। ਇਹਦੇ ਨਾਲ ਬਹੁਤ ਸਾਰੀਆਂ ਸਭਿਆਚਾਰਕ ਸਾਂਝਾਂ ਜੁੜੀਆਂ ਹੋਈਆਂ ਹਨ।

**-ਹਰਪਾਲ ਸਨੇਹੀ ਘੱਗਾ**

Since 1990

# PCS SACRAMENTO

Non Profit

Presents

(USA)

25ਵਾਂ

ਸਿਲਵਰ ਜੁਬਲੀ ਸੈਲੀਬ੍ਰੇਸ਼ਨਜ਼

# ਵਿਸਾਖੀ ਮੇਲਾ

# Visakhi Mela







## Featuring : Songs, Gidha & Bhangra, Dances, Skits and Much More

**Celebration On Saturday 19th April 2014 at 3:00 P.M.**

# S.E.S. Hall

**10427 E. STOCKTON BLVD. ELK GROVE, CA 95624**

Spcl. Appearance

**Bhangra & Gidda**



**ਸਹਿਯੋਗੀ ਜਥੇਬੰਦੀਆਂ :** ਇੰਡੋ ਅਮੈਰੀਕਨ ਹੈਰੀਟੇਜ ਫੋਰਮ (ਫਰਿਜ਼ਨੋ), ਜੀ. ਐਚ. ਜੀ. ਅਤੇ ਸੰਗੀਤ ਅਕੈਡਮੀ (ਫਰਿਜ਼ਨੋ), ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ, ਪੰਜਾਬੀ ਅਮੈਰੀਕਨ ਹੈਰੀਟੇਜ ਸੁਸਾਇਟੀ (ਯੂਬਾਸਿਟੀ), ਪੰਜਾਬੀ ਕਲਚਰਲ ਐਸੋਸੀਏਸ਼ਨ ਆਫ ਸੈਂਟਰਲ ਵੈਲੀ (ਫਰਿਜ਼ਨੋ), ਡਾਇਮੰਡ ਕਲੱਬ ਸੈਕਰਾਮੈਂਟੋ, ਇੰਡੋ ਅਮੈਰੀਕਨ ਦੇਸ ਭਗਤ ਫਾਊਂਡੇਸ਼ਨ, ਇੰਡਸ ਵੈਲੀ ਅਮੈਰੀਕਨ ਚੈਂਬਰ ਆਫ ਕਾਮਰਸ, ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜ਼ੇਸ਼ਨ, ਗ਼ਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰੀਕਾ, ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਸਟਾਕਟਨ ਯੂਨਿਟ), ਇੰਡੋ ਅਮੈਰੀਕਨ ਕਲਚਰਲ ਐਂਡ ਸਪੋਰਟਸ ਆਰਗੇਨਾਈਜ਼ੇਸ਼ਨ ਯੂ.ਐਸ.ਏ. ਅਤੇ ਪੰਜਾਬੀ ਵਿਰਸਾ ਸੰਭਾਲ।

**ਪ੍ਰਬੰਧਕੀ ਕਮੇਟੀ:** ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿਲੋਂ, ਸੁਰਿੰਦਰ ਬਿੰਦਰਾ, ਅਜੈਬ ਕਾਹਲੋਂ, ਰਸ਼ਪਾਲ ਫਰਵਾਲਾ, ਜਰਨੈਲ ਸਰਪੰਚ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਰੀਹਲ, ਜਸਵਿੰਦਰ ਪੂਨੀ, ਜਸਵੰਤ ਸ਼ਾਦ, ਅਰਜਿੰਦਰ ਕੁੱਕੀ, ਪਵਿੱਤਰ ਨਾਹਲ, ਸਤਵਿੰਦਰ ਰੰਗੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਵੀਰ ਜੋਹਲ, ਅਵਤਾਰ ਡੌਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੱਦੀ, ਪਾਲ ਸਿੰਘ, ਮਨੋਹਰ ਲਾਲ ਰੌਂਤੀ, ਜਰਨੈਲ ਮੰਡੇਰ, ਜਗਜੀਤ ਕੰਦੋਲਾ, ਦਲਜੀਤ ਸਿੰਘ ਲੋਪੋਂ, ਡੌਲੀ ਸਿੰਘ, ਯਾਦਵਿੰਦਰ ਗਿੱਲ, ਕਰਮਜੀਤ ਮਿਨਹਾਸ, ਜਤਿੰਦਰ ਸਿੰਘ, ਸਤਨਾਮ ਸਿੰਘ ਤਾਤਲਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਢੁੰਬਰ (ਐਡੀਟਰ ਦੇਸ਼ ਦੋਆਬਾ)

**ਸਪੌਂਸਰ ਕਰਤਾ:** ਹਰਜੀਤ ਸਿੰਘ (ਮਾਊਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਇੰਦਰਜੀਤ ਸਿੰਘ (ਮਾਊਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ ਫਲੋਰੀਨ), ਬੰਗਾ ਪੈਲੇਸ, ਇੰਡੀਆ ਹਾਊਸ ਆਫ ਗਰੋਸਰੀ, ਦੇਸੀ ਬਾਜ਼ਾਰ, ਇੰਡੀਆ ਸਪਾਈਸਜ਼ ਐਂਡ ਮਿਊਜ਼ਿਕ ਇਨ ਐਲਕਗ੍ਰੋਵ, ਰਾਜਿੰਦਰ ਸਿੰਘ, ਗੁਰਨੇਕ ਸਿੰਘ, ਜਸਵਿੰਦਰ ਸੰਧੂ, ਅਵਤਾਰ ਅਟਵਾਲ, ਚਰਨ ਬੜਵਾਲ, ਪਿਆਰਾ ਸਿੰਘ ਪਰਹਾਰ, ਮਲਕੀਤ ਬੋਪਾਰਾਏ, ਜੱਸੀ ਸੰਘਾ (ਪਾਵਰ ਮਾਰਟ), ਏ.ਵੀ. ਸਵੀਟਸ, ਮਨਜੀਤ ਢਿਲੋਂ (ਮੋਡੈਸਟੋ), ਮਨਪ੍ਰੀਤ ਸਿੰਘ, ਪਰਮਿੰਦਰਜੀਤ ਸਿੰਘ, ਜਸਵੰਤ ਸਿੰਘ, ਗੁਰਚੇਤਨ ਸਿੰਘ, ਮਨਜੀਤ ਸਿੰਘ, ਕੁਲਵਿੰਦਰ ਬੈਂਬੀ, ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇੰਮੀਗ੍ਰੇਸ਼ਨ ਟੈਕਸ ਸਰਵਿਸ), ਪਰਮਜੀਤ ਧਾਲੀਵਾਲ (ਫਰਿਜ਼ਨੋ), ਅਮਰਜੀਤ ਦੂਲੇ, ਗੁਰਮੁਖ ਗੋਸਲ (ਸ਼ੇਰੇਟਨ ਹੋਟਲ), Wells Fargo Bank, Money Gram (Fast Trip Florin Road), ਮਨਜੀਤ ਸਿੰਘ, ਨਿਰਮਲ ਸਿੰਘ, ਗੁਰਦੀਪ ਢਿਲੋਂ, ਜਸਵਿੰਦਰ ਬੋਪਾਰਾਏ, ਜਸਵੀਰ ਬਾਂਦੀ (World Financial Group), ਜੇ.ਆਰ. ਸਿਧਰਾ ਅਮੈਰੀਕਨ ਟ੍ਰੈਵਲਜ਼, ਅਕਲੇਸ਼ ਸਿੰਘ (ਕੁਆਲਿਟੀ ਵੈਡਿੰਗ), ਅਟਵਾਲ ਬ੍ਰਦਰਜ਼ (ਮਰਸਿੰਦ) ਅਤੇ ਕਿਰਨਜੀਤ ਢੱਡਾ।

## ਕੈਲੇਫੋਰਨੀਆ ਦੀਆਂ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।

*For More Information Please Contact :* *Participation:* Rashpal Pharwala (916) 880-0531, *Stalls:* Tirath Sahota (916) 271-8382, Amrik Parhar (916) 502-0064, *Host by:* Jaswant S. Shad (209) 992-7185


**ADMISSION FREE** Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security

**Website : www.sacpcs.com**

Printer : Barapind Printing Press (E-mail: barapindpress@gmail.com)

# ਸ਼ਾਇਰੀ ਤੇ ਸਿਨਮੇ ਦਾ ਗੁਲਜ਼ਾਰ

## ਦਾਦਾ ਸਾਹਿਬ ਫਾਲਕੇ ਪੁਰਸਕਾਰ ਲਈ ਚੋਣ



ਗੁਲਜ਼ਾਰ ਨੂੰ ਦਾਦਾ ਸਾਹਿਬ ਫਾਲਕੇ ਪੁਰਸਕਾਰ ਲਈ ਚੁਣਿਆ ਗਿਆ ਤਾਂ ਹਰ ਪਾਸੇ ਮਹਿਕ ਖਿੱਲਰ ਗਈ। ਸਭ ਨੂੰ ਆਪੋ-ਆਪਣੇ ਢੰਗ ਨਾਲ ਗੁਲਜ਼ਾਰ ਦਾ ਚੇਤਾ ਆਇਆ: ਕਿਸੇ ਨੂੰ ਗੀਤਕਾਰ ਦੇ ਰੂਪ ਵਿਚ, ਕਿਸੇ ਨੂੰ ਫਿਲਮਸਾਜ਼, ਕਿਸੇ ਨੂੰ ਪਟਕਥਾ ਲੇਖ ਲੇਖਕ ਅਤੇ ਹੋਰ ਪਤਾ ਨਹੀਂ ਕਿਸ-ਕਿਸ ਰੂਪ ਵਿਚ! ਹਰ ਖੇਤਰ ਵਿਚ ਉਨ੍ਹਾਂ ਦੀਆਂ ਧਮਾਲਾਂ। ਉਨ੍ਹਾਂ ਦੀ ਪ੍ਰਤਿਭਾ ਨੂੰ ਬੱਸ ਇਸੇ ਤਰ੍ਹਾਂ ਸਲਾਮਾਂ ਵੱਜਦੀਆਂ ਹਨ। ਇਹ ਉਨ੍ਹਾਂ ਦੀ ਉਮਰ ਭਰ ਦੀ ਖੱਟੀ ਹੈ। ਇਸ ਖੱਟੀ ਵਿਚ ਰਤਾ ਵੀ ਖੋਟ ਨਹੀਂ। ਜਦੋਂ ਗੁਲਜ਼ਾਰ ਅਤੇ ਰਾਖੀ ਦੀ ਬੇਟੀ ਮੇਘਨਾ ਦੀ ਉਮਰ ਅਜੇ ਇਕ ਸਾਲ ਦੀ ਹੀ ਸੀ, ਉਨ੍ਹਾਂ ਨੂੰ ਲੱਗਿਆ ਕਿ ਹੁਣ ਇਕੱਠਿਆਂ ਨਹੀਂ ਰਿਹਾ ਜਾ ਸਕਦਾ। ਉਹ ਚੁੱਪ-ਚਾਪ ਵੱਖ ਹੋ ਗਏ ਅਤੇ ਵੱਖ-ਵੱਖ ਰਹਿਣ ਲੱਗ ਪਏ। ਉਂਝ, ਧੀ ਮੇਘਨਾ ਆਪਣੇ ਪਿਤਾ ਦੀ ਛਤਰ-ਛਾਇਆ ਹੇਠ ਪਲ਼ੀ। ਹੁਣ ਉਹ ਖੁਦ ਫਿਲਮਸਾਜ਼ ਹੈ ਅਤੇ ਉਸ ਨੇ ਆਪਣੇ ਪਿਤਾ ਦੀ ਜੀਵਨੀ 'ਬੀਕੌਜ਼ ਹੀ ਇਜ਼' ਵੀ ਲਿਖੀ ਹੈ। ਗੁਲਜ਼ਾਰ ਅਤੇ ਰਾਖੀ, ਦੋਹਾਂ ਨੇ ਤਣਾਅ ਦੇ ਬਾਵਜੂਦ ਇਕ-ਦੂਜੇ ਨਾਲ ਬੰਦਿਆਂ ਵਾਲਾ ਸਲੂਕ ਕੀਤਾ। ਅੱਜ ਕੱਲ੍ਹ ਭਲਾ ਇੱਦਾਂ ਦੇ ਬੰਦੇ ਕਿੱਥੇ ਮਿਲਦੇ ਹਨ! ਦਾਦਾ ਸਾਹਿਬ ਫਾਲਕੇ ਪੁਰਸਕਾਰ ਲਈ ਗੁਲਜ਼ਾਰ ਦੀ ਚੋਣ 7 ਮੈਂਬਰੀ ਜਿਊਰੀ


ਗੁਲਜ਼ਾਰ ਅਤੇ ਰਾਖੀ

ਨੇ ਸਰਬਸੰਮਤੀ ਨਾਲ ਕੀਤੀ। ਭਾਰਤ ਵਿਚ ਫ਼ਿਲਮ ਸੰਸਾਰ ਦਾ ਇਹ ਸਭ ਤੋਂ ਵੱਡਾ ਪੁਰਸਕਾਰ ਹੈ। ਉਹ ਫ਼ਿਲਮ ਜਗਤ ਦੀ 45ਵੀਂ ਹਸਤੀ ਹਨ ਜਿਨ੍ਹਾਂ ਨੂੰ ਇਹ ਪੁਰਸਕਾਰ ਦਿੱਤਾ ਜਾ ਰਿਹਾ ਹੈ। ਗੁਲਜ਼ਾਰ (ਜਨਮ 18 ਅਗਸਤ, 1938) ਦਾ ਅਸਲ ਨਾਂ ਸੰਪੂਰਨ ਸਿੰਘ ਕਾਲੜਾ ਹੈ ਅਤੇ ਉਨ੍ਹਾਂ ਦਾ ਜਨਮ ਅਣਵੰਡੇ ਭਾਰਤ ਵਾਲੇ ਸਾਂਝੇ ਪੰਜਾਬ ਵਿਚ ਹੋਇਆ ਸੀ। ਵੰਡ ਮਗਰੋਂ ਉਨ੍ਹਾਂ ਦਾ ਪਰਿਵਾਰ ਅੰਮ੍ਰਿਤਸਰ ਆ ਗਿਆ, ਪਰ ਗੁਲਜ਼ਾਰ ਮੁੰਬਈ ਆ ਗਏ ਤੇ ਉੱਥੇ ਗੈਰਾਜ ਮਕੈਨਿਕ ਬਣ ਗਏ। ਵਿਹਲੇ ਸਮੇਂ ਉਹ ਲਿਖਣ ਦਾ ਸ਼ੌਕ ਪੂਰਾ ਕਰਦੇ। ਉਨ੍ਹਾਂ ਗੀਤਕਾਰ ਵਜੋਂ ਆਪਣਾ ਕਰੀਅਰ 1956 ਵਿਚ ਉਘੇ ਫਿਲਮਸਾਜ਼ ਬਿਮਲ ਰਾਏ ਦੀ ਫ਼ਿਲਮ 'ਬੰਦਨੀ' ਤੋਂ ਕੀਤਾ। ਉਨ੍ਹਾਂ ਦਾ ਲਿਖਿਆ ਗੀਤ 'ਮੋਰਾ ਗੋਰਾ ਰੰਗ ਲੇਈਲੇ' ਅਭਿਨੇਤਰੀ ਨੂਤਨ 'ਤੇ ਫ਼ਿਲਮਾਇਆ ਗਿਆ। ਫ਼ਿਲਮ ਹਿੱਟ ਰਹੀ ਤੇ ਨਾਲ ਹੀ ਗੁਲਜ਼ਾਰ ਦੀ ਗੱਡੀ ਰੁੜ੍ਹ ਪਈ। ਇਸ ਤੋਂ ਬਾਅਦ ਤਾਂ ਉਨ੍ਹਾਂ ਮੰਨੇ-ਪ੍ਰਮੰਨੇ ਸੰਗੀਤਕਾਰਾਂ ਸਚਿਨ ਦੇਵ ਬਰਮਨ, ਸਲਿਲ ਚੌਧਰੀ, ਸ਼ੰਕਰ ਜੈਕਿਸ਼ਨ, ਹੇਮੰਤ ਕੁਮਾਰ, ਲਕਸ਼ਮੀ ਕਾਂਤ-ਪਿਆਰੇ ਲਾਲ, ਮਦਨ ਮੋਹਨ, ਰਾਜੇਸ਼ ਰੌਸ਼ਨ, ਅਨੂ ਮਲਿਕ ਤੇ ਸ਼ੰਕਰ-ਅਹਿਸਾਨ ਲੋਏ ਨਾਲ ਕੰਮ ਕੀਤਾ। ਗੀਤਾਂ


ਸੰਪੂਰਨ ਸਿੰਘ ਕਾਲੜਾ ਉਰਫ ਗੁਲਜ਼ਾਰ

ਤੋਂ ਇਲਾਵਾ ਉਨ੍ਹਾਂ ਕਈ ਫ਼ਿਲਮਾਂ ਦੀ ਪਟਕਥਾ, ਕਹਾਣੀ ਤੇ ਸੰਵਾਦ ਵੀ ਲਿਖੇ। ਵੱਡੀ ਸਕਰੀਨ ਦੇ ਨਾਲ-ਨਾਲ ਉਹ ਟੀ.ਵੀ. 'ਤੇ ਵੀ ਆਪਣਾ ਅਸਰ ਛੱਡਦੇ ਰਹੇ ਹਨ। ਉਨ੍ਹਾਂ 'ਮਿਰਜ਼ਾ ਗ਼ਾਲਿਬ' ਅਤੇ 'ਤਹਿਰੀਰ ਮੁਨਸ਼ੀ ਪ੍ਰੇਮ ਚੰਦ ਕੀ' ਵਰਗੇ ਟੀ.ਵੀ. ਲੜੀਵਾਰ ਬਣਾਏ। ਦੂਰਦਰਸ਼ਨ ਲੜੀਵਾਰਾਂ 'ਹੈਲੋ ਜ਼ਿੰਦਗੀ', 'ਪੋਟਲੀ ਬਾਬਾ ਕੀ' ਤੇ 'ਜੰਗਲ ਬੁੱਕ' ਦੇ ਗੀਤ ਵੀ ਲਿਖੇ। 2002 ਵਿਚ ਉਨ੍ਹਾਂ ਨੂੰ ਸਾਹਿਤ ਅਕਾਦਮੀ ਪੁਰਸਕਾਰ ਅਤੇ 2004 ਵਿਚ ਪਦਮ ਭੂਸ਼ਨ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੂੰ ਕਈ ਕੌਮੀ ਫ਼ਿਲਮ ਪੁਰਸਕਾਰ ਅਤੇ 20 ਫ਼ਿਲਮ ਫੇਅਰ ਪੁਰਸਕਾਰ ਹਾਸਲ ਹੋਏ। 2009 ਵਿਚ 'ਸਲੱਮਡੌਗ ਮਿਲੀਨੀਅਰ' ਫ਼ਿਲਮ ਦੇ ਗੀਤ 'ਜੈ ਹੋ' ਲਈ ਏ.ਆਰ. ਰਹਿਮਾਨ ਨਾਲ ਸਾਂਝੇ ਤੌਰ 'ਤੇ ਅਕੈਡਮੀ ਐਵਾਰਡ ਵੀ ਮਿਲਿਆ। ਗੁਲਜ਼ਾਰ ਨੇ 1971 ਵਿਚ 'ਮੇਰੇ ਅਪਨੇ', 1972 ਵਿਚ 'ਪਰੀਚੈ' ਤੇ 'ਕੱਸ਼ਿਸ਼', 1975 ਵਿਚ 'ਆਂਧੀ', 1975 ਵਿਚ 'ਮੌਸਮ', 1981 ਵਿਚ 'ਅੰਗੂਰ' ਤੇ 1982 ਵਿਚ 'ਨਮਕੀਨ' ਬਣਾਈ। ਪੰਜਾਬ ਸੰਕਟ ਬਾਰੇ ਉਨ੍ਹਾਂ ਦੀ ਫਿਲਮ 'ਮਾਚਿਸ' ਵਾਹਵਾ ਚਰਚਿਤ ਹੋਈ ਸੀ।



ਗੁਲਜ਼ਾਰ ਆਪਣੀ ਧੀ ਮੇਘਨਾ ਨਾਲ


# ਅਨੁਪਮ ਖੇਰ ਦੀ ਚੰਡੀਗੜ੍ਹ ਗੇੜੀ

ਥਿਏਟਰ ਨਾਲ ਗਹਿਰੇ ਰੂਪ ਵਿਚ ਜੁੜੇ ਚਰਚਿਤ ਫਿਲਮ ਅਦਾਕਾਰ ਅਨੁਪਮ ਖੇਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਇੰਡੀਅਨ ਥਿਏਟਰ ਵਿਭਾਗ ਵਿਚ ਉਚੇਚੇ ਤੌਰ 'ਤੇ ਪੁੱਜੇ। ਇਹ ਉਹੀ ਵਿਭਾਗ ਹੈ ਜਿੱਥੋਂ ਉਸ ਨੇ ਪਹਿਲਾਂ-ਪਹਿਲ ਥਿਏਟਰ ਦੇ ਗੁਰ ਸਿੱਖੇ ਸਨ। ਆਪਣੀ ਸਾਥਣ ਕਿਰਨ ਖੇਰ ਵੀ ਉਨ੍ਹਾਂ ਨੂੰ ਇਸੇ ਵਿਭਾਗ ਵਿਚ ਮਿਲੀ ਸੀ। ਕਿਰਨ ਖੇਰ ਲੋਕ ਸਭਾ ਚੋਣਾਂ ਵਿਚ ਚੰਡੀਗੜ੍ਹ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਦੀ ਉਮੀਦਵਾਰ ਹੈ, ਇਸ ਲਈ ਇਹ ਜੋੜੀ ਚੰਡੀਗੜ੍ਹ ਵਿਚ ਡਟੀ ਹੋਈ ਸੀ। ਅਨੁਪਮ ਇਕ ਦਿਨ ਆਪਣੇ ਇੰਡੀਅਨ ਥਿਏਟਰ ਵਿਭਾਗ ਪੁੱਜੇ ਅਤੇ ਉਥੇ ਵਿਦਿਆਰਥੀਆਂ ਨਾਲ ਗੱਲਾਂ ਕੀਤੀਆਂ। ਉਂਝ, ਇੰਡੀਅਨ ਥਿਏਟਰ ਵਿਭਾਗ ਵਿਚ ਪੁੱਜ ਕੇ ਉਹ ਬਹੁਤ ਉਦਾਸ ਹੋ ਗਏ। ਉਨ੍ਹਾਂ ਦੀ ਪਹਿਲੀ ਪ੍ਰਤੀਕਿਰਿਆ ਸੀ- "ਕੀ ਹਾਲ ਬਣਾ ਦਿੱਤਾ ਹੈ ਇੰਡੀਅਨ ਥਿਏਟਰ ਦਾ।" ਥਿਏਟਰ ਦੀ ਖਸਤਾ ਹਾਲਤ ਦੇਖ ਕੇ ਉਹ ਬੜੇ ਦੁਖੀ ਹੋਏ ਅਤੇ ਤੜਫ ਉਠੇ- "ਆਪਣੇ ਜ਼ਮਾਨੇ ਵਿਚ ਅਸੀਂ ਥਿਏਟਰ ਦਾ ਕੋਨਾ-ਕੋਨਾ ਸਜਾ ਕੇ ਰੱਖਦੇ ਸਾਂ।" ਵਿਦਿਆਰਥੀਆਂ ਨੇ ਦੱਸਿਆ ਕਿ ਫਿਲਹਾਲ ਕੰਸਟਰੱਕਸ਼ਨ ਚੱਲ ਰਹੀ ਹੈ, ਇਸੇ ਕਰ ਕੇ ਥਿਏਟਰ ਦੀ ਹਾਲਤ ਇਸ ਤਰ੍ਹਾਂ ਦੀ ਹੈ। ਇਸ ਨਾਲ ਉਨ੍ਹਾਂ ਨੂੰ ਕੁਝ ਤਸੱਲੀ ਹੋਈ।

ਵਿਭਾਗ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਦਿਆਂ ਅਨੁਪਮ ਨੇ ਦੱਸਿਆ ਕਿ ਕਿਰਨ ਨੂੰ ਉਹ ਪਹਿਲੀ ਵਾਰ ਇੰਡੀਅਨ ਥਿਏਟਰ ਵਿਭਾਗ ਵਿਚ ਹੀ ਮਿਲੇ ਸਨ। ਉਨ੍ਹਾਂ ਨੇ ਇਸ ਵਿਭਾਗ ਵਿਚ 1974-75 ਦੌਰਾਨ ਪੜ੍ਹਾਈ ਕੀਤੀ ਸੀ। ਗੱਲਾਂ ਕਰਦੇ-ਕਰਦੇ ਉਹ ਵਿਭਾਗ ਵਿਚ ਬਣੇ ਓਪਨ ਏਅਰ ਥਿਏਟਰ ਦੇ ਮੰਚ 'ਤੇ ਚੜ੍ਹ ਗਏ ਅਤੇ ਬੋਲੇ- "ਇਸ ਥਾਂ ਤੋਂ ਮੈਂ ਐਕਟਿੰਗ ਦੀ ਸ਼ੁਰੂਆਤ ਕੀਤੀ ਸੀ।"



ਅਨੁਪਮ ਖੇਰ (ਜਨਮ 7 ਮਾਰਚ 1955) ਨੇ ਹੁਣ ਤੱਕ ਪੌਣੇ ਪੰਜ ਸੌ ਦੇ ਕਰੀਬ ਫਿਲਮਾਂ ਅਤੇ 100 ਤੋਂ ਵੱਧ ਨਾਟਕਾਂ ਵਿਚ ਕੰਮ ਕੀਤਾ ਹੈ। ਉਨ੍ਹਾਂ ਦੀ ਪਹਿਲੀ ਹਿੰਦੀ ਫਿਲਮ 'ਆਗਮਨ' 1982 ਵਿਚ ਰਿਲੀਜ਼ ਹੋਈ ਸੀ। ਇਸ ਤੋਂ ਬਾਅਦ 1984 ਵਿਚ ਉਨ੍ਹਾਂ ਦੀ ਫਿਲਮ 'ਸਾਰਾਂਸ਼' ਆਈ ਜਿਸ ਵਿਚ ਉਦੋਂ 28 ਸਾਲਾਂ ਦੇ ਅਨੁਪਮ ਖੇਰ ਨੇ ਰਿਟਾਇਰਡ ਬੰਦੇ ਦੀ ਭੂਮਿਕਾ ਨਿਭਾਈ ਸੀ। ਇਸ ਫਿਲਮ ਵਿਚ ਅਦਾਕਾਰੀ ਨਾਲ ਇਕ ਵਾਰ ਤਾਂ ਅਨੁਪਮ ਖੇਰ ਨੇ ਧੰਨ-ਧੰਨ ਕਰਵਾ ਦਿੱਤੀ ਅਤੇ ਉਹ ਪਹਿਲੀ ਕਤਾਰ ਦੇ ਅਦਾਕਾਰਾਂ ਦੀ ਸੂਚੀ ਵਿਚ ਸ਼ੁਮਾਰ ਹੋ ਗਏ। ਇਸ ਫਿਲਮ ਲਈ ਉਨ੍ਹਾਂ ਨੂੰ ਸਰਵੋਤਮ ਕਲਾਕਾਰ ਦਾ ਇਨਾਮ ਵੀ ਮਿਲਿਆ। ਇਸ ਤੋਂ ਬਾਅਦ ਉਨ੍ਹਾਂ ਲਈ ਫਿਲਮਾਂ ਦੀ ਕਦੀ ਘਾਟ ਨਹੀਂ ਆਈ। ਉਨ੍ਹਾਂ ਨੇ ਫਿਲਮਾਂ ਵਿਚ ਵੱਖ-ਵੱਖ ਤਰ੍ਹਾਂ ਦੇ ਕਿਰਦਾਰ ਨਿਭਾਏ। ਉਹ ਕਾਮੇਡੀ ਫਿਲਮਾਂ ਵਿਚ ਵੀ ਉਤਨੇ ਹੀ ਸਫਲ ਸਾਬਤ ਹੋਏ। ਅਜਿਹੇ ਕਾਮੇਡੀ ਕਿਰਦਾਰ ਨਿਭਾਉਣ ਬਦਲੇ ਉਨ੍ਹਾਂ ਨੂੰ ਪੰਜ ਵਾਰ ਸਰਵੋਤਮ ਅਦਾਕਾਰੀ ਦਾ ਇਨਾਮ ਮਿਲਿਆ। ਬਤੌਰ ਖਲਨਾਇਕ ਵੀ ਉਨ੍ਹਾਂ ਦੀਆਂ ਫਿਲਮਾਂ ਦੀ ਵਧ-ਚੜ੍ਹ ਕੇ ਚਰਚਾ ਹੋਈ। ਫਿਲਮੀ ਦੁਨੀਆਂ ਵਿਚ ਇਸ ਤਰ੍ਹਾਂ ਦੀਆਂ ਮਿਸਾਲਾਂ ਘੱਟ ਹੀ ਮਿਲਦੀਆਂ ਹਨ। ਸਿਨੇਮੇ ਅਤੇ ਥਿਏਟਰ ਵਿਚ ਪਾਏ ਇਸ ਨਿੱਗਰ ਯੋਗਦਾਨ ਕਰ ਕੇ ਭਾਰਤ ਸਰਕਾਰ ਨੇ 2004 ਵਿਚ ਉਸ ਨੂੰ ਪਦਮਸ੍ਰੀ ਦੇ ਕਿਤਾਬ ਨਾਲ ਨਿਵਾਜਿਆ। ਉਹ ਸੈਂਸਰ ਬੋਰਡ ਅਤੇ ਨੈਸ਼ਨਲ ਸਕੂਲ ਆਫ ਡਰਾਮਾ ਦੇ ਮੁਖੀ ਵੀ ਰਹਿ ਚੁੱਕੇ ਹਨ। ਕਸ਼ਮੀਰੀ ਪੰਡਿਤਾਂ ਦੇ ਪਰਿਵਾਰ ਵਿਚ ਜੰਮੇ ਅਨੁਪਮ ਦਾ ਪਾਲਣ-ਪੋਸ਼ਣ ਸ਼ਿਮਲੇ ਦਾ ਹੈ। ਉਮਰ ਦੇ ਇਸ ਪੜਾਅ ਉਤੇ ਪੁੱਜ ਕੇ ਹੁਣ ਉਨ੍ਹਾਂ ਨੂੰ ਜਾਪਦਾ ਹੈ ਕਿ ਦੇਸ਼ ਦਾ ਕੋਨਾ ਉਸ ਦਾ ਆਪਣਾ ਘਰ ਹੈ।



# DISH BRINGS LIVE GURBANI TO YOUR HOME

Watch live Gurbani from the Golden Temple and enjoy your favorite shows like Artist Specials, Ek Omkar and many more.

$24.99/mo. BEST PUNJABI PROGRAMMING

Add the Hindi Elite Pack and enjoy the best DESI entertainment FREE for 3 months!

Requires 24-month commitment, credit qualification, and subscription to qualifying American programming. Receive $34.99/mo. credit for 3 months. Requires HD receiver to view International programming available in HD. Must subscribe to a qualifying American HD package to qualify for HD receiver.

**LIMITED TIME OFFER.**

**ORDER NOW!**

**1-888-570-7674**

dish

**Important Terms and Conditions: Hindi 3 Months Free:** Valid for activation and installation of qualifying DISH service between 3/13/14 and 7/13/14. Requires subscription to a qualifying American or DishLATINO package in addition to qualifying Hindi package. You will receive a monthly credit of $34.99 for the first 3 months. You will be responsible for any monthly or upfront costs beyond the value of the credit. After 3 months, then-current everyday monthly price will apply unless you downgrade. **Promotional Offers:** Requires activation of new qualifying DISH service. All prices, fees, charges, packages, programming, features, functionality and offers subject to change without notice. **ETF:** If you cancel service during first 24 months, early termination fee of $20 for each month remaining applies. **Activation fee may apply.**

**Additional Requirements: Installation/Equipment Requirements:** Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. **Miscellaneous:** Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. Offers end 6/12/14.

© 2014 DISH Network L.L.C. All rights reserved.

ਹਰ ਕੋਈ ਆਪਣੇ 'ਤੇ ਮਾਣ ਕਰਦਾ ਆਇਆ ਜੋ ਵੀ ਇਸ ਜਹਾਨ ਅੰਦਰ। ਹਿੱਕਾਂ ਚੌੜੀਆਂ ਕਰਕੇ ਤੁਰਨ ਵਾਲੇ, ਪਰਖੇ ਸਦਾ ਹੀ ਜਾਂਦੇ ਮੈਦਾਨ ਅੰਦਰ।

# ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ

## ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੂੰ
## ਵਿਸਾਖੀ ਦੀ ਲੱਖ ਲੱਖ ਵਧਾਈ

## '10ਵਾਂ ਅੰਤਰਰਾਸ਼ਟਰੀ ਕਬੱਡੀ ਕੱਪ'

**23 ਅਗਸਤ 2014** ਸਥਾਨ: ਲੋਗਨ ਹਾਈ ਸਕੂਲ, ਯੂਨੀਅਨ ਸਿਟੀ



### ਪਹਿਲਾ ਇਨਾਮ $21000

ਪੰਜਾਬ ਤੋਂ ਬਾਹਰ ਅੱਜ ਤੱਕ ਦਾ ਕਬੱਡੀ ਦੇ ਇਤਿਹਾਸ ਵਿਚ ਪਹਿਲੀ ਵਾਰ 21,000 ਡਾਲਰ ਦਾ ਪਹਿਲਾ ਇਨਾਮ ਡਾਇਮੰਡ ਟਰਾਂਸਪੋਰਟ, ਸਟਾਕਟਨ (ਹਰਨੇਕ ਸਿੰਘ ਅਟਵਾਲ, ਪਿੰਕੀ ਸਿੰਘ ਅਟਵਾਲ, ਗੁਰਭਲਿੰਦਰ ਸਿੰਘ ਗਾਖਲ, ਕੁਲਜੀਤ ਸਿੰਘ ਨਿੱਜਰ ਤੇ ਸਤਵੰਤ ਸਿੰਘ ਨਿੱਜਰ) ਵਲੋਂ

### ਦੂਜਾ ਇਨਾਮ $18000

ਟੂਰਨਾਮੈਂਟ ਵਿਚ ਹਿੱਸਾ ਲੈਣ ਵਾਲੀਆਂ ਟੀਮਾਂ ਨੂੰ 15000-15000 ਡਾਲਰ ਦਿੱਤੇ ਜਾਣਗੇ।

**ਮੁੱਖ ਮਹਿਮਾਨ**



ਸ. ਸਰਵਣ ਸਿੰਘ ਬੱਲ

**ਕੁਮੈਂਟੇਟਰ**



ਮੱਖਣ ਸਿੰਘ ਹਕੀਮਪੁਰ



ਰਾਜਵਿੰਦਰ ਸਿੰਘ ਰੰਡਿਆਲਾ



ਮੁੱਖ ਸਪਾਂਸਰ: ਗਾਖਲ ਭਰਾ, ਸਹੋਤਾ ਭਰਾ, ਮਾਨ ਭਰਾ ਅਤੇ ਰਾਜਾ ਸਵੀਟਸ-ਯੂਨੀਅਨ ਸਿਟੀ (ਮੱਖਣ ਬੈਂਸ ਤੇ ਗਿਆਨੀ ਰਵਿੰਦਰ ਸਿੰਘ)

ਚੇਅਰਮੈਨ-ਅਮੋਲਕ ਸਿੰਘ ਗਾਖਲ (831-247-4637), ਪ੍ਰਧਾਨ-ਬਲਬੀਰ ਸਿੰਘ ਭਾਟੀਆ, ਜਨਰਲ ਸਕੱਤਰ-ਗੁਰਦਾਵਰ ਸਿੰਘ ਮਹੇੜੂ (510-468-9381)
ਕਬੱਡੀ ਕੋਚ-ਪਰਮਜੀਤ ਸਿੰਘ ਸੰਧੂ, ਐਗਜ਼ੈਕਟਿਵ ਕਮੇਟੀ ਡਾਇਰੈਕਟਰਜ਼: ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ
ਪਲਵਿੰਦਰ ਸਿੰਘ ਗਾਖਲ, ਦਲਵਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ, ਨਰਿੰਦਰ ਸਿੰਘ ਸਹੋਤਾ, ਸਾਧੂ ਸਿੰਘ ਖੜੌਦ

## ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ

e-mail:2gsmann@gmail.com